# ਭਗਤੀ ਤੇ ਸ਼ਕਤੀ

ਅ
ਵਿ
ਧਰ
ਅਣ
ਸਦ
ਕੋਈ
ਚੁਰ
ਅਧ

ਨੂੰ
ਐਸੇ
ਤੇ
ਉਸ
ਦੇ ਸ
ਬ੍ਰਾਹ
ਹਮਦ
ਉਸ
ਬ੍ਰਾਹਮ
ਧਰਮ
ਫੋਕਟ
ਨਹੀਂ,

ਨੂੰ ਅ
ਸੂਤਕ
ਧਰਮ

ਹਿੰਦੂ
ਭਾਵੇਂ

ਇਹ ਅ

ੴ

# ਭਗਤੀ ਤੇ ਸ਼ਕਤੀ

ਡਾ. ਤਾਰਨ ਸਿੰਘ

ਸਿੰਘ ਬ੍ਰਦਰਜ਼
ਅੰਮ੍ਰਿਤਸਰ

BHAGTI TE SHAKTI
[A collection of essays on Sikh Philosophy]
*by*
Dr. TARAN SINGH

ISBN 81-7205-035-6

ਤੀਜੀ ਵਾਰ : ਅਗਸਤ 1991
ਚੌਥੀ ਵਾਰ : ਜਨਵਰੀ 1996
ਪੰਜਵੀਂ ਵਾਰ : ਮਾਰਚ 2005

ਮੁੱਲ : 100-00 ਰੁਪਏ

*ਪ੍ਰਕਾਸ਼ਕ :*
**ਸਿੰਘ ਬ੍ਰਦਰਜ਼**

ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ - 143 006

S.C.O. 223-24, ਸਿਟੀ ਸੈਂਟਰ, ਅੰਮ੍ਰਿਤਸਰ - 143 001
*E-mail :* singhbro@vsnl.com
*Website :* www.singhbrothers.com

*ਛਾਪਕ :*
ਪ੍ਰਿੰਟਵੈੱਲ, 146, ਇੰਡਸਟ੍ਰੀਅਲ ਫ਼ੋਕਲ ਪੁਆਇੰਟ, ਅੰਮ੍ਰਿਤਸਰ

ਨੀਲੇ ਘੋੜੇ
ਤੇ
ਚਿੱਟੇ ਬਾਜ਼
ਨੂੰ

# ਤਤਕਰਾ


ਭੂਮਿਕਾ 7

ਭਾਗ ਪਹਿਲਾ

੧. ਸਿਖ ਧਰਮ ਤੇ ਹੋਰ ਭਾਰਤੀ ਮੱਤ ੧੫
੨. ਗੁਰੂ ਨਾਨਕ ਦਾ ਧਰਮ : ਨਿਰਵੈਰਤਾ ੨੨

ਭਾਗ ਦੂਜਾ

੩. ਸਿਖ ਸਭਿਆਚਾਰ ਦਾ ਮੂਲ ੩੧
੪. ਪਰਮਾਣੀਕਤਾ ੩੮
੫. ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕਾਵਿ ਕਲਾ ਤੇ ਰਾਗਾਂ ਦਾ ਸੰਬੰਧ ੪੯
੬. ਗੁਰੂ ਨਾਨਕ ਦੇਵ ਜੀ ਦੀ ਬਾਣੀ ੫੬
੭. ਅਨੰਦੁ ਸਾਹਿਬ ੬੭

ਭਾਗ ਤੀਜਾ

੮. ਨੀਲਾਂਬਰ ੭੭
੯. ਭਗਤੀ ਤੇ ਸ਼ਕਤੀ ੮੬
੧੦. ਅੰਮ੍ਰਿਤ : ਪ੍ਰਬੁੱਧ ਭਾਰਤ ੯੪
੧੧. ਨਾਨਕ : ਗੁਰ-ਪਰਮੇਸ਼ਰ ੧੦੪
੧੨. ਪੰਥ ੧੧੫

ਭਾਗ ਚੌਥਾ

੧੩. ਸੇਵਾ—ਕਰਮ ਜਾਂ ਆਚਰਨ ੧੩੧
੧੪. ਨਾਮ ਤੇ ਸਦਾਚਾਰ ੧੩੭
੧੫. ਪੜ੍ਹਿਆ ੧੪੪
੧੬. ਸਿਖ ਧਰਮ ਤੇ ਸਭਿਆਚਾਰ ੧੪੭

ਭਾਗ ਪੰਜਵਾਂ

੧੭. ਗੁਰੂ ਰਾਮਦਾਸ ਜੀ ੧੫੯
੧੮. ਗੁਰੂ ਅਰਜਨ : ਚੜ੍ਹਦੀ ਕਲਾ ੧੬੫
੧੯. ਭਾਈ ਮਰਦਾਨਾ ਰਬਾਬੀ ੧੭੩

# ਭੂਮਿਕਾ

੧.

ਇਸ ਪੁਸਤਕ ਵਿਚ ਸਿਖ ਸਾਹਿਤ, ਸਭਿਆਚਾਰ, ਦਰਸ਼ਨ, ਰਹੱਸ ਤੇ ਧਰਮ ਸੰਬੰਧੀ ਲੇਖ ਸ਼ਾਮਲ ਹਨ ਜੋ ਪੰਜ ਭਾਗਾਂ ਵਿਚ ਵੰਡੇ ਹੋਏ ਹਨ। ਇਨ੍ਹਾਂ ਲੇਖਾਂ ਦਾ ਸਮੁੱਚਾ ਭਾਵ ਇਹ ਹੈ ਕਿ ਸਿਖ ਧਰਮ ਵਿਚ ਭਗਤੀ ਤੇ ਸ਼ਕਤੀ ਦਾ ਸੁਮੇਲ ਹੈ ਜਿਸ ਵਿਚ ਪਹਿਲਾ ਦਰਜਾ ਭਗਤੀ ਦਾ ਹੈ ਤੇ ਦੂਜਾ ਦਰਜਾ ਸ਼ਕਤੀ ਦਾ ਹੈ। ਜਾਂ ਇਉਂ ਕਿਹਾ ਜਾ ਸਕਦਾ ਹੈ ਕਿ ਭਗਤੀ ਤੋਂ ਹੀ ਆਤਮਕ, ਮਾਨਸਕ, ਸਦਾਚਾਰਕ ਤੇ ਸਰੀਰਕ ਸ਼ਕਤੀ ਉਤਪੰਨ ਹੁੰਦੀ ਹੈ ਤੇ ਇਹੋ ਸ਼ਕਤੀ ਰਾਜਸੀ ਤੇ ਆਰਥਕ ਸ਼ਕਤੀ ਪੈਦਾ ਕਰਦੀ ਹੈ। ਦੂਜੀ ਗੱਲ ਇਥੇ ਇਹ ਸਿਧ ਕੀਤੀ ਹੈ ਕਿ ਸ਼ਕਤੀ ਓਨਾ ਸਮਾਂ ਹੀ ਕਿਸੇ ਪਾਸ ਰਹਿੰਦੀ ਹੈ ਜਿੰਨਾ ਸਮਾਂ ਉਹ ਭਗਤੀ ਨਹੀਂ ਛੱਡਦਾ, ਜਾਂ ਗੁਰੂ-ਪਰਮਾਤਮਾ ਦਾ ਲੜ ਨਹੀਂ ਛੱਡਦਾ। ਭਾਵ ਇਹ ਹੈ ਕਿ ਭਾਵੇਂ ਕਿਸੇ ਪਾਸ ਰਾਜਸੀ ਬਲ ਨਾ ਹੋਵੇ, ਉਸ ਪਾਸ ਭਗਤੀ ਹੋਵੇ ਤਾਂ ਉਹ ਮਹਾਨ ਹੋ ਸਕਦਾ ਹੈ। ਪਰ ਜੇ ਉਸ ਪਾਸ ਰਾਜਸੀ ਬਲ ਹੋਵੇ ਅਤੇ ਭਗਤੀ ਨਾ ਹੋਵੇ ਤਾਂ ਉਸ ਦੀ ਮਹਾਨਤਾ ਨਿਰਾਰਥਕ ਹੈ। ਇਹੋ ਹਾਲ ਕੌਮ ਦਾ ਹੈ। ਸਿੱਖਾਂ ਪਾਸ ਜੇ ਭਗਤੀ ਨਹੀਂ ਰਹੀ ਤਾਂ ਰਾਜਸੀ ਬਲ ਭਾਵੇਂ ਉਨ੍ਹਾਂ ਨੂੰ ਪ੍ਰਾਪਤ ਹੋ ਜਾਏ, ਪੰਥ ਮਹਾਨ ਨਹੀਂ ਹੋ ਸਕਦਾ। ਪਰ ਜੇ ਉਨ੍ਹਾਂ ਪਾਸ ਭਗਤੀ ਹੋਵੇ ਤਾਂ ਉਨ੍ਹਾਂ ਪਾਸ ਰਾਜਸੀ ਬਲ ਵੀ ਅਵੱਸ਼ ਆ ਜਾਵੇਗਾ ਤੇ ਉਹ ਸਥਿਰ ਵੀ ਰਹੇਗਾ। ਭਗਤੀ ਮੂਲ ਹੈ ਤੇ ਸ਼ਕਤੀ ਫਲ ਹੈ। ਸ਼ਕਤੀ ਨਾਲ ਭਗਤੀ ਨਹੀਂ ਉਤਪੰਨ ਹੋ ਸਕਦੀ, ਪਰ ਭਗਤੀ ਨਾਲ ਸ਼ਕਤੀ ਉਤਪੰਨ ਹੋ ਸਕਦੀ ਹੈ।

ਹੁਣ ਵਿਚਾਰ ਇਹ ਉਠਦਾ ਹੈ ਕਿ ਸਿਖ ਧਰਮ ਵਿਚ ਭਗਤੀ ਦਾ ਕੀ ਸਰੂਪ ਹੈ ਤੇ ਸ਼ਕਤੀ ਦਾ ਕੀ ਸਰੂਪ ਹੈ ? ਹਥਲੀ ਪੁਸਤਕ ਦੇ ਸਾਰੇ ਲੇਖਾਂ ਵਿਚ ਇਨ੍ਹਾਂ ਸਰੂਪਾਂ ਨੂੰ ਸਪਸ਼ਟ ਕਰਨ ਦਾ ਜਤਨ ਕੀਤਾ ਗਿਆ ਹੈ।

ਪਹਿਲੇ ਭਾਗ ਦੇ ਲੇਖਾਂ ਵਿਚ ਭਗਤੀ ਦਾ ਸਰੂਪ ਇਹ ਹੈ ਕਿ ਸਿਖ ਧਰਮ ਸਾਰੇ ਭਾਰਤੀ ਤੇ ਗ਼ੈਰ-ਭਾਰਤੀ ਧਰਮਾਂ, ਉਨ੍ਹਾਂ ਦੀਆਂ ਮਹਾਨ ਪੁਸਤਕਾਂ ਤੇ ਉਨ੍ਹਾਂ ਦੇ ਸੰਚਾਲਕਾਂ ਦਾ ਸਤਿਕਾਰ ਕਰਦਾ ਹੈ ਤੇ ਵਿਸ਼ਵਾਸ ਰੱਖਦਾ ਹੈ ਕਿ ਹਰ ਮਨੁੱਖ ਦਾ ਆਪਣਾ ਧਰਮ ਉਸ ਲਈ ਕਲਿਆਣ ਦਾ ਮਾਰਗ ਹੈ ਜੇ ਉਹ ਸੱਚੇ ਦਿਲੋਂ ਉਸ ਦੀ ਸਿਖਿਆ ਨੂੰ ਮੰਨੇ। ਇਹ ਉਦਾਰਤਾ ਤੇ ਨਿਮਰਤਾ ਦਾ ਸੁਭਾਅ ਭਗਤੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਹੀ ਇਸ ਅਸੂਲ ਦੀ ਸਭ ਤੋਂ ਵੱਡੀ ਪੁਸ਼ਟੀ ਹੈ। ਦੂਜੇ ਭਾਗ ਦੇ ਲੇਖਾਂ ਵਿਚ ਵਿਚਾਰ ਇਹ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਵਿਚਾਰ ਤੇ ਦਰਸ਼ਨ-ਦੀਦਾਰ ਭਗਤੀ ਹੈ ਅਤੇ ਇਸ ਭਗਤੀ ਨਾਲ ਕੌਮੀ ਸਭਿਆਚਾਰ ਉਤਪੰਨ ਹੁੰਦਾ ਹੈ। ਸਭਿਆਚਾਰ ਕੌਮੀ ਸ਼ਕਤੀ ਹੈ। ਤੀਜੇ ਭਾਗ ਦੇ ਲੇਖ ਸਿਖ ਰਹਿਣੀ, ਰਹਿਤ ਤੇ ਚਿੰਨ੍ਹਾਂ 'ਤੇ ਆਧਾਰਤ ਹਨ। ਇਹ ਰਹਿਣੀ, ਰਹਿਤ ਤੇ ਚਿੰਨ੍ਹ ਸੁਆਸਾਂ ਨਾਲ ਨਿਭਾਣਾ

ਭਗਤੀ ਹੈ ਅਤੇ ਇਸ ਤੋਂ ਜ਼ਬਤ (Discipline) ਦੀ ਸ਼ਕਤੀ ਉਤਪੰਨ ਹੁੰਦੀ ਹੈ। ਚੌਥੇ ਭਾਗ ਦੇ ਲੇਖ ਸੇਵਾ, ਨਾਮ ਤੇ ਸਦਾਚਾਰ ਦੀ ਮਹਾਨਤਾ ਦ੍ਰਿੜ ਕਰਾਂਦੇ ਹਨ। ਇਹ ਭਗਤੀ ਦੇ ਸਰੂਪ ਹਨ ਅਤੇ ਇਨ੍ਹਾਂ ਤੋਂ ਸ਼ਖ਼ਸੀਅਤ ਦੀ ਸ਼ਕਤੀ ਪੈਦਾ ਹੁੰਦੀ ਹੈ। ਪੰਜਵੇਂ ਭਾਗ ਦੇ ਲੇਖ ਭਗਤੀ ਤੇ ਸ਼ਕਤੀ ਦੇ ਸਾਖਿਆਤ ਨਮੂਨੇ ਦਰਸਾਂਦੇ ਹਨ ਤੇ ਇਸ ਪੁਸਤਕ ਦੇ ਬੁਨਿਆਦੀ ਅਸੂਲ ਦੀ ਪੁਸ਼ਟੀ ਕਰਦੇ ਹਨ।

੨.

ਜੀਵਨ ਦੇ ਅਤਿ ਪ੍ਰਿਯ ਤੇ ਸੂਖਮ ਆਦਰਸ਼ਾਂ ਨੂੰ ਪਰਗਟ ਕਰਨ ਦਾ ਸਿਵਾਏ ਚਿੰਨ੍ਹਾਂ ਦੇ ਹੋਰ ਕੋਈ ਤਰੀਕਾ ਹੀ ਨਹੀਂ। ਹਰ ਕੌਮ ਤੇ ਦੇਸ਼ ਦਾ ਝੰਡਾ ਹੈ ਤੇ ਉਸ ਝੰਡੇ ਦੀ ਰੇਖਾ ਵਿਚ ਚਿੰਨ੍ਹਾਂ ਰਾਹੀਂ ਉਸ ਕੌਮ ਦੇ ਆਤਮਕ, ਸਭਿਆਚਾਰਕ ਤੇ ਸਦਾਚਾਰਕ ਆਦਰਸ਼ ਉਲੀਕੇ ਹੋਏ ਹੁੰਦੇ ਹਨ। ਹਰ ਵਿਦਿਅਕ ਸੰਸਥਾ ਦਾ ਕੋਈ ਚਿੰਨ੍ਹ ਹੁੰਦਾ ਹੈ। ਫ਼ੌਜ ਦੇ ਹਰ ਹਿੱਸੇ ਦਾ ਆਪਣਾ ਆਦਰਸ਼ ਪਰਗਟ ਕਰਨ ਲਈ ਵੀ ਕੋਈ ਚਿੰਨ੍ਹ ਨਿਯਤ ਕੀਤਾ ਹੁੰਦਾ ਹੈ। ਇਹ ਚਿੰਨ੍ਹ ਬੀਜ ਰੂਪ ਵਿਚ ਬੋਹੜ ਹਨ।

ਗੁਰੂ ਗੋਬਿੰਦ ਸਿੰਘ ਜੀ ਬਾਰੇ ਹਰ ਸਿਖ ਬੱਚਾ ਇਹ ਜਾਣਦਾ ਹੈ ਕਿ ਉਹ 'ਨੀਲੇ ਘੋੜੇ' ਵਾਲੇ ਸਨ, 'ਚਿੱਟੇ ਬਾਜ਼' ਵਾਲੇ ਸਨ, 'ਨੀਲੇ ਜੌੜੇ ਵਾਲੇ' ਸਨ ਤੇ 'ਕਲਗੀ' ਵਾਲੇ ਸਨ। ਘੋੜਿਆਂ 'ਤੇ ਮੁਗਲ ਵੀ ਚੜ੍ਹਦੇ ਸਨ ਤੇ ਰਾਜਪੂਤ ਵੀ, ਬਾਜ਼ ਕਈ ਨਵਾਬਾਂ ਨੇ ਰੱਖੇ ਹੋਏ ਸਨ, ਕਲਗੀ ਸਾਰੇ ਰਾਜੇ ਮਹਾਰਾਜੇ ਲਗਾਂਦੇ ਸਨ। ਕੀ ਗੁਰੂ ਗੋਬਿੰਦ ਸਿੰਘ ਜੀ ਐਸੇ ਲੋਕਾਂ ਵਿਚੋਂ ਹੀ ਇਕ ਵਿਅਕਤੀ ਸਨ ਜਿਨ੍ਹਾਂ ਆਪਣੀ ਸ਼ਾਨ-ਸ਼ੌਕਤ ਲਈ ਘੋੜੇ, ਜੌੜੇ ਤੇ ਬਾਜ਼ ਰੱਖੇ ਹੋਏ ਸਨ, ਜਿਨ੍ਹਾਂ ਵਸਤਾਂ ਦਾ ਉਨ੍ਹਾਂ ਦੇ ਸਥੂਲ ਸਰੂਪ ਤੇ ਭਾਵਾਂ ਤੋਂ ਪਰੇ ਕੋਈ ਸੂਖਮ ਤੇ ਉੱਚਾ ਅਰਥ ਨਹੀਂ ਸੀ ?

ਗੁਰੂ ਗੋਬਿੰਦ ਸਿੰਘ ਜੀ ਦੀ ਹਰ ਹਰਕਤ ਸਾਰਥਕ ਸੀ ਤੇ ਉਸ ਦੇ ਡੂੰਘੇ ਆਦਰਸ਼ਕ ਭਾਵ ਸਨ। ਆਪ ਦੇ 'ਨੀਲਾ ਘੋੜਾ', 'ਨੀਲਾ ਜੌੜਾ', 'ਚਿੱਟਾ ਬਾਜ਼' ਤੇ ਝਲ ਝਲ ਕਰਦੀ 'ਕਲਗੀ' ਸਭ ਚਿੰਨ੍ਹ ਹਨ ਜਿਵੇਂ 'ਅੰਮ੍ਰਿਤ' ਆਪ ਦਾ ਬਖ਼ਸ਼ਿਆ ਇਕ ਬੜੇ ਵਿਸ਼ਾਲ ਅਰਥਾਂ ਵਾਲਾ ਚਿੰਨ੍ਹ ਹੈ ਤੇ ਕੇਸ, ਕੜਾ ਆਦਿ ਵੀ ਵਿਸ਼ਾਲ ਅਰਥਾਂ ਵਾਲੇ ਚਿੰਨ੍ਹ ਹਨ। 'ਨੀਲਾ ਘੋੜਾ' ਚਿੰਨ੍ਹ ਹੈ ਭਗਤੀ ਤੇ ਸ਼ਕਤੀ ਦਾ, ਨੀਲਾ ਰੰਗ ਚਿੰਨ੍ਹ ਹੈ ਹਿਰਦੇ ਦੀ ਪਵਿਤ੍ਰਤਾ, ਵਿਸ਼ਾਲਤਾ, ਨਿਰਲੇਪਤਾ, ਨਿਰਮਾਣਤਾ ਤੇ ਸ਼ਾਂਤੀ ਦਾ। ਕਿਉਂਕਿ ਨੀਲਾ ਰੰਗ ਚਿੰਨ੍ਹ ਹੈ ਆਕਾਸ਼ ਤੇ ਸਾਗਰ ਦਾ ਤੇ ਇਹ ਦੋਵੇਂ ਵਿਸ਼ਾਲ, ਨਿਰਲੇਪ ਤੇ ਨਿਰਮਲ ਹਨ ਅਤੇ ਇਹ ਹੀ ਭਗਤੀ ਦਾ ਸਰੂਪ ਹੈ। 'ਘੋੜਾ' ਚਿੰਨ੍ਹ ਹੈ 'ਸ਼ਕਤੀ' ਦਾ, ਹੁਣ ਵੀ ਘੋੜੇ ਦਾ ਬਲ ਮਿਆਰ (Standard) ਮੰਨਿਆ ਹੋਇਆ ਹੈ। ਸਾਰੇ ਇੰਜਣਾਂ ਤੇ ਮਸ਼ੀਨਾਂ ਦੀ ਸ਼ਕਤੀ ਨੂੰ ਘੋੜੇ ਦੇ ਗੁਣਿਆਂ ਵਿਚ ਹੀ ਦਰਸਾਇਆ ਜਾਂਦਾ ਹੈ। ਘੋੜਾ ਹੀ ਜੋਧਿਆਂ ਦਾ ਸਦਾ ਸਾਥੀ ਰਿਹਾ ਹੈ। ਸਾਰੇ ਸਰਦਾਰ (Knights), ਰਾਜਪੂਤ ਤੇ ਜੋਧੇ ਘੋੜੇ ਦੀ ਸਵਾਰੀ ਕਰਦੇ। ਘੋੜਾ ਸ਼ਕਤੀ ਵਾਲਿਆਂ ਦਾ ਸਾਥੀ ਹੈ। ਸੋ 'ਨੀਲਾ ਘੋੜਾ' ਭਗਤੀ ਤੇ ਸ਼ਕਤੀ ਦੇ ਮਿਲਾਪ ਦਾ ਚਿੰਨ੍ਹ ਹੈ। ਇਸੇ ਤਰ੍ਹਾਂ 'ਚਿੱਟੇ ਬਾਜ਼' ਵਿਚ 'ਚਿੱਟਾ' ਰੰਗ ਅਮਨ, ਸੁਲਹ-ਕੁਲ, ਨਿਰਦੋਸ਼ ਤੇ ਨਿਸ਼ਕਪਟ ਸੁਭਾਅ ਦਾ ਚਿੰਨ੍ਹ ਹੈ, ਤੇ ਇਹ ਸੁਭਾਅ ਭਗਤੀ ਦਾ ਸੁਭਾਅ ਹੈ ਤੇ ਦੂਜੇ ਪਾਸੇ 'ਬਾਜ਼' ਪੰਛੀਆਂ ਵਿਚੋਂ ਸਭ ਤੋਂ ਵੱਧ ਸ਼ਕਤੀਵਾਨ ਪੰਛੀ ਹੈ। ਤਾਂ ਤੇ 'ਚਿੱਟਾ ਬਾਜ਼' ਭਗਤੀ

ਤੇ ਸ਼ਕਤੀ ਦਾ ਚਿੰਨ੍ਹ ਹੈ। ਇਸੇ ਤਰ੍ਹਾਂ ਨੀਲਾ ਪਹਿਰਾਵਾ ਜੋ ੧੬੯੯ ਈ: ਦੀ ਵਿਸਾਖੀ ਮਗਰੋਂ ਗੁਰੂ ਸਾਹਿਬ ਸਦਾ ਸਜਾਂਦੇ ਰਹੇ,'ਖਾਲਸੇ' ਦਾ ਪਰਮ ਚਿੰਨ੍ਹ ਹੈ 'ਭਗਤੀ' ਦਾ ਅਤੇ 'ਕਲਗੀ' ਚਿੰਨ੍ਹ ਹੈ 'ਸ਼ਕਤੀ' ਦਾ। ਭਗਤੀ ਤੇ ਸ਼ਕਤੀ ਹੀ ਮਿਲ ਕੇ 'ਸੰਤ-ਸਿਪਾਹੀ' ਬਣਦੇ ਹਨ। 'ਅੰਮ੍ਰਿਤ' ਵਿਚ ਭਗਤੀ ਹੈ ਬਾਣੀ, ਜਲ ਤੇ ਮਿੱਠੇ ਦਾ ਸੁਭਾਅ, ਤੇ ਸ਼ਕਤੀ ਹੈ ਖੰਡੇ ਦੀ ਧਾਰ। ਪੰਜ ਕੱਕਾਰ ਮਿਲ ਕੇ ਭਗਤੀ ਤੇ ਸ਼ਕਤੀ ਦਾ ਚਿੰਨ੍ਹ ਹਨ।

### ੩.

ਕੱਕਾਰਾਂ ਨੂੰ ਧਾਰਨ ਕਰਨਾ ਤੇ ਕੇਸਾਂ ਸੁਆਸਾਂ ਨਾਲ ਨਿਭਾਣਾ, ਭਗਤੀ ਹੈ। ਇਹ ਕਰਤੱਵ ਗੁਰ-ਭਗਤੀ ਹੈ। ਭਗਤੀ ਦਾ ਅਰਥ ਹੈ, ਪ੍ਰੇਮ ਕਰਨਾ। ਜਿਵੇਂ ਅਸੀਂ ਆਪਣੇ ਕਈ ਸੰਸਾਰਕ ਪ੍ਰੇਮੀਆਂ ਦੀਆਂ ਯਾਦਗੀਰੀ ਵਜੋਂ ਦਿੱਤੀਆਂ ਨਿਗ੍ਹਣੀਆਂ ਜਿਹੀਆਂ ਵਸਤਾਂ ਸਾਂਭੀ ਰੱਖਦੇ ਹਾਂ, ਉਨ੍ਹਾਂ ਨੂੰ ਨਿੱਤ ਕੱਢ ਕੇ ਵੇਖਦੇ ਹਾਂ, ਉਨ੍ਹਾਂ ਨੂੰ ਪਿਆਰ ਕਰਦੇ ਹਾਂ ਤੇ ਉਨ੍ਹਾਂ ਰਾਹੀਂ ਆਪਣੇ ਮਿੱਤਰਾਂ ਨੂੰ ਯਾਦ ਕਰਦੇ ਹਾਂ ਤੇ ਉਨ੍ਹਾਂ ਨੂੰ ਆਪਣਾ ਪ੍ਰੇਮ ਪਹੁੰਚਾਂਦੇ ਹਾਂ। ਤਿਵੇਂ ਹੀ ਕੱਕਾਰਾਂ ਨੂੰ ਸਾਂਭਣਾ ਗੁਰ-ਭਗਤੀ ਹੈ। ਕੇਵਲ ਗੁਰੂ ਗੋਬਿੰਦ ਸਿੰਘ ਜੀ ਦਾ ਭਗਤ ਹੀ ਕੱਕਾਰ ਸਾਂਭ ਕੇ ਰੱਖ ਸਕਦਾ ਹੈ, ਹਰ ਕੋਈ ਨਹੀਂ ਸਾਂਭ ਸਕਦਾ।

ਕੱਕਾਰ ਭਗਤੀ ਨੇ ਸਾਰਾ ਸਿਖ ਇਤਿਹਾਸ ਬਣਾਇਆ ਹੈ। ਕੱਕਾਰ ਭਗਤੀ ਨੇ ਸਿੱਖਾਂ ਵਿਚ ਸ਼ਕਤੀ ਪੈਦਾ ਕੀਤੀ ਹੈ। ਸਿਖ ਇਤਿਹਾਸ ਸ਼ਹੀਦਾਂ ਦਾ ਇਤਿਹਾਸ ਹੈ :

> ਜਿਨ੍ਹਾਂ ਸਿੰਘਾਂ ਸਿੰਘਣੀਆਂ ਨੇ ਧਰਮ ਹੇਤ ਸੀਸ ਦਿਤੇ, ਬੰਦ ਬੰਦ ਕਟਾਏ, ਖੋਪਰੀਆਂ ਲੁਹਾਈਆਂ, ਚਰਖੜੀਆਂ ਤੇ ਚੜ੍ਹੇ, ਆਰਿਆਂ ਨਾਲ ਚਿਰਾਏ ਗਏ, ਗੁਰਦੁਆਰਿਆਂ ਦੀ ਸੇਵਾ ਲਈ ਕੁਰਬਾਨੀਆਂ ਕੀਤੀਆਂ, ਧਰਮ ਨਹੀਂ ਹਾਰਿਆ, ਸਿਖੀ ਕੇਸਾਂ ਸੁਆਸਾਂ ਨਾਲ ਨਿਬਾਹੀ, ਤਿਨ੍ਹਾਂ ਦੀ ਕਮਾਈ ਦਾ ਧਿਆਨ ਧਰ ਕੇ, ਖ਼ਾਲਸਾ ਜੀ! ਬੋਲੋ ਜੀ ਵਾਹਿਗੁਰੂ। ਸਿੱਖਾਂ ਨੂੰ ਸਿੱਖੀ ਦਾਨ, ਕੇਸ ਦਾਨ, ਰਹਿਤ ਦਾਨ, ਬਿਬੇਕ ਦਾਨ.....। *(ਅਰਦਾਸ)*

ਇਹ ਸ਼ਹੀਦੀ ਕੀ ਸੀ ? ਸ਼ਹੀਦੀ ਕੱਕਾਰ ਭਗਤੀ ਕਾਰਨ ਸੀ। ਕੱਕਾਰ ਗੁਰੂ-ਭਗਤੀ ਕਾਰਨ ਸਨ। ਸ਼ਹੀਦਾਂ ਦੇ ਸਾਹਮਣੇ ਸਦਾ ਦੋ ਰਾਹ ਹੁੰਦੇ ਸਨ। ਜੇ ਉਹ ਕੱਕਾਰਾਂ ਨੂੰ ਤਿਲਾਂਜਲੀ ਦੇ ਦੇਂਦੇ ਤਦ ਉਹ ਰਾਜ ਪ੍ਰਾਪਤ ਕਰ ਸਕਦੇ ਸਨ। ਪਰ ਉਹਨਾਂ ਕੱਕਾਰ ਗੁਰ-ਭਗਤੀ ਨੂੰ ਨਹੀਂ ਛੱਡਿਆ ਤੇ ਉਹ ਸ਼ਹੀਦ ਹੋਏ।

ਇਨ੍ਹਾਂ ਸ਼ਹਾਦਤਾਂ ਨੇ ਸ਼ਹੀਦਾਂ ਦੀ ਆਤਮਾ ਨੂੰ ਤੇ ਬਲ ਦੇਣਾ ਹੀ ਸੀ, ਸਗੋਂ ਇਨ੍ਹਾਂ ਨਾਲ ਸਾਰੇ ਪੰਥ ਨੂੰ ਬਲ ਪ੍ਰਾਪਤ ਹੋਇਆ। ਇਨ੍ਹਾਂ ਸ਼ਹਾਦਤਾਂ ਨੂੰ ਵੇਖ ਕੇ ਹੋਰ ਧਰਮਾਂ ਨੂੰ ਬਲ ਪ੍ਰਾਪਤ ਹੋਇਆ ਤੇ ਇਨ੍ਹਾਂ ਕਾਰਨ ਹੀ ਸੰਸਾਰ ਦਾ 'ਅਹਿੰਸਾ' ਦੀ ਮਹਾਨਤਾ ਵਿਚ ਵਿਸ਼ਵਾਸ ਥੱਝਾ।

### ੪.

ਸ਼ਬਦ ਦਾ ਵਿਚਾਰ ਭਗਤੀ ਹੈ, ਇਹ ਵੀ ਗੁਰ-ਭਗਤੀ ਹੈ। ਸ਼ਬਦ-ਭਗਤੀ ਨੇ ਅਥਾਹ ਸ਼ਕਤੀ ਪੈਦਾ ਕੀਤੀ ਹੈ। ਨਿਰਸੰਦੇਹ 'ਸ਼ੁਭ ਕਰਮ' ਲਈ ਰਣ ਵਿਚ ਜੂਝ ਜਾਣ ਵਾਲਾ ਪੁਰਸ਼ ਸ਼ਹੀਦ ਹੁੰਦਾ ਹੈ। ਬੀਰਤਾ ਇਕ ਭਗਤੀ ਦਾ ਹੀ ਰੂਪ ਹੈ। ਪਰ ਵਿਚਾਰ ਵਾਲੀ ਗੱਲ ਇਹ ਹੈ ਕਿ ਕੋਈ ਸੂਰਮਾ ਕਿਉਂ ਰਣ ਵਿਚ ਜੂਝਦਾ ਹੈ, ਉਸ ਵਿਚ ਇਹ

ਸ਼ਕਤੀ ਕਿਵੇਂ ਪੈਦਾ ਹੁੰਦੀ ਹੈ ? ਸਪੱਸ਼ਟ ਹੈ ਕਿ ਇਸ ਸ਼ਕਤੀ ਦੀ ਉਪਜ ਸ਼ਬਦ-ਭਗਤੀ ਵਿਚੋਂ ਹੁੰਦੀ ਹੈ, ਬਾਣੀ ਦੀ ਡੂੰਘੀ ਵਿਚਾਰ ਵਿਚੋਂ ਹੁੰਦੀ ਹੈ। ਸ਼ਬਦ-ਭਗਤੀ ਨਾਲ ਪਤਾ ਲੱਗਦਾ ਹੈ ਕਿ ਆਤਮਾ ਤੇ ਮਰਨ ਵਾਲੀ ਚੀਜ਼ ਨਹੀਂ; ਕੇਵਲ ਸਰੀਰ ਮਰਦਾ ਹੈ ਜੋ ਪਉਣ, ਪਾਣੀ, ਅਗਨੀ ਦਾ ਮੇਲ ਹੁੰਦਾ ਹੈ। ਸਰੀਰ ਵੀ ਕਿੱਥੇ ਮਰਦਾ ਹੈ, ਕੇਵਲ ਹੰਕਾਰ ਮਰਦਾ ਹੈ, ਹਉਮੈ ਬਿਨਸਦੀ ਹੈ ਤੇ ਜਦੋਂ ਇਹ 'ਸੁਰਤਿ ਬਾਦੁ ਅਹੰਕਾਰੁ' ਮਰਦੇ ਹਨ ਤਾਂ ਬ੍ਰਹਮ ਦਿਸ ਪੈਂਦਾ ਹੈ ਤੇ ਸਦੀਵੀ ਜੀਵਨ ਪ੍ਰਾਪਤ ਹੁੰਦਾ ਹੈ। ਫਿਰ ਸ਼ਹੀਦ ਹੋਣ ਤੋਂ ਡਰ ਕੀ ਹੋਇਆ ? ਸ਼ਹਾਦਤ ਤੇ ਮਨੁੱਖ ਨੂੰ ਕਰਮ ਖੰਡ ਦਾ ਭਾਗੀ ਬਣਾਂਦੀ ਹੈ।

ਕੀਰਤਨ-ਭਗਤੀ ਵੀ ਸ਼ਬਦ-ਭਗਤੀ ਦਾ ਇਕ ਉੱਤਮ ਸਰੂਪ ਹੈ।

## ੫.

ਨਾਮ-ਭਗਤੀ ਭਗਤੀ ਦਾ ਉੱਚਤਮ ਸਰੂਪ ਹੈ। ਨਾਮ-ਭਗਤੀ ਨੇ ਹੀ ਬਾਣੀ ਪੈਦਾ ਕੀਤੀ ਹੈ। ਬਾਣੀ ਹੀ ਨਾਮ-ਭਗਤੀ ਦੇ ਅਥਾਹ ਬਲ ਦਾ ਸਬੂਤ ਹੈ। ਗੁਰ-ਇਤਿਹਾਸ ਨਾਮ-ਭਗਤੀ ਦੇ ਅਥਾਹ ਬਲ ਦਾ ਸਬੂਤ ਹੈ। ਸ਼ਹੀਦਾਂ ਦਾ ਇਤਿਹਾਸ ਨਾਮ-ਭਗਤੀ ਨਾਲ ਉਪਜਣ ਵਾਲੀ ਸ਼ਕਤੀ ਦਾ ਪਰਤੱਖ ਸਬੂਤ ਹੈ। ਨਾਮਦੇਵ, ਰਵਿਦਾਸ, ਕਬੀਰ ਆਦਿ ਭਗਤਾਂ ਦੇ ਜੀਵਨ ਨਾਮ-ਭਗਤੀ ਦਾ ਸਬੂਤ ਹਨ। ਧ੍ਰੂ ਤੇ ਪ੍ਰਹਿਲਾਦ ਦੀ ਭਗਤੀ ਸ੍ਰੇਸ਼ਟ ਮੰਨੀ ਗਈ ਹੈ। ਪ੍ਰਹਿਲਾਦ ਵਿਚ ਨਾਮ-ਭਗਤੀ ਨੇ ਸ਼ਕਤੀ ਪੈਦਾ ਕੀਤੀ :

> ਹਾਥਿ ਖੜਗੁ ਕਰਿ ਧਾਇਆ ਅਤਿ ਅਹੰਕਾਰਿ ॥
> ਹਰਿ ਤੇਰਾ ਕਹਾ ਤੁਝੁ ਲਏ ਉਬਾਰਿ ॥
> ਖਿਨ ਮਹਿ ਭੈਆਨ ਰੂਪੁ ਨਿਕਸਿਆ ਥੰਮ੍ ਉਪਾੜਿ ॥
> ਹਰਣਾਖਸੁ ਨਖੀ ਬਿਦਾਰਿਆ ਪ੍ਰਹਲਾਦੁ ਲੀਆ ਉਬਾਰਿ ॥੪॥
> ਸੰਤ ਜਨਾ ਕੇ ਹਰਿ ਜੀਉ ਕਾਰਜ ਸਵਾਰੇ ॥
> ਪ੍ਰਹਲਾਦ ਜਨ ਕੇ ਇਕੀਹ ਕੁਲ ਉਧਾਰੇ ॥
> ਗੁਰ ਕੈ ਸਬਦਿ ਹਉਮੈ ਬਿਖੁ ਮਾਰੇ ॥
> ਨਾਨਕ ਰਾਮ ਨਾਮਿ ਸੰਤ ਨਿਸਤਾਰੇ ॥੫॥੧੦॥੨੦॥

*(ਭੈਰਉ ਮ: ੩, ਪੰਨਾ ੧੧੩੩)*

## ੬.

ਕੀ ਪ੍ਰਯੋਜਨ ਸੀ ਭਗਤੀ ਤੇ ਸ਼ਕਤੀ ਨੂੰ ਇਕੱਠਾ ਕਰਨ ਵਿਚ ? ਇਸ ਪ੍ਰਸ਼ਨ ਦਾ ਉੱਤਰ ਗੁਰੂ ਗੋਬਿੰਦ ਸਿੰਘ ਜੀ ਦੀ ਆਪਣੀ ਲੋਚਾ ਵਿਚੋਂ ਵੇਖਦੇ ਹਾਂ। 'ਭਗਤੀ' ਤੇ 'ਸ਼ਕਤੀ' ਨੂੰ ਇਕੱਠਾ ਕਰ ਕੇ ਖਾਲਸੇ ਨੇ ਸੰਸਾਰ ਲਈ ਕੁਝ ਕਰਨਾ ਹੈ। ਖਾਲਸਾ ਦਾ ਭਾਵ ਹੀ ਹੈ ਪਰਮਾਤਮਾ ਦੀ ਆਪਣੀ ਸੈਨਾ। ਜਿਵੇਂ 'ਖਾਲਸਾ ਜ਼ਮੀਨਾ' ਦਾ ਭਾਵ ਹੈ 'ਸ਼ਾਹੀ ਅਰਾਜ਼ੀ'। ਖਾਲਸਾ ਵਾਹਿਗੁਰੂ ਦੀ ਫ਼ੌਜ ਹੈ ਤੇ ਸੰਸਾਰ 'ਤੇ ਉਸ ਨੇ ਸਦਾ ਹੀ ਕੋਈ ਕਰਮ ਕਰਨਾ ਹੈ, ਨਿਆਂ ਲਈ, ਧਰਮ ਲਈ। ਕਿਉਂਕਿ ਸੈਨਾਪਤੀ, ਗੁਰੂ ਗੋਬਿੰਦ ਸਿੰਘ ਜੀ ਅਕਾਲ ਪੁਰਖ ਦਾ ਵਿਸ਼ੇਸ਼ ਹੁਕਮ ਲੈ ਕੇ ਵਿਸ਼ੇਸ਼ ਕਾਰਜ ਸਾਧਣ ਲਈ ਹੀ ਜਗਤ ਵਿਚ ਆਏ ਸਨ। 'ਸੁਭ ਕਰਮਨ' ਹੀ ਖਾਲਸੇ ਦਾ ਕੰਮ ਹੈ :

ਦੇਹ ਸਿਵਾ ਬਰ ਮੋਹਿ ਇਹੈ ਸੁਭ ਕਰਮਨ ਤੇ ਕਬਹੂ ਨ ਟਰੋਂ ॥
ਨ ਡਰੋਂ ਅਰਿ ਸੋ ਜਬ ਜਾਇ ਲਰੋਂ ਨਿਸਚੈ ਕਰ ਅਪਨੀ ਜੀਤ ਕਰੋਂ ॥
ਅਰੁ ਸਿਖ ਹੌਂ ਅਪਨੇ ਹੀ ਮਨ ਕੌ ਇਹ ਲਾਲਚ ਹਉ ਗੁਨ ਤਉ ਉਚਰੋਂ ॥
ਜਬ ਆਵ ਕੀ ਅਉਧ ਨਿਦਾਨ ਬਨੈ, ਅਤ ਹੀ ਰਨ ਮੈਂ ਤਬ ਜੂਝ ਮਰੋਂ ॥੨੩੧॥
(ਚੰਡੀ ਚਰਿਤ੍ਰ, ਉਕਤ ਬਿਲਾਸ, ਪੰਨਾ ੯੯)

ਇਸ ਸਵਯੇ ਵਿਚ ਗੁਰੂ ਸਾਹਿਬ ਨੇ ਸੰਤ-ਸਿਪਾਹੀ ਦਾ ਆਦਰਸ਼ ਚਿਤਰਿਆ ਹੈ ਤੇ ਇਹ ਆਦਰਸ਼ ਨਿਭਾਇਆ ਤਦ ਜਾ ਸਕਦਾ ਹੈ ਜੇ ਭਗਤੀ ਤੇ ਸ਼ਕਤੀ ਇਕੱਠੇ ਹੋਣ। ਇਸ ਸਵਯੇ ਵਿਚ ਦਿੱਤੇ ਅੰਤਰੀਵ ਭਾਵ ਇਸ ਤਰ੍ਹਾਂ ਹਨ:

(੧) ਉੱਤਮ ਜੀਵਨ ਆਦਰਸ਼ ਹੀ ਉੱਤਮ ਧਰਮ ਹੈ ਤੇ ਉੱਤਮ ਆਦਰਸ਼ ਦਾ ਨਿਸਚਿਤ ਕਰ ਲੈਣਾ ਹੀ ਪ੍ਰਭੂ ਦੀ ਮਹਾਨ ਕਿਰਪਾ ਹੈ। ਉੱਤਮ ਆਦਰਸ਼ ਇਹ ਹੈ ਕਿ:

ਯਾਹੀ ਕਾਜ ਧਰਾ ਹਮ ਜਨਮੰ ॥ ਸਮਝ ਲੇਹੁ ਸਾਧੂ ਸਭ ਮਨਮੰ ॥
ਧਰਮ ਚਲਾਵਨ ਸੰਤ ਉਬਾਰਨ ॥ ਦੁਸਟ ਸਭਨ ਕੋ ਮੂਲ ਉਪਾਰਨ ॥੪੩॥
(ਬਚਿਤ੍ਰ ਨਾਟਕ, ਪੰਨਾ ੫੭-੫੮)

(੨) ਜੀਵਨ ਦਾ ਉੱਤਮ ਆਦਰਸ਼ ਹੈ: 'ਸੁਭ ਕਰਮਨ ਤੇ ਕਬਹੂ ਨ ਟਰੋਂ ॥' ਭਾਵ ਜਦੋਂ ਕਿਤੇ ਨਿਆਂ ਤੇ ਅਨਿਆਂ ਦਾ ਘੋਲ ਹੋਵੇ, ਨਿਆਂ ਵੱਲ ਆਪਣਾ ਭਾਰ ਪਾਣਾ ਹੀ ਉੱਤਮ ਆਦਰਸ਼ ਹੈ। ਸੱਚ ਤੇ ਝੂਠ ਵਿਚੋਂ ਨਿਰਣਾ ਕਰ ਕੇ ਸੱਚ ਦਾ ਪੱਖ ਕਰਨਾ ਹੀ ਉੱਤਮ ਆਦਰਸ਼ ਹੈ।

(੩) ਭਾਵ ਬੁਰਾਈ ਦਾ ਟਾਕਰਾ ਕਰਨਾ ਬੜਾ ਉੱਤਮ ਕਰਮ ਹੈ, ਕਿਉਂਕਿ:

ਸੰਤਨ ਦੁਖ ਪਾਏ ਤੇ ਦੁਖੀ ॥
ਸੁਖ ਪਾਏ ਸਾਧਨ ਕੇ ਸੁਖੀ ॥.....॥੩੮੮॥ (ਚਰਿਤ੍ਰ ੪੦੫, ਪੰਨਾ ੧੩੮੭)

ਜਦੋਂ ਬੁਰਾਈ ਸੰਤਾਂ ਨੂੰ ਦੁਖੀ ਕਰਦੀ ਹੈ ਤਾਂ ਪਰਮਾਤਮਾ ਦੁਖੀ ਹੁੰਦਾ ਹੈ। ਸੰਤ-ਸਿਪਾਹੀ ਨੇ ਹਰ ਤਰ੍ਹਾਂ ਦੀ ਸਮਾਜ ਵਿਚ ਪਸਰੀ ਬੁਰਾਈ ਦਾ ਟਾਕਰਾ ਕਰਨਾ ਹੈ। ਇਹ ਉਹ ਹੀ ਕਰ ਸਕਦਾ ਹੈ ਜਿਸ ਨੇ ਆਪਣੇ ਅੰਦਰ ਸ਼ਕਤੀ ਪੈਦਾ ਕੀਤੀ ਹੈ। ਆਪਣੇ ਅੰਦਰ ਸ਼ਕਤੀ ਭਗਤੀ ਨਾਲ ਪੈਦਾ ਹੁੰਦੀ ਹੈ।

(੪) ਬੁਰਾਈ ਦਾ ਟਾਕਰਾ ਕਰਨਾ 'ਸੁਭ ਕਰਮ' ਹੈ। ਪਰ ਇਹ ਸੁਭ ਕਰਮ ਕਰਨ ਲਈ ਸਿਖ ਵਿਚ ਜੁਰਅਤ ਕਿਵੇਂ ਪੈਦਾ ਹੋਵੇ ? ਭਗਤੀ ਕਰ ਕੇ। ਤਾਂ ਤੇ ਇਸ ਸਵਯੇ ਵਿਚ ਭਗਤੀ ਦਾ ਭਾਵ ਇਸ ਤਰ੍ਹਾਂ ਹੈ:

(ੳ) ਅਹਿੰਸਾਵਾਦ ਸਿਖ ਦਾ ਆਦਰਸ਼ ਨਹੀਂ, ਨਾ ਹੀ ਹਿੰਸਾਵਾਦ ਉਸ ਦਾ ਆਦਰਸ਼ ਹੈ। ਹਿੰਸਾ ਕਿਸੇ ਵੇਲੇ ਅਹਿੰਸਾ ਹੁੰਦੀ ਹੈ ਤੇ ਅਹਿੰਸਾ, ਹਿੰਸਾ। ਸਮੇਂ ਸਿਰ ਧਰਮ ਨੂੰ ਨਿਭਾ ਸਕਣਾ ਹੀ ਆਦਰਸ਼ ਹੈ। ਸ਼ੁਭ ਕਰਮਨ ਲਈ ਹਿੰਸਾ ਵੀ ਕਰਨੀ ਪੈਂਦੀ ਹੈ। ਬੁਰਾਈ ਦਾ ਟਾਕਰਾ ਕਰਨ ਵਿਚ ਕੀਤੀ ਹਿੰਸਾ ਵੀ ਭਗਤੀ ਹੈ। ਸ਼ਕਤੀ ਦੀ ਯੋਗ ਸਮੇਂ ਵਰਤੋਂ ਦੀ ਜਾਚ ਭਗਤੀ ਵਿਚੋਂ ਪੈਦਾ ਹੁੰਦੀ ਹੈ:

੧. ਚੂ ਕਾਰ ਅਜ਼ ਹਮਾ ਹੀਲਤੇ ਦਰ ਗੁਜ਼ਸ਼ਤ ॥
ਹਲਾਲ ਅਸਤਿ ਬੁਰਦਨ ਬ ਸ਼ਮਸ਼ੀਰ ਦਸਤ ॥੨੨॥
(ਜ਼ਫ਼ਰਨਾਮਹ, ਪੰਨਾ ੧੩੯੦)

੨. ਦੇਹ ਸਿਵਾ ਬਰ ਮੋਹਿ ਇਹੈ ਸੁਭ ਕਰਮਨ ਤੇ ਕਬਹੂ ਨ ਟਰੋਂ ॥੨੩੧॥

ਹੇ ਪਿਤਾ! ਮੈਂ ਕਦੇ ਸ਼ੁਭ ਕਰਮ ਕਰਨ ਦੇ ਮੌਕੇ ਤੋਂ ਨਾ ਖੁੰਝਾਂ।

(ਅ) ਨਿਡਰਤਾ ਹੀ ਇਹ ਸਾਹਸ ਮਨੁੱਖ ਵਿਚ ਪੈਦਾ ਕਰਦੀ ਹੈ: 'ਨ ਡਰੋਂ ਅਰਿ ਸੋ, ਜਬ ਜਾਇ ਲਰੋਂ' ਨਿਰਭੈਤਾ ਪਰਮਾਤਮਾ ਦਾ ਗੁਣ ਹੈ। ਨਿਰਵੈਰ ਮਨੁੱਖ ਹੀ ਨਿਰਭਉ ਹੋ ਸਕਦਾ ਹੈ। 'ਸੁਭ ਕਰਮਨ' ਵਾਲਾ ਕਿਸੇ ਨਾਲ ਵੈਰ ਕਰ ਕੇ ਹਿੰਸਾ ਨਹੀਂ ਕਰਦਾ। ਸਿਖ ਨਿਰਵੈਰ ਹੈ ਤੇ ਇਸ ਲਈ ਨਿਰਭਉ ਹੈ। ਇਹ ਭਗਤੀ ਹੈ ਕਿ ਉਹ ਵੈਰ ਕੱਢਣ ਲਈ ਸ਼ਕਤੀ ਦੀ ਵਰਤੋਂ ਨਹੀਂ ਕਰਦਾ।

(ੲ) ਜਿੱਤ ਦਾ ਨਿਸਚਾ ਹੀ ਸ਼ੁਭ ਕਰਮਨ ਦੀ ਜੁਰਅੱਤ ਪੈਦਾ ਕਰਦਾ ਹੈ: 'ਨਿਸਚੈ ਕਰ ਅਪਨੀ ਜੀਤ ਕਰੋਂ॥' ਸ਼ੁਭ ਕਰਮ ਕਰਨ ਵਾਲਾ ਹਾਰ ਨਹੀਂ ਸਕਦਾ। ਖਾਲਸਾ ਸ਼ੁਭ ਕਰਮ ਕਰਦਾ ਹੈ। ਇਸ ਲਈ ਉਹ ਜਾਣਦਾ ਹੈ ਤੇ ਉਸਦਾ ਵਿਸ਼ਵਾਸ ਹੈ:

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

'ਅੰਮ੍ਰਿਤ' ਇਹ ਵਿਸ਼ਵਾਸ ਉਸਦੇ ਅੰਦਰ ਉਤਪੰਨ ਕਰਦਾ ਹੈ।

(ਸ) ਸਿਖ ਮਨ ਜ਼ਬਤ ਵਾਲਾ ਮਨ ਹੈ ਤੇ ਬੜਾ ਜ਼ਬਤ ਵਾਲਾ ਮਨ ਹੀ ਸ਼ੁਭ ਕਰਮਾਂ ਵਿਚ ਲੱਗ ਸਕਦਾ ਹੈ: 'ਅਰੁ ਸਿਖ ਹੋਂ ਅਪਨੇ ਹੀ ਮਨ ਕੌ' ਜ਼ਬਤ ਸ਼ਕਤੀ ਹੈ।

(ਹ) ਜ਼ਬਤ ਵਾਲਾ ਮਨ ਗੁਣਾਂ ਵਾਲਾ ਮਨ ਹੈ ਤੇ ਗੁਣ ਭਗਤੀ ਕਰਕੇ ਪੈਦਾ ਹੁੰਦੇ ਹਨ। ਇਸ ਲਈ: 'ਇਹ ਲਾਲਚ ਹਉ ਗੁਨ ਤਉ ਉਚਰੋਂ॥' ਗੁਣ ਉਚਾਰਨ ਕਰਨਾ ਭਗਤੀ ਹੈ।

(ਕ) ਸ਼ੁਭ ਕਰਮਾਂ ਵਿਚ ਉਹ ਲੱਗ ਸਕਦਾ ਹੈ ਜੋ ਉਸ ਲਈ ਅੰਤਮ ਕੁਰਬਾਨੀ ਤੀਕ ਕਰਨ ਲਈ ਤਿਆਰ ਰਹਿੰਦਾ ਹੈ:

ਜਬ ਆਵ ਕੀ ਅਉਧ ਨਿਦਾਨ ਬਨੈ ਅਤ ਹੀ ਰਨ ਮੈ ਤਬ ਜੂਝ ਮਰੋਂ॥

ਇਹ ਹੀ ਸ਼ਹਾਦਤ ਦਾ ਸਿਧਾਂਤ ਹੈ। ਸ਼ੁਭ ਕਰਮ ਲਈ ਜਾਨ ਤੀਕ ਦੀ ਕੁਰਬਾਨੀ ਕਰ ਸਕਣਾ ਭਗਤੀ ਹੈ। ਭਗਤੀ ਤੇ ਸ਼ਕਤੀ ਇਕੱਠੇ ਰਹਿੰਦੇ ਹਨ। ਪਰ ਭਗਤੀ ਪਹਿਲਾਂ ਆਉਂਦੀ ਹੈ, ਮਗਰੋਂ ਸ਼ਕਤੀ ਆਉਂਦੀ ਹੈ।

ਸੋ ਇਸ ਸਵਯੇ ਵਿਚੋਂ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਖ਼ਸੀਅਤ ਦਾ ਪਤਾ ਲੱਗਦਾ ਹੈ, ਸਿਖ ਧਰਮ ਦਾ ਆਦਰਸ਼ ਪਤਾ ਲੱਗਦਾ ਹੈ, ਸਿਖ ਇਤਿਹਾਸ ਦੀ ਬੁਨਿਆਦ ਦਾ ਪਤਾ ਲੱਗਦਾ ਹੈ, ਸਿੱਖਾਂ ਦੀ ਨਿਖੜਵੀਂ ਹਸਤੀ ਦਾ ਅਹਿਸਾਸ ਹੁੰਦਾ ਹੈ ਅਤੇ ਇਹ ਪਤਾ ਲੱਗਦਾ ਹੈ ਕਿ ਖਾਲਸੇ ਦੀ ਲੋੜ ਸਦਾ ਹੈ, ਕਿਉਂਕਿ ਸ਼ੁਭ ਕਰਮਨ ਦੀ ਲੋੜ ਸਦਾ ਹੈ।

੭.

ਇਸ ਪੁਸਤਕ ਦੇ ਸਾਰੇ ਲੇਖ 'ਗੁਰਮਤਿ ਪ੍ਰਕਾਸ਼' ਵਿਚ ਛਪ ਚੁਕੇ ਹਨ। 'ਗੁਰਮਤਿ ਪ੍ਰਕਾਸ਼' ਤੇ ਸ਼੍ਰੋ: ਗੁ: ਪ੍ਰ: ਕਮੇਟੀ ਦਾ ਧੰਨਵਾਦੀ ਹਾਂ ਕਿ ਇਹ ਲੇਖ ਸੰਗ੍ਰਹਿ ਰੂਪ ਵਿਚ ਪੇਸ਼ ਕਰਨੇ ਸੰਭਵ ਹੋ ਸਕੇ ਹਨ।

ਖਾਲਸਾ ਕਾਲਜ, ਅੰਮ੍ਰਿਤਸਰ — **ਤਾਰਨ ਸਿੰਘ**
ਮਿਤੀ ੧੮-੫-੬੨

ਭਾਗ ਪਹਿਲਾ

# ਸਿਖ ਧਰਮ ਤੇ ਹੋਰ ਮੱਤ

**੧**

# ਸਿਖ ਧਰਮ ਤੇ ਹੋਰ ਭਾਰਤੀ ਮੱਤ

**ਵੇਦਾ ਮਹਿ ਨਾਮੁ ਉਤਮੁ, ਸੋ ਸੁਣਹਿ ਨਾਹੀ, ਫਿਰਹਿ ਜਿਉ ਬੇਤਾਲਿਆ ॥**

*(ਰਾਮਕਲੀ ਮ: ੩ ਅਨੰਦੁ, ਪੰਨਾ ੯੧੯)*

੧.

ਗੁਰੂ ਨਾਨਕ-ਗੋਬਿੰਦ ਸਿੰਘ ਧਰਮ, ਜੀਵਨ ਲਈ ਇਕ ਸਾਵਾਂ-ਪੱਧਰਾ ਰਾਹ ਹੈ। ਜੀਵਨ ਸਮਾਜਕ, ਸਦਾਚਾਰਕ, ਸਭਿਆਚਾਰਕ ਤੇ ਰਾਜਨੀਤਕ ਸਾਰਿਆਂ ਪੱਖਾਂ ਦਾ ਇਕ ਸਮੂਹ ਹੈ। ਇਸ ਲਈ ਕੁਦਰਤੀ ਤੌਰ 'ਤੇ, ਸਿਖ ਧਰਮ ਵਿਚ ਰਾਜਨੀਤੀ ਨੂੰ ਪੂਰਾ ਅਸਥਾਨ ਪ੍ਰਾਪਤ ਹੈ। ਇਹ ਧਰਮ ਕੇਵਲ ਰਾਜਨੀਤੀ ਹੀ ਨਹੀਂ, ਪਰ ਰਾਜਨੀਤੀ ਨੂੰ ਧਰਮ ਤੋਂ ਵੱਖ ਵੀ ਨਹੀਂ ਸਮਝਦਾ। ਕਿਉਂਕਿ ਧਰਮ ਜੀਵਨ ਤੋਂ ਵੱਖ ਕੋਈ ਅਰਥ ਨਹੀਂ ਰੱਖਦਾ ਤੇ ਧਰਮ ਸਾਰੇ, ਸਮੁੱਚੇ ਜੀਵਨ ਦੀ ਅਗਵਾਈ ਕਰਦਾ ਹੈ ਨਾ ਕਿ ਕੇਵਲ ਉਸ ਸਮੇਂ ਦੇ ਜੀਵਨ ਦੀ ਜੋ ਮੰਦਰ, ਮਸਜਦ ਜਾਂ ਗੁਰਦੁਆਰੇ ਬਿਤਾਇਆ ਜਾ ਰਿਹਾ ਹੈ। ਰਾਜਨੀਤੀ ਸਿਖ ਧਰਮ ਦਾ ਅਨਿੱਖੜ ਅੰਗ ਹੈ। ਇਨ੍ਹਾਂ ਗੱਲਾਂ ਤੋਂ ਵੀ ਪਰਤੱਖ ਹੈ :

(੧) ਸਿਖ ਧਰਮ ਦੇ ਮੂਲ ਮੰਤ੍ਰ ਜਾਂ ਈਸ਼ਵਰ ਦੇ ਬੁਨਿਆਦੀ ਗੁਣਾਂ ਵਿਚ 'ਨਿਰਭਉ' ਤੇ 'ਨਿਰਵੈਰੁ' ਦੇ ਗੁਣ ਵੀ ਸ਼ਾਮਲ ਹਨ, ਜੋ ਕੇਵਲ ਰਾਜਨੀਤਕ ਜਾਂ ਸਮਾਜਕ ਗੁਣ ਹਨ ਤੇ ਉਸ ਕੌਮ ਵਿਚ ਵੀ ਇਨ੍ਹਾਂ ਦੋ ਗੁਣਾਂ ਦੀ ਹੋਂਦ ਅਵੱਸ਼ ਮੰਨੀ ਗਈ ਹੈ।

(੨) ਸਿੱਖਾਂ ਦੀ ਧਰਮ ਪੁਸਤਕ ਦਾ 'ਬਾਬਰਵਾਣੀ' ਉੱਨਾ ਹੀ ਸਤਿਕਾਰਯੋਗ ਅੰਗ ਹੈ, ਜਿੰਨਾ 'ਓਅੰਕਾਰੁ' ਤੇ 'ਸਿਧ ਗੋਸਟਿ'; ਤੇ ਬਾਬਰਵਾਣੀ ਧਾਰਮਕ ਹੋਣ ਦੇ ਨਾਲ, ਪਰਤੱਖ ਤੌਰ 'ਤੇ ਰਾਜਨੀਤਕ ਕਵਿਤਾ ਹੈ। ਜਿਸ ਵਿਚ 'ਦੇਸ਼ ਭਗਤੀ' 'ਪ੍ਰਭੂ ਭਗਤੀ' ਦੇ ਨਾਲ ਸੰਬੰਧਤ ਕੀਤੀ ਹੋਈ ਹੈ ਤੇ ਜਿਸ ਵਿਚ ਭਾਰਤ 'ਤੇ ਇਕ ਹਮਲਾਵਰ ਦੀ ਨਿਖੇਧੀ ਕੀਤੀ ਹੋਈ ਹੈ।

(੩) ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਮੁੱਚੇ ਭਾਰਤ ਦੀ ਸਭਿਅਤਾ ਤੇ ਸਭਿਆਚਾਰ ਦੀ ਪ੍ਰਤੀਨਿਧਤਾ ਲਈ ਗਈ ਹੈ; ਸਾਰੇ ਭਾਰਤੀ ਸੰਤਾਂ, ਬੋਲੀਆਂ, ਰਾਗਾਂ ਤੇ ਕਾਵਿ-ਵੰਨਗੀਆਂ ਦਾ ਧਿਆਨ ਰੱਖਿਆ ਗਿਆ ਹੈ।

(੪) ਸਿਖ ਅਰਦਾਸ ਆਪਣੀ ਬਣਤਰ ਵਿਚ ਇਤਿਹਾਸਕ ਹੈ ਤੇ ਇਤਿਹਾਸ ਵਧੇਰੇ ਰਾਜਨੀਤੀ ਦਾ ਹਿੱਸਾ ਹੈ, ਨਾ ਕਿ ਦਰਸ਼ਨ ਦਾ। ਜਿਸ ਲਈ ਕਾਲ ਤੇ ਅਵਿਕਾਸ਼ (Space) ਦੀ ਕੋਈ ਮਹਾਨਤਾ ਹੀ ਨਹੀਂ ਤੇ ਰਾਜਨੀਤੀ ਤੇ ਇਤਿਹਾਸ ਲਈ ਕਾਲ

(Time) ਤੇ ਅਵਿਕਾਸ਼ (Space) ਹੀ ਸਭ ਤੋਂ ਮਹਾਨ ਚੀਜ਼ਾਂ ਹਨ।

(੫) ਸਿਖ ਰੋਜ਼ ਪੜ੍ਹਦੇ ਹਨ 'ਰਾਜ ਕਰੇਗਾ ਖਾਲਸਾ'—ਸੋ ਰਾਜਨੀਤੀ ਇਸ ਧਰਮ ਦਾ ਅਨਿੱਖੜ ਅੰਗ ਤੇ ਹੈ ਹੀ।

ਪਰ ਇਹ ਰਾਜਨੀਤੀ ਕਿਸ ਪ੍ਰਕਾਰ ਦੀ ਹੈ ? ਪਰਤੱਖ ਹੈ, ਇਤਿਹਾਸ ਵਿਚੋਂ ਹੀ, ਕਿ ਕੋਈ ਹੋਰ ਭਾਰਤੀ ਮੱਤ, ਬੁੱਧ, ਜੈਨ, ਯੋਗ, ਸਾਂਖ, ਮਿਮਾਂਸਾ, ਵੇਦਾਂਤ (ਸਾਰੇ ਰੂਪ ਅਦ੍ਵੈਤ, ਦ੍ਵੈਤ, ਵਸ਼ਿਸ਼ਟ ਅਦ੍ਵੈਤ, ਸ਼ੁਧ ਅਦ੍ਵੈਤ ਆਦਿ) ਬੁਨਿਆਦੀ ਤੌਰ 'ਤੇ ਰਾਜਨੀਤਕ ਨਹੀਂ। ਇਸ ਲਈ ਉਨ੍ਹਾਂ ਦਾ 'ਕੌਮੀਅਤ' ਦਾ ਸਿਧਾਂਤ ਹੀ ਅਸਪੱਸ਼ਟ ਹੈ। ਸਿਖ ਧਰਮ ਰਾਜਨੀਤਕ ਹੈ ਤੇ ਵੱਡੀ ਗੱਲ ਇਹ ਹੈ ਕਿ ਇਸ ਦੀ ਕੌਮੀਅਤ ਹੀ ਰਾਜਨੀਤੀ ਹੈ। ਭਾਵ ਇਸ ਧਰਮ ਨੂੰ ਨਿਰੂਪਣ ਕਰਨ ਵਿਚ ਗੁਰੂਆਂ ਦੀ ਸਭ ਤੋਂ ਵੱਡੀ ਲਗਨ ਇਹ ਰਹੀ ਹੈ ਕਿ ਕੌਮੀਅਤ (Nationalism) ਦੇ ਦ੍ਰਿਸ਼ਟੀਕੋਣ ਤੋਂ ਇਸ ਧਰਮ ਦੀ ਉਸਾਰੀ ਕੀਤੀ ਜਾਏ। ਇਸ ਗੱਲ ਨੂੰ ਅਤਿ ਸਪੱਸ਼ਟ ਰੂਪ ਗੁਰੂ ਗੋਬਿੰਦ ਸਿੰਘ ਜੀ ਨੇ ਹੀ ਦਿੱਤਾ, ਜਿਨ੍ਹਾਂ ਸਿਖ ਨੂੰ ਖਾਲਸਈ ਰੂਪ, ਖਾਲਸਈ ਫ਼ਤਹ (Form of greeting), ਖਾਲਸਈ ਨਾਹਰਾ (Slogan), ਖਾਲਸਈ ਸ਼ਖ਼ਸੀਅਤ, ਖਾਲਸਈ ਰਹਿਤ ਤੇ ਖਾਲਸਈ ਕੁਰਹਿਤ ਦਿੱਤੀ। ਇਸ ਸਭ ਕੁਝ ਵਿਚ ਵਿਚਾਰ ਇਹ ਰੱਖਿਆ ਗਿਆ ਕਿ ਜੋ ਰੂਪ ਰੰਗ ਖਾਲਸੇ ਨੂੰ ਦਿਤਾ ਜਾਏ, ਉਸ ਵਿਚ ਭਾਰਤੀ ਸਭਿਆਚਾਰ ਨੂੰ ਸਾਹਮਣੇ ਰੱਖਿਆ ਜਾਏ। ਭਾਰਤੀ ਸਭਿਆਚਾਰ ਦੇ ਵਿਸ਼ੇਸ਼ ਅੰਗ ਇਹ ਹਨ :

(੧) ਸਾਦਗੀ—ਰੂਪ, ਪੁਸ਼ਾਕ, ਖ਼ੁਰਾਕ, ਖਾਣ ਪੀਣ ਵਿਚ ਸੰਜਮ, ਸੰਕੋਚ ਤੇ ਸਾਦਗੀ : ਇਹ ਹੈ ਕੇਸਾਂ ਦੀ ਮਹਾਨਤਾ ਤੇ ਕੁਰਹਿਤਾਂ ਦੀ ਮਹਾਨਤਾ।

(੨) ਇਸਤ੍ਰੀ ਦਾ ਵੱਧ ਤੋਂ ਵੱਧ ਸਤਿਕਾਰ, ਇਹ ਸਾਰੀਆਂ ਬਹਾਦਰ ਕੌਮਾਂ ਵਿਚ ਹੁੰਦਾ ਹੈ, ਵੱਡੀ ਕੁਰਹਿਤ ਇਸਤ੍ਰੀ ਦੇ ਸਤਿਕਾਰ ਬਾਰੇ ਹੈ।

(੩) ਪ੍ਰਭੂ ਭਗਤੀ ਜਿੱਡਾ ਹੋਰ ਕੋਈ ਨਸ਼ਾ ਨਹੀਂ। ਇਸ ਲਈ ਭਾਰਤੀ ਜੀਵਨ ਕਿਸੇ ਨਸ਼ੇ ਦੀ ਆਗਿਆ ਨਹੀਂ ਦੇਂਦਾ, ਇਹ ਉਸ ਦਾ ਸਭਿਆਚਾਰ ਹੈ, ਇਕ ਕੁਰਹਿਤ ਇਸ ਬਾਰੇ ਹੈ।

(੪) ਕੋਮਲ ਕਲਾ ਜਿੰਨੀ ਕੋਈ ਹੋਰ ਉੱਤਮ ਕਿਰਤ ਨਹੀਂ। ਇਹ ਭਾਰਤੀ ਸਭਿਅਤਾ ਦਾ ਅਨਿੱਖੜ ਅੰਗ ਹੈ। ਇਸ ਲਈ ਜੋ ਸਥਾਨ, ਧਾਰਮਕ ਤੌਰ 'ਤੇ ਸਿੱਖਾਂ ਨੇ ਰਾਗ ਨੂੰ ਦਿੱਤਾ ਹੈ, ਉਹ ਹੋਰ ਕਿਸੇ ਧਰਮ ਵਿਚ ਨਹੀਂ। ਸਭਿਆਚਾਰਕ ਤੇ ਸਭਿਅਤ ਤੌਰ 'ਤੇ ਸਿਖ ਭਾਰਤੀ ਦ੍ਰਿਸ਼ਟੀਕੋਣ ਤੋਂ ਪ੍ਰਗਟਾਏ ਗਏ ਹਨ, ਇਹ ਪਰਤੱਖ ਹੈ। ਉਨ੍ਹਾਂ ਦਾ 'ਜਵਾਂ ਬਿਕਟ' ਰੂਪ ਨਿਰੋਲ ਭਾਰਤੀ ਹੈ। ਤਮਾਕੂ ਤੀਕ ਨੂੰ ਬਿਖ ਕਹਿਣਾ ਨਿਰੋਲ ਭਾਰਤੀ ਹੈ। ਭਾਰਤ ਅਨੁਸਾਰ ਖਾਣ ਪੀਣ ਦੀਆਂ ਚੀਜ਼ਾਂ ਜਾਂ ਅੰਮ੍ਰਿਤ ਹਨ ਜਾਂ ਬਿਖ।

## ੨.

ਸਿਖ ਧਰਮ ਆਪਣੀ ਧਰਮ ਪੁਸਤਕ ਵਿਚ ਨਿਰੋਲ ਭਾਰਤੀ ਹੈ ਤੇ ਕੌਮੀਅਤ ਦਾ ਦ੍ਰਿਸ਼ਟੀਕੋਣ ਰੱਖਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਆਪਣੇ ਆਪ ਵਿਚ ਇਕ ਵੇਦ ਹੈ। ਸਿਖ ਧਰਮ ਨਿਰੋਲ ਭਾਰਤੀ ਧਰਮ ਹੈ। ਪਰ ਉਸ ਦਾ ਦ੍ਰਿਸ਼ਟੀਕੋਣ ਸਾਰੇ ਭਾਰਤੀ ਮੱਤਾਂ ਨੂੰ ਮਿਲਣ ਦਾ ਹੈ। ਭਾਰਤੀ ਮੱਤਾਂ ਵਿਚ ਕੁਝ ਉਪਰਲਾ ਉਪਰਲਾ ਨਿਖੇੜ ਇਨ੍ਹਾਂ ਗੱਲਾਂ ਨੇ ਪੈਦਾ ਕੀਤਾ ਹੋਇਆ ਸੀ ਕਿ ਕੋਈ ਕਰਮ ਯੋਗ ਨੂੰ ਹੀ ਮੁਕਤੀ ਦਾ ਸਾਧਨ

ਮੰਨਦਾ ਸੀ, ਕੋਈ ਗਿਆਨ ਯੋਗ ਨੂੰ ਹੀ ਮੁਕਤੀ ਦਾ ਸਾਧਨ ਮੰਨਦਾ ਸੀ ਤੇ ਕੋਈ ਭਗਤੀ ਯੋਗ ਨੂੰ। ਸਿਖ ਧਰਮ ਪਰਤੱਖ ਤੇ ਪ੍ਰਗਟ ਤੌਰ 'ਤੇ ਕਹਿੰਦਾ ਹੈ ਕਿ ਅਸਲੀ ਭਾਰਤੀ ਧਰਮ ਜਾਂ ਵੇਦਕ ਧਰਮ ਵਿਚ ਇਹ ਤਿੰਨ ਯੋਗ ਇਕੋ ਧਰਮ ਦਾ ਅਨਿੱਖੜ ਅੰਗ ਹਨ। ਹਰ ਧਰਮ ਪੁਸਤਕ ਵਿਚ ਕੁਝ ਦਾਰਸ਼ਨਿਕ ਵਿਚਾਰ ਹਨ। ਰੱਬ ਕੀ ਹੈ, ਜੀਵ ਕੀ ਹੈ, ਪ੍ਰਕਿਰਤੀ ਕੀ ਹੈ ? ਇਸ ਲਈ ਹਰ ਧਰਮ ਵਿਚ ਗਿਆਨ ਯੋਗ ਮੌਜੂਦ ਹੈ। ਹਰ ਧਰਮ ਪੁਸਤਕ ਵਿਚ ਕੁਝ ਕਰਮ ਚੰਗੇ ਮੰਨੇ ਹਨ, ਪਰਮਾਰਥਕ ਮੰਨੇ ਹਨ ਜਾਂ ਪੁੰਨ ਮੰਨੇ ਹਨ ਤੇ ਹਰ ਪੁਸਤਕ ਵਿਚ ਕੁਝ ਕਰਮ ਸੁਆਰਥੀ ਜਾਂ ਪਾਪ ਮੰਨੇ ਹਨ। ਇਸ ਲਈ ਹਰ ਧਰਮ 'ਕਰਮ ਯੋਗੀ' ਵੀ ਹੈ ਤੇ ਹਰ ਧਰਮ ਦਾ ਅਸਲ ਤੱਤ ਇਹ ਹੈ ਕਿ ਇਹ ਸਭ ਕੁਝ ਅਸੀਂ ਕੇਵਲ ਪ੍ਰਭੂ-ਪਿਆਰ ਜਾਂ ਭਗਤੀ ਲਈ ਵਿਚਾਰਦੇ ਤੇ ਕਰਦੇ ਹਾਂ। ਇਸ ਲਈ ਭਗਤੀ ਯੋਗ ਹਰ ਧਰਮ ਪੁਸਤਕ ਦਾ ਅਨਿੱਖੜ ਅੰਗ ਹੈ। ਇਹ ਤਿੰਨੇ ਯੋਗ ਇਕ ਹੀ ਧਰਮ ਦੇ ਅੰਗ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਹ ਤਿੰਨੇ ਯੋਗ ਮੌਜੂਦ ਹਨ ਤੇ ਹਰ ਧਰਮ ਵਿਚ ਹਨ। ਇਸ ਲਈ ਇਸ ਝਗੜੇ ਤੇ ਭਾਰਤੀ ਧਰਮਾਂ ਨੂੰ ਵੰਡਣਾ ਨਿਰਮੂਲ ਹੈ। ਇਹ ਹੈ ਸਿਖ ਧਰਮ ਦੀ ਕੌਮੀਅਤ।

ਸਿਖ ਧਰਮ ਨਿਰੋਲ ਭਾਰਤੀ ਹੈ, ਇਸ ਦਾ ਸਬੂਤ ਇਹ ਹੈ ਕਿ ਉਸ ਦਾ ਉਨ੍ਹਾਂ ਹੀ ਬੁਨਿਆਦੀ ਚੀਜ਼ਾਂ ਵਿਚ ਵਿਸ਼ਵਾਸ ਹੈ ਜੋ ਕੇਵਲ ਭਾਰਤੀ ਹਨ। ਭਾਵ :

(੧) ਬ੍ਰਹਮ, ਈਸ਼ਵਰ ਦਾ ਵਿਚਾਰ।

(੨) ਆਤਮਾ ਜਾਂ ਜੀਵ ਦਾ ਵਿਚਾਰ।

(੩) ਪ੍ਰਕਿਰਤੀ ਜਾਂ ਕੁਦਰਤ ਦਾ ਵਿਚਾਰ।

(੪) ਆਤਮਾ ਤੇ ਪ੍ਰਕਿਰਤੀ ਦੇ ਸੰਬੰਧ ਜਾਂ ਸੰਜੋਗ ਦਾ ਵਿਚਾਰ ਜਾਂ ਆਵਾਗਵਨ।

(੫) ਆਤਮਾ ਤੇ ਪ੍ਰਕਿਰਤੀ ਦੇ ਵਿਜੋਗ ਦਾ ਵਿਚਾਰ ਜਾਂ ਮੁਕਤੀ ਦਾ ਵਿਚਾਰ।

ਸਿਖ ਧਰਮ ਦਰਸ਼ਨ ਦੇ ਤੌਰ 'ਤੇ ਕੇਵਲ ਇਨ੍ਹਾਂ ਹੀ ਚੀਜ਼ਾਂ ਦਾ ਵਿਚਾਰ ਕਰਦਾ ਹੈ। ਪੱਛਮੀ ਤੇ ਸੈਮਿਟਿਕ ਧਰਮਾਂ ਦੇ ਇਹ ਵਿਚਾਰ ਨਹੀਂ। ਸੋ ਸਿਖ ਧਰਮ ਹੋਰ ਕਿਸੇ ਦੇਸ਼ ਦੇ ਧਰਮ ਨਾਲ ਸੰਬੰਧਤ ਨਹੀਂ, ਭਾਰਤੀ ਹੈ।

ਵੇਦਾਂ ਬਾਰੇ ਉਸ ਦਾ ਉਹ ਵਿਚਾਰ ਹੈ ਜਾਂ ਨਹੀਂ, ਇਸ ਝਗੜੇ ਵਿਚ ਮੈਂ ਨਹੀਂ ਪੈਣਾ। ਬਾਕੀ ਬਹੁਤੇ ਭਾਰਤੀ ਮੱਤ (ਬੁਧ, ਜੈਨ ਤੇ ਚਾਰਵਾਕਵਾਦ ਨੂੰ ਕਿਸੇ ਹੱਦ ਤੀਕ ਛੱਡ ਕੇ) ਵੇਦਾਂ ਨੂੰ ਪਰਮਾਣੀਕ (Authority) ਮੰਨਦੇ ਹਨ। ਪਰ ਸਿਖ ਧਰਮ ਪੁਸਤਕ ਵੇਦਾਂ ਬਾਰੇ ਆਪਣੇ ਵਿਚਾਰ ਜ਼ਰੂਰ ਪਰਗਟ ਕਰਦੀ ਹੈ ਤੇ ਪਰਤੱਖ ਤੌਰ 'ਤੇ ਕਹਿੰਦੀ ਹੈ ਕਿ ਵੇਦਾਂ ਨੂੰ ਬਹੁਤ ਵਾਰੀ ਗਲਤ ਸਮਝਿਆ ਗਿਆ ਹੈ, ਅਸਲੀਅਤ ਇਹ ਹੈ ਕਿ :

**ਵੇਦਾ ਮਹਿ ਨਾਮੁ ਉਤਮੁ, ਸੋ ਸੁਣਹਿ ਨਾਹੀ, ਫਿਰਹਿ ਜਿਉ ਬੇਤਾਲਿਆ॥**

*(ਰਾਮਕਲੀ ਮ: ੩ ਅਨੰਦੁ, ਪੰਨਾ ੯੧੯)*

ਵੇਦ ਭਗਤੀ ਦ੍ਰਿੜ੍ਹਾਂਦੇ ਹਨ, ਲੋਕਾਂ ਨੇ ਝੰਮੇਲੇ ਹੋਰ ਹੋਰ ਖੜੇ ਕਰ ਦਿਤੇ ਹਨ ਤੇ ਭਗਤੀ ਤੋਂ ਪਰੇ ਹਟ ਗਏ ਹਨ। ਕਰਮ, ਗਿਆਨ ਭਗਤੀ ਦੇ ਨਾਲ ਹੀ ਤੁਰਦੇ ਹਨ, ਇਹ ਸਾਂਝਾ ਦ੍ਰਿਸ਼ਟੀਕੋਣ ਸਿਖ ਧਰਮ ਦਾ ਹੈ।

ਸਿਖ ਧਰਮ ਕਿਸੇ ਭਾਰਤੀ ਜਾਂ ਗ਼ੈਰ-ਭਾਰਤੀ ਧਰਮ ਦਾ ਵਿਰੋਧੀ ਨਹੀਂ। ਪਰ ਅਧਰਮ ਦੇ ਹਰ ਰੂਪ ਦਾ, ਭਾਵੇਂ ਉਹ ਕਿਸੇ ਬੁਰਕੇ ਵਿਚ ਹੋਵੇ, ਵਿਰੋਧੀ ਹੈ ਤੇ ਕੱਟੜ ਵਿਰੋਧੀ। ਅਧਰਮ ਨਾਲ ਨਾ ਉਹ ਆਪ ਸਮਝੌਤਾ ਕਰ ਸਕਦਾ ਹੈ, ਨਾ ਕਿਸੇ ਹੋਰ ਧਰਮ ਵਿਚ ਇਹ ਸਮਝੌਤਾ ਜਰ ਸਕਦਾ ਹੈ। ਕਿਉਂਕਿ ਉਹ ਸਮੁੱਚੀ ਮਨੁੱਖਤਾ ਦੀ ਅਗਵਾਈ ਦਾ ਆਦਰਸ਼ ਸਾਹਮਣੇ ਰੱਖਦਾ ਹੈ। ਸਿਖ ਧਰਮ ਖ਼ੂਬ ਜਾਣਦਾ ਹੈ ਕਿ ਅਧਰਮ ਸਦਾ ਹੀ ਧਰਮ ਦੇ ਬੁਰਕੇ ਵਿਚ ਫਿਰਦਾ ਹੈ, ਨਹੀਂ ਤੇ ਉਸ ਵਿਚ ਖੁੱਲ੍ਹੇ ਫਿਰਨ ਦੀ ਕੋਈ ਜੁਰਅਤ ਨਹੀਂ। ਸੱਚ ਸਦਾ ਨੰਗਾ ਰਹਿੰਦਾ ਹੈ, ਕਿਉਂਕਿ ਝੂਠ ਨੇ ਉਸ ਦੇ ਕਪੜੇ ਚੁਰਾ ਲਏ ਹਨ। ਅਧਰਮ ਧਰਮ ਦਾ ਬੁਰਕਾ ਪਾ ਲੈਂਦਾ ਹੈ ਤੇ ਹੌਲੀ ਹੌਲੀ ਭੋਲੀ ਲੋਕਾਈ ਅਧਰਮ ਨੂੰ ਹੀ ਧਰਮ ਦਾ ਸਹੀ ਰੂਪ ਮੰਨ ਕੇ ਬੈਠ ਜਾਂਦੀ ਹੈ।

ਸਿਖ ਧਰਮ ਦਾ ਕੌਮੀ ਉਸਾਰੀ ਦੇ ਹਿਤ ਕਰਕੇ, ਇਹ ਵਿਸ਼ਵਾਸ ਹੈ ਕਿ ਲੋਕਾਈ ਨੂੰ ਅਧਰਮ ਜਾਂ ਫੋਕਟ ਧਰਮ ਦੇ ਪੰਜੇ ਤੋਂ ਬਚਾਇਆ ਜਾਏ। ਇਸ ਲਈ ਉਸ ਨੇ ਐਸੇ ਲੋਕਾਂ ਨੂੰ ਵੰਗਾਰਿਆ ਹੈ ਜਿਨ੍ਹਾਂ ਇਹ ਅਧਰਮ ਹਰ ਧਰਮ ਵਿਚ ਲਿਆਂਦਾ ਹੈ ਤੇ ਹਰ ਧਰਮ ਵਿਚ ਫੋਕਟ ਧਰਮ ਨੂੰ ਸਥਾਨ ਦਿਵਾਇਆ ਹੈ। ਗੁਰੂ ਗ੍ਰੰਥ ਸਾਹਿਬ ਉਸ ਵੰਗਾਰ ਦਾ ਇਤਿਹਾਸ ਹੈ। ਗੁਰੂ ਨਾਨਕ ਸਾਰੇ ਤੀਰਥਾਂ 'ਤੇ ਗਏ, ਜੋਗੀਆਂ ਦੇ ਸਥਾਨਾਂ 'ਤੇ ਗਏ, ਮੁਸਲਮਾਨਾਂ ਦੇ ਕਾਬੇ ਵਿਚ ਗਏ ਤੇ ਵੰਗਾਰਿਆ ਪੰਡਤਾਂ, ਬ੍ਰਾਹਮਣਾਂ, ਨਾਥਾਂ ਤੇ ਮੁਲਾਣਿਆਂ ਨੂੰ। ਲੋਕਾਈ ਜਾਂ ਕੌਮ ਨਾਲ ਸਦਾ ਉਨ੍ਹਾਂ ਦੀ ਹਮਦਰਦੀ ਰਹੀ ਹੈ, ਜੋ ਕੌਮ ਫੋਕਟ ਧਰਮ ਵਿਚ ਵਿਸ਼ਵਾਸ ਵੀ ਰੱਖਦੀ ਹੈ, ਤਾਂ ਉਨ੍ਹਾਂ ਉਸ ਨੂੰ ਖਿਮਾ ਕੀਤਾ ਹੈ। ਪਰ ਧਰਮ ਦੇ ਲੀਡਰਾਂ ਨੂੰ ਖਿਮਾ ਨਹੀਂ ਕੀਤਾ। ਪੰਡਤਾਂ, ਬ੍ਰਾਹਮਣਾਂ, ਨਾਥਾਂ ਨੂੰ ਖਿਮਾ ਨਹੀਂ ਕੀਤਾ, ਉਨ੍ਹਾਂ ਨੂੰ ਵੰਗਾਰ ਕੇ ਦੱਸਿਆ ਹੈ ਕਿ ਤੁਸਾਂ ਧਰਮ ਵਿਚ, ਭਾਰਤੀ ਸਰਬ-ਸਾਂਝੇ ਧਰਮ ਵਿਚ, ਅਧਰਮ ਨੂੰ ਦਾਖ਼ਲ ਕੀਤਾ ਹੈ ਜਾਂ ਫੋਕਟ ਧਰਮ ਨੂੰ ਧਰਮ ਦੀ ਪਦਵੀ ਦਿਵਾਈ ਹੈ। ਇਹ ਕਿਸੇ ਭਾਰਤੀ ਧਰਮ ਦਾ ਵਿਰੋਧ ਨਹੀਂ, ਕੇਵਲ ਅਧਰਮ ਤੇ ਫੋਕਟ ਧਰਮ ਦਾ ਵਿਰੋਧ ਹੈ।

ਆਮ ਅਧਰਮ ਤੇ ਫੋਕਟ ਧਰਮ ਦੀ ਪਰਖ ਇਹ ਸੀ ਕਿ ਕਿਸੇ ਰਸਮ ਜਾਂ ਚਿੰਨ੍ਹ ਨੂੰ ਆਚਰਨਕ ਪਵਿਤਰਤਾ ਤੋਂ ਉੱਚਾ ਮੰਨ ਲਿਆ ਜਾਂਦਾ ਸੀ। ਜਿਵੇਂ ਜੰਞੂ, ਸ਼ਰਾਧ, ਸੂਤਕ ਆਦਿ ਨੂੰ ਆਚਰਨਕ ਪਵਿਤਰਤਾ ਤੋਂ ਉੱਚਾ ਮੰਨ ਲੈਣਾ ਤੇ ਇਸੇ ਨੂੰ ਹੀ ਧਰਮ ਸਮਝ ਲੈਣਾ।

ਜੰਞੂ ਚੰਗੀ ਚੀਜ਼ ਹੋਵੇਗੀ ਪਰ ਉਸ ਦਾ ਵੀ ਮੰਤਵ ਇਹ ਆਚਰਨ ਹੈ ਤੇ ਇਹੋ ਹਿੰਦੂ ਧਰਮ ਹੈ, ਜੇ ਕਿਸੇ ਪਾਸ ਇਹ ਆਚਰਨ ਹੈ ਤਾਂ ਉਹ ਜ਼ਰੂਰ ਸੱਚਾ ਹਿੰਦੂ ਹੈ, ਭਾਵੇਂ ਉਸ ਪਾਸ ਜੰਞੂ ਨਹੀਂ:

**ਦਇਆ ਕਪਾਹ, ਸੰਤੋਖੁ ਸੂਤੁ, ਜਤੁ ਗੰਢੀ ਸਤੁ ਵਟੁ ॥**
**ਏਹੁ ਜਨੇਊ ਜੀਅ ਕਾ, ਹਈ ਤ ਪਾਡੇ ਘਤੁ ॥**

*(ਆਸਾ ਦੀ ਵਾਰ ਮ: ੧, ਪੰਨਾ ੪੭੧)*

ਜੇ ਕੋਈ 'ਸੂਤਕ' ਦਾ ਪਰਹੇਜ਼ ਨਹੀਂ ਕਰਦਾ ਤਾਂ ਨਾ ਸਹੀ। ਪਰ ਜੇ ਉਸ ਪਾਸ ਇਹ ਆਚਰਨ ਹੈ, ਤਾਂ ਉਹ ਜ਼ਰੂਰ ਸੱਚਾ ਹਿੰਦੂ ਹੈ:

ਮਨ ਕਾ ਸੂਤਕੁ ਲੋਭੁ ਹੈ, ਜਿਹਵਾ ਸੂਤਕੁ ਕੂੜੁ ॥
ਅਖੀ ਸੂਤਕੁ ਵੇਖਣਾ ਪਰ ਤ੍ਰਿਅ, ਪਰ ਧਨ ਰੂਪੁ ॥
ਕੰਨੀ ਸੂਤਕੁ ਕੰਨਿ ਪੈ, ਲਾਇਤਬਾਰੀ ਖਾਹਿ ॥
ਨਾਨਕ ਹੰਸਾ ਆਦਮੀ, ਬਧੇ ਜਮਪੁਰਿ ਜਾਹਿ ॥੨॥

*(ਆਸਾ ਦੀ ਵਾਰ ਮ: ੧, ਪੰਨਾ ੪੭੨)*

ਇਹ ਗੁਰੂ ਨਾਨਕ ਦੀ ਵਿਆਖਿਆ ਸੀ ਭਾਰਤੀ ਧਰਮ ਦੀ ਕਿ ਭਾਰਤੀ ਧਰਮ ਸਪਿਰਟ ਨੂੰ ਰੂਪ ਤੋਂ ਵੱਧ ਜ਼ਰੂਰੀ ਮੰਨਦਾ ਹੈ ਤੇ ਅਸਲੀਅਤ ਸਪਿਰਟ ਜਾਂ ਆਤਮਾ ਹੀ ਹੈ।

ਕਈ ਵਾਰੀ ਭੁਲੇਖੇ ਨਾਲ ਸਿਖ ਧਰਮ ਦੇ ਇਸ ਪਹਿਲੂ ਨੂੰ ਸਾਹਮਣੇ ਰੱਖ ਕੇ ਕਈ ਵਿਚਾਰਵਾਨ ਇਸ ਨੂੰ ਭਾਰਤੀ ਧਰਮ ਦਾ ਵਿਰੋਧੀ ਮੰਨ ਬੈਠਦੇ ਹਨ। ਪਰ ਐਸੇ ਵਿਦਵਾਨ ਵੀ ਤੇ ਉਨ੍ਹਾਂ ਦੇ ਹੱਥਾਂ ਵਿਚ ਹੀ ਹਨ ਜੋ ਫੋਕਟ ਧਰਮ ਦੇ ਠੇਕੇਦਾਰ ਹਨ। ਇਸੇ ਲਈ ਸਿਖ ਧਰਮ ਨੇ ਜ਼ਰੂਰੀ ਕਰ ਦਿੱਤਾ ਕਿ ਹਰ ਇਕ ਨੂੰ ਆਪਣੀ ਧਰਮ ਪੁਸਤਕ ਆਪ ਪੜ੍ਹਨੀ ਚਾਹੀਦੀ ਹੈ ਤੇ ਆਪ ਵਿਚਾਰਨੀ ਚਾਹੀਦੀ ਹੈ। ਉਹ ਬ੍ਰਾਹਮਣ ਸ਼੍ਰੇਣੀ ਵਿਚ ਵਿਸ਼ਵਾਸ ਨਹੀਂ ਰੱਖਦਾ, ਕਿਉਂਕਿ ਕੁਦਰਤੀ ਹੈ ਕਿ ਉਸ ਜਮਾਤ ਦੇ ਆਪਣੇ ਸੁਆਰਥ ਸੱਚੇ ਧਰਮ ਤੇ ਜੋ ਕਿ ਬੜਾ ਸਾਦਾ ਤੇ ਸਪੱਸ਼ਟ ਹੁੰਦਾ ਹੈ, ਪੜਦਾ ਪਾ ਦੇਣ।

ਸਿੱਖਾਂ ਦੇ ਆਪਣੇ ਕੱਕਾਰ ਤੇ ਚਿੰਨ੍ਹ ਵੀ ਉਸੇ ਤਰ੍ਹਾਂ ਵੇਖੇ ਜਾਣੇ ਚਾਹੀਦੇ ਹਨ, ਜਿਸ ਤਰ੍ਹਾਂ ਗੁਰੂ ਨਾਨਕ ਦੇਵ ਜੀ ਨੇ ਹਿੰਦੂ ਚਿੰਨ੍ਹਾਂ ਨੂੰ ਦੇਖਿਆ। ਤੇ ਜੇ ਸਿਖ ਆਪ ਵੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਨਹੀਂ ਕਰਦੇ ਤਾਂ ਉਨ੍ਹਾਂ ਵਿਚ ਫੋਕਟ ਧਰਮ ਦਾ ਬੋਲਬਾਲਾ ਹੋ ਜਾਣਾ, ਕੋਈ ਅਣਹੋਣੀ ਗੱਲ ਨਹੀਂ।

ਸੋ ਸਿਖ ਧਰਮ ਕਿਸੇ ਭਾਰਤੀ ਧਰਮ ਦਾ ਵਿਰੋਧੀ ਨਹੀਂ, ਕੇਵਲ ਫੋਕਟ ਧਰਮ ਤੇ ਅਧਰਮ ਦਾ ਵਿਰੋਧੀ ਹੈ। ਸਹੀ ਧਰਮ ਬਹੁਤ ਕਰਕੇ, ਘੱਟੋ ਘੱਟ ਆਚਰਨਕ ਪੱਖ ਤੋਂ ਇਕੋ ਹੀ ਹੈ ਤੇ ਉਹ ਹੀ ਧਰਮ ਕੌਮੀ ਧਰਮ ਹੈ। ਸਿਖ ਧਰਮ ਵਿਚ ਆਚਰਨਕ ਪੱਖ ਬਲਵਾਨ ਪੱਖ ਹੈ। ਇਸ ਤੋਂ ਬਿਨਾ ਨਾ ਗਿਆਨ ਯੋਗ ਹੋ ਸਕਦਾ ਹੈ, ਨਾ ਭਗਤੀ ਯੋਗ।

### ੪

ਇਕ ਹੋਰ ਗੱਲ ਦਾ ਵੀ ਸਿਖ ਧਰਮ ਵਿਰੋਧ ਕਰਦਾ ਹੈ—ਕੌਮ ਵਿਚ ਮਨੁੱਖ ਮਨੁੱਖ ਦੀ ਨਾ-ਬਰਾਬਰੀ ਜਾਂ ਉਚ ਨੀਚ ਦਾ। ਆਮ ਭਾਰਤੀ ਧਰਮ ਜਾਤ ਪਾਤ ਨੂੰ ਭਾਰਤੀ ਸਭਿਆਚਾਰ ਦਾ ਜ਼ਰੂਰੀ ਅੰਗ ਮੰਨਦੇ ਹਨ। ਪਰ ਸਿਖ ਧਰਮ ਇਹ ਨਹੀਂ ਕਰ ਸਕਦਾ ਕਿਉਂਕਿ ਇਸ ਵਿਚ ਸਿਧੇ ਹੀ ਕੌਮੀਅਤ ਦੇ ਪਹਿਲੇ ਅਸੂਲ ਨੂੰ ਉਲੰਘਣ ਕਰ ਦਿਤਾ ਗਿਆ ਹੈ। ਕੌਮ ਬਰਾਬਰ ਦਰਜੇ ਦੇ ਲੋਕਾਂ ਦੀ ਹੀ ਹੋ ਸਕਦੀ ਹੈ। ਇਹ ਸੰਭਵ ਨਹੀਂ ਕਿ ਇਕ ਜੀਵ ਭਾਰਤੀ ਵੀ ਹੋਵੇ ਤੇ ਉਹ ਹੋਰ ਭਾਰਤੀਆਂ ਨਾਲ ਬੈਠ ਕੇ ਖਾਣ ਪੀਣ ਦਾ ਹੱਕ ਨਾ ਰੱਖਦਾ ਹੋਵੇ, ਭਾਰਤੀ ਗ੍ਰੰਥ ਨਾ ਪੜ੍ਹ ਸਕਦਾ ਹੋਵੇ, ਭਾਰਤੀ ਸੜਕਾਂ 'ਤੇ ਨਾ ਤੁਰ ਸਕੇ ਆਦਿ। ਜਾਂ ਉਹ ਭਾਰਤੀ ਨਹੀਂ ਜਾਂ ਭਾਰਤ ਵਿਚ ਕੋਈ ਹੋਰ ਬੁਨਿਆਦੀ ਨੁਕਸ ਹੈ। ਇਹ ਬੁਨਿਆਦੀ ਨੁਕਸ ਸਿਖ ਧਰਮ ਨੂੰ ਲੱਭਣਾ ਪਿਆ ਤੇ ਉਸ ਨੇ ਧਾਰਮਕ, ਸਮਾਜਕ, ਰਾਜਸੀ ਤੌਰ 'ਤੇ ਕੌਮ ਦੇ ਹਰ ਪੁਰਸ਼ ਦੇ ਹੱਕ ਬਰਾਬਰ

ਬਰਾਬਰ ਮੰਨ ਲਏ। ਇਸਤ੍ਰੀ ਨੂੰ ਪੁਰਸ਼ ਦੇ ਬਰਾਬਰ ਮੰਨ ਲਿਆ। ਹਰ ਜੀਵ ਰੱਬ ਨਾਲ ਸਿੱਧਾ ਸੰਬੰਧ ਰਖ ਸਕਦਾ ਹੈ, ਆਪਣੀ ਧਰਮ ਪੁਸਤਕ ਨਾਲ ਸਿੱਧਾ ਸੰਬੰਧ ਰਖ ਸਕਦਾ ਹੈ, ਰਾਜ-ਪ੍ਰਬੰਧ ਨਾਲ ਸਿੱਧਾ ਸੰਬੰਧ ਰਖ ਸਕਦਾ ਹੈ, ਕੌਮ ਦੇ ਦੂਜੇ ਮੈਂਬਰ ਨਾਲ ਸਿੱਧਾ ਸੰਬੰਧ ਰਖ ਸਕਦਾ ਹੈ। ਉਹ ਕਿਸੇ ਤੋਂ ਘੱਟ ਨਹੀਂ, ਸਭ ਬਰਾਬਰ ਹਨ। ਜਾਤ, ਜਨਮ, ਧੰਧਾ ਇਸ ਬਰਾਬਰੀ ਵਿਚੋਂ ਕੁਝ ਨਹੀਂ ਘਟਾ ਸਕਦਾ; ਰੰਗ, ਰੂਪ, ਕੱਦ ਦਾ ਇਸ ਵਿਚ ਕੋਈ ਦਖ਼ਲ ਨਹੀਂ ਅਤੇ ਅਮੀਰੀ, ਗ਼ਰੀਬੀ ਦਾ ਇਸ ਬਰਾਬਰੀ 'ਤੇ ਕੋਈ ਅਸਰ ਨਹੀਂ।

ਸਿਖ ਧਰਮ, ਇਸ ਪੱਖ ਵਿਚ ਵੀ, ਸਹੀ ਭਾਰਤੀ ਧਰਮ ਦਾ ਪ੍ਰਤੀਨਿਧ ਹੈ, ਜਿਹੜਾ (ਭਾਰਤੀ ਧਰਮ) ਮੰਨਦਾ ਹੈ ਕਿ ਉਹੋ ਆਤਮਾ ਕੀੜੀ ਵਿਚ ਹੈ ਤੇ ਉਹੋ ਹਾਥੀ ਵਿਚ ਹੈ। ਫਿਰ ਵਲ ਟੇਢ ਪਾ ਕੇ ਜਾਤ ਪਾਤ ਨੂੰ ਰੱਬੀ ਨਿਆਂ ਪ੍ਰਗਟ ਕਰਨਾ, ਕੁਝ ਸੁਆਰਥੀ ਜੁੰਡੀ ਦਾ ਕਪਟ ਨਹੀਂ ਤੇ ਕੀ ਹੈ? ਸੋ ਸਿਖ ਧਰਮ ਅਸਲ ਭਾਰਤੀ ਧਰਮ ਹੈ।

ਇਸ ਬਰਾਬਰੀ ਦਾ ਪਰਚਾਰ ਸਾਰੇ ਸਿਖ ਗੁਰੂ ਕਰਦੇ ਰਹੇ। ਗੁਰੂ ਸਾਹਿਬਾਨ ਸਾਰੇ ਭਾਰਤ ਨੂੰ ਆਪਣਾ ਸਹੀ ਭਾਰਤੀ ਧਰਮ ਸਮਝਾ ਰਹੇ ਸਨ, ਕੇਵਲ ਪੰਜਾਬ ਨੂੰ ਨਹੀਂ। ਗੁਰੂ ਗੋਬਿੰਦ ਸਿੰਘ ਜੀ ਨੇ ਇਮਤਿਹਾਨ ਲੈ ਕੇ ਭਾਰਤੀ ਮਨੁੱਖਤਾ ਨੂੰ ਹੀ ਭਾਰਤੀ ਧਰਮ ਦਾ ਪ੍ਰਤੀਨਿਧ ਬਣਾ ਦਿੱਤਾ, ਵਿਚੋਂ ਅਧਰਮ ਤੇ ਉਸ ਦੇ ਠੇਕੇਦਾਰਾਂ ਨੂੰ ਕੱਢ ਦਿਤਾ। ਇਹ ਇਸ ਤਰ੍ਹਾਂ ਹੋਇਆ:

## ੫.

ਹਿੰਦੁਸਤਾਨ ਦੇ ਜੀਵਨ ਇਤਿਹਾਸ ਵਿਚ ੧੬੯੯ ਈਸਵੀ ਦੀ ਵਿਸਾਖੀ ਇਕ ਖ਼ਾਸ ਮੀਲ-ਪੱਥਰ ਸੀ। ਇਸ ਦਿਨ ਬਾਦਸ਼ਾਹੀ ਨਹੀਂ ਬਦਲੀ, ਜਨਤਾ ਬਦਲੀ। ਜਨਤਾ ਇਧਰ ਦੀ ਉਧਰ ਨਹੀਂ ਗਈ, ਸਗੋਂ ਉਸ ਦਾ ਮਾਨਸਕ ਪੱਧਰ ਬਦਲਿਆ। ਉਸ ਦੇ ਵਿਚਾਰਾਂ ਵਿਚ ਇਕ ਅਨੋਖਾ ਪ੍ਰੀਵਰਤਨ ਆਇਆ ਤੇ ਉਸ ਨੇ ਮਨੁੱਖੀ ਗ਼ੈਰਤ ਤੇ ਸੁਤੰਤਰਤਾ ਦੇ ਨਾਂ 'ਤੇ ਹਰ ਕੁਰਬਾਨੀ ਦੇਣੀ ਪਰਵਾਨ ਕੀਤੀ। ਭਾਰਤੀ ਜੀਵਨ ਦਾ ਨਵਾਂ ਇਤਿਹਾਸ ਅਰੰਭ ਹੋਇਆ।

੧੪੬੯ (ਗੁਰੂ ਨਾਨਕ ਸਾਹਿਬ ਦਾ ਜਨਮ ਸੰਨ) ਤੋਂ ੧੬੯੯ (ਖਾਲਸਾ ਸਾਜਣ ਦਾ ਸੰਨ) ਤੀਕ ਗੁਰੂ ਸਾਹਿਬਾਨ ਪੰਜਾਬ ਦੀ ਪਵਿੱਤਰ ਧਰਤੀ ਤੋਂ ਭਾਰਤ ਦੀ ਲੀਡਰੀ ਕਰਦੇ ਰਹੇ। ਅੰਤ 'ਤੇ ਗੁਰੂ ਗੋਬਿੰਦ ਸਿੰਘ ਜੀ ਨੇ ਪਰਚਾ ਜਨਤਾ ਦੇ ਸਾਹਮਣੇ ਰੱਖ ਦਿਤਾ। ਉਸ ਪ੍ਰਸ਼ਨ-ਪੱਤਰ ਦੇ ਵਿਸ਼ੇਸ਼ ਪ੍ਰਸ਼ਨ ਇਹ ਸਨ। ਇਹ ਪ੍ਰਸ਼ਨ ਭਾਰਤ ਦੀ ਮਨੁੱਖਤਾ ਤੋਂ ਪੁੱਛੇ ਗਏ:

(੧) ਕੀ ਤੁਸੀਂ ਮਨੁੱਖ ਮਨੁੱਖ ਦੀ ਬਰਾਬਰੀ ਚਾਹੁੰਦੇ ਹੋ ਜਾਂ ਜਾਤ-ਪਾਤ ਰਾਹੀਂ ਮਨੁੱਖਤਾ ਦੀਆਂ ਵੰਡੀਆਂ ਤੇ ਇਕ ਸ਼੍ਰੇਣੀ ਦਾ ਦੂਜੀ ਨਾਲ ਅਨਿਆਂ ਭਰਿਆ ਧੱਕਾ?

(੨) ਕੀ ਤੁਸੀਂ ਆਪਣੇ ਦੇਸ਼ ਦਾ ਰਾਜਸੀ ਪ੍ਰਬੰਧ ਆਪਣੇ ਹੱਥ ਵਿਚ ਰੱਖਣਾ ਚਾਹੁੰਦੇ ਹੋ ਜਾਂ ਪਰਾਧੀਨ ਰਹਿਣਾ ਚਾਹੁੰਦੇ ਹੋ?

(੩) ਕੀ ਤੁਸੀਂ ਆਪਣੀ ਖ਼ੁਸ਼ੀ ਦੇ ਸਾਧਨ ਤ੍ਰਿਸ਼ਨਾ-ਜਾਲ ਤੇ ਕਪਟ-ਜਾਲ (ਪਰ ਇਸਤਰੀ ਸੰਗ, ਸ਼ਰਾਬ, ਤੰਮਾਕੂ, ਫ਼ੈਸ਼ਨ-ਪ੍ਰਸਤੀ) ਨੂੰ ਸਮਝਦੇ ਹੋ ਜਾਂ ਆਪਣੇ ਆਪ ਨੂੰ ਇਕ ਅਨੋਖੇ ਜ਼ਬਤ ਵਿਚ ਰੱਖਣ ਨੂੰ ਸਮਝਦੇ ਹੋ?

(੪) ਕੀ ਤੁਸੀਂ ਪਰਮਾਤਮਾ ਨਾਲ ਸਿੱਧਾ ਸੰਬੰਧ ਰੱਖਣਾ ਚਾਹੁੰਦੇ ਹੋ ਜਾਂ ਆਪਣੇ ਤੇ ਉਸ ਦੇ ਵਿਚਕਾਰ ਹਜ਼ਾਰਾਂ ਸੈਂਕੜੇ ਵਿਚੋਲੇ ਰੱਖਣਾ ਚਾਹੁੰਦੇ ਹੋ ?

(੫) ਕੀ ਧਰਮ ਦਾ ਆਸ਼ਾ ਮਨੁੱਖ ਦਾ ਮਨੁੱਖ ਨਾਲ ਆਦਰਸ਼ਕ ਸਮਾਜਕ ਸੰਬੰਧ ਹੈ ਜਾਂ ਇਕਾਂਤ ਸਮਾਧੀ, ਮਨੁੱਖੀ ਵਤੀਰਾ ਹੈ ਜਾਂ ਕੇਵਲ ਸਾਧਨਾ ਹੈ ? ਤੇ ਕੀ ਸਾਰੀ ਮਨੁੱਖਤਾ ਨਾਲ ਸੰਬੰਧ ਰੱਖਣਾ ਚਾਹੁੰਦੇ ਹੋ ਜਾਂ ਤੰਗ-ਨਜ਼ਰੀ ਦਾ ਸ਼ਿਕਾਰ ਰਹਿਣਾ ਚਾਹੁੰਦੇ ਹੋ ?

ਪਹਿਲਾਂ ਵੀ ਕਈ ਵਾਰੀ ਭਾਰਤੀ ਮਨੁੱਖਤਾ ਇਨ੍ਹਾਂ ਸੁਆਲਾਂ 'ਤੇ ਵਿਚਾਰ ਕਰ ਚੁੱਕੀ ਸੀ। ਤੇ ਉਸ ਨੇ ਨਰੋਏ ਸਿਹਤ-ਮੰਦ ਪੱਖ ਅਪਨਾਏ ਸਨ। ਪਰ ਅਧਰਮ ਤੇ ਫੋਕਟ ਧਰਮ ਦੇ ਢਾਹੇ ਚੜ੍ਹ ਕੇ ਮੁੜ ਮਨੁੱਖਤਾ ਰਸਾਤਲਤਾ ਵਿਚ ਆ ਜਾਂਦੀ ਸੀ। ੧੬੯੯ ਵਿਚ ਫਿਰ ਦਲੇਰੀ ਨਾਲ (ਇਹ ਦਲੇਰੀ ਗੁਰੂ ਸਾਹਿਬਾਨ ਦੇ ਪ੍ਰਚਾਰ, ਵਿਚਾਰ ਤੇ ਪਿਆਰ ਤੋਂ ਪੈਦਾ ਹੋਈ ) ਭਾਰਤ ਦੀ ਆਤਮਾ ਨੇ ਉੱਤਰ ਦਿਤਾ ਕਿ ਅਸੀਂ ਮਨੁੱਖ ਦੀ ਅਜ਼ਾਦੀ, ਬਰਾਬਰੀ, ਰੱਬ ਨਾਲ ਸਿੱਧੇ ਰਸਤੇ, ਸ੍ਵੈ-ਕਾਬੂ, ਜ਼ਬਤ ਤੇ ਮਨੁੱਖਤਾ ਦੀ ਸਾਂਝ ਵਿਚ ਵਿਸ਼ਵਾਸ ਰੱਖਦੇ ਹਾਂ ਤੇ ਇਸ ਟੀਚੇ 'ਤੇ ਪੁੱਜਣ ਲਈ ਹਰ ਕੁਰਬਾਨੀ ਕਰਨ ਨੂੰ ਤਿਆਰ ਹਾਂ। ਇਸ ਅਗਵਾਈ ਲਈ ਪੰਜ ਲੀਡਰ ਥਾਪੇ ਗਏ। ਦੇਸ਼ ਦਾ ਮਾਨਸਕ ਤੇ ਆਤਮਕ ਪੱਧਰ ਬਦਲ ਗਿਆ।

## ੬.

ਸਿਖ ਧਰਮ ਹੁਣ ਵੀ ਇਸੇ ਬੁਨਿਆਦ ਵਿਚ ਵਿਸ਼ਵਾਸ ਰੱਖਦਾ ਹੈ। ਸਾਰਾ ਸੰਸਾਰ ਇਸੇ ਪ੍ਰਕਾਰ ਦੇ ਆਦਰਸ਼ ਆਪਣੇ ਸਾਹਮਣੇ ਰੱਖੀ ਬੈਠਾ ਹੈ। ਸਾਰੇ ਧਰਮਾਂ ਵਿਚ (ਭਾਰਤੀ ਤੇ ਬਦੇਸ਼ੀ) ਬੁਨਿਆਦੀ ਮਸਲੇ ਇਹੋ ਹਨ। ਸਿਖ ਧਰਮ ਨਾ-ਕੇਵਲ ਭਾਰਤੀ ਧਰਮਾਂ ਦੇ ਹੀ ਨੇੜੇ ਹੈ ਸਗੋਂ ਸਾਰੇ ਸੰਸਾਰ ਦੇ ਧਰਮਾਂ ਦੇ ਵੀ ਨੇੜੇ ਹੈ ਤੇ ਸਿਖ-ਆਦਰਸ਼ ਸੰਸਾਰ ਮਨੁੱਖਤਾ ਦੇ ਆਦਰਸ਼ ਹਨ। ਜੜ੍ਹ ਇਸ ਦੀ ਹਰ ਤਰ੍ਹਾਂ ਭਾਰਤ ਵਿਚ ਹੈ। ਪਰ ਭਾਰਤ ਦੇ ਧਰਮ ਵਿਚ ਸੰਸਾਰ ਦੀ ਅਗਵਾਈ ਦੇ ਤੱਤ ਸਦਾ ਹੀ ਰਹੇ ਹਨ ਤੇ ਹੁਣ ਵੀ ਹਨ।

ਸੋ, ਸਿਖ ਧਰਮ ਮੌਲਿਕ ਹੁੰਦਿਆਂ ਤੇ ਸੁਤੰਤਰ ਧਰਮ ਹੁੰਦਿਆਂ ਹੋਇਆਂ ਵੀ ਨਿਰੋਲ ਭਾਰਤੀ ਧਰਮ ਹੈ। ਭਾਰਤੀ ਧਰਮ ਨੂੰ ਸ਼ੁੱਧ ਰੂਪ ਵਿਚ ਨਿਰੂਪਣ ਕਰਨਾ ਇਸ ਦਾ ਮੰਤਵ ਹੈ। ਪਰ ਇਹ ਮੰਤਵ ਕੇਵਲ ਇਤਨਾ ਕਰਨ ਨਾਲ ਪੂਰਾ ਨਹੀਂ ਹੁੰਦਾ, ਸਗੋਂ ਭਾਰਤੀ ਕੌਮ ਨੂੰ ਇਕ ਕਰਨਾ ਤੇ ਸਾਰੇ ਟਕਰਾਂਦੇ ਧਰਮਾਂ ਨੂੰ ਇਕ ਦੂਜੇ ਦੇ ਵੱਧ ਤੋਂ ਵੱਧ ਨੇੜੇ ਕਰਨਾ ਵੀ ਇਸ ਦਾ ਮੰਤਵ ਹੈ। ਇਹ ਜੀਵਨ ਨੂੰ ਕਿਸੇ ਪੱਖ ਵਿਚ ਉਲਾਰ ਹੋਇਆ ਨਹੀਂ ਵੇਖ ਸਕਦਾ। ਇਸ ਲਈ ਰਾਜਨੀਤੀ ਨੂੰ ਤਿਆਗ ਨਹੀਂ ਸਕਦਾ। ਰਾਜ-ਸ਼ਾਸਨੀ ਬਹੁਤ ਵਾਰੀ ਅਧਾਰਮਕ ਹੋ ਸਕਦੇ ਹਨ, ਇਸ ਲਈ ਇਹ ਰਾਜ-ਸ਼ਾਸਨ ਜਨ-ਤੰਤਰਕ ਹੋਣ ਦਾ ਹਾਮੀ ਹੈ। ਇਹ ਕਿਸੇ ਦੇਸੀ ਜਾਂ ਬਦੇਸੀ ਧਰਮ ਦਾ ਵਿਰੋਧ ਨਹੀਂ ਕਰਦਾ, ਕੇਵਲ ਅਧਰਮ ਦਾ ਵਿਰੋਧ ਕਰਦਾ ਹੈ, ਪਰ ਜੇ ਇਸ ਦੀ ਅਧਰਮ ਨੂੰ ਨੰਗਿਆਂ ਕਰਨ ਦੀ ਦਲੇਰੀ ਕਿਸੇ ਫੋਕਟ ਧਰਮ ਨੂੰ ਚੁਭਦੀ ਹੈ ਤਾਂ ਇਹ ਮਜਬੂਰ ਹੈ ਤੇ ਆਪਣੀ ਹਸਤੀ ਨੂੰ ਹਰ ਉਪਰਾਲੇ ਬਚਾਣ ਦਾ ਯਤਨ ਕਰਦਾ ਹੈ। ਕੋਈ ਸੁਚੱਜਾ, ਸਿਆਣਾ ਤੇ ਆਚਰਨ ਵਾਲਾ ਭਾਰਤੀ ਇਸ ਧਰਮ ਵਿਚ ਕਿਸੇ ਤਰ੍ਹਾਂ ਦੀ ਭਾਰਤ ਵਿਰੋਧੀ ਰੁਚੀ ਨਹੀਂ ਲੱਭ ਸਕਦਾ, ਇਹ ਸਾਡਾ ਦਾਅਵਾ ਹੈ।

२

# ਗੁਰੂ ਨਾਨਕ ਦਾ ਧਰਮ : ਨਿਰਵੈਰਤਾ

੧.

ਮੂਲ ਮੰਤ੍ਰ ਦਾ ਪੂਰਾ ਵਿਸ਼ਲੇਸ਼ਣ ਕਰਨਾ ਤੇ ਮੇਰੀ ਸਮਰੱਥਾ ਵਿਚ ਨਹੀਂ, ਪਰ ਸ਼ਾਇਦ ਇਕ ਸੰਕੁਚਵੇਂ ਦ੍ਰਿਸ਼ਟੀਕੋਣ ਤੋਂ ਵੇਖਿਆਂ ਹੇਠ-ਦਿੱਤਾ ਸੁਝਾਅ ਕੁਝ ਧਿਆਨ ਦੇ ਯੋਗ ਹੋਵੇ।

ਮੂਲ ਮੰਤ੍ਰ ਦੇ ਪੰਜ ਹਿੱਸੇ ਹੋ ਸਕਦੇ ਹਨ :

(੧) ੧ਓ

ਇਹ ਹਿੱਸਾ ਰੱਬ ਦੇ ਨਿਰਗੁਣ ਸਰੂਪ ਨੂੰ ਪ੍ਰਗਟ ਕਰਦਾ ਹੈ। ਜਿਸ ਨੂੰ ਫ਼ਿਲਾਸਫ਼ੀ ਵਿਚ ਬ੍ਰਹਮ ਆਖਦੇ ਹਨ ਜਾਂ Absolute God ਜਾਂ Transcendent God ਆਖਦੇ ਹਨ। ਇਸ ਸਰੂਪ ਬਾਰੇ ਸ਼ਾਇਦ ਗੁਰਬਾਣੀ ਵਿਚ ਵਿਸ਼ਵਾਸ ਨਾਲ ਕੇਵਲ ਇੰਨਾ ਹੀ ਕਿਹਾ ਹੈ ਕਿ ਨਿਰਗੁਣ ਸਰੂਪ 'ਸਤਿ' ਹੈ, ਭਾਵ ਸਦੀਵੀ ਕਾਇਮ ਹੈ। ਪਰ ਉਹ ਕੈਸਾ ਹੈ ? ਇਸ ਬਾਰੇ ਕੁਝ ਵੀ ਨਹੀਂ ਦਸਿਆ ਜਾ ਸਕਦਾ। ਹੈ ਜ਼ਰੂਰ, ਹੈ ਵੀ ਆਕਾਰ ਵਾਲਾ। ਇਹ ਸਰੂਪ ਸਦਾ ਹੀ ਕਾਇਮ ਰਹਿੰਦਾ ਹੈ, ਭਾਵੇਂ ਸਰਗੁਣ ਸਰੂਪ ਵਾਲਾ ਪਸਾਰਾ ਹੋਵੇ, ਨਾ ਹੋਵੇ, ਜਾਂ ਹੋ ਕੇ 'ਖੇਲ ਸੰਕੋਚ' ਲਿਆ ਜਾਵੇ, ਨਿਰਗੁਣ ਸਰੂਪ ਸਦਾ ਰਹੇਗਾ।

### (੨) ਸਤਿਨਾਮੁ, ਕਰਤਾ ਪੁਰਖੁ

ਮੂਲ ਮੰਤ੍ਰ ਦਾ ਇਹ ਹਿੱਸਾ ਰੱਬ ਦੇ ਸਰਗੁਣ ਸਰੂਪ ਨੂੰ ਪ੍ਰਗਟ ਕਰਦਾ ਹੈ। ਜਿਸ ਨੂੰ ਪਰਮਾਤਮਾ ਕਿਹਾ ਗਿਆ ਹੈ ਜਾਂ Immanent God ਕਿਹਾ ਗਿਆ ਹੈ। ਇਹ ਨਾਮ ਵਾਲਾ ਸਰੂਪ ਹੈ ਜੋ ਸਰਬ ਸ੍ਰਿਸ਼ਟੀ, ਸਭ ਜੀਵ-ਜੰਤਾਂ ਵਿਚ ਵਿਆਪਕ ਹੈ ਤੇ ਜੋ ਵੀ ਗੁਣ ਪਰਮਾਤਮਾ ਦਾ ਬਿਆਨ ਕੀਤਾ ਗਿਆ ਹੈ, ਉਹ ਇਸ ਰੂਪ ਵਿਚ ਪਰਤੱਖ ਹੁੰਦਾ ਹੈ, ਭਾਵੇਂ ਨਿਰਗੁਣ ਸਰੂਪ ਵਿਚ ਉਹ ਮੌਜੂਦ ਹੈ।

### (੩) ਨਿਰਭਉ, ਨਿਰਵੈਰੁ

ਉਪਰਲੇ ਦੋਵੇਂ ਰੂਪ ਕੀ ਹਿੰਦੁਸਤਾਨੀ ਫ਼ਲਸਫ਼ੇ ਵਿਚ ਤੇ ਕੀ ਬਾਹਰਲੇ ਫ਼ਲਸਫ਼ਿਆਂ ਵਿਚ ਕਿਸੇ ਨਾ ਕਿਸੇ ਤਰੀਕੇ ਨਾਲ ਉਪਸਥਿਤ ਹਨ। ਪਰ 'ਨਿਰਭਉ'

ਤੇ 'ਨਿਰਵੈਰੁ' ਦਾ ਵਿਸ਼ੇਸ਼ ਰੂਪ ਗੁਰੂ ਨਾਨਕ ਸਾਹਿਬ ਨੇ ਆਪਣੇ ਸਮੇਂ ਦੇ ਸਮਾਜਕ ਤੇ ਰਾਜਸੀ ਵਾਤਾਵਰਣ ਨੂੰ ਵੇਖ ਕੇ ਪਰਮਾਤਮਾ ਨਾਲ ਸੰਬੰਧਤ ਕੀਤਾ ਹੈ ਤੇ ਸਿਖ ਧਰਮ ਤੇ ਸਿਖ ਆਚਰਨ ਦੇ ਇਹ ਦੋ ਗੁਣ ਵਿਸ਼ੇਸ਼ ਹਨ। ਜਿਸ ਹਾਲਤ ਵਿਚੋਂ ਗੁਰੂ ਨਾਨਕ ਸਾਹਿਬ ਨੇ ਆਪਣੇ ਸਮੇਂ ਦੇ ਲੋਕਾਂ ਨੂੰ ਚੁੱਕਣਾ ਸੀ ਉਸ ਲਈ ਜ਼ਰੂਰੀ ਸੀ ਕਿ ਉਹ ਉਨ੍ਹਾਂ ਲੋਕਾਂ ਵਿਚ 'ਨਿਰਭਉ' ਤੇ 'ਨਿਰਵੈਰੁ' ਹੋਣ ਦੇ ਗੁਣ ਪੈਦਾ ਕਰਦੇ। ਪਰ ਇਹ ਗੁਣ ਕਿਸੇ ਕੌਮ ਵਿਚ ਤਦ ਹੀ ਪੈਦਾ ਹੋ ਸਕਦੇ ਹਨ ਜੇ ਪਹਿਲਾਂ ਉਸ ਰੱਬ ਵਿਚ ਮੰਨੇ ਜਾਣ ਜਿਸ ਰੱਬ ਦੀ ਉਹ ਕੌਮ ਪੂਜਾ ਕਰਦੀ ਹੈ। ਕਿਉਂਕਿ, ਆਸਤਕ ਵਿਸ਼ਵਾਸ ਵਿਚ ਕੋਈ ਚੀਜ਼ ਰੱਬ ਤੋਂ ਬਾਹਰ ਨਹੀਂ ਹੋ ਸਕਦੀ ਤੇ ਹਰ ਦਿਸਦੀ ਅਣਦਿਸਦੀ ਚੀਜ਼ ਰੱਬ ਵਿਚੋਂ ਹੀ ਨਿਕਲ ਸਕਦੀ ਹੈ। ਹਰ ਗੁਣ ਰੱਬ ਵਿਚੋਂ ਮਨੁੱਖ ਨੂੰ ਉਸ ਤਰ੍ਹਾਂ ਪ੍ਰਾਪਤ ਹੋ ਰਿਹਾ ਹੈ, ਜਿਸ ਤਰ੍ਹਾਂ ਸੂਰਜ ਵਿਚੋਂ ਚਾਨਣ।

ਗੁਰੂ ਸਾਹਿਬ ਦੇ ਜ਼ਮਾਨੇ ਦੀ ਸਾਰੀ ਗਿਰਾਵਟ ਦੇ ਦੋ ਕਾਰਨ ਸਨ। ਹਿੰਦੁਸਤਾਨੀ ਲੋਕਾਂ ਦਾ ਕਮਜ਼ੋਰ ਦਿਲ ਹੋਣਾ ਤੇ ਜਾਬਰ ਤੋਂ ਡਰਨਾ, ਭਾਵ ਮਨੁੱਖ ਮਨੁੱਖ ਤੋਂ ਭੈ-ਭੀਤ ਸੀ। ਇਕ ਸ਼੍ਰੇਣੀ ਜਾਬਰ ਹਾਕਮਾਂ ਦੀ ਸੀ ਤੇ ਹਿੰਦੁਸਤਾਨੀ ਬਹੁ-ਗਿਣਤੀ ਉਨ੍ਹਾਂ ਤੋਂ ਡਰਦੀ ਸੀ। ਦੂਜੀ ਗੱਲ ਵੈਰ ਵਿਰੋਧ ਸੀ, ਜਿਸ ਵਿਚ ਧਾਰਮਕ ਵੈਰ ਵਿਰੋਧ, ਧਾਰਮਕ ਝਗੜੇ, ਬਹਿਸਾਂ, ਸ਼ਰਾ-ਸ਼ਰੀਅਤ ਦੇ ਝਗੜੇ, ਫ਼ਲਸਫ਼ੀ ਸਿਧਾਂਤਾਂ ਦੇ ਝਗੜੇ, ਪੂਜਾ ਦੇ ਤਰੀਕਿਆਂ ਦੇ ਝਗੜੇ, ਮੋਮਨ ਕਾਫ਼ਰ ਦੇ ਝਗੜੇ, ਦੋਹਾਂ ਕੌਮਾਂ ਵਿਚ ਵੈਰ ਦਾ ਕਾਰਨ ਬਣੇ ਹੋਏ ਸਨ। ਰਾਜਸੀ ਤੌਰ 'ਤੇ ਵੀ ਹਰ ਤਰ੍ਹਾਂ ਦਾ ਪੱਖ-ਪਾਤ ਸੀ। ਹਿੰਦੁਸਤਾਨੀਆਂ ਵਿਚ ਵੀ ਉਚ-ਨੀਚ ਦੀਆਂ ਵੰਡਾਂ ਪੱਖ-ਪਾਤ ਤੇ ਵੈਰ ਦਾ ਕਾਰਨ ਸਨ। ਭਾਵ ਸ਼੍ਰੇਣੀ ਵੰਡ ਤੇ ਹੋਰ ਵੰਡਾਂ ਬੇਅੰਤ ਸਨ ਤੇ ਕੁਦਰਤੀ ਹੈ ਕਿ ਹਰ ਵੰਡ ਪੱਖ-ਪਾਤ ਪੈਦਾ ਕਰੇ ਤੇ ਝਗੜੇ ਪੈਦਾ ਕਰੇ। ਹਿੰਦੁਸਤਾਨੀ ਜੀਵਨ ਨੂੰ ਵੇਖ ਕੇ ਗੁਰੂ ਸਾਹਿਬ ਨੇ ਰੱਬ ਦੇ ਸਰੂਪ ਵਿਚ 'ਨਿਰਭਉ' ਤੇ 'ਨਿਰਵੈਰੁ' ਦੇ ਦੋ ਵਿਸ਼ੇਸ਼ ਗੁਣ ਰੱਖੇ ਹਨ ਤਾਂ ਜੁ ਉਨ੍ਹਾਂ ਦੇ ਅਨੁਯਾਈਆਂ ਵਿਚ ਇਹ ਦੋ ਵਿਸ਼ੇਸ਼ ਗੁਣ ਪੈਦਾ ਹੋਣ ਅਤੇ ਭਾਰਤੀ ਜੀਵਨ ਤੇ ਕੌਮ ਦੀ ਕਲਿਆਨ ਹੋ ਸਕੇ। ਭਾਵ ਸਿਖ ਕਿਸੇ ਤੋਂ ਡਰੇਗਾ ਨਹੀਂ ਕਿਉਂਕਿ ਉਸ ਦਾ ਰੱਬ 'ਨਿਰਭਉ' ਹੈ ਤੇ ਕਿਸੇ ਨਾਲ ਵੈਰ-ਵਿਰੋਧ ਜਾਂ ਧੱਕਾ ਵੀ ਨਹੀਂ ਕਰੇਗਾ ਕਿਉਂਕਿ ਉਸ ਦਾ ਰੱਬ 'ਨਿਰਵੈਰੁ' ਹੈ। ਰੱਬ ਨੂੰ ਜਾਂ ਗੁਰੂ ਨੂੰ ਤੇ ਉਹ ਹੀ ਮਨੁੱਖ ਜਾਂ ਸਿਖ ਪਿਆਰਾ ਹੋ ਸਕਦਾ ਹੈ, ਜਿਸ ਦੇ ਆਚਰਨ ਵਿਚ ਕਿਸੇ ਨਾ ਕਿਸੇ ਮਾਤਰਾ ਵਿਚ ਉਹੋ ਗੁਣ ਹੋਣ ਜੋ ਰੱਬ ਵਿਚ ਹਨ।

ਹੋਰਾਂ ਧਰਮਾਂ ਨੇ ਵੀ ਰੱਬ ਵਿਚ 'ਨਿਰਭਉ','ਨਿਰਵੈਰੁ' ਦੇ ਗੁਣ ਮੰਨੇ ਹੋਏ ਹਨ। ਪਰ ਉਨ੍ਹਾਂ ਨੂੰ ਇਸ ਤਰ੍ਹਾਂ ਬੁਨਿਆਦੀ ਮੂਲ ਮੰਤ੍ਰ ਵਿਚ ਨਹੀਂ ਰੱਖਿਆ ਹੋਇਆ, ਜਿਸ ਤਰ੍ਹਾਂ ਗੁਰੂ ਨਾਨਕ ਸਾਹਿਬ ਨੇ ਰੱਖਿਆ ਹੋਇਆ ਹੈ। ਸਗੋਂ ਸਾਧਾਰਨ ਤੌਰ 'ਤੇ ਜਿਵੇਂ ਰੱਬ ਦੇ ਅਨੇਕ ਗੁਣਾਂ ਦੀ ਲਿਸਟ ਹੁੰਦੀ ਹੈ ਉਸ ਵਿਚ ਇਹ ਦੋ ਵੀ ਸ਼ਾਮਲ ਹਨ। ਪਰ ਗੁਰੂ ਨਾਨਕ ਸਾਹਿਬ ਨੇ ਇਨ੍ਹਾਂ ਦੋ ਗੁਣਾਂ ਨੂੰ ਮੂਲ ਮੰਤ੍ਰ ਵਿਚ ਰੱਖ ਕੇ ਰੱਬ ਦੇ ਅਤਿ ਵਿਸ਼ੇਸ਼ ਗੁਣ ਮੰਨੇ ਹਨ ਤਾਂ ਜੁ ਹਿੰਦੁਸਤਾਨੀਆਂ ਵਿਚ ਇਹ ਦੋ ਗੁਣ ਵਿਸ਼ੇਸ਼ ਤੌਰ 'ਤੇ ਪੈਦਾ ਹੋਣ ਤੇ ਕੌਮੀ ਹਾਲਾਤ ਚੰਗੇਰੇ ਤੇ ਸੁਖਾਵੇਂ ਹੋ ਸਕਣ।

ਇਨ੍ਹਾਂ ਦੋ ਗੁਣਾਂ ਦੀ ਸੁਖਾਵਾਂ ਜੀਵਨ ਜੀਣ ਲਈ ਸਦਾ ਹੀ ਲੋੜ ਹੈ ਤੇ ਉਦੋਂ ਇਨ੍ਹਾਂ ਦੀ ਲੋੜ ਹੋਰ ਵੀ ਵਧੇਰੇ ਹੈ ਜਦੋਂ ਇਕ ਥਾਂ 'ਤੇ ਦੋ ਜਾਂ ਵੱਧ ਸ਼੍ਰੇਣੀਆਂ, ਕੌਮਾਂ,

ਫਿਰਕਿਆਂ ਆਦਿ ਨੇ ਰਹਿਣਾ ਹੋਵੇ। ਇਹ ਦੋ ਗੁਣ ਹੌਸਲੇ ਤੇ ਸਹਿਨਸ਼ੀਲਤਾ ਦੇ ਗੁਣ ਹਨ। ਅੱਜ ਵੀ ਇਨ੍ਹਾਂ ਦੀ ਉੱਨੀ ਹੀ ਲੋੜ ਹੈ ਜਿੰਨੀ ਗੁਰੂ ਸਾਹਿਬ ਦੇ ਸਮੇਂ ਸੀ।

**(੪) ਅਕਾਲ ਮੂਰਤਿ, ਅਜੂਨੀ, ਸੈਭੰ**

ਮੂਲ ਮੰਤ੍ਰ ਦਾ ਇਹ ਹਿੱਸਾ ਉਸ ਜ਼ਮਾਨੇ ਦੀ ਪ੍ਰਚੱਲਤ ਭਗਤੀ ਲਹਿਰ ਦੇ ਅਵਤਾਰ-ਪ੍ਰਸਤੀ ਦੇ ਸਿਧਾਂਤ ਨੂੰ ਠੀਕ ਕਰਨ ਦਾ ਯਤਨ ਹੈ। ਰੱਬ ਅਸੀਮਤ ਹੈ ਤੇ ਕੁਝ ਸਮੇਂ ਲਈ ਕਿਸੇ ਰੂਪ ਜਾਂ ਆਕਾਰ ਵਿਚ ਸੀਮਤ ਨਹੀਂ ਕੀਤਾ ਜਾ ਸਕਦਾ। ਪਰ ਭਗਤੀ ਲਹਿਰ ਨੇ 'ਰਾਮ ਜੀ' ਦੇ ਸਰੂਪ ਵਿਚ ਜਾਂ 'ਕ੍ਰਿਸ਼ਨ ਜੀ' ਦੇ ਸਰੂਪ ਵਿਚ ਵਧੇਰੇ 'ਕ੍ਰਿਸ਼ਨ ਜੀ' ਦੇ ਸਰੂਪ ਵਿਚ ਰੱਬ ਨੂੰ ਸੀਮਤ ਕਰ ਦਿੱਤਾ ਸੀ। ਗੁਰੂ ਨਾਨਕ ਸਾਹਿਬ ਦਾ ਇਹ ਭਗਤੀ ਲਹਿਰ ਤੋਂ ਵੱਖਰੇ ਹੋਣ ਦਾ ਸਬੂਤ ਹੈ। ਉਨ੍ਹਾਂ ਦਾ ਰੱਬ ਅਸੀਮਤ ਹੈ। ਉਸ ਦਾ ਹਰ ਗੁਣ ਅਸੀਮਤ ਹੈ ਤੇ ਉਸ ਦੀ ਸਮਰੱਥਾ ਅਸੀਮਤ ਹੈ। ਸੀਮਤ ਨਾਲੋਂ ਅਸੀਮਤ ਰੱਬ ਸਾਡੇ ਵਿਸ਼ਵਾਸ ਨੂੰ ਵਧੇਰੇ ਕੀਲ ਸਕਦਾ ਹੈ।

**(੫) ਗੁਰ ਪ੍ਰਸਾਦਿ**

ਇਸ ਹਿੱਸੇ ਵਿਚ ਗੁਰੂ ਸਾਹਿਬ ਨੇ ਉਨ੍ਹਾਂ ਸਾਰੇ ਸਾਧਨਾਂ ਦਾ ਨਿਚੋੜ ਤੇ ਪਰਮ ਸਾਧਨ ਦੱਸਿਆ ਹੈ ਜਿਨ੍ਹਾਂ ਨਾਲ ਕਿ ਰੱਬ ਦੇ ਨਜ਼ਦੀਕ ਪਹੁੰਚਿਆ ਜਾ ਸਕਦਾ ਹੈ। ਗੁਰੂ ਤੋਂ ਬਿਨਾਂ ਰੱਬ ਦੇ ਨੇੜੇ ਨਹੀਂ ਪਹੁੰਚਿਆ ਜਾ ਸਕਦਾ। ਗੁਰੂ ਬਾਣੀ ਹੈ, ਬਾਣੀ ਪਰਮਾਤਮਾ ਦਾ ਰੂਪ ਹੈ ਤੇ ਬਾਣੀ ਦੇ ਰੂਪ ਵਿਚੋਂ ਹੀ ਰੱਬ ਨੂੰ ਲਖਿਆ ਜਾ ਸਕਦਾ ਹੈ।

੨.

ਇਸ ਲੇਖ ਲਈ ਮੂਲ ਮੰਤ੍ਰ ਦੇ ਉੱਪਰ ਦੱਸੇ ਪੱਖਾਂ ਵਿਚੋਂ ਅਸੀਂ ਕੇਵਲ ਤੀਜੇ ਪੱਖ ਨੂੰ ਲਵਾਂਗੇ। ਇਸ ਵਿਚੋਂ ਇਹ ਗੱਲ ਪ੍ਰਗਟ ਹੁੰਦੀ ਹੈ ਕਿ ਗੁਰੂ ਜੀ ਨੇ ਆਪਣੇ ਦੇਸ਼ ਦੀਆਂ ਸਮਾਜਕ ਤੇ ਰਾਜਸੀ ਸਥਿਤੀਆਂ ਨੂੰ ਵੇਖ ਕੇ ਹੀ ਰੱਬ ਦਾ ਸਿਧਾਂਤ ਕੌਮ ਨੂੰ ਦਿੱਤਾ। ਰੱਬੀ ਸਿਧਾਂਤ ਰਾਹੀਂ ਲੋਕਾਂ ਵਿਚ ਅਮੋਲਕ ਗੁਣ ਪੈਦਾ ਕੀਤੇ ਜਾ ਸਕਦੇ ਹਨ। ਜੇ ਰੱਬ 'ਨਿਰਭਉ' ਹੈ ਤਾਂ ਉਸਦਾ ਪਰਚਾਰ ਕਰਨ ਵਾਲਾ ਗੁਰੂ ਨਾਨਕ 'ਨਿਰਭਉ' ਸੀ। ਉਹ ਬੇ-ਲੋੜੀਆਂ ਧਾਰਮਕ ਰਸਮਾਂ ਤੋਂ 'ਨਿਰਭਉ' ਸੀ, ਉਨ੍ਹਾਂ ਦੇ ਪਿੱਛੇ ਜੋ ਤਾਕਤ ਧਾਰਮਕ ਫਿਰਕੇਬੰਦੀ ਕੰਮ ਕਰਦੀ ਹੈ, ਉਸ ਤੋਂ ਨਿਡਰ ਸੀ, ਉਹ ਸਮਾਜਕ ਬੰਧਨਾਂ ਤੋਂ 'ਨਿਰਭਉ' ਸੀ ਜਿਹੜੇ ਬੰਧਨ ਕਿ ਜੀਵਨ ਵਿਚ ਕੋਝ ਪੈਦਾ ਕਰਦੇ ਸਨ ਜਿਵੇਂ ਉਚ-ਨੀਚ ਤੇ ਛੂਤ-ਛਾਤ। ਉਹ ਰਾਜਸੀ ਭੈ ਤੋਂ ਬੇ-ਪਰਵਾਹ ਸੀ, ਜਦੋਂ ਰਾਜਸੀ ਭੈ ਜਬਰ ਦਾ ਰੂਪ ਧਾਰਨ ਕਰ ਜਾਏ। ਜਿਵੇਂ ਉਹ ਲੋਧੀਆਂ ਤੋਂ 'ਨਿਰਭਉ' ਸੀ, ਤਿਵੇਂ ਉਹ ਬਾਬਰ ਤੋਂ 'ਨਿਰਭਉ' ਸੀ। ਉਹ ਬਹੁ-ਗਿਣਤੀ ਤੋਂ ਨਿਡਰ ਸੀ ਜਦੋਂ ਕਿ ਬਹੁ-ਗਿਣਤੀ ਫੋਕੀਆਂ ਤੇ ਬੋਦੀਆਂ ਰਸਮਾਂ ਦੀ ਪਿਛਲੱਗ ਸੀ ਤੇ ਉਸ ਦੇ ਮਹਾਨ ਕੇਂਦਰਾਂ ਤੇ ਤੀਰਥਾਂ ਤੇ ਬੜੇ ਨਾਜ਼ਕ ਵਕਤਾਂ 'ਤੇ ਉਨ੍ਹਾਂ ਨੂੰ ਵੰਗਾਰ ਸਕਦਾ ਸੀ। ਜਿਵੇਂ ਕੁਰਕਸ਼ੇਤਰ ਗ੍ਰਹਿਣ ਸਮੇਂ ਕੀਤਾ ਤੇ ਹਰਿਦੁਆਰ ਸੂਰਜ ਪੂਜਾ ਸਮੇਂ ਕੀਤਾ। ਉਹ ਐਸੇ ਵਿਦਵਾਨਾਂ ਤੋਂ 'ਨਿਰਭਉ' ਸੀ ਜਿਨ੍ਹਾਂ ਵਿਚ ਪਖੰਡ ਤੇ ਫੋਕੀ ਪੰਡਤਾਈ ਵਧ ਗਈ

ਸੀ ਤੇ ਜਿਨ੍ਹਾਂ ਦੀ ਵਿੱਦਿਆ ਪੈਸਾ ਕਮਾਈ ਦਾ ਸਾਧਨ ਬਣ ਗਈ ਸੀ, ਉਹ ਮਾਇਆ ਦੇ ਲਾਲਚ ਤੇ ਸੁੰਦਰਤਾ ਦੇ ਫੰਧਾਂ ਤੋਂ 'ਨਿਰਭਉ' ਸੀ ਜਿਨ੍ਹਾਂ ਦੇ ਟਾਕਰੇ ਉਨ੍ਹਾਂ 'ਕਲਜੁਗ ਨਾਲ ਮਿਲਾਪ' ਤੇ 'ਨੂਰ ਸ਼ਾਹ' ਨਾਲ ਸੰਬਾਦ ਤੇ ਸ਼ਿਵਨਾਭ ਦੀਆਂ ਰਾਜ-ਕੰਨਿਆਂ ਨਾਲ ਵਿਚਾਰ ਕਰਦਿਆਂ ਕੀਤੇ। ਉਹ ਸਾਖਿਆਤ ਨਿਡਰਤਾ ਸੀ ਜਦੋਂ ਉਸ ਨੇ ਕਿਸੇ ਵੀ ਧਰਮ, ਫ਼ਿਰਕੇ, ਭੇਖ ਜਾਂ ਦਰਸ਼ਨ ਦੀਆਂ ਕਮਜ਼ੋਰੀਆਂ ਦੱਸੀਆਂ ਸਨ ਜਾਂ ਉਨ੍ਹਾਂ ਦੇ ਅਨੁਯਾਈਆਂ ਦੀਆਂ ਵਕਤੀ ਕਮਜ਼ੋਰੀਆਂ ਦੱਸੀਆਂ ਸਨ। ਪੂਰਨ ਦਲੀਲ, ਸੁਤੰਤਰ ਬੁੱਧੀ ਤੇ ਨਿਰਪੱਖਤਾ ਉਨ੍ਹਾਂ ਦਾ ਤੱਕੜ ਸਨ ਜਿਸ 'ਤੇ ਉਹ ਹਰ ਰਸਮ, ਰਿਵਾਜ ਤੇ ਸ਼ਖ਼ਸੀਅਤ ਨੂੰ ਤੋਲਦੇ ਸਨ। 'ਨਿਰਭਉ' ਹੋਣ ਲਈ ਰੱਬ ਦੇ ਭਉ ਦੀ ਲੋੜ ਹੈ, ਨਿਆਂ ਤੇ ਲਿਹਾਜ਼ ਦੀ ਲੋੜ ਹੈ ਤੇ ਸਤਿ ਦੇ ਧਾਰਨੀ ਹੋਣ ਦੀ ਲੋੜ ਹੈ।

ਪਰ 'ਨਿਰਭਉ' ਦਾ ਭਾਵ ਹਰ ਕਿਸੇ ਦੀ ਪੱਗ ਲਾਹੁੰਦੇ ਫਿਰਨਾ ਨਹੀਂ, ਨਾ ਹੀ ਸੁਭਾਅ ਦੀ ਕਰੜਾਈ ਹੈ, ਨਾ ਹੀ ਗੁਸਤਾਖ਼ ਬੋਲ ਹੈ ਤੇ ਨਾ ਹੀ ਕਿਸੇ ਦੇ ਗੁਣਾਂ ਨੂੰ ਅਸਵੀਕਾਰ ਕਰਨਾ ਹੈ। ਸਗੋਂ 'ਨਿਰਭਉ' ਮਨੁੱਖ ਹਰ ਕਿਸੇ ਨੂੰ ਪਿਆਰ ਕਰਦਾ ਹੈ, ਹਰ ਕਿਸੇ ਦੇ ਗੁਣ ਲੱਭਣ ਦਾ ਯਤਨ ਕਰਦਾ ਹੈ, ਹਰ ਕਿਸੇ ਦੀਆਂ ਕਮਜ਼ੋਰੀਆਂ ਨਾਲ ਹਮਦਰਦੀ ਕਰਦਾ ਹੈ, ਹਰ ਥਾਂ ਇਕੋ ਜੀਵਨ ਦੀ ਬੁਨਿਆਦ ਵੇਖਦਾ ਹੈ, ਹਰ ਥਾਂ ਇਕ ਰੱਬ ਦਾ ਪਸਾਰਾ ਵੇਖਦਾ ਹੈ, ਹਰ ਇਕ ਦੀ ਆਤਮਾ ਵਿਚ ਝਾਕਦਾ ਹੈ, ਇਕੋ ਰੱਬ ਨੂੰ ਲੱਭਦਾ ਹੈ, ਹਰ ਇਕ ਦੇ ਰਸਮੋ-ਰਿਵਾਜਾਂ ਦਾ ਸਤਿਕਾਰ ਕਰਦਾ ਹੈ, ਹਰੇਕ ਤੀਰਥ ਅਸਥਾਨ ਨੂੰ ਸਤਿਕਾਰਦਾ ਹੈ, ਹਰ ਇਕ ਦੇ ਪੂਜਾ-ਢੰਗ ਨਾਲ ਨਿਆਂ ਕਰਦਾ ਹੈ, ਹਰ ਇਕ ਦੇ ਧਰਮ ਗ੍ਰੰਥ ਦਾ ਆਦਰ ਕਰਦਾ ਹੈ, ਹਰ ਪਹਿਰਾਵੇ ਦੀ ਸੁੰਦਰਤਾ ਲੱਭਦਾ ਹੈ, ਹਰ ਬੋਲੀ ਨੂੰ ਰੱਬੀ ਬੋਲੀ ਮੰਨਦਾ ਹੈ। ਕੇਵਲ ਜਿੱਥੇ ਨੁਕਸ ਹੈ, ਬੁਰਾਈ ਹੈ, ਕਪਟ ਹੈ, ਉਸ ਨੂੰ ਨੰਗਾ ਕਰਦਾ ਹੈ। ਉਸ ਲਈ ਸਮੁੱਚੇ ਤੌਰ 'ਤੇ ਨਾ ਮੁਸਲਮਾਨ ਮਾੜੇ ਹਨ, ਨਾ ਹਿੰਦੂ ਮਾੜੇ ਹਨ, ਨਾ ਸੂਫ਼ੀ ਨਿੰਦਨੀਯ ਹਨ, ਨਾ ਜੋਗੀ ਬੁਰੇ ਹਨ, ਨਾ ਅਰਬੀ ਘਟੀਆ ਹੈ, ਨਾ ਹਿੰਦੀ ਮਾੜੀ ਹੈ। ਪਰ ਇਨ੍ਹਾਂ ਸਾਰਿਆਂ ਵਿਚ ਚੰਗੇ ਲੋਕ ਵੀ ਹਨ ਤੇ ਮਾੜੇ ਵੀ ਹਨ। ਚੰਗਿਆਈ ਜਿੱਥੇ ਵੀ ਹੈ, ਆਦਰ ਯੋਗ ਹੈ, ਮਾੜ ਜਿੱਥੇ ਵੀ ਹੈ ਨਿੰਦਨੀਯ ਹੈ। ਗੁਰੂ ਨਾਨਕ ਇਸ ਤਰ੍ਹਾਂ ਦਾ 'ਨਿਰਵੈਰੁ' ਸੀ।

ਸਿਖ ਨੇ ਇਸੇ ਤਰ੍ਹਾਂ ਦਾ 'ਨਿਰਭਉ' ਹੋਣਾ ਹੈ ਤੇ ਇਸੇ ਤਰ੍ਹਾਂ ਦਾ 'ਨਿਰਵੈਰੁ'। ਪੂਰਨ ਗਿਆਨਵਾਨ ਹੋਣਾ ਤੇ ਕਦੇ ਦ੍ਰਿਸ਼ਟੀਕੋਣ ਬਣਾਣ ਵਿਚ ਉਲਾਰ ਨਾ ਹੋਣਾ ਜ਼ਰੂਰੀ ਹਨ, ਐਸਾ 'ਨਿਰਵੈਰੁ' ਹੋਣ ਲਈ। ਸਿਖ ਇਨ੍ਹਾਂ ਦੋ ਗੁਣਾਂ ਦੇ ਸਹਾਰੇ ਪਿੱਛੇ ਹੀ ਸਿਖ ਰਿਹਾ ਹੈ, ਹੁਣ ਰਹਿ ਸਕਦਾ ਹੈ ਤੇ ਅੱਗੋਂ ਰਹੇਗਾ। ਹਰ ਸਮੇਂ ਸਿਖ ਨੇ ਗੁਰੂ ਨਾਨਕ ਦੇ ਇਸ ਆਦਰਸ਼ਕ ਆਚਰਨ ਨੂੰ ਨਿਭਾ ਕੇ ਵਿਖਾਣਾ ਹੈ, ਕੇਵਲ ਜਜ਼ਬਿਆਂ ਤੇ ਪੱਖਪਾਤ ਵਿਚ ਨਹੀਂ ਖੇਡਣਾ, ਸਾਰਿਆਂ ਨਾਲ ਨਿਆਂ ਕਰਨਾ ਹੈ ਤਾਂ ਜੁ ਉਸ ਨੂੰ ਸਾਰੇ ਪਿਆਰ ਕਰ ਸਕਣ। ਜਿਵੇਂ ਸਾਰੇ ਹਿੰਦੂ, ਮੁਸਲਮਾਨ ਤੇ ਹੋਰ ਗੁਰੂ ਨਾਨਕ ਨੂੰ ਪਿਆਰਦੇ ਸਨ।

### ੩.

ਗੁਰੂ ਨਾਨਕ ਜੀ ਦਾ ਵਿਚਾਰ ਸੀ ਕਿ ਕੋਈ ਗੁਣ ਜਾਂ ਆਚਰਨ ਕਿਸੇ ਕੌਮ ਵਿਚ ਜਾਦੂ ਜਾਂ ਕਰਾਮਾਤ ਨਾਲ ਇਕਦਮ ਜਾਂ ਥੋੜ੍ਹੇ ਜਿਹੇ ਸਮੇਂ ਵਿਚ ਨਹੀਂ ਭਰਿਆ

ਜਾ ਸਕਦਾ ਸਗੋਂ ਕੋਈ ਗੁਣ ਕਿਸੇ ਕੌਮ ਵਿਚ ਪੈਦਾ ਕਰਨ ਲਈ, ਸੈਂਕੜੇ ਵਰ੍ਹਿਆਂ ਦੀ ਸਿਖਲਾਈ ਮੰਗਦਾ ਹੈ, ਲਗਾਤਾਰ ਕਿਸੇ ਵਿਸ਼ੇਸ਼ ਵਿਅਕਤੀ ਦਾ ਧਿਆਨ ਮੰਗਦਾ ਹੈ। ਇਸੇ ਲਈ ਉਨ੍ਹਾਂ ਕੌਮ ਨੂੰ ਤਿਆਰ ਕਰਨ ਲਈ ੧੪੬੯ ਤੋਂ ੧੭੦੮ ਤੀਕ ਦਾ ਸਮਾਂ ਇਕ ਰੂਪ ਵਿਚ ਲਗਾਇਆ ਤੇ ਫਿਰ ਗੁਰੂ ਗ੍ਰੰਥ ਤੇ ਗੁਰੂ ਪੰਥ ਦੀ ਸਦੀਵੀ ਸਰਪ੍ਰਸਤੀ ਵਿਚ ਕੌਮ ਨੂੰ ਰੱਖਿਆ ਹੈ।

ਇਸ ਸਿਖਲਾਈ ਲਈ ਕਈ ਤਰੀਕੇ ਵਰਤੇ ਹਨ ਜਿਨ੍ਹਾਂ ਵਿਚੋਂ ਸਭ ਤੋਂ ਵੱਡਾ ਤੇ ਉੱਤਮ ਤਰੀਕਾ ਗੁਰਬਾਣੀ ਵਿਚ ਦਿੱਤੇ ਵਿਚਾਰ ਹਨ। ਇਹ ਵਿਚਾਰ 'ਨਿਰਭੈਤਾ' ਤੇ 'ਨਿਰਵੈਰਤਾ' ਦਾ ਪਰਚਾਰ ਕਰਦੇ ਹਨ। ਪਰ ਉਨ੍ਹਾਂ ਨੇ ਸੁਤੇ-ਸਿਧ ਹੀ ਗੁਰੂ ਗ੍ਰੰਥ ਸਾਹਿਬ ਦੇ ਆਕਾਰ ਵਿਚ ਹੀ ਹੋਰ ਐਸੇ ਢੰਗ ਵਰਤੇ ਹਨ ਜਿਹੜੇ 'ਨਿਰਵੈਰਤਾ' ਦੇ ਗੁਣ ਦੀ ਨਿੱਤ ਪ੍ਰੇਰਨਾ ਦਿੰਦੇ ਹਨ, ਨਿਰਪੱਖਤਾ ਤੇ ਸਮ-ਦ੍ਰਿਸ਼ਟਤਾ ਸਿਖਾਂਦੇ ਹਨ। ਅਸੀਂ ਕੇਵਲ ਇਨ੍ਹਾਂ ਉਪ-ਸਾਧਨਾਂ ਦਾ ਇੱਥੇ ਵਿਚਾਰ ਕਰਾਂਗੇ। ਨਿਰਵੈਰਤਾ ਵਧੇਰੇ ਜ਼ੋਰਦਾਰ ਸ਼ਬਦ ਹੈ, ਇਸ ਸਮੇਂ ਅਸੀਂ ਇਸ ਦਾ ਅਰਥ ਨਿਰਪੱਖਤਾ ਤੇ ਸਮ-ਦ੍ਰਿਸ਼ਟਤਾ ਲਵਾਂਗੇ।

ਰੱਬ ਨਿਰਪੱਖ ਹੈ। ਉਸ ਨੂੰ ਨਾ ਕਿਸੇ ਕੌਮ ਨਾਲ, ਨਾ ਕਿਸੇ ਦੇਸ਼ ਨਾਲ, ਨਾ ਕਿਸੇ ਧਰਮ ਨਾਲ, ਨਾ ਕਿਸੇ ਗ੍ਰੰਥ ਨਾਲ, ਨਾ ਕਿਸੇ ਬੋਲੀ ਨਾਲ, ਨਾ ਕਿਸੇ ਰਸਮ ਨਾਲ ਵਧੇਰੇ ਲਗਾਅ ਹੈ, ਤੇ ਨਾ ਵਧੇਰੇ ਘ੍ਰਿਣਾ। ਹਰ ਥਾਂ ਚੰਗਿਆਈ ਉਸ ਨੂੰ ਪਿਆਰੀ ਹੈ ਤੇ ਹਰ ਥਾਂ ਬੁਰਾਈ ਉਸ ਨੂੰ ਨਾ-ਪਸੰਦ ਹੈ। ਉਸ ਵਿਚ ਸਮ-ਦ੍ਰਿਸ਼ਟਤਾ ਹੈ ਉਹ ਬੁਰਾਈ ਨੂੰ ਵੀ ਪਰਵਾਨ ਕਰ ਸਕਦਾ ਹੈ, ਭਾਵ ਉਸ ਨੂੰ ਵੀ ਆਪਣਾ ਸਮਝ ਕੇ ਉਸ ਦੇ ਉੱਧਾਰ ਦਾ ਯਤਨ ਕਰਦਾ ਹੈ। ਗੁਰੂ ਨਾਨਕ ਨੇ ਇਸੇ ਤਰ੍ਹਾਂ ਕੀਤਾ ਤੇ ਸਿਖ ਨੇ ਵੀ ਇਸੇ ਤਰ੍ਹਾਂ ਕਰਨਾ ਹੈ। ਸਾਡਾ ਗੁਰੂ ਗ੍ਰੰਥ ਸਾਹਿਬ ਇਹੋ ਕੁਝ ਕਰਦਾ ਹੈ। ਕੇਵਲ ਉਪਰਲੀ ਨਜ਼ਰ ਨਾਲ ਵੇਖਿਆਂ ਵੀ ਗੁਰੂ ਗ੍ਰੰਥ ਸਾਹਿਬ ਦੀ ਨਿਰਪੱਖਤਾ ਪ੍ਰਗਟ ਹੁੰਦੀ ਹੈ। ਹੇਠ-ਦਿੱਤੀਆਂ ਗੱਲਾਂ ਵਿਚਾਰ ਯੋਗ ਹਨ ਤੇ ਇਨ੍ਹਾਂ ਸਾਰੀਆਂ ਦੀ ਨੀਂਹ ਗੁਰੂ ਨਾਨਕ ਸਾਹਿਬ ਨੇ ਰੱਖੀ ਹੈ:

(੧) ਗੁਰੂ ਗ੍ਰੰਥ ਸਾਹਿਬ ਦੇ ਲਿਖਾਰੀਆਂ ਦੀ ਚੋਣ ਬਿਲਕੁਲ ਨਿਰਪੱਖ ਹੋ ਕੇ ਕੀਤੀ ਹੈ। ਹਿੰਦੂ ਵੀ ਲਿਖਾਰੀ ਹੋ ਸਕਦਾ ਹੈ, ਮੁਸਲਮਾਨ ਦੀ ਬਾਣੀ ਵੀ ਦਰਜ ਹੋ ਸਕਦੀ ਹੈ, ਹਿੰਦੂਆਂ ਵਿਚੋਂ ਬ੍ਰਾਹਮਣ ਦੀ ਬਾਣੀ ਨੂੰ ਅਸਥਾਨ ਮਿਲ ਸਕਦਾ ਹੈ ਤੇ ਜੁਲਾਹੇ, ਚਮਾਰ ਤੇ ਛੀਪੇ ਦੀ ਬਾਣੀ ਨੂੰ ਵੀ ਆਦਰਿਆ ਜਾ ਸਕਦਾ ਹੈ। ਮੁਸਲਮਾਨਾਂ ਵਿਚੋਂ ਸ਼ੇਖ਼ ਦੀ ਬਾਣੀ ਵੀ ਆ ਸਕਦੀ ਹੈ ਤੇ ਸ਼੍ਰੇਣੀ ਕਰਕੇ ਘਟੀਆ ਮੁਸਲਮਾਨਾਂ ਦੀ ਵੀ। ਕਿਸੇ ਫ਼ਿਰਕੇ ਜਾਂ ਸ਼੍ਰੇਣੀ ਜਾਂ ਧਰਮ ਵਿਚ ਹੋਣ ਕਰਕੇ ਕੋਈ ਨੀਵਾਂ ਜਾਂ ਉੱਚਾ ਨਹੀਂ ਹੋ ਜਾਂਦਾ। ਇਸ ਗੱਲ ਦਾ ਨਿਰਣਾ ਤਾਂ ਮਨੁੱਖ ਦੀ ਆਤਮਕ ਤੇ ਮਾਨਸਕ ਦਸ਼ਾ ਨੇ ਕਰਨਾ ਹੈ ਤੇ ਗੁਰੂ ਜੀ ਦਾ ਇਹੋ ਟੀਚਾ ਸੀ। ਲਿਖਾਰੀ ਪੰਜਾਬੀ ਹੋ ਸਕਦਾ ਹੈ, ਮਰਹੱਟਾ ਹੋ ਸਕਦਾ ਹੈ, ਯੂ. ਪੀ. ਦਾ ਹੋ ਸਕਦਾ ਹੈ।

(੨) ਗੁਰੂ ਗ੍ਰੰਥ ਸਾਹਿਬ ਵਿਚ ਦੇਸੀ ਤੇ ਬਦੇਸੀ ਬੋਲੀਆਂ ਵੱਲ ਪੂਰੀ ਨਿਰਪੱਖਤਾ ਹੈ। ਵਿਸ਼ੇਸ਼ ਭਾਗ, ਗੁਰੂ ਗ੍ਰੰਥ ਸਾਹਿਬ ਦਾ, ਪੰਜਾਬ ਦੀ ਧਰਤੀ ਤੇ ਵਾਤਾਵਰਣ ਦੀ ਉਪਜ ਹੋਣ ਕਰਕੇ ਪੰਜਾਬੀ ਹੈ, ਪਰ ਕਿਸੇ ਵੀ ਬੋਲੀ ਨੂੰ ਗਿਲਾ ਨਹੀਂ ਹੋ ਸਕਦਾ ਕਿ ਉਸ ਦਾ ਆਦਰ ਨਹੀਂ ਕੀਤਾ ਗਿਆ। ਸਹਿਸਕ੍ਰਿਤੀ ਵਿਚ ਬਾਣੀ ਹੈ, ਫ਼ਾਰਸੀ ਵਿਚ

ਹੈ, ਪ੍ਰਾਂਤਕ ਭਾਸ਼ਾਵਾਂ ਵਿਚ ਹੈ, ਪੰਜਾਬੀ ਦੇ ਸਾਰੇ ਰੂਪ ਦਿਤੇ ਹਨ, ਅਰਬੀ ਦੇ ਲਫ਼ਜ਼ ਮੌਜੂਦ ਹਨ। ਹਿੰਦੀ ਵਾਲਿਆਂ ਨੂੰ ਹੁਣ ਤੀਕ ਪੂਰਾ ਵਿਸ਼ਵਾਸ ਹੈ ਕਿ ਗੁਰੂ ਗ੍ਰੰਥ ਸਾਹਿਬ ਦੀ ਬੋਲੀ ਹਿੰਦੀ ਹੈ। ਅਸੀਂ ਜੇ ਇਸ ਨੂੰ ਪੂਰੀ ਤਰ੍ਹਾਂ ਸਵੀਕਾਰ ਨਹੀਂ ਕਰ ਸਕਦੇ ਤਾਂ ਇਸ ਨੂੰ ਪੂਰਾ ਨਿਰਮੂਲ ਵੀ ਨਹੀਂ ਕਹਿ ਸਕਦੇ।

(੩) ਕਿਸੇ ਕੌਮ ਨੂੰ, ਕਿਸੇ ਫ਼ਿਰਕੇ ਨੂੰ, ਕਿਸੇ ਪ੍ਰਾਂਤ ਨੂੰ ਕੋਈ ਰਾਗ ਪਿਆਰਾ ਹੈ ਤੇ ਕਿਸੇ ਨੂੰ ਕੋਈ, ਪਰ ਗੁਰੂ ਗ੍ਰੰਥ ਸਾਹਿਬ ਵਿਚ ਰਾਗਾਂ ਦੀ ਚੋਣ ਪੂਰਨ ਨਿਰਪੱਖ ਹੈ। ਜੇ ਹਿੰਦੁਸਤਾਨੀ ਰਾਗ ਸ਼ਾਮਲ ਹਨ ਤਾਂ ਮੁਸਲਮਾਨੀ ਵੀ ਸ਼ਾਮਲ ਹਨ, ਜੇ ਯੋਗੀਆਂ ਦੇ ਸ਼ਾਮਲ ਹਨ ਤਾਂ ਸੂਫ਼ੀਆਂ ਦੇ ਵੀ ਹਨ, ਜੇ ਉੱਤਰੀ ਪ੍ਰਾਂਤਾਂ ਦੇ ਹਨ ਤਾਂ ਦੱਖਣ ਦੇ ਵੀ ਹਨ ਤੇ ਮਾਝੇ ਦੇ ਜੱਟਾਂ ਦੇ ਵੀ ਹਨ, ਜੇ ਬਸੰਤ ਦੇ ਹਨ ਤਾਂ ਬਰਖਾ ਰੁੱਤ ਦੇ ਵੀ ਹਨ—ਹਰ ਤਰ੍ਹਾਂ ਦੀ ਨਿਰਪੱਖਤਾ ਜਿੱਥੋਂ ਤੀਕ ਸੰਭਵ ਹੈ।

(੪) ਹਰ ਕਾਵਿ-ਵੰਨਗੀ ਨੂੰ ਪੂਰਨ ਨਿਰਪੱਖਤਾ ਨਾਲ ਲਿਆ ਹੈ। ਵਾਰਾਂ ਹਨ, ਸਲੋਕ ਹਨ, ਘੋੜੀਆਂ ਹਨ, ਪਹਰੇ ਹਨ, ਪਦਾ ਹੈ, ਅਸ਼ਟਪਦੀ ਹੈ, ਵਣਜਾਰਾ ਹੈ, ਕਰਹਲੇ ਹਨ, ਛੰਤ ਹਨ, ਕਾਫ਼ੀ ਹੈ, ਸਭ ਕੁਝ ਹੈ।

(੫) ਗੁਰੂ ਗ੍ਰੰਥ ਸਾਹਿਬ ਵਿਚ ਹਰ ਫ਼ਲਸਫ਼ੇ ਨੂੰ, ਹਰ ਧਰਮ ਪੁਸਤਕ ਨੂੰ ਆਦਰ ਹੈ। ਜ਼ਰੂਰੀ ਅਸੰਮਤੀ ਦਾ ਹਮਦਰਦੀ ਨਾਲ ਪ੍ਰਗਟ ਕਰਨਾ ਦਲੇਰੀ ਤੇ ਨਿਰਭੈਤਾ ਦੀ ਨਿਸ਼ਾਨੀ ਹੈ ਪਰ ਨਿਰਾਦਰ ਕਰਨ ਦੀ ਹੈਂਕੜ ਕਿਧਰੇ ਨਹੀਂ। ਫ਼ਰੀਦ ਦੇ ਮੁਸਲਮਾਨ ਫ਼ਲਸਫ਼ੇ ਤੇ ਉਸ ਦੇ ਰੋਜ਼ੇ ਨਿਮਾਜ਼ ਦੇ ਵਰਣਨ ਨੂੰ ਪੂਰੇ ਸਤਿਕਾਰ ਨਾਲ ਪਰਵਾਨ ਕੀਤਾ ਹੈ। ਭਗਤਾਂ ਦੇ ਇਸ਼ਟ ਨੂੰ ਪੂਰਾ ਆਦਰ ਦਿਤਾ ਹੈ। ਭੱਟਾਂ ਦੀ ਇੱਛਾ ਦਾ ਪੂਰਾ ਸਤਿਕਾਰ ਹੈ ਤੇ ਉਨ੍ਹਾਂ ਦੇ ਦ੍ਰਿਸ਼ਟੀਕੋਣ ਨੂੰ ਆਦਰਿਆ ਹੈ। ਗੁਰੂ ਸਾਹਿਬ ਨੂੰ ਪਤਾ ਹੈ ਕਿ ਇਹ ਸਾਰੇ ਇਕੋ ਦੇ ਢੂੰਡਾਊ ਹਨ ਤੇ ਇਕੋ ਪਾਸੇ ਜਾ ਰਹੇ ਹਨ, ਕੋਈ ਪੰਧ 'ਤੇ ਕਿੱਥੇ ਹੈ, ਕੋਈ ਕਿੱਥੇ ਹੈ; ਕਿਸੇ ਦੀ ਮੰਜ਼ਲ ਦੂਰ ਹੈ, ਕੋਈ ਨੇੜੇ ਪੁੱਜ ਗਿਆ ਹੈ। ਪਰ ਹੈਨ ਸੱਚੇ, ਸੁੱਚੇ ਤੇ ਸੁਹਿਰਦ ਲੋਕ ਜੋ ਸਭ ਸਤਿਕਾਰ ਦੇ ਯੋਗ ਹਨ।

(੬) ਹਰ ਧਰਮ ਦਾ ਪੂਰਾ ਸਤਿਕਾਰ ਹੈ। ਕਿਸੇ ਮੁਸਲਮਾਨ ਨੂੰ ਨਹੀਂ ਕਿਹਾ ਕਿ ਕਲਿਆਣ ਦਾ ਦਰਵਾਜ਼ਾ ਕੇਵਲ ਇਕ ਹੈ, ਸਗੋਂ ਪ੍ਰੇਰਨਾ ਕੀਤੀ ਹੈ ਕਿ ਜੇ ਤੂੰ ਇਨ੍ਹਾਂ ਸਦਾਚਾਰਕ ਗੁਣਾਂ ਵਾਲਾ ਹੋਵੇਂ ਤੇ ਮੁਸਲਮਾਨੀ ਧਰਮ ਹੀ ਤੇਰੀ ਕਲਿਆਣ ਦਾ ਸਾਧਨ ਹੈ। ਕਿਸੇ ਹੋਰ ਨੂੰ ਨਹੀਂ ਕਿਹਾ ਕਿ ਤੂੰ ਸਾਡਾ ਅਨੁਯਾਈ ਹੋ ਕੇ ਹੀ ਕਲਿਆਣ ਪ੍ਰਾਪਤ ਕਰ ਸਕਦਾ ਹੈਂ, ਹਿੰਦੂ ਨੂੰ ਚੰਗਾ ਹਿੰਦੂ ਹੋਣਾ ਹੀ ਕਿਹਾ ਹੈ ਤੇ ਚੰਗਿਆਈ ਜਾਂ ਆਦਰਸ਼ਕ ਆਚਰਨ ਨੂੰ ਕਿਸੇ ਧਰਮ ਦੀ ਵਿਸ਼ੇਸ਼ ਮਾਲਕੀ ਨਹੀਂ ਮੰਨਿਆ ਤੇ ਨਾ ਹੀ ਮੁਕਤੀ ਕਿਸੇ ਦੀ ਵਿਰਾਸਤ।

੪.

ਸਾਰੇ ਗੁਰੂ, ਗੁਰੂ ਨਾਨਕ ਸਾਹਿਬ ਦੇ ਪੂਰਨਿਆਂ 'ਤੇ ਹੀ ਚਲਦੇ ਰਹੇ ਤੇ ਪੂਰਨ ਨਿਰਪੱਖਤਾ ਵਿਚ ਸਿਖ ਧਰਮ ਦੇ ਰੂਪ, ਪੂਜਾ ਦੇ ਤਰੀਕਿਆਂ ਤੇ ਧਾਰਮਕ ਸਮਾਜਕ ਰਸਮਾਂ ਦਾ ਵਿਕਾਸ ਹੋਇਆ। ਸਿਖ ਦਾ ਕੇਸ, ਦਾਹੜੇ ਤੇ ਦਸਤਾਰ ਦਾ ਰੂਪ ਨਾ ਵਿਸ਼ੇਸ਼ ਕਰਕੇ ਹਿੰਦੂ ਹੈ, ਨਾ ਮੁਸਲਮਾਨ, ਪਰ ਦੋਵੇਂ ਹੈ। ਹਰਿਮੰਦਰ ਸਾਹਿਬ ਦਾ ਹੁਨਰ

ਨਾ ਵਿਸ਼ੇਸ਼ ਕਰਕੇ ਹਿੰਦੂ ਹੈ, ਨਾ ਮੁਸਲਮਾਨ, ਸਗੋਂ ਦੋਵੇਂ ਹੈ। ਸਾਡਾ ਗੁਰਦੁਆਰਾ ਸਭ ਲਈ ਖੁੱਲ੍ਹਾ ਹੈ, ਹਿੰਦੂ ਆਵੇ, ਮੁਸਲਮਾਨ ਆਵੇ, ਹੋਰ ਕੋਈ ਆਵੇ, ਸਾਡਾ ਲੰਗਰ ਸਭ ਲਈ ਹੈ। ਮੁਸਲਮਾਨ ਕੇਸ ਵੀ ਰੱਖ ਸਕਦਾ ਹੈ, ਦਾਹੜੀ ਵੀ; ਹਿੰਦੂ ਵੀ। ਅਸੀਂ ਸਭ ਦੇ ਹਾਂ, ਸਰਬ-ਸਾਂਝੇ ਤੇ ਸਾਨੂੰ ਸਭ ਪਿਆਰੇ ਹਨ। ਜਿਸ ਦੇ ਧਰਮ ਦਾ ਵਿਸਥਾਰ ਚਾਹੋ, ਗੁਰੂ ਗ੍ਰੰਥ ਸਾਹਿਬ ਵਿਚੋਂ ਉਸ ਦੀ ਵਿਆਖਿਆ ਲੱਭ ਸਕਦੇ ਹੋ। ਪਰ ਸਾਡਾ ਆਪਾ ਵੀ ਹੈ, ਦੂਜਿਆਂ ਨਾਲ ਟਕਰਾਣ ਲਈ ਨਹੀਂ, ਦੂਜਿਆਂ ਵਿਚ ਸਾਹਸ ਤੇ ਹੌਂਸਲਾ ਪੈਦਾ ਕਰਨ ਲਈ, ਉਹ ਸਾਡਾ 'ਨਿਰਭਉ' ਪੱਖ ਹੈ। ਜਿਥੇ ਨੁਕਸ ਹੈ, ਬੁਰਾਈ ਹੈ, ਅਸੀਂ ਉਥੇ ਉਂਗਲ ਕਰਾਂਗੇ ਤੇ ਕਰਦੇ ਰਹਾਂਗੇ। ਅਸੀਂ 'ਨਿਰਵੈਰੁ' ਗੁਰੂ ਦੇ ਸਿਖ ਹਾਂ।

ਹੁਣ ਤੇ ਅੱਗੋਂ ਵੀ ਸਾਡਾ ਇਹੋ ਧਰਮ ਹੈ—'ਨਿਰਭਉ' ਤੇ 'ਨਿਰਵੈਰੁ'।

ਭਾਗ ਦੂਜਾ

# *ਸਿਖ ਧਰਮ ਦਾ ਆਧਾਰ :*
# *ਸ੍ਰੀ ਗੁਰੂ ਗ੍ਰੰਥ ਸਾਹਿਬ*

ੜ

# ਸਿਖ ਸਭਿਆਚਾਰ ਦਾ ਮੂਲ

ਪੰਜਾਬ ਵਿਚ ਸਭਿਆਚਾਰ ਜਾਂ ਸ੍ਰੇਸ਼ਟਾਚਾਰ ਸ਼ਬਦ ਇਤਨੇ ਆਮ ਨਹੀਂ ਸਮਝੇ ਜਾਂਦੇ ਜਿਤਨੇ ਕਲਚਰ ਤੇ ਕਲਚਰਲ। ਕੀ ਪੜ੍ਹਿਆ ਤੇ ਕੀ ਅਨਪੜ੍ਹਿਆ ਸਾਰੇ ਜਾਣ ਗਏ ਹਨ ਕਿ 'ਕਲਚਰਲ ਪ੍ਰੋਗਰਾਮ' ਕੀ ਹੁੰਦੇ ਹਨ। ਉਨ੍ਹਾਂ ਦਾ ਕੁਝ ਇਸ ਤਰ੍ਹਾਂ ਦਾ ਵਿਚਾਰ ਬਣਿਆ ਹੋਇਆ ਹੈ ਕਿ ਲੋਕ-ਨਾਚ, ਲੋਕ-ਗੀਤ, ਕਵੀ ਦਰਬਾਰ, ਛੋਟੇ ਨਾਟਕ ਆਦਿ ਕਲਚਰਲ ਪ੍ਰੋਗਰਾਮ ਦਾ ਹਿੱਸਾ ਹੁੰਦੇ ਹਨ। ਕਿਸੇ ਕਾਨਫ਼ਰੰਸ ਦਾ ਪ੍ਰੋਗਰਾਮ ਭਾਵੇਂ ਉਹ ਸਾਹਿਤਕ ਹੋਵੇ ਤੇ ਭਾਵੇਂ ਰਾਜਸੀ, ਕਲਚਰਲ ਪ੍ਰੋਗਰਾਮ ਰੱਖੇ ਬਿਨਾਂ ਸੰਪੂਰਨ ਨਹੀਂ ਸਮਝਿਆ ਜਾਂਦਾ। ਸਰਕਾਰ ਵੀ ਕਈ ਤਰੀਕਿਆਂ ਨਾਲ ਐਸੇ ਪ੍ਰੋਗਰਾਮ ਰੱਖਦੀ ਹੈ। ਪਿੰਡਾਂ ਵਿਚ ਲੋਕ-ਨਾਚਾਂ ਤੇ ਲੋਕ-ਗੀਤਾਂ ਦੇ ਪ੍ਰੋਗਰਾਮ ਆਮ ਰੱਖੇ ਜਾਂਦੇ ਹਨ। ਇਸ ਸਾਰੇ ਤਜਰਬੇ ਦਾ ਆਧਾਰ ਸਾਨੂੰ ਨਵੀਂ ਮਿਲੀ ਆਜ਼ਾਦੀ ਹੈ। ਸਾਡੇ ਵਿਚ ਇਕ ਇੱਛਾ ਜਾਗ ਪਈ ਹੈ ਕਿ ਅਸਾਂ ਆਜ਼ਾਦ ਲੋਕਾਂ-ਵਾਂਗ ਆਪਣਾ ਆਚਾਰ ਬਣਾਣਾ ਹੈ। ਇਸ ਸਾਰੇ ਤਜਰਬੇ ਦੇ ਨਤੀਜੇ ਤੇ ਭਾਵੇਂ ਹਾਲੇ ਸਾਹਮਣੇ ਨਹੀਂ ਆ ਸਕੇ, ਪਰ ਜ਼ਰੂਰੀ ਹੈ ਕਿ ਜਿਉਂ ਜਿਉਂ ਸਾਡੀ ਇੱਛਾ ਤੀਬਰ ਹੁੰਦੀ ਜਾਏਗੀ ਨਤੀਜੇ ਵੀ ਰੂਪਮਾਨ ਹੁੰਦੇ ਜਾਣਗੇ।

ਇਹ ਵਿਚਾਰ ਕਰਨ ਦੀ ਜ਼ਰੂਰ ਲੋੜ ਹੈ ਕਿ ਸਭਿਆਚਾਰ ਜਾਂ ਕਲਚਰ ਕੀ ਚੀਜ਼ ਹੁੰਦੀ ਹੈ? ਕੀ ਇਕ ਕੌਮ ਦਾ ਸਭਿਆਚਾਰ ਦੂਜੀ ਕੌਮ ਦੇ ਸਭਿਆਚਾਰ ਨਾਲੋਂ ਕਿਸੇ ਹੱਦ ਤੀਕ ਵੱਖਰਾ ਹੁੰਦਾ ਹੈ? ਜੇ ਹੁੰਦਾ ਹੈ ਤਾਂ ਜ਼ਰੂਰੀ ਹੈ ਕਿ ਹਰ ਕੌਮ ਦੀਆਂ ਸਭਿਆਚਾਰਕ ਕੀਮਤਾਂ ਤੇ ਉਨ੍ਹਾਂ ਲਈ ਪ੍ਰੇਰਨਾ ਕਿਸੇ ਖ਼ਾਸ ਕੇਂਦਰ ਵਿਚੋਂ ਪ੍ਰਾਪਤ ਹੁੰਦੀ ਹੋਵੇਗੀ। ਭਾਵ, ਉਹਨਾਂ ਕੀਮਤਾਂ ਦਾ ਕੋਈ ਆਧਾਰ ਜਾਂ ਮੂਲ ਹੁੰਦਾ ਹੋਵੇਗਾ। ਇਥੇ ਮੈਂ ਸਾਰੇ ਵਿਸਥਾਰ ਵਿਚ ਤਾਂ ਨਹੀਂ ਜਾ ਸਕਦਾ ਕਿ ਸਿਖ ਕਲਚਰ ਕੀ ਹੈ? ਭਾਵੇਂ ਇਕ ਤਰੀਕੇ ਨਾਲ ਇਹ ਗੱਲ ਆਪਣੇ ਆਪ ਇਹ ਲੇਖ ਪੇਸ਼ ਕਰੇਗਾ ਪਰ ਮੇਰਾ ਮੂਲ ਮੰਤਵ ਇਹੋ ਹੀ ਹੈ ਕਿ ਇਹ ਲੱਭਿਆ ਜਾਏ ਕਿ ਸਿਖ ਸਭਿਆਚਾਰ ਦਾ ਆਧਾਰ ਕੀ ਹੈ? ਜਾਂ ਕੀ ਹੋਣਾ ਚਾਹੀਦਾ ਹੈ? ਪਰ ਇਹ ਲੱਭਣ ਤੋਂ ਪਹਿਲਾਂ ਦੂਜੀਆਂ ਗੱਲਾਂ ਨਜਿੱਠਦੇ ਹਾਂ।

ਸਭਿਆਚਾਰ ਕੀ ਚੀਜ਼ ਹੈ? ਕੁਝ ਇਸ ਤਰ੍ਹਾਂ ਦਾ ਪਤਾ ਲੱਗਦਾ ਹੈ ਕਿ ਇਸ ਦਾ ਭਾਵ 'ਸੱਭਯ ਵਤੀਰਾ' ਹੈ। ਜੇ ਸ੍ਰੇਸ਼ਟਾਚਾਰ ਸ਼ਬਦ ਵੀ ਵਰਤੀਏ ਤਾਂ ਉਸ ਦਾ ਅਰਥ ਸ਼ਾਇਦ 'ਉੱਤਮ ਵਤੀਰਾ' ਸਹਿਜੇ ਨਿਕਲ ਸਕਦਾ ਹੈ। ਪਹਿਲੇ ਅਰਥ ਨਾਲੋਂ ਦੂਜਾ ਅਰਥ ਵਿਸ਼ਾਲ ਤੇ ਵੱਧ ਸੁਝਾਊ ਹੈ। ਪਹਿਲਾ ਅਰਥ ਆਪਣੇ ਆਪ ਵਿਚ ਕੁਝ ਬਨਾਵਟੀ ਵਤੀਰਾ ਹੋਣ ਦੀ ਸੰਭਾਵਨਾ ਰੱਖਦਾ ਹੈ। ਦੂਜਾ ਵਧੇਰੇ ਕੁਦਰਤੀ ਤੇ ਪੁੰਗਰੇ

ਹੋਏ ਵਤੀਰੇ ਨੂੰ ਦਰਸਾਂਦਾ ਹੈ। ਸਭਿਅਤਾ ਦਾ ਨਿਰਭਰ ਇੰਨਾ ਮਨੁੱਖੀ ਸੁਭਾਅ ਤੇ ਜਜ਼ਬੇ ਦੇ ਵਿਕਾਸ 'ਤੇ ਨਿਰਭਰ ਨਹੀਂ ਜਿੰਨਾ ਵਿਗਿਆਨਕ ਤੇ ਮਸ਼ੀਨੀ ਤਰੱਕੀ 'ਤੇ ਨਿਰਭਰ ਹੈ। ਪਰ ਸ੍ਰੇਸ਼ਟਾਚਾਰ ਕੁਝ ਮਨੁੱਖੀ ਅੰਦਰੇ ਦਾ ਵਿਗਸਤ ਰੂਪ ਹੈ, ਇਸ ਦਾ ਆਧਾਰ ਵਧੇਰੇ ਮਨੁੱਖੀ ਜਜ਼ਬੇ, ਦਿਮਾਗ਼ ਤੇ ਆਤਮਾ ਦਾ ਸਾਂਵਾ-ਪਨ ਹੈ। ਪਰ ਕਲਚਰ ਸ਼ਬਦ, ਇਨ੍ਹਾਂ ਦੋਹਾਂ ਤੋਂ ਇਸ ਅਰਥ ਵਿਚ ਵੱਖਰਾ ਹੈ ਕਿ ਉਸ ਵਿਚ ਜ਼ੋਰ ਇਸ ਸੰਭਾਵਨਾ 'ਤੇ ਹੈ ਕਿ ਵਤੀਰਾ ਢਾਲਿਆ ਜਾ ਸਕਦਾ ਹੈ, ਉਸ ਨੂੰ ਆਦਰਸ਼ਕ ਨਮੂਨੇ 'ਤੇ ਉਸਾਰਿਆ ਜਾ ਸਕਦਾ ਹੈ। ਭਾਵ ਉਸ ਵਿਚ ਮਨੁੱਖੀ ਮਨ ਦੇ ਬਲ ਦਾ ਇਸ਼ਾਰਾ ਹੈ ਕਿ ਮਨੁੱਖੀ ਮਨ ਜੇ ਚਾਹੇ ਤਾਂ ਸ੍ਰੇਸ਼ਟਾਚਾਰ ਪ੍ਰਾਪਤ ਕਰ ਸਕਦਾ ਹੈ।

ਕਲਚਰਲ ਪ੍ਰੋਗਰਾਮਾਂ ਦਾ ਫ਼ਲਸਫ਼ਾ ਇਹ ਹੈ ਕਿ ਜੇ ਮਨੁੱਖ ਨੂੰ ਚੰਗੀ ਪ੍ਰੇਰਨਾ ਦਿੱਤੀ ਜਾਏ ਤਾਂ ਉਹ ਸ੍ਰੇਸ਼ਟਾਚਾਰ ਪ੍ਰਾਪਤ ਕਰ ਸਕਦਾ ਹੈ। ਮੰਤਵ ਇਨ੍ਹਾਂ ਸਾਰੇ ਪ੍ਰੋਗਰਾਮਾਂ ਦਾ ਸ੍ਰੇਸ਼ਟਾਚਾਰ ਹੀ ਹੈ। ਉਪਰਲੀ ਬਹਿਸ ਕੇਵਲ ਥੋੜ੍ਹੇ ਜਿਹੇ ਸ਼ਬਦੀ-ਭੇਦ ਨੂੰ ਪ੍ਰਗਟ ਕਰਨ ਲਈ ਕੀਤੀ ਗਈ ਹੈ। ਤਰੀਕੇ ਹਰ ਥਾਂ ਸਭਿਆਚਾਰ ਲਈ ਵੱਖਰੇ ਵੱਖਰੇ ਵਰਤੇ ਜਾਂਦੇ ਹਨ ਤੇ ਹਰ ਕੌਮ ਦਾ ਕਿਸੇ ਨਾ ਕਿਸੇ ਹੱਦ ਤਕ ਵੱਖਰਾ ਸ੍ਰੇਸ਼ਟਾਚਾਰ ਹੁੰਦਾ ਹੈ ਕਿਉਂਕਿ ਹਰ ਕੌਮ ਦੀ ਨਸਲੀ ਬਣਤਰ ਵੱਖਰੀ ਹੁੰਦੀ ਹੈ ਤੇ ਜਿਸ ਜਲਵਾਯੂ ਵਿਚ ਕੌਮ ਪਲ ਰਹੀ ਹੁੰਦੀ ਹੈ ਉਹ ਦੂਜਿਆਂ ਤੋਂ ਵੱਖਰੀ ਹੁੰਦੀ ਹੈ। ਜਿਸ ਕਿਸਮ ਦੇ ਗੁਰੂ ਤੇ ਆਗੂ ਕਿਸੇ ਕੌਮ ਨੂੰ ਪ੍ਰਾਪਤ ਹੁੰਦੇ ਹਨ, ਉਹ ਵੀ ਦੂਜਿਆਂ ਤੋਂ ਵੱਖਰੇ ਹੁੰਦੇ ਹਨ। ਹਰ ਕੌਮ ਦੇ ਆਪਣੇ ਰਾਜਸੀ ਤੇ ਆਰਥਕ ਹਾਲਾਤ ਹੁੰਦੇ ਹਨ ਤੇ ਸਭ ਤੋਂ ਵੱਡੀ ਗੱਲ ਹਰ ਕੌਮ ਦਾ ਆਪਣਾ ਆਪਣਾ ਮੂਲ ਪ੍ਰੇਰਨਾ ਦਾ ਆਧਾਰ ਹੁੰਦਾ ਹੈ। ਸਿਖ ਸਭਿਆਚਾਰ ਦਾ ਮੂਲ ਜਾਂ ਆਧਾਰ ਗੁਰੂ ਗ੍ਰੰਥ ਸਾਹਿਬ ਹੀ ਹੈ।

ਉੱਪਰ-ਦੱਸੇ ਵਿਚਾਰ ਤੋਂ ਇਹ ਤਾਂ ਪਤਾ ਲੱਗਦਾ ਹੈ ਕਿ ਸਭਿਆਚਾਰ ਦਾ ਭਾਵ ਸੱਭਯ ਜਾਂ ਉੱਤਮ ਵਤੀਰਾ ਹੈ, ਪਰ ਇਹ ਕੈਸੇ ਲੋਕਾਂ ਦਾ ਵਤੀਰਾ ਹੋ ਸਕਦਾ ਹੈ ਤੇ ਕਿਵੇਂ ਪਤਾ ਲੱਗਦਾ ਹੈ ਕਿ ਇਹ ਵਤੀਰਾ ਉੱਤਮ ਹੈ ? ਇਸ ਗੱਲ ਦੇ ਕਈ ਉੱਤਰ ਦਿਤੇ ਗਏ ਹਨ, ਪਰ ਮੈਨੂੰ ਆਰਨਲਡ (Arnold) ਦਾ ਉੱਤਰ ਪਸੰਦ ਹੈ ਤੇ ਬਾਕੀ ਵੀ ਲਗਪਗ ਉਸ ਨਾਲ ਸਹਿਮਤ ਹਨ। ਭਾਵ ਇਹ ਕਿ ਸਭਿਆਚਾਰ ਗਿਆਨੀ ਪੁਰਖ ਦਾ ਵਤੀਰਾ ਹੈ ਤੇ ਇਸ ਦਾ ਲੱਛਣ ਮਿਠਾਸ ਜਾਂ ਮਧੁਰਤਾ ਹੈ। Light ਤੇ Sweetness (ਪ੍ਰਕਾਸ਼ ਤੇ ਮਿਠਾਸ) ਚੰਗੇ ਵਤੀਰੇ ਲਈ ਜ਼ਰੂਰੀ ਹਨ। ਦੂਜਾ, ਚੰਗੇ ਵਤੀਰੇ ਵਾਲੇ ਆਦਮੀ ਦਾ ਪਤਾ ਉਸ ਦੇ ਵਤੀਰੇ ਦੀ ਮਿਠਾਸ, ਮਿੱਠੀ ਬੋਲ-ਚਾਲ, ਮਿੱਠੀ ਰਹਿਣੀ ਬਹਿਣੀ ਜਾਂ 'ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ' (ਪੰਨਾ ੪੭੦) ਵਿਚੋਂ ਲੱਗਦਾ ਹੈ। ਗਿਆਨੀ ਪੁਰਸ਼ ਵਿਚ ਨਿਮਰਤਾ ਹੈ ਤੇ ਉਸ ਦੇ ਵਤੀਰੇ ਵਿਚ ਨਿਮਰਤਾ ਕਰਕੇ ਮਿਠਾਸ ਹੈ।

ਗੁਰੂ ਗ੍ਰੰਥ ਸਾਹਿਬ ਵਿਚ ਗੁਰਮੁਖ, ਬ੍ਰਹਮ ਗਿਆਨੀ, ਸੰਤ, ਸਾਧ, ਸਿੱਧ, ਫ਼ਕੀਰ ਆਦਿ ਸ਼ਬਦ ਸਭਿਆਚਾਰੀ ਲੋਕਾਂ ਵਾਸਤੇ ਵਰਤੇ ਗਏ ਹਨ, ਤੇ ਗੁਰੂ ਗ੍ਰੰਥ ਸਾਹਿਬ ਵਿਚ ਹੀ ਉਹ ਤਰੀਕੇ ਦੱਸੇ ਹੋਏ ਹਨ, ਜਿਨ੍ਹਾਂ ਨਾਲ ਸਭਿਆਚਾਰ ਵਾਲਾ ਬਣੀਦਾ ਹੈ। ਉਨ੍ਹਾਂ ਵਿਚੋਂ ਕਈ ਤਰੀਕੇ ਵਧੇਰੇ ਡੂੰਘੀ ਵਿਚਾਰ ਮੰਗਦੇ ਹਨ, ਪਰ ਮੈਂ ਕੇਵਲ ਕੁਝ ਸਾਧਾਰਨ ਜਿਹੀਆਂ ਗੱਲਾਂ ਗੁਰੂ ਗ੍ਰੰਥ ਸਾਹਿਬ ਦੇ ਆਧਾਰ 'ਤੇ ਦੱਸਣ ਦਾ ਯਤਨ ਕਰਦਾ ਹਾਂ।

ਮੈਂ ਦੱਸਿਆ ਹੈ ਕਿ ਕਲਚਰ ਵਿਚ ਇਹ ਗੱਲ ਸ਼ਾਮਲ ਹੈ ਕਿ ਮਨੁੱਖੀ ਵਤੀਰਾ ਢਾਲਿਆ ਜਾ ਸਕਦਾ ਹੈ। ਇਹ ਗੱਲ ਕਹਿਣ ਵਿਚ ਹੀ ਕਈ ਗੱਲਾਂ ਸ਼ਾਮਲ ਹਨ। ਆਧਾਰ ਤੇ ਸਿਖ ਕਲਚਰ ਦਾ ਗੁਰੂ ਗ੍ਰੰਥ ਸਾਹਿਬ ਹੈ, ਇਸ ਗੱਲ 'ਤੇ ਸਾਰੇ ਸਹਿਮਤ ਹੋ ਜਾਣਗੇ ਪਰ ਵਿਚਾਰ ਇਹ ਹੈ ਕਿ ਕੀ ਇਸ ਦਾ ਭਾਵ ਕਿਸੇ ਤਰ੍ਹਾਂ ਇਹ ਵੀ ਹੈ ਕਿ ਮਨੁੱਖ ਦੀ ਸੁਤੰਤਰ ਮਰਜ਼ੀ ਰੱਖੀ ਗਈ ਹੈ ? ਪਰਮਾਤਮਾ ਦੇ ਲੰਮੇ ਚੌੜੇ ਪ੍ਰਬੰਧ ਤੇ ਕੁਝ ਕਾਨੂੰਨਾਂ ਵਿਚ ਮਨੁੱਖ ਦਾ ਸ੍ਵੈ-ਯਤਨ ਵੀ ਇਕ ਕਾਨੂੰਨ ਹੈ। ਇਸ ਦਾ ਭਾਵ ਕਿ ਹੋਣੀ ਜਾਂ ਮਨੁੱਖ ਦੀ ਕਿਸਮਤ ਧੁਰ ਤੋਂ ਹੀ ਮੁਕੱਰਰ ਨਹੀਂ ਹੈ ਜਾਂ ਲੇਖ ਲਿਖੇ ਹੋਏ ਨਹੀਂ ਹਨ ਜਾਂ ਲੇਖ ਖ਼ਾਸ ਕਾਨੂੰਨ ਦੇ ਅਧੀਨ ਹਨ। ਜੋ ਮਨੁੱਖ ਕਰਮ ਕਰਦਾ ਹੈ ਉਸ ਦੇ ਅਧੀਨ ਹੀ ਲਿਖੇ ਜਾਂਦੇ ਹਨ, ਭਾਵ ਸਭ ਤੋਂ ਵੱਡੀ ਗੱਲ ਮਨੁੱਖ ਦਾ ਆਪਣਾ ਕਰਮ ਹੈ। ਉਸ ਦੇ ਕਰਮ ਉਸ ਨੂੰ ਬਣਾਉਣ ਵਾਲੇ ਹਨ ਜਾਂ ਨਾਸ਼ ਕਰਨ ਵਾਲੇ ਹਨ (ਇਥੇ ਇਸ ਗੱਲ ਦਾ ਵਿਚਾਰ ਨਹੀਂ ਹੋ ਰਿਹਾ ਕਿ ਉਹ ਪਹਿਲੀ ਵਾਰੀ ਕਿਉਂ ਜਨਮ ਵਿਚ ਆਇਆ ਤੇ ਆਖ਼ਰੀ ਵਾਰੀ ਕਿਉਂ ਮੁਕਤ ਹੋਇਆ ? ਕੇਵਲ ਸ੍ਰਿਸ਼ਟੀ ਵਿਚ ਜੋ ਨਿਯਮ ਚੱਲਦੇ ਹਨ, ਉਨ੍ਹਾਂ ਦਾ ਵਰਣਨ ਕਰ ਰਹੇ ਹਾਂ।) ਮਨੁੱਖ ਦਾ ਕਰਮ ਕਿਸੇ ਹੱਦ ਤਕ ਉਸ ਦੀ ਆਪਣੀ ਸੁਤੰਤਰ ਮਰਜ਼ੀ ਦੇ ਵੀ ਅਧੀਨ ਹੈ। ਮਨੁੱਖ ਦੀ ਮਰਜ਼ੀ ਬਣਾਉਣ ਵਾਲੇ ਉਸ ਦੇ ਮਨ ਤੇ ਬੁੱਧੀ ਹਨ ਜੋ ਪਰਮਾਤਮਾ ਦੀਆਂ ਅਮੋਲਕ ਦਾਤਾਂ ਹਨ। ਭਾਵ ਜੇ ਮਨੁੱਖੀ ਮਨ ਕਿਸੇ ਤਰ੍ਹਾਂ ਪ੍ਰੇਰਤ ਹੋ ਜਾਏ ਕਿ ਉਹ ਸ੍ਰੇਸ਼ਟ ਵਤੀਰਾ ਗ੍ਰਹਿਣ ਕਰਨਾ ਚਾਹੁੰਦਾ ਹੈ ਤਾਂ ਉਹ ਇਸ ਦਸ਼ਾ ਤਕ ਪੁੱਜ ਵੀ ਜਾਏਗਾ। ਪਰਮਾਤਮਾ ਦਾ ਆਪਣਾ ਯਤਨ ਇਹੋ ਹੈ ਕਿ ਮਨੁੱਖ ਸ੍ਰੇਸ਼ਟਾਚਾਰ ਤਕ ਪਹੁੰਚੇ, ਪਰ ਉਸ ਪਾਸ ਸਾਧਨ ਵੀ ਇਹੋ ਹੀ ਹੈ ਕਿ ਉਹ ਮਨੁੱਖੀ ਮਨ ਨੂੰ ਪ੍ਰੇਰਤ ਕਰੇ। ਸੋ ਗੁਰੂ ਗ੍ਰੰਥ ਸਾਹਿਬ ਮਨੁੱਖੀ ਮਨ ਦੇ ਬਲ ਵਿਚ ਵਿਸ਼ਵਾਸ ਰੱਖਦਾ ਹੈ, ਇਸ ਗੱਲ ਵਿਚ ਵੀ ਵਿਸ਼ਵਾਸ ਰੱਖਦਾ ਹੈ ਕਿ ਕਰਮ ਤੇ ਉਨ੍ਹਾਂ ਦਾ ਫਲ ਮਨੁੱਖਤਾ ਲਈ ਸਭ ਤੋਂ ਵੱਡਾ ਕਾਨੂੰਨ ਹੈ। ਮਨੁੱਖ ਦੀ ਸੁਤੰਤਰ ਮਰਜ਼ੀ ਉਸ ਨੂੰ ਬਣਾ ਸਕਦੀ ਹੈ। ਪਰਮਾਤਮਾ ਗੁਰੂ ਨੂੰ ਇਸੇ ਲਈ ਭੇਜਦਾ ਹੈ ਕਿ ਉਹ ਮਨੁੱਖ ਦੇ ਸਾਹਮਣੇ ਆਦਰਸ਼ ਪੇਸ਼ ਕਰੇ ਤੇ ਉਸ ਦੇ ਮਨ ਨੂੰ ਪ੍ਰੇਰੇ। ਜੇ ਮਨ ਪ੍ਰੇਰਤ ਹੋ ਜਾਏ ਤਾਂ ਮਨੁੱਖ ਸ੍ਰੇਸ਼ਟਾਚਾਰ ਤਕ ਵੀ ਜ਼ਰੂਰ ਪੁੱਜ ਜਾਵੇਗਾ। ਸ੍ਰੇਸ਼ਟਾਚਾਰ ਦਾ ਬੀਜ ਪਰਮਾਤਮਾ ਨੇ ਮਨੁੱਖੀ ਮਨ ਵਿਚ ਪਹਿਲਾਂ ਹੀ ਰੱਖਿਆ ਹੈ, ਕਿਉਂਕਿ ਇਹ ਮਨ ਉਸ (ਪਰਮਾਤਮਾ) ਦੀ ਅੰਸ਼ ਹੈ ਜਾਂ 'ਜੋਤਿ ਸਰੂਪ' ਹੈ। ਗੁਰੂ ਇਕ ਬੱਦਲ ਦੀ ਤਰ੍ਹਾਂ ਹੈ, ਉਸ ਤੋਂ ਪ੍ਰੇਰਨਾ ਦੀ ਬਾਰਸ਼ ਹੁੰਦੀ ਹੈ ਤੇ ਉਹ ਅੰਕੁਰ ਫੁੱਟ ਪੈਂਦਾ ਹੈ ਤੇ ਹੌਲੇ ਹੌਲੇ ਸ੍ਰੇਸ਼ਟਾਚਾਰ ਦਾ ਬ੍ਰਿਛ ਬਣ ਜਾਂਦਾ ਹੈ। ਭਾਵ ਇਸ ਸਾਰੀ ਵਿਚਾਰ ਦਾ ਇਹ ਹੈ ਕਿ ਗੁਰੂ ਗ੍ਰੰਥ ਸਾਹਿਬ ਦਾ ਬੁਨਿਆਦੀ ਵਿਸ਼ਵਾਸ ਹੈ ਕਿ ਮਨੁੱਖੀ ਮਨ ਬੜੀ ਬਲਵਾਨ ਚੀਜ਼ ਹੈ ਤੇ ਜੇ ਉਹ ਠੀਕ ਰਸਤੇ 'ਤੇ ਤੁਰ ਪਵੇ ਤਾਂ ਉਹ ਸਭ ਕੁਝ ਕਰ ਸਕਦਾ ਹੈ।

ਪਰ ਇਸ ਸਾਰੀ ਗੱਲ ਦਾ ਅੱਜ-ਕੱਲ੍ਹ ਦੇ ਕਲਚਰਲ ਪ੍ਰੋਗਰਾਮ ਨਾਲ ਕੀ ਸੰਬੰਧ ਹੈ ? ਲੋਕ-ਨਾਚਾਂ, ਲੋਕ-ਗੀਤਾਂ ਬਾਰੇ ਗੁਰੂ ਗ੍ਰੰਥ ਸਾਹਿਬ ਕੀ ਕਹਿੰਦਾ ਹੈ ਤੇ 'ਪ੍ਰਕਾਸ਼' ਤੇ 'ਮਧੁਰਤਾ' ਬਾਰੇ ਉਸ ਦਾ ਕੀ ਵੀਚਾਰ ਹੈ ? ਅੱਜ-ਕੱਲ੍ਹ ਜੋ ਤਰੀਕੇ ਵਰਤੇ ਜਾ ਰਹੇ ਹਨ, ਉਹ ਕੁਝ ਪੂਰੇ ਹਨ ਤੇ ਕੁਝ ਊਰੇ ਹਨ। ਭਾਵੇਂ ਜਿੰਨੇ ਕਲਚਰਲ ਪ੍ਰੋਗਰਾਮ ਹੁੰਦੇ ਹਨ, ਉਨ੍ਹਾਂ ਵਿਚ 'ਮਧੁਰਤਾ' ਪੈਦਾ ਕਰਨ ਦੀ ਤੇ ਸ਼ਾਇਦ ਕੁਝ ਸਮਰੱਥਾ ਹੁੰਦੀ ਹੈ, ਪਰ

ਉਹ ਸਮਰੱਥਾ ਵੀ ਇਸ ਕਰਕੇ ਸ਼ੱਕੀ ਹੋ ਜਾਂਦੀ ਹੈ ਕਿ ਉਨ੍ਹਾਂ ਵਿਚ 'ਪ੍ਰਕਾਸ਼' ਪੈਦਾ ਕਰਨ ਦੀ ਬੜੀ ਹੀ ਘੱਟ ਸਮਰੱਥਾ ਹੁੰਦੀ ਹੈ। ਰਾਗ ਤੇ ਨਾਚ ਵਿਚ ਇਕ ਮਧੁਰ ਵਤੀਰੇ ਦੀ ਪ੍ਰੇਰਨਾ ਜ਼ਰੂਰ ਹੈ ਪਰ ਐਸੇ ਵਤੀਰੇ ਦਾ ਠੀਕ ਆਧਾਰ, ਉੱਤਮ ਵਿਚਾਰ ਜਾਂ ਗਿਆਨ ਹਨ। ਤਰੀਕਾ ਬੁਨਿਆਦੀ ਤੌਰ 'ਤੇ ਗੁਰੂ ਗ੍ਰੰਥ ਸਾਹਿਬ ਵਿਚ ਸਭਿਆਚਾਰ ਪੈਦਾ ਕਰਨ ਲਈ ਅੱਜ-ਕੱਲ੍ਹ ਵਾਲਾ ਹੀ ਵਰਤਿਆ ਗਿਆ ਹੈ। ਭਾਵ ਰਾਗ ਨੂੰ ਅਪਣਾਇਆ ਗਿਆ ਹੈ ਤੇ ਰਾਗ ਮਧੁਰਤਾ ਹੈ। ਦੂਜੇ ਲੋਕ-ਕਾਵਿ ਰੂਪ ਹੀ ਅਪਣਾਏ ਹਨ—ਘੋੜੀਆਂ, ਅਲਾਹਣੀਆਂ, ਬਾਰਹਮਾਹਾ, ਵਾਰਾਂ, ਵਣਜਾਰਾ, ਕਰਹਲੇ, ਪਹਿਰੇ, ਸੁਚਜੀ, ਕੁਚਜੀ ਆਦਿ। ਪਰ ਫ਼ਰਕ ਇਸ ਗੱਲ ਵਿਚ ਹੈ ਕਿ ਜੋ 'ਗਿਆਨ' ਜਾਂ 'ਪ੍ਰਕਾਸ਼' ਇਨ੍ਹਾਂ ਕਾਵਿ-ਵੰਨਗੀਆਂ ਤੇ ਰਾਗਾਂ ਵਿਚ ਪਾਇਆ ਗਿਆ ਹੈ ਉਹ ਲੋਕ-ਗੀਤਾਂ ਵਿਚ ਨਹੀਂ ਹੈ ਤੇ ਉਹ ਹੀ ਸ੍ਰੇਸ਼ਟਾਚਾਰ ਦਾ ਮੂਲ ਹੈ। ਲੋਕ-ਗੀਤ ਆਪਣੇ ਆਪ ਵਿਚ ਸਤਿਕਾਰ-ਯੋਗ ਅਸਥਾਨ ਰੱਖਦੇ ਹਨ ਪਰ ਗੁਰੂ ਸਾਹਿਬਾਨ ਨੇ ਲੋਕ-ਕਵਿਤਾ ਨੂੰ ਕਿਉਂ ਨਵੇਂ ਮਜ਼ਮੂਨ ਦਿਤੇ—ਇਹ ਵੀ ਵਿਚਾਰਨ ਵਾਲੀ ਗੱਲ ਹੈ। ਗੁਰੂ ਗ੍ਰੰਥ ਸਾਹਿਬ ਰਾਗਾਂ ਵਿਚ ਤੇ ਲੋਕ-ਕਾਵਿ-ਵੰਨਗੀਆਂ ਵਿਚ ਨਵਾਂ 'ਪ੍ਰਕਾਸ਼' ਦੇਣ ਵਾਲੀ ਚੀਜ਼ ਹੈ, ਇਹ 'ਪ੍ਰਕਾਸ਼' ਸ੍ਰੇਸ਼ਟਾਚਾਰ ਦੀਆਂ ਸਹੀ ਕੀਮਤਾਂ ਹਨ। ਭਾਵ ਕੇਵਲ ਗੁਰਬਾਣੀ ਦਾ ਸੁਰੀਲਾ ਰਾਗ-ਮਈ ਕੀਰਤਨ ਹੀ ਸ੍ਰੇਸ਼ਟਾਚਾਰ ਦੇ ਸਕਦਾ ਹੈ। ਸੁਰੀਲਾ ਹੋਣ ਕਰਕੇ ਮਨ ਨੂੰ ਪ੍ਰਭਾਵਤ ਕਰਨ ਦੀ ਸਮਰੱਥਾ ਉਸ ਵਿਚ ਪੈਦਾ ਹੁੰਦੀ ਹੈ ਪਰ ਪ੍ਰਭਾਵਤ ਹੋਏ ਮਨ ਨੂੰ ਨਰੋਏ ਤੇ ਸੁੱਚੇ ਵਿਚਾਰ ਦੇਣ ਦੀ ਲੋੜ ਹੈ ਤੇ ਗੁਰੂ ਗ੍ਰੰਥ ਸਾਹਿਬ ਵਿਚ ਲੋਕ-ਕਾਵਿ-ਵੰਨਗੀਆਂ ਵਿਚ ਇਹ ਵਿਚਾਰ ਭਰੇ ਪਏ ਹਨ। ਇਸ ਦਾ ਥੋੜ੍ਹਾ ਜਿਹਾ ਵਿਚਾਰ ਹੇਠਾਂ ਕਰਦੇ ਹਾਂ ਤੇ ਇਨ੍ਹਾਂ ਦਾ ਉਨ੍ਹਾਂ ਗੀਤਾਂ ਨਾਲ ਮੁਕਾਬਲਾ ਕਰ ਲੈਣਾ ਕਿ ਉਨ੍ਹਾਂ ਵਿਚ ਜ਼ਿੰਦਗੀ ਦੀਆਂ ਵਧੇਰੇ ਸਹੀ ਕੀਮਤਾਂ ਹਨ ਜਾਂ ਇਨ੍ਹਾਂ ਵਿਚ। ਜ਼ਿੰਦਗੀ ਕੇਵਲ ਇੱਥੇ ਦਾ ਮੌਜ-ਮੇਲਾ ਨਹੀਂ ਤੇ ਕੇਵਲ ਪਰੀਆਂ ਦੇ ਦੇਸ਼ਾਂ ਵਿਚ ਪੁੱਜਿਆਂ, ਜਿੱਥੇ ਆਮ ਗੀਤ ਪੁਚਾਂਦੇ ਹਨ, ਇਹ ਮੇਲਾ ਵੀ ਪ੍ਰਾਪਤ ਨਹੀਂ ਹੋ ਸਕਦਾ। ਸਗੋਂ ਜ਼ਿੰਦਗੀ ਇਕ ਮਹਾਨ ਆਦਰਸ਼ 'ਤੇ ਪਲਦੀ ਹੈ ਤੇ ਉਹ ਆਦਰਸ਼ ਮੌਜ-ਮੇਲੇ ਤੋਂ ਬਹੁਤ ਉੱਚੀ ਚੀਜ਼ ਹੈ, ਉਸ ਦਾ ਗਿਆਨ ਹੀ ਸਭਿਆਚਾਰ ਦਾ ਆਧਾਰ ਹੈ।

ਗੁਰੂ ਗ੍ਰੰਥ ਸਾਹਿਬ ਵਿਚੋਂ ਲੋਕ-ਕਾਵਿ-ਵੰਨਗੀਆਂ ਦੇ ਕੁਝ ਨਮੂਨੇ ਹੇਠਾਂ ਦਿਤੇ ਹਨ:

੧. ਭਰਿ ਜੋਬਨਿ ਮੈ ਮਤ ਪੇਈਅੜੈ ਘਰਿ ਪਾਹੁਣੀ ਬਲਿਰਾਮ ਜੀਉ ॥
ਮੈਲੀ ਅਵਗਣਿ ਚਿਤਿ ਬਿਨੁ ਗੁਰ ਗੁਣ ਨ ਸਮਾਵਨੀ ਬਲਿਰਾਮ ਜੀਉ ॥
ਗੁਣ ਸਾਰ ਨ ਜਾਣੀ ਭਰਮਿ ਭੁਲਾਣੀ ਜੋਬਨੁ ਬਾਦਿ ਗਵਾਇਆ ॥
ਵਰੁ ਘਰੁ ਦਰੁ ਦਰਸਨੁ ਨਹੀ ਜਾਤਾ ਪਿਰ ਕਾ ਸਹਜੁ ਨ ਭਾਇਆ ॥
ਸਤਿਗੁਰ ਪੂਛਿ ਨ ਮਾਰਗਿ ਚਾਲੀ ਸੂਤੀ ਰੈਣਿ ਵਿਹਾਣੀ ॥
ਨਾਨਕ ਬਾਲਤਣਿ ਰਾਡੇਪਾ ਬਿਨੁ ਪਿਰ ਧਨ ਕੁਮਲਾਣੀ ॥੧॥
ਬਾਬਾ ਮੈ ਵਰੁ ਦੇਹਿ ਮੈ ਹਰਿ ਵਰੁ ਭਾਵੈ ਤਿਸ ਕੀ ਬਲਿਰਾਮ ਜੀਉ ॥
ਰਵਿ ਰਹਿਆ ਜੁਗ ਚਾਰਿ ਤ੍ਰਿਭਵਣ ਬਾਣੀ ਜਿਸ ਕੀ ਬਲਿਰਾਮ ਜੀਉ ॥
ਤ੍ਰਿਭਵਣ ਕੰਤੁ ਰਵੈ ਸੋਹਾਗਣਿ ਅਵਗਣਵੰਤੀ ਦੂਰੇ ॥

ਜੈਸੀ ਆਸਾ ਤੈਸੀ ਮਨਸਾ ਪੂਰਿ ਰਹਿਆ ਭਰਪੂਰੇ ॥
ਹਰਿ ਕੀ ਨਾਰਿ ਸੁ ਸਰਬ ਸੁਹਾਗਣਿ ਰਾਂਡ ਨ ਮੈਲੈ ਵੇਸੇ ॥
ਨਾਨਕ ਮੈ ਵਰੁ ਸਾਚਾ ਭਾਵੈ ਜੁਗਿ ਜੁਗਿ ਪ੍ਰੀਤਮ ਤੈਸੇ ॥੨॥

*(ਸੂਹੀ ਮ: ੧ ਛੰਤ, ਪੰਨਾ ੭੬੩)*

੨. ਜਾ ਤੂ ਤਾ ਮੈ ਸਭੁ ਕੋ ਤੂ ਸਾਹਿਬੁ ਮੇਰੀ ਰਾਸਿ ਜੀਉ ॥
ਤੁਧੁ ਅੰਤਰਿ ਹਉ ਸੁਖਿ ਵਸਾ ਤੂੰ ਅੰਤਰਿ ਸਾਬਾਸਿ ਜੀਉ ॥
ਭਾਣੈ ਤਖਤਿ ਵਡਾਈਆ ਭਾਣੈ ਭੀਖ ਉਦਾਸਿ ਜੀਉ ॥
ਭਾਣੈ ਥਲ ਸਿਰਿ ਸਰੁ ਵਹੈ ਕਮਲੁ ਫੁਲੈ ਆਕਾਸਿ ਜੀਉ ॥
ਭਾਣੈ ਭਵਜਲੁ ਲੰਘੀਐ ਭਾਣੈ ਮੰਝਿ ਭਰੀਆਸਿ ਜੀਉ ॥
ਭਾਣੈ ਸੋ ਸਹੁ ਰੰਗੁਲਾ ਸਿਫਤਿ ਰਤਾ ਗੁਣਤਾਸਿ ਜੀਉ ॥
ਭਾਣੈ ਸਹੁ ਭੀਹਾਵਲਾ ਹਉ ਆਵਣਿ ਜਾਣਿ ਮੁਈਆਸਿ ਜੀਉ ॥

*(ਸੂਹੀ ਮ: ੧ ਸੁਚਜੀ, ਪੰਨਾ ੭੬੨)*

੩. ਜਿਨਿ ਜਿਨਿ ਨਾਮੁ ਧਿਆਇਆ ਤਿਨ ਕੇ ਕਾਜ ਸਰੇ ॥
ਹਰਿ ਗੁਰੁ ਪੂਰਾ ਆਰਾਧਿਆ ਦਰਗਹ ਸਚਿ ਖਰੇ ॥
ਸਰਬ ਸੁਖਾ ਨਿਧਿ ਚਰਣ ਹਰਿ ਭਉਜਲੁ ਬਿਖਮੁ ਤਰੇ ॥
ਪ੍ਰੇਮ ਭਗਤਿ ਤਿਨ ਪਾਈਆ ਬਿਖਿਆ ਨਾਹਿ ਜਰੇ ॥
ਕੂੜ ਗਏ ਦੁਬਿਧਾ ਨਸੀ ਪੂਰਨ ਸਚਿ ਭਰੇ ॥
ਪਾਰਬ੍ਰਹਮੁ ਪ੍ਰਭੁ ਸੇਵਦੇ ਮਨ ਅੰਦਰਿ ਏਕੁ ਧਰੇ ॥
ਮਾਹ ਦਿਵਸ ਮੂਰਤ ਭਲੇ ਜਿਨ ਕਉ ਨਦਰਿ ਕਰੇ ॥
ਨਾਨਕੁ ਮੰਗੈ ਦਰਸ ਦਾਨੁ ਕਿਰਪਾ ਕਰਹੁ ਹਰੇ ॥੧੪॥੧॥

*(ਮਾਂਝ ਮ: ੫, ਬਾਰਹਮਾਹਾ, ਪੰਨਾ ੧੩੬)*

੪. ਦੇਹ ਤੇਜਣਿ ਜੀ ਰਾਮਿ ਉਪਾਈਆ ਰਾਮ ॥
ਧੰਨੁ ਮਾਣਸ ਜਨਮੁ ਪੁੰਨਿ ਪਾਈਆ ਰਾਮ ॥
ਮਾਣਸ ਜਨਮੁ ਵਡਪੁੰਨੇ ਪਾਇਆ ਦੇਹ ਸੁ ਕੰਚਨ ਚੰਗੜੀਆ ॥
ਗੁਰਮੁਖਿ ਰੰਗੁ ਚਲੂਲਾ ਪਾਵੈ ਹਰਿ ਹਰਿ ਹਰਿ ਨਵ ਰੰਗੜੀਆ ॥
ਏਹ ਦੇਹ ਸੁ ਬਾਂਕੀ ਜਿਤੁ ਹਰਿ ਜਾਪੀ ਹਰਿ ਹਰਿ ਨਾਮਿ ਸੁਹਾਵੀਆ ॥
ਵਡਭਾਗੀ ਪਾਈ ਨਾਮੁ ਸਖਾਈ ਜਨ ਨਾਨਕ ਰਾਮਿ ਉਪਾਈਆ ॥੧॥

*(ਵਡਹੰਸੁ ਮ: ੪ ਘੋੜੀਆ, ਪੰਨਾ ੫੭੫)*

੫. ਬਾਬਾ ਆਇਆ ਹੈ ਉਠਿ ਚਲਣਾ ਇਹੁ ਜਗੁ ਝੂਠੁ ਪਸਾਰੋਵਾ ॥
ਸਚਾ ਘਰੁ ਸਚੜੇ ਸੇਵੀਐ ਸਚੁ ਖਰਾ ਸਚਿਆਰੋਵਾ ॥
ਕੂੜਿ ਲਬਿ ਜਾ ਥਾਇ ਨ ਪਾਸੀ ਅਗੈ ਲਹੈ ਨ ਠਾਓ ॥
ਅੰਤਰਿ ਆਉ ਨ ਬੈਸਹੁ ਕਹੀਐ ਜਿਉ ਸੁੰਞੈ ਘਰਿ ਕਾਓ ॥
ਜੰਮਣੁ ਮਰਣੁ ਵਡਾ ਵੇਛੋੜਾ ਬਿਨਸੈ ਜਗੁ ਸਬਾਏ ॥
ਲਬਿ ਧੰਧੈ ਮਾਇਆ ਜਗਤੁ ਭੁਲਾਇਆ ਕਾਲੁ ਖੜਾ ਰੂਆਏ ॥੧॥

*(ਵਡਹੰਸੁ ਮ: ੧ ਅਲਾਹਣੀਆ, ਪੰਨਾ ੫੮੧-੮੨)*

ਇਹ ਸਭ ਲੋਕ-ਕਾਵਿ-ਵੰਨਗੀਆਂ ਦੇ ਨਮੂਨੇ ਹਨ ਪਰ ਇਨ੍ਹਾਂ ਦਾ ਵਿਚਾਰਾਤਮਕ ਪੱਧਰ ਅਤਿ ਸੁਖਦਾਈ ਤੇ ਲਾਭਕਾਰੀ ਹੈ। 'ਛੰਤ' ਸੂਹੀ ਵਿਚ ਇਸ਼ਾਰਾ ਹੈ ਕਿ ਪਹਿਲਾਂ ਵਰ ਦੇ ਯੋਗ ਬਣਨਾ ਚਾਹੀਦਾ ਹੈ, ਗੁਣ ਹੀ ਯੋਗਤਾ ਹਨ; 'ਸੁਚਜੀ' ਉਹ ਹੈ ਜੋ ਪਤੀ ਦੇ ਭਾਣੇ ਵਿਚ ਹੈ, ਉਸ ਦੇ ਸੁਖ ਵਿਚ ਸੁਖ ਤੇ ਦੁਖ ਵਿਚ ਵੀ ਸੁਖ। 'ਬਾਰਹਮਾਹਾ' ਅਨੁਸਾਰ ਸਾਰੇ ਵਕਤ ਸੁਹਾਵਣੇ ਹਨ, ਜੇ ਆਪਣੇ ਆਚਾਰ ਦੁਆਰਾ ਪਰਮਾਤਮਾ ਨੂੰ ਰਿਝਾ ਲਿਆ ਜਾਏ। 'ਘੋੜੀਆਂ' ਦਾ ਸੰਦੇਸ਼ ਹੈ ਕਿ ਸਰੀਰ ਬੜੇ ਕੰਮ ਦੀ ਚੀਜ਼ ਹੈ, ਇਸੇ ਦੁਆਰਾ ਨਾਮ ਜਪਿਆ ਜਾ ਸਕਦਾ ਹੈ। 'ਅਲਾਹਣੀਆਂ' ਦਾ ਸੰਦੇਸ਼ ਹੈ ਕਿ ਸਾਡੇ ਕਰਮਾਂ ਅਨੁਸਾਰ ਜ਼ਰੂਰ ਨਿਬੇੜਾ ਹੋਣਾ ਹੈ, ਇਸ ਲਈ ਸੰਭਲ ਕੇ ਤੁਰਨਾ ਚਾਹੀਦਾ ਹੈ। ਇਹ ਬਲਵਾਨ ਖ਼ਿਆਲ ਜੀਵਨ ਨੂੰ ਬਲਵਾਨ ਤੇ ਨਰੋਆ ਬਣਾਂਦੇ ਹਨ, ਇਹ ਅਸਲ ਸ੍ਰੇਸ਼ਟਾਚਾਰ ਦਿੰਦੇ ਹਨ। ਆਮ ਲੋਕ-ਗੀਤ ਪਿਆਰ ਆਦਿ ਦੇ ਅੱਜ-ਕੱਲ੍ਹ ਪੜ੍ਹੇ ਜਾਂਦੇ ਹਨ, ਕਲਚਰਲ ਪ੍ਰੋਗਰਾਮਾਂ ਵਿਚ; ਲੋਕ ਸੁਆਦ ਮਿੱਠੀ ਆਵਾਜ਼ ਦਾ ਮਾਣਦੇ ਹਨ ਪਰ ਉਨ੍ਹਾਂ 'ਚੋਂ ਸਿਖਦੇ ਕੀ ਹਨ ? ਇਹ ਵਿਚਾਰ-ਯੋਗ ਹੈ।

ਇਹ ਗੱਲ ਵੀ ਵਿਚਾਰ-ਯੋਗ ਹੈ ਕਿ ਕੀਰਤਨ ਵਿਚ ਕੇਵਲ ਚਉਪਦੇ ਭਾਵ ਛੋਟੇ ਸ਼ਬਦ ਹੀ ਪੜ੍ਹੇ ਜਾਂਦੇ ਹਨ; ਮੌਤ 'ਤੇ ਵੀ ਅਲਾਹਣੀਆਂ ਘੱਟ ਹੀ ਸੁਣੀਦੀਆਂ ਹਨ। ਕੀਰਤਨ ਵਿਚ, ਵਿਆਹ 'ਤੇ ਵੀ 'ਘੋੜੀਆਂ' ਤੇ 'ਛੰਤ' ਕਦੇ ਨਹੀਂ ਸੁਣੇ ਗਏ; 'ਸੁਚਜੀ' ਦਾ ਸੰਦੇਸ਼ ਨਹੀਂ ਦਿੱਤਾ ਜਾਂਦਾ। ਇਹ ਸਾਰੀਆਂ ਵੰਨਗੀਆਂ ਗੁਰੂ ਸਾਹਿਬ ਨੇ ਕਿਸੇ ਮਨੋਵਿਗਿਆਨ ਨੂੰ ਸਾਹਮਣੇ ਰੱਖ ਕੇ ਹੀ ਲਿਖੀਆਂ ਸਨ। ਸਮੇਂ, ਮੌਕੇ ਤੇ ਇਨ੍ਹਾਂ ਤੋਂ ਲਾਭ ਪ੍ਰਾਪਤ ਕਰਨ ਦਾ ਯਤਨ ਕਰਨਾ ਚਾਹੀਦਾ ਹੈ। ਸਿਖ ਦੀ ਆਤਮਕ, ਮਾਨਸਕ ਸਿਖਲਾਈ ਲਈ ਗੁਰੂ ਗ੍ਰੰਥ ਸਾਹਿਬ ਵਿਚ ਸਭ ਕੁਝ ਹੈ।

## ਸਾਰ

(੧) ਮਨ ਨੂੰ ਭਰਮਾਂ ਵਿਚੋਂ ਕੱਢ ਕੇ, ਇਸ ਨੂੰ ਆਪਣੇ ਆਪ ਦੀ ਮਹਾਨਤਾ ਦਾ ਪਤਾ ਕਰਾ ਦੇਣਾ ਹੀ ਸ੍ਰੇਸ਼ਟਾਚਾਰ ਦਾ ਮੁੱਢ ਹੈ; ਗੁਰੂ ਗ੍ਰੰਥ ਸਾਹਿਬ ਮਨ ਦੀ ਸਮਰੱਥਾ ਵਿਚ ਵਿਸ਼ਵਾਸ ਬਣਾਂਦਾ ਹੈ। ਮਨ ਜਿਸ ਆਦਰਸ਼ ਦਾ ਸੇਵਨ ਕਰਦਾ ਹੈ, ਉਹੋ ਜਿਹਾ ਬਣ ਜਾਂਦਾ ਹੈ।

(੨) ਮਧੁਰਤਾ ਜਾਂ ਸੰਗੀਤਕ, ਕਾਵਿਕ ਮਿਠਾਸ ਮਨ ਨੂੰ ਪ੍ਰਭਾਵਤ ਕਰਨ ਵਿਚ ਬਹੁਤ ਸਹਾਇਕ ਹੈ। ਪੱਕੇ ਰਾਗ ਵਧੇਰੇ ਮਧੁਰਤਾ ਰੱਖਦੇ ਹਨ। ਉਨ੍ਹਾਂ ਰਾਗਾਂ ਵਿਚ ਗਾਈ ਬਾਣੀ ਤੇ ਉਨ੍ਹਾਂ ਦੇ ਅਨੁਕੂਲ ਸਮਝੀ ਗੁਰਬਾਣੀ, ਬਾਣੀ ਦੀ ਮਹਾਨਤਾ ਨੂੰ ਵਧੇਰੇ ਪ੍ਰਗਟ ਕਰਦੀ ਹੈ। ਗੁਰੂ ਸਾਹਿਬ ਨੇ ਰੱਬ ਨੂੰ ਸਭਿਆਚਾਰ ਪੈਦਾ ਕਰਨ ਲਈ ਹੀ ਵਰਤਿਆ ਹੈ। ਰਾਗ ਸਮੇਂ, ਮੌਸਮ, ਰੁੱਤ ਆਦਿ ਅਨੁਕੂਲ ਹੀ ਪ੍ਰਭਾਵਤ ਕਰਨ ਦੀ ਸਮਰੱਥਾ ਰੱਖਦੇ ਹਨ। ਗੁਰਬਾਣੀ ਵਿਚ ਇਸ ਗੱਲ ਦਾ ਵਿਚਾਰ ਹੈ।

(੩) ਪਰ ਕੇਵਲ ਮਧੁਰਤਾ ਕਾਫ਼ੀ ਨਹੀਂ ਹੈ। ਸਿਨਮੇ ਆਦਿ ਵਿਚ ਵੀ ਜਦੋਂ ਗਾਣੇ ਗਾਏ ਜਾ ਰਹੇ ਹੁੰਦੇ ਹਨ ਤਾਂ ਮਧੁਰਤਾ ਉਨ੍ਹਾਂ ਵਿਚ ਹੁੰਦੀ ਹੈ ਪਰ ਜੇ ਉਹੋ ਗਾਣੇ ਮੁੜ ਆਪ ਕਵਿਤਾ ਦੇ ਤੌਰ 'ਤੇ ਪੜ੍ਹੇ ਜਾਣ ਤਾਂ ਉਨ੍ਹਾਂ ਵਿਚੋਂ ੯੯ ਫ਼ੀ ਸਦੀ ਬਿਲਕੁਲ ਬੋਦੇ ਹੁੰਦੇ ਹਨ, ਉਨ੍ਹਾਂ ਵਿਚ ਉਭਾਰਨ ਦੀ ਕੋਈ ਸ਼ਕਤੀ ਨਹੀਂ ਹੁੰਦੀ। ਮਧੁਰਤਾ ਤੋਂ

ਵੱਧ ਜ਼ਰੂਰੀ ਚੀਜ਼ ਉੱਚ ਵਿਚਾਰ ਹਨ, ਤੇ ਇਹ ਗੁਰਬਾਣੀ ਦਾ ਅਸਲ ਰੂਪ ਹਨ। ਉਹ ਵਿਚਾਰ ਗੁਰੂ ਦਾ ਹਿਰਦਾ ਹਨ।

(੪) ਉੱਚੇ ਵਿਚਾਰ ਉਹ ਹਨ ਜੋ ਅਸਲੀਅਤ ਦੇ ਵੱਧ ਤੋਂ ਵੱਧ ਨੇੜੇ ਹਨ। ਜਿਨ੍ਹਾਂ ਦਾ ਆਧਾਰ 'ਸਤਿ' ਹੈ, ਸਚਾਈ ਹੈ ਤੇ ਜੀਵਨ ਦੀਆਂ ਬ੍ਰਹਿਮੰਡਕ ਤੇ ਸਦੀਵੀ ਕੀਮਤਾਂ ਹਨ; ਜਿਹੜੇ ਨਿਖੇੜਾ ਕਰਦੇ ਹਨ ਕਿ ਨਾਸ਼ਮਾਨ ਜਾਂ ਥੋੜ੍ਹ-ਚਿਰੀ ਚੀਜ਼ ਕੀ ਹੈ ਤੇ ਸਦੀਵੀ ਕੀ ਹੈ। ਇਹ ਤੇ ਮਨੁੱਖ ਦੀ ਅਕਲ ਪਈ ਦੱਸਦੀ ਹੈ ਕਿ ਥੋੜ੍ਹ-ਚਿਰੀ ਚੀਜ਼ ਸਾਧਨ ਬਣ ਸਕਦੀ ਹੈ, ਆਦਰਸ਼ ਨਹੀਂ। ਗੁਰਬਾਣੀ ਨਿਰਣਾ ਕਰਦੀ ਹੈ ਕਿ ਸਾਡਾ ਆਦਰਸ਼ ਕੀ ਹੋ ਸਕਦਾ ਹੈ। ਉਹ ਉੱਤਮ ਵਤੀਰਾ ਜਾਂ ਪ੍ਰਭੂ ਮਿਲਾਪ ਹੈ। ਇਹ ਦੋਵੇਂ ਇਕੋ ਗੱਲ ਹਨ।

**੪**

# ਪਰਮਾਣੀਕਤਾ

੧.

ਕਈ ਪ੍ਰਕਾਰ ਦੀਆਂ ਪੁੱਛਾਂ ਰੋਜ਼ ਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਚੀਫ਼ ਖ਼ਾਲਸਾ ਦੀਵਾਨ ਨੂੰ ਆਉਂਦੀਆਂ ਹਨ। ਇਨ੍ਹਾਂ ਪੁੱਛਾਂ ਵਿਚ ਰਾਜਸੀ ਮਸਲਿਆਂ ਬਾਰੇ ਪੁੱਛਾਂ ਹੁੰਦੀਆਂ ਹਨ, ਬੋਲੀ ਦੇ ਝਗੜਿਆਂ ਬਾਰੇ ਪੁੱਛਾਂ ਹੁੰਦੀਆਂ ਹਨ, ਪਰ ਇਨ੍ਹਾਂ ਵਿਚ ਕਾਫ਼ੀ ਚੰਗੀ ਗਿਣਤੀ ਐਸੀਆਂ ਪੁੱਛਾਂ ਦੀ ਵੀ ਹੁੰਦੀ ਹੈ ਜਿਨ੍ਹਾਂ ਦਾ ਸੰਬੰਧ ਸਿਖ ਫ਼ਿਲਾਸਫ਼ੀ, ਸਿਖ ਧਰਮ, ਸਿਖ ਰਹੁ-ਰੀਤੀ ਆਦਿ ਨਾਲ ਹੁੰਦਾ ਹੈ। ਰਾਜਸੀ ਤੇ ਸਮਾਜਕ ਪੁੱਛਾਂ ਬਾਰੇ ਮੈਂ ਇਸ ਲੇਖ ਵਿਚ ਕੁਝ ਨਹੀਂ ਲਿਖਣਾ ਚਾਹੁੰਦਾ। ਜਿੱਥੋਂ ਤੀਕ ਸਿਖ ਧਰਮ ਆਦਿ ਬਾਰੇ ਪੁੱਛਾਂ ਦਾ ਸੰਬੰਧ ਹੈ, ਮੇਰਾ ਵਿਚਾਰ ਹੈ ਕਿ ਕੋਈ ਤਸੱਲੀ-ਬਖ਼ਸ਼ ਉੱਤਰ ਕਦੇ ਇਨ੍ਹਾਂ ਵਿਚੋਂ ਕਿਸੇ ਸੰਸਥਾ ਵੱਲੋਂ ਪੁੱਛ ਕਰਨ ਵਾਲੇ ਸੱਜਣ ਨੂੰ ਨਹੀਂ ਪੁੱਜਾ। ਇਸ ਦਾ ਕਾਰਨ ਇਹ ਹੈ ਕਿ ਸਿਖ ਜਨਤਾ ਦਾ ਬੌਧਿਕ ਪੱਧਰ ਕਾਫ਼ੀ ਉੱਚਾ ਹੋ ਗਿਆ ਹੈ ਪਰ ਉੱਪਰ-ਦੱਸੀਆਂ ਸੰਸਥਾਵਾਂ ਵਿਚੋਂ ਕਿਸੇ ਇਕ ਪਾਸ ਵੀ ਐਸਾ ਕੇਂਦਰ ਨਹੀਂ ਜਿੱਥੇ ਪੰਜ, ਦਸ ਚੰਗੇ ਉੱਚੀ ਵਿੱਦਿਆ ਵਾਲੇ ਵਿਦਵਾਨ ਸਿਖ ਧਰਮ ਸੰਬੰਧੀ ਮਸਲਿਆਂ 'ਤੇ ਤਤ੍ਵ ਅਨੁਸ਼ੀਲਨ ਰੁਚੀ ਅਨੁਸਾਰ ਵਿਚਾਰ ਕਰ ਰਹੇ ਹੋਣ ਤੇ ਕੋਈ ਪਰਮਾਣੀਕ ਵਿਚਾਰ ਤੇ ਪੁਸਤਕਾਂ ਲਿਖ ਰਹੇ ਹੋਣ। ਕਿਤੇ ਕਿਤੇ ਕਿਸੇ ਨੁਕਰੇ ਬੈਠਾ ਕੋਈ ਇਕਾ-ਦੁਕਾ ਸੱਜਣ ਆਪਣੀ ਵਾਹ ਲਾ ਰਿਹਾ ਹੈ ਪਰ ਇਕ ਦਾ ਯਤਨ ਇਕ ਦਾ ਹੀ ਰਹਿਣਾ ਹੈ, ਕੋਈ ਇਕੱਲਾ ਆਦਮੀ ਸੰਸਥਾ ਤੇ ਨਹੀਂ ਬਣ ਸਕਦਾ। ਲੋੜ ਇਹ ਹੈ ਕਿ ਸਾਡਾ ਇਕ ਬੜੇ ਉੱਚੇ ਪੱਧਰ ਦਾ ਗੁਰਬਾਣੀ ਖੋਜ ਕੇਂਦਰ (Research Centre) ਹੋਵੇ ਜਿੱਥੋਂ ਸਿਖ ਧਰਮ, ਫ਼ਿਲਾਸਫ਼ੀ, ਬਾਣੀ ਆਦਿ ਸੰਬੰਧੀ ਪਰਮਾਣੀਕ ਤੇ ਵਿਸ਼ਵਾਸ-ਜਨਕ ਵਿਚਾਰ, ਪੁਸਤਕਾਂ ਆਦਿ ਉੱਤਰਾਂ ਦੇ ਰੂਪ ਵਿਚ ਨਿਕਲਣ। ਇਸ ਦਾ ਭਾਵ ਇਹ ਨਹੀਂ ਕਿ ਫਿਰ ਇਨ੍ਹਾਂ ਪੱਖਾਂ ਤੇ ਵਿਚਾਰਾਂ ਸੰਬੰਧੀ ਵਿਲੱਖਣਤਾ ਹਟ ਜਾਏਗੀ, ਨਾ ਇਹ ਹਟ ਸਕਦੀ ਹੈ ਤੇ ਨਾ ਹੀ ਹਟਣੀ ਚਾਹੀਦੀ ਹੈ। ਪਰ ਸਾਨੂੰ ਹਰ ਸੁਆਲ ਦਾ ਪਰਮਾਣੀਕ ਉੱਤਰ ਪਤਾ ਤੇ ਹੋਣਾ ਚਾਹੀਦਾ ਹੈ ਜਿਸ ਨੂੰ ਅਸੀਂ ਪਰਮਾਣੀਕ ਸੰਸਥਾ ਦਾ ਪੱਖ (Official and authoritative version) ਕਹਿ ਸਕੀਏ। ਇਸ ਖੋਜ ਕੇਂਦਰ ਨੂੰ ਆਈਆਂ ਪੁੱਛਾਂ ਤੋਂ ਛੁੱਟ, ਆਪ ਉਹ ਸਾਰੇ ਮਸਲੇ ਤੇ ਰੀਤਾਂ ਲੱਭਣੀਆਂ ਚਾਹੀਦੀਆਂ ਹਨ ਜਿਨ੍ਹਾਂ ਬਾਰੇ ਪੰਥ ਵਿਚ ਬੜੀ ਵਿਲੱਖਣਤਾ ਤੇ ਕਈ ਵਾਰੀ ਮਤ-ਭੇਦ ਹੈ ਤੇ ਉਨ੍ਹਾਂ ਮਸਲਿਆਂ ਦਾ ਪਰਮਾਣੀਕ ਉੱਤਰ ਤੇ ਹੱਲ ਦੱਸਣਾ ਚਾਹੀਦਾ ਹੈ।

ਐਸੇ ਕੇਂਦਰ ਦੀ ਲੋੜ ਤੇ ਮਹਾਨਤਾ ਦਾ ਅਨੁਮਾਨ ਹੁਣ ਦੀ ਗੁਰਬਾਣੀ, ਫ਼ਿਲਾਸਫ਼ੀ, ਧਰਮ, ਰਹੁ-ਰੀਤੀ, ਇਤਿਹਾਸ ਵਿਚ ਕਈ ਮਹਾਨ ਵਿਸ਼ਿਆਂ ਤੇ ਅਪਰਮਾਣੀਕਤਾ ਨੂੰ ਵੇਖ ਕੇ ਲਾਇਆ ਜਾ ਸਕਦਾ ਹੈ। ਇਹ ਕਹਿਣਾ ਤੇ ਸਦਾ ਹੀ ਅਯੋਗ ਹੈ ਕਿ ਪੰਥ ਖ਼ਤਰੇ ਵਿਚ ਹੈ ਪਰ ਇਹ ਗੱਲ ਪੱਕੀ ਹੈ ਕਿ ਸੰਸਾ ਮਾੜੀ ਚੀਜ਼ ਹੈ। ਹੁਣ ਦੀ ਬੌਧਿਕ ਪੱਧਰ ਵਿਚ ਸ਼ੰਕੇ ਉਪਜਣੇ ਸਾਧਾਰਨ ਗੱਲ ਹੈ ਤੇ ਜਦੋਂ ਕੋਈ ਬੁੱਧੀਮਾਨ ਉਹ ਸ਼ੰਕੇ ਪ੍ਰਗਟ ਕਰੇ ਤਾਂ ਉਸ ਨੂੰ ਇਕੋ ਗੱਲ ਤੇ ਕਈ ਕਈ ਉੱਤਰ ਪ੍ਰਾਪਤ ਹੋਣ ਤਾਂ ਇਸ ਨਾਲ ਸ਼ੰਕਾ ਨਵਿਰਤ ਹੋਣ ਦੀ ਥਾਂ ਹੋਰ ਪੱਕਾ ਹੋਵੇਗਾ। ਕੋਈ ਪਰਮਾਣੀਕ ਉੱਤਰ ਹਰ ਗੱਲ ਦਾ ਹੋਣਾ ਚਾਹੀਦਾ ਹੈ ਭਾਵੇਂ ਵਿਚਾਰ ਵਿਲੱਖਣਤਾ ਨੂੰ ਮਿਟਾਣਾ ਨਹੀਂ ਚਾਹੀਦਾ।

੨.

ਹੁਣ ਜਿਸ ਵੀ ਧਾਰਮਕ ਪੱਖ ਵੱਲ ਝਾਤ ਮਾਰੋ, ਦਸ਼ਾ ਸ਼ੰਕੇ ਪੈਦਾ ਕਰਨ ਵਾਲੀ ਹੈ ਤੇ ਇਕ ਪੜ੍ਹੇ-ਲਿਖੇ ਸੱਜਣ ਨੂੰ ਇਸ ਦਸ਼ਾ ਤੋਂ ਗਿਲਾਨੀ ਪੈਦਾ ਹੋਣੀ, ਇਕ ਕੁਦਰਤੀ ਪ੍ਰਤੀਕਰਮ ਹੈ।

ਸਾਡੀ ਸਭ ਤੋਂ ਮਹਾਨ ਚੀਜ਼ ਗੁਰਬਾਣੀ ਹੈ ਤੇ ਸਭ ਤੋਂ ਵੱਡਾ ਕੇਂਦਰ ਗੁਰਦੁਆਰਾ ਹੈ। ਆਮ ਗੁਰਦੁਆਰੇ ਵਿਚ ਬਾਣੀ ਦਾ ਪਾਠ, ਕੀਰਤਨ ਤੇ ਕਥਾ ਲਗਪਗ ਰੋਜ਼ਾਨਾ ਪ੍ਰੋਗਰਾਮ ਦਾ ਹਿੱਸਾ ਹਨ। ਕੋਈ ਵੀ ਚੇਤੰਨ ਸੱਜਣ ਇਕ ਗੁਰਦੁਆਰੇ ਤੇ ਦੂਜੇ ਗੁਰਦੁਆਰੇ ਵਿਚ ਇਸ ਪ੍ਰੋਗਰਾਮ ਦੇ ਨਿਭਾਅ ਵਿਚ ਕਈ ਵਖੇਵੇਂ ਵੇਖ ਸਕਦਾ ਹੈ। ਸਪੱਸ਼ਟੀਕਰਨ ਲਈ ਕੁਝ ਗੱਲਾਂ ਦਰਜ ਕਰਦੇ ਹਾਂ:

**(ੳ) ਬਾਣੀ ਦਾ ਪਾਠ**

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ ਕਿਧਰੋਂ ਵੀ ਪਾਠ ਹੋਣ ਲਗੇ, '੧ੴ' ਦਾ ਉਚਾਰਨ ਆ ਹੀ ਜਾਏਗਾ। ਇਹ ਉਚਾਰਨ ਕਿਤੇ 'ਏਕੰਕਾਰ' ਹੋਵੇਗਾ, ਕਿਤੇ 'ਇਕ ਓਅੰਕਾਰ', ਕਿਤੇ (ਉਦਾਸੀਆਂ ਆਦਿ ਦੇ ਅਖਾੜਿਆਂ ਵਿਚ) 'ਇਕ ਓਅੰ (ਗ)।' ਕਿਤੋਂ ਪਾਠ ਹੋ ਰਿਹਾ ਹੋਵੇ 'ਮਹਲਾ' ਅੱਖਰ ਦਾ ਉਚਾਰਨ ਜ਼ਰੂਰ ਆਏਗਾ। ਕਿਤੇ ਇਹ ਅੱਖਰ ਕਿਵੇਂ ਪੜ੍ਹਿਆ ਜਾ ਰਿਹਾ ਹੈ, ਕਿਤੇ ਕਿਵੇਂ—ਕਿਤੇ 'ਮਹਿਲਾ' ਤੇ ਕਿਤੇ 'ਮਹੱਲਾ'। ਬਾਣੀ ਵਿਚ ਵਿਆਕਰਣਕ ਲਗਾਂ-ਮਾਤਰਾਂ ਹਨ; ਕਿਤੇ ਇਨ੍ਹਾਂ ਸ਼ਬਦਾਂਤਕ ਲਗਾਂ-ਮਾਤਰਾਂ ਵੱਲ ਕੋਈ ਧਿਆਨ ਹੀ ਨਹੀਂ, ਕਿਤੇ ਇਨ੍ਹਾਂ ਲਗਾਂ ਨੂੰ ਲੋੜ ਤੋਂ ਵੱਧ ਜ਼ੋਰ ਦੇ ਕੇ ਪੜ੍ਹਿਆ ਜਾ ਰਿਹਾ ਹੈ ਤੇ ਇਕੋ ਹੀ ਸ਼ਬਦ ਦੋ ਥਾਂ ਸੁਣਨ ਵਿਚ ਕੰਨਾਂ ਨੂੰ ਬੜੀ ਵਿਲੱਖਣਤਾ ਦਿੱਸਦੀ ਹੈ। ਬਾਣੀ ਵਿਚ ਫ਼ਾਰਸੀ ਦੇ ਸ਼ਬਦ ਕਈ ਸ਼ਬਦਾਂ ਵਿਚ ਵਰਤੇ ਹੋਏ ਹਨ, ਸੰਸਕ੍ਰਿਤ ਦੇ ਸ਼ਬਦ ਵਰਤੇ ਹੋਏ ਹਨ। ਫ਼ਾਰਸੀ ਦੇ ਸ਼ਬਦਾਂ ਵਿਚ ਸ਼, ਖ਼, ਗ਼ ਆਦਿ ਦਾ ਉਚਾਰਨ ਆਂਦਾ ਹੈ। ਕਿਤੇ ਇਹ ਉਚਾਰਨ ਫ਼ਾਰਸੀ ਰੂਪ ਵਿਚ ਕੀਤਾ ਜਾ ਰਿਹਾ ਹੈ ਤੇ ਕਿਤੇ ਸਾਦਾ ਲਿਪੀ ਰੂਪ ਅਨੁਸਾਰ ਕਿਉਂਕਿ ਬਾਣੀ ਵਿਚ ਸ਼, ਖ਼, ਜ਼ ਆਦਿ ਦੀ ਹੇਠਲੀ ਬਿੰਦੀ ਨਹੀਂ ਦਿਤੀ ਹੋਈ। ਸੰਸਕ੍ਰਿਤ ਦੇ ਸ਼ਬਦਾਂ ਵਿਚ ਪੈਰੀਂ ਅੱਖਰ ਹਨ, ਅਰਧ-ਸ੍ਵਰ ਤੇ ਅਧਿਕ-ਸ੍ਵਰ ਵਾਲੇ ਸ਼ਬਦ ਹਨ। ਕਿਤੇ ਉਨ੍ਹਾਂ ਨੂੰ ਸੰਸਕ੍ਰਿਤ

ਉਚਾਰਨ ਦੀ ਚੁਸਤੀ ਤੇ ਕੋਮਲਤਾ ਅਨੁਸਾਰ ਪੜ੍ਹਿਆ ਜਾ ਰਿਹਾ ਹੈ ਤੇ ਕਿਤੇ ਸਾਦਾ ਪੰਜਾਬੀ ਉਚਾਰਨ ਅਨੁਸਾਰ।

ਬਾਣੀ ਦੇ ਪਦ-ਛੇਦ ਕਰਨ ਵਿਚ ਵੀ ਸੂਝਵਾਨ ਸਰੋਤਿਆਂ ਨੂੰ ਰੋਜ਼ ਇਧਰ-ਉਧਰ ਕੋਈ ਨਾ ਕੋਈ ਫ਼ਰਕ ਕੰਨੀਂ ਪੈ ਜਾਂਦਾ ਹੈ। ਆਸਾ ਦੀ ਵਾਰ ਤੇ ਸੁਖਮਨੀ ਸਾਹਿਬ ਜੋ ਰੋਜ਼ ਪੜ੍ਹੀਆਂ ਜਾਣ ਵਾਲੀਆਂ ਬਾਣੀਆਂ ਹਨ, ਇਨ੍ਹਾਂ ਵਿਚ ਪਾਠਾਂ ਦਾ ਫ਼ਰਕ ਕੰਨੀਂ ਪੈਂਦਾ ਰਹਿੰਦਾ ਹੈ। ਪਰਮਾਣੀਕ ਪਦ-ਛੇਦ ਆਪਣੇ ਆਪ ਵਿਚ ਖੋਜ ਦਾ ਇਕ ਪੂਰਾ ਵਿਸ਼ਾ ਹੈ ਜੋ ਕੇਵਲ ਲਗਾਤਾਰ ਮਿਹਨਤ ਮਗਰੋਂ ਕੁਝ ਵਿਦਵਾਨ ਹੀ ਕਰ ਸਕਦੇ ਹਨ ਤੇ ਪਦ-ਛੇਦ ਬੀੜ ਦਾ ਦਰਜਾ ਵੀ ਬੜੀ ਵਿਚਾਰ ਨਾਲ ਨਿਯਤ ਕਰਨਾ ਲੋੜੀਂਦਾ ਹੈ।

### (ਅ) ਬਾਣੀ ਦੇ ਅਰਥ

ਬਾਣੀ ਦੇ ਟੀਕੇ ਤੇ ਗੁਰੂ ਸਾਹਿਬਾਨ ਦੇ ਸਮੇਂ ਤੋਂ ਹੀ ਅਰੰਭ ਹੋ ਗਏ ਸਨ । ਇਕ ਰੂਪ ਵਿਚ ਗੁਰੂ ਨਾਨਕ ਸਾਹਿਬ ਤੋਂ ਮਗਰਲੇ ਗੁਰੂ ਸਾਹਿਬਾਨ ਦੀ ਬਾਣੀ ਵੀ ਗੁਰੂ ਨਾਨਕ ਸਾਹਿਬ ਜੀ ਦੀ ਬਾਣੀ ਦਾ ਟੀਕਾ ਹੀ ਹੈ। ਇਕ ਗੁਰ ਵਿਅਕਤੀ ਦੂਜੇ ਗੁਰ ਵਿਅਕਤੀ ਦੀ ਬਾਣੀ ਦਾ ਸਪੱਸ਼ਟੀਕਰਨ ਵੀ ਕਰਦੀ ਰਹੀ ਹੈ। ਭਾਈ ਗੁਰਦਾਸ ਜੀ ਵੀ ਇਕ ਟੀਕਾਕਾਰ ਹਨ। ਭਾਈ ਮਨੀ ਸਿੰਘ ਜੀ ਨੇ ਇਸ ਪਾਸੇ ਕੰਮ ਕੀਤਾ ਤੇ ਸੰਪ੍ਰਦਾਈ ਅਰਥਾਂ ਦੀ ਪਰੰਪਰਾ ਚਲਾ ਦਿੱਤੀ। ਨਿਰਮਲੇ ਵਿਦਵਾਨਾਂ ਨੇ ਬਾਣੀ ਦੇ ਟੀਕੇ ਦਾ ਕੰਮ ਕੀਤਾ ਹੈ। ਉਦਾਸੀਆਂ ਦੇ ਅਖਾੜਿਆਂ ਵਿਚ ਕਥਾ ਹੁੰਦੀ ਹੈ ਤੇ ਹੁੰਦੀ ਰਹੀ ਹੈ। ਕਈ ਉਦਾਸੀਆਂ ਨੇ ਮਹਾਨ ਟੀਕੇ ਕੀਤੇ ਹਨ। ਹੁਣ ਸਪੱਸ਼ਟ ਤੌਰ 'ਤੇ ਟੀਕਾਕਾਰਾਂ ਦੇ ਤਿੰਨ ਸਕੂਲ ਬਣ ਗਏ ਹਨ, ਸੰਪ੍ਰਦਾਈ ਟੀਕਾਕਾਰ ਜਿਨ੍ਹਾਂ ਵਿਚ ਭਾਈ ਵੀਰ ਸਿੰਘ ਤੇ ਭਾਈ ਜੋਧ ਸਿੰਘ ਜੀ ਹਨ, ਵਿਆਕਰਣਕ ਟੀਕਾਕਾਰ ਜਿਨ੍ਹਾਂ ਵਿਚ ਪ੍ਰੋਫ਼ੈਸਰ ਸਾਹਿਬ ਸਿੰਘ ਤੇ ਕਿਸੇ ਹੱਦ ਤੀਕ ਪ੍ਰਿੰਸੀਪਲ ਤੇਜਾ ਸਿੰਘ ਜੀ ਹਨ ਤੇ ਸੁਹਜਵਾਦੀ ਟੀਕਾਕਾਰ ਜਿਸ ਦੀ ਪ੍ਰਤੀਨਿਧਤਾ ਪ੍ਰਿੰਸੀਪਲ ਤੇਜਾ ਸਿੰਘ ਜੀ ਕਰਦੇ ਹਨ। ਇਕ ਸ਼ਾਇਦ ਅਦ੍ਵੈਤੀ ਟੀਕਾਕਾਰਾਂ ਦਾ ਸਕੂਲ ਵੀ ਹੋ ਸਕਦਾ ਹੈ।

ਇਹ ਲਿਖਤੀ ਟੀਕੇ ਬੜੀ ਮਹਾਨਤਾ ਰੱਖਦੇ ਹਨ। ਪਰ ਇਨ੍ਹਾਂ ਵਿਚ ਅਰਥਾਂ ਦਾ ਮਤਭੇਦ ਇੰਨਾ ਥੋੜ੍ਹਾ ਨਹੀਂ ਕਿ ਕਿਸੇ ਪਾਠਕ ਨੂੰ ਪਤਾ ਨਾ ਲੱਗ ਸਕੇ ਸਗੋਂ ਇਤਨਾ ਕੁਝ ਅਰਥਾਂ ਦਾ ਫ਼ਰਕ ਹੈ ਕਿ ਕਿਸੇ ਵੀ ਤੁਲਨਾਤਮਕ ਦ੍ਰਿਸ਼ਟੀਕੋਣ ਤੋਂ ਸੋਚਣ ਤੇ ਪੜ੍ਹਨ ਵਾਲੇ ਪਾਠਕ ਨੂੰ ਛੇਤੀ ਹੀ ਦੋ ਟੀਕਾਕਾਰਾਂ ਦਾ ਮਤਭੇਦ ਸੁਤੇ ਹੀ ਪ੍ਰਗਟ ਹੋ ਜਾਂਦਾ ਹੈ।

ਇਕ ਟੀਕੇ ਤੇ ਦੂਜੇ ਟੀਕੇ ਵਿਚ ਫ਼ਰਕ ਰਹੇਗਾ ਹੀ। ਪਰ ਇਕ ਪਰਮਾਣੀਕ ਟੀਕਾ ਵੀ ਬੜੀ ਵੱਡੀ ਲੋੜ ਹੈ। ਇਕ ਜ਼ਿੰਮੇਵਾਰ ਸੰਸਥਾ ਨੂੰ ਸਾਰੇ ਗੁਰੂ ਗ੍ਰੰਥ ਸਾਹਿਬ ਜੀ ਦਾ ਪਰਮਾਣੀਕ ਟੀਕਾ ਪ੍ਰਕਾਸ਼ਤ ਕਰਨਾ ਚਾਹੀਦਾ ਹੈ। ਜਿੰਨੇ ਗੁਰੂ ਗ੍ਰੰਥ ਸਾਹਿਬ ਸਟੀਕ ਲਿਖੇ ਗਏ ਹਨ ਜਾਂ ਇਕ ਇਕ ਬਾਣੀ ਦੇ ਸਟੀਕ ਲਿਖੇ ਗਏ ਹਨ, ਉਨ੍ਹਾਂ ਸਾਰਿਆਂ ਦੀ ਪਰਖ ਮਗਰੋਂ ਖੋਜ ਕੇਂਦਰ ਵਿਚ ਕੰਮ ਕਰਨ ਵਾਲੇ ਵਿਦਵਾਨਾਂ ਨੂੰ ਰਲ ਕੇ ਪਰਮਾਣੀਕ ਟੀਕਾ ਲਿਖਣਾ ਚਾਹੀਦਾ ਹੈ।

ਹੁਣ ਜੇ ਇਕੋ ਸ਼ਬਦ ਦੀ ਕਥਾ ਦੋ ਥਾਈਂ ਸੁਣੀ ਜਾਏ ਤਾਂ ਅਰਥਾਂ ਵਿਚ ਕਿੰਨਾ ਹੀ ਫ਼ਰਕ ਹੁੰਦਾ ਹੈ, ਜੇ ਹੋਰ ਮਸਾਲਾ ਜੋ ਕਥਾਕਾਰ ਲਾਂਦੇ ਹਨ, ਉਸ ਨੂੰ ਛੱਡ ਵੀ ਦਿੱਤਾ ਜਾਏ ਤਾਂ ਇਸ ਗੱਲ ਦਾ ਪ੍ਰਭਾਵ ਬਹੁਤਾ ਚੰਗਾ ਨਹੀਂ ਹੁੰਦਾ।

### (ੲ) ਅਰਥ ਨਿਰਣਾ

ਸਾਡੇ ਪਾਸ ਕਥਾ ਕਰਨ ਦਾ ਕੋਈ ਪਰਮਾਣੀਕ ਢੰਗ ਨਹੀਂ ਹੈ। ਜਿਹੜਾ ਆਮ ਪ੍ਰਚਲਤ ਹੈ ਭਾਵ ਸ਼ਬਦ ਪੜ੍ਹਨਾ ਤੇ ਕਥਾ ਵਿਚ ਸਿੱਧੇ ਪੱਧਰੇ ਅਰਥ ਕਰ ਕੇ ਸਾਰਾ ਸਮਾਂ ਸਾਖੀਆਂ ਸੁਣਾਈ ਜਾਣਾ, ਵਰਤਮਾਨ ਬੁੱਧੀਵਾਨ ਲਈ ਤਸੱਲੀਜਨਕ ਨਹੀਂ। ਘੰਟਾ ਘੰਟਾ ਕਥਾ ਕਰੀ ਜਾਣਾ ਤੇ ਭਾਵਕਤਾ ਲਈ ਸਾਖੀਆਂ ਸੁਣਾਈ ਜਾਣਾ, ਕਿਸੇ ਬੌਧਿਕ ਮਿਆਰ ਤੋਂ ਕਥਾ ਨਹੀਂ ਕਹੀ ਜਾਣੀ ਚਾਹੀਦੀ ਸਗੋਂ ਕਥਾ ਵਿਚ ਜਿਸ ਸ਼ਬਦ ਨੂੰ ਲਿਆ ਗਿਆ ਹੈ, ਉਸ ਵਿਚੋਂ ਸਿਖ-ਸਿਧਾਂਤ ਦੇ ਤਤ੍ਵ, ਹੇਤੂ ਤੇ ਪੁਰਸ਼ਾਰਥ ਦਾ ਨਿਰਣਾ ਕਰਨਾ ਚਾਹੀਦਾ ਹੈ। ਭਾਵ ਉਸ ਸ਼ਬਦ ਅਨੁਸਾਰ ਪਰਮਾਤਮਾ ਦਾ ਰੂਪ ਕੀ ਹੈ ? ਜੀਵ-ਆਤਮਾ ਦਾ ਰੂਪ ਕੀ ਹੈ ? ਤੇ ਜਗਤ ਜਾਂ ਪ੍ਰਕਿਰਤੀ ਦਾ ਰੂਪ ਕੀ ਹੈ ? ਤੇ ਇਨ੍ਹਾਂ ਤਿੰਨਾਂ ਦਾ ਆਪੋ ਵਿਚ ਸੰਬੰਧ ਕੀ ਹੈ ? ਉਸ ਸ਼ਬਦ ਅਨੁਸਾਰ ਪਰਮਾਤਮਾ ਤੇ ਆਤਮਾ ਦੇ ਜੋਗ (ਮਿਲਾਪ) ਦੇ ਸਾਧਨ ਕੀ ਹਨ ? (ਹੇਤੂ ਜਾਂ ਧਰਮ ਨਿਯਮ ਕੀ ਹਨ ?) ਤੇ ਉਸ ਸ਼ਬਦ ਅਨੁਸਾਰ ਮਨੁੱਖੀ ਪੁਰਸ਼ਾਰਥ ਜਾਂ ਮੰਤਵ (ਮੁਕਤੀ ਆਦਿ) ਸਿਖ ਧਰਮ ਅਨੁਸਾਰ ਕੀ ਹੈ ? ਉਸ ਸ਼ਬਦ ਵਿਚ ਨਾਮ ਦਾ ਰੂਪ ਕੀ ਹੈ ? ਤੇ ਨਾਮ ਸਿਮਰਨ ਦਾ ਰੂਪ ਕੀ ਹੈ ? ਉਸ ਸ਼ਬਦ ਵਿਚ ਸਦਾਚਾਰ ਦੀ ਕੀ ਮਹਾਨਤਾ ਹੈ ? ਤੇ ਆਸਤਕਤਾ 'ਤੇ ਨਿਰਭਰ ਸਦਾਚਾਰ ਤੇ ਬੌਧਿਕ ਸਦਾਚਾਰ ਵਿਚ ਕੀ ਅੰਤਰ ਹੈ ? ਥੋੜ੍ਹੀ ਬਾਹਲੀ ਉਸ ਸ਼ਬਦ ਦੀ ਇਤਿਹਾਸਕ, ਸਾਹਿਤਕ ਤੇ ਕਲਾਤਮਕ ਮਹਾਨਤਾ ਦੱਸਣੀ ਵੀ ਕਿਸੇ ਕਿਸੇ ਸੰਗਤ ਵਿਚ ਬੇਲੋੜੀ ਨਹੀਂ ਹੁੰਦੀ।

ਪਰ ਇਹ ਕੁਝ ਕੋਈ ਇਕੱਲਾ ਆਦਮੀ ਨਹੀਂ ਕਰ ਸਕਦਾ ਜਿੰਨੇ ਤੀਕ ਉਸ ਦੇ ਸਾਹਮਣੇ ਪਰਮਾਣੀਕ ਸਿੱਟੇ ਹਰ ਪੱਖ 'ਤੇ ਮੌਜੂਦ ਨਾ ਹੋਣ। ਇਨ੍ਹਾਂ ਪੱਖਾਂ 'ਤੇ ਸਪੱਸ਼ਟ ਨਿਰਣੇ ਚਾਹੀਦੇ ਹਨ।

#### *(੧) ਤਤ੍ਵ*

ਸਿਖ ਦਰਸ਼ਨ ਜਾਂ ਫ਼ਿਲਾਸਫ਼ੀ ਦੇ ਤਤ੍ਵ ਦਾ ਨਿਰਣਾ ਹਾਲੀ ਤੀਕ ਨਹੀਂ ਹੋਇਆ। ਜਿਥੋਂ ਤੀਕ ਮੇਰੇ ਗਿਆਨ ਦਾ ਸੰਬੰਧ ਹੈ, ਹਾਲੀ ਤੀਕ ਨਿਰਣਾ ਨਹੀਂ ਕੀਤਾ ਗਿਆ ਕਿ ਸਾਡੇ ਦਰਸ਼ਨ ਦਾ ਨਾਂ ਕੀ ਹੈ ? ਤੇ ਇਹ ਦ੍ਵੈਤਵਾਦੀ ਹੈ, ਅਦ੍ਵੈਤਵਾਦੀ ਹੈ ਜਾਂ ਦ੍ਵੈਤ ਅਦ੍ਵੈਤਵਾਦੀ ਹੈ ? ਜੇ ਇਨ੍ਹਾਂ ਵਿਚੋਂ ਕੋਈ ਵੀ ਹੈ ਤਾਂ ਉਸ ਦਾ ਹਿੰਦੂ ਜਾਂ ਵੈਸ਼ਨਵ ਦ੍ਵੈਤ, ਅਦ੍ਵੈਤ ਜਾਂ ਦ੍ਵੈਤ-ਅਦ੍ਵੈਤ ਤੋਂ ਕੀ ਭੇਦ ਹੈ ? ਇਸ ਬਾਰੇ ਪਰਮਾਣੀਕ ਨਿਰਣਾ ਸਾਡੇ ਪਾਸ ਜ਼ਰੂਰ ਹੋਣਾ ਚਾਹੀਦਾ ਹੈ ਭਾਵੇਂ ਵਿਚਾਰਵਾਨਾਂ ਦੀ ਭਿੰਨਤਾ ਨੂੰ ਰੋਕਿਆ ਨਹੀਂ ਜਾ ਸਕਦਾ। ਜੋ ਕੁਝ ਸਾਡਾ ਪਰਮਾਤਮਾ ਦੇ ਰੂਪ ਦਾ ਨਿਰਣਾ ਹੈ, ਜੋ ਕੁਝ ਆਤਮਾ ਦੇ ਰੂਪ ਦਾ ਵਿਚਾਰ ਹੈ, ਆਦਿ ਇਹ ਬੜੀ ਖੋਜ ਮਗਰੋਂ ਪਰਮਾਣੀਕ ਰੂਪ ਵਿਚ ਪ੍ਰਕਾਸ਼ਤ ਕਰਨਾ ਚਾਹੀਦਾ ਹੈ। ਸਿਖ ਫ਼ਿਲਾਸਫ਼ੀ 'ਤੇ ਇਕ ਵੀ ਪਰਮਾਣੀਕ ਪੁਸਤਕ ਇਸ ਵੇਲੇ

ਨਹੀਂ ਹੈ। ਜੋ ਇਕ ਦੋ ਹਨ ਉਨ੍ਹਾਂ ਵਿਚ ਸਪਸ਼ਟ ਨਿਰਣੇ ਨਹੀਂ ਹਨ ਤੇ ਨਾ ਹੀ ਉਹ ਉਸ ਸ਼ੈਲੀ-ਤਰੀਕੇ ਅਨੁਸਾਰ ਲਿਖੀਆਂ ਹਨ ਜਿਨ੍ਹਾਂ ਅਨੁਸਾਰ ਭਾਰਤੀ ਦਰਸ਼ਨ ਲਿਖੇ ਹੋਏ ਹਨ, ਨਾ ਹੀ ਇਹ ਨਿਰਣਾ ਕੀਤਾ ਹੈ ਕਿ ਸਿਖ ਦਰਸ਼ਨ ਭਾਰਤੀ ਹੈ ਆਦਿ।

*(੨) ਧਰਮ ਤੇ ਧਰਮ-ਰਹਿਤ*

ਧਰਮ ਦਾ ਸਹੀ ਤਰਜਮਾ Religion ਨਹੀਂ ਹੈ। ਧਰਮ ਸ਼ਬਦ Religion ਨਾਲੋਂ ਅਰਥਾਂ ਕਰਕੇ ਬਹੁਤ ਵਿਸ਼ਾਲ ਹੈ ਤੇ ਇਸ ਲਈ ਅੰਗਰੇਜ਼ੀ ਵਿਚ ਕੋਈ ਯੋਗ ਸ਼ਬਦ ਨਹੀਂ ਹੈ। ਤਾਂ ਵੀ ਸਿਖ ਧਰਮ ਦੇ ਜਿੰਨੇ ਵੀ ਪੱਖ ਹਨ ਉਨ੍ਹਾਂ ਬਾਰੇ ਪਰਮਾਣੀਕ ਵਿਚਾਰ ਨਹੀਂ ਬਣੇ ਹੋਏ। ਜਿਵੇਂ ਕਿਸੇ ਲੈਕਚਰਾਰ ਜਾਂ ਕਥਾਕਾਰ ਨੂੰ ਸਮਝ ਆਉਂਦੀ ਹੈ, ਉਹ ਦੱਸ ਦਿੰਦਾ ਹੈ ਤੇ ਵੱਖਰਿਤ ਬੜੀ ਹੈਰਾਨ ਕਰਨ ਵਾਲੀ ਹੁੰਦੀ ਹੈ। ਕੋਈ ਕਹਿੰਦਾ ਹੈ ਸਿੱਖੀ ਨਿਰੋਲ ਕਰਮ ਯੋਗ ਹੈ। ਕਿਸੇ ਦਾ ਵਿਚਾਰ ਹੈ ਕਿ ਸਿਖ ਧਰਮ ਗਿਆਨ ਯੋਗ ਹੈ। ਕਿਸੇ ਦਾ ਵਿਚਾਰ ਹੈ ਇਹ ਨਿਰਾ ਭਗਤੀ ਯੋਗ ਹੈ। ਤਾਂ ਵੀ ਪਰਮਾਣੀਕ ਵਿਚਾਰ ਲੱਭਣ ਦੀ ਲੋੜ ਹੈ ਕਿ ਸਾਡਾ ਧਰਮ ਕਰਮ, ਗਿਆਨ ਤੇ ਭਗਤੀ ਵਿਚੋਂ ਕਿਸ ਯੋਗ ਦਾ ਅਨੁਸਾਰੀ ਹੈ। ਜੇ ਤਿੰਨਾਂ ਦਾ ਹੀ ਹੈ ਤਾਂ ਇਨ੍ਹਾਂ ਦਾ ਆਪੋ ਵਿਚ ਸੰਬੰਧ ਕੀ ਹੈ ਤੇ ਇਨ੍ਹਾਂ ਦੀ ਦਰਜੇ ਵਾਰ ਮਹਾਨਤਾ ਕਿੰਨੀ ਕਿੰਨੀ ਹੈ ? ਸਿਖ ਧਰਮ ਵਿਚ ਮਨ ਦੀ ਪ੍ਰੀਭਾਸ਼ਾ ਕੀ ਹੈ ? ਇਹ ਪੰਜ ਤੱਤਾਂ ਦਾ ਹੈ ਜਾਂ ਕੋਈ ਹੋਰ ਚੀਜ਼ ਹੈ ? ਇਸ ਦੀ ਸੁਤੰਤਰਤਾ ਦੀ ਸੀਮਾ ਕਿੱਥੋਂ ਤੀਕ ਹੈ ? ਕਿੱਥੋਂ ਅਰੰਭ ਹੁੰਦੀ ਹੈ ਤੇ ਕਿੱਥੇ ਖ਼ਤਮ ਹੁੰਦੀ ਹੈ ? ਮਨ ਮੁਕਤੀ ਲਈ ਆਤਮਾ ਦੀ ਕੀ ਸਹਾਇਤਾ ਕਰਦਾ ਹੈ ? ਮਨ ਤੇ ਆਤਮਾ ਕਿਵੇਂ ਇਕ ਹੁੰਦੇ ਹਨ ? ਮਨ, ਬੁਧੀ, ਚਿਤ ਤੇ ਸੁਰਤ ਦਾ ਨਿਰਣਾ ਕੀ ਹੈ ਆਦਿ ? ਗੁਰੂ ਕੀ ਹੈ ? ਗੁਰੂ ਤੇ ਪਰਮਾਤਮਾ ਦਾ ਕੀ ਸੰਬੰਧ ਹੈ ? ਜੇ ਗੁਰੂ ਅਭੁੱਲ ਹੈ ਤਾਂ ਉਹ ਕੇਵਲ ਪਰਮਾਤਮਾ ਹੀ ਹੋ ਸਕਦਾ ਹੈ ਆਦਿ ਸੁਆਲਾਂ ਦਾ ਪਰਮਾਣੀਕ ਉੱਤਰ ਲੱਭਣਾ ਚਾਹੀਦਾ ਹੈ। ਭਗਤੀ ਪਰਮਾਤਮਾ ਦੀ ਕਿਰਪਾ ਨਾਲ ਹੀ ਹੋ ਸਕਦੀ ਹੈ, ਨਾਮ ਉਸ ਦੀ ਕਿਰਪਾ ਨਾਲ ਪ੍ਰਾਪਤ ਹੁੰਦਾ ਹੈ, ਪਰ ਉਹ ਕਿਰਪਾ ਕੀ ਹੈ ? ਕਿਰਪਾ ਵੀ ਇਕ ਸਿਧਾਂਤਕ ਸ਼ਬਦ ਹੈ। ਇਸੇ ਤਰ੍ਹਾਂ ਹੋਰ ਸਿਧਾਂਤਕ ਜਾਂ ਰਹੱਸਮਈ ਸ਼ਬਦ, ਜਿਵੇਂ ਦਸਮ ਦੁਆਰ, ਅਨਹਦ ਸ਼ਬਦ, ਗੁਰ ਸੇਵਾ, ਚਰਨ ਕਮਲ ਆਦਿ ਦਾ ਨਿਰਣਾ ਕੀ ਹੈ ? ਸੁਤੰਤਰ ਤੇ ਜ਼ਾਤੀ ਵਿਚਾਰਾਂ ਨੂੰ ਛੱਡ ਕੇ ਸਾਡੇ ਪਾਸ ਪਰਮਾਣੀਕ ਉੱਤਰ ਚਾਹੀਦੇ ਹਨ। ਸਾਡੇ ਧਰਮ ਵਿਚ ਨਰਕ, ਸੁਰਗ, ਜਮ ਜੰਦਾਰ, ਧਰਮ ਰਾਜ, ਦੇਵੀ ਦੇਵਤਿਆਂ ਦਾ ਨਿਰਣਾ ਕੀ ਹੈ ? ਸਾਡਾ ਪੁਰਾਣਕ ਕਹਾਣੀਆਂ ਨਾਲ ਕੀ ਸੰਬੰਧ ਹੈ ? ਤੇ ਅਸੀਂ ਵੇਦਾਂ ਨੂੰ ਪਰਮਾਣੀਕ ਆਧਾਰ ਮੰਨਦੇ ਹਾਂ, ਜਾਂ ਉਨ੍ਹਾਂ ਦਾ ਕੇਵਲ ਸਤਿਕਾਰ ਕਰਦੇ ਹਾਂ ਜਾਂ ਉਨ੍ਹਾਂ ਨਾਲ ਕੋਈ ਸੰਬੰਧ ਹੀ ਨਹੀਂ ਰੱਖਦੇ ? ਭਗਤ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਆ ਕੇ ਗੁਰੂ ਰੂਪ ਹੈ, ਇਸ ਗੱਲ 'ਤੇ ਕੋਈ ਸੰਦੇਹ ਨਹੀਂ। ਪਰ ਸਾਰਾ ਸੰਸਾਰ ਜਾਣਦਾ ਹੈ ਕਿ ਭਗਤ ਜਿਵੇਂ ਜੈ ਦੇਵ, ਪਰਮਾਨੰਦ ਤੇ ਨਾਮਦੇਵ ਵੈਸ਼ਨਵ ਭਗਤ ਸਨ। ਇਹ ਵੀ ਸੋਲ੍ਹਾਂ ਆਨੇ ਠੀਕ ਹੈ ਕਿ ਇਹ ਭਗਤ ਮਨੁੱਖੀ ਕਲਿਆਣ ਦਾ ਰਾਹ ਨਾਮ ਤੇ ਗੁਰੂ ਹੀ ਮੰਨਦੇ ਹਨ ਤੇ ਗੁਰਮਤਿ ਵੀ ਇਹੋ ਹੈ। ਪਰ ਫਿਰ ਕੀ ਗੁਰਮਤਿ ਵਿਚ ਤੇ ਵੈਸ਼ਨਵ ਮੱਤ ਵਿਚ ਕੋਈ ਫ਼ਰਕ ਨਹੀਂ ਹੈ ?

ਸਾਡੀ ਰਹੁ-ਰੀਤੀ ਵਿਚ ਧੂਪ, ਦੀਪ ਤੇ ਪੂਜਾ ਦੀ ਕੀ ਥਾਂ ਹੈ ? ਸਾਡੇ ਤੀਰਥਾਂ ਦੀ ਧਰਮ ਵਿਚ ਕੀ ਥਾਂ ਹੈ ? ਸਾਡੇ ਚਿੰਨ੍ਹਾਂ ਦੀ ਧਰਮ ਵਿਚ ਕੀ ਥਾਂ ਹੈ ? ਸਾਡੇ ਜਨਮ ਆਦਿ ਦੇ ਸੰਸਕਾਰਾਂ ਦੀ ਸਾਡੇ ਧਰਮ ਵਿਚ ਕੀ ਮਹਾਨਤਾ ਹੈ ? ਅੰਮ੍ਰਿਤ ਪਰਚਾਰ ਦਾ ਪਰਮਾਣੀਕ ਤਰੀਕਾ ਕੀ ਹੈ ? ਕਿਤੇ ਪੰਜ ਬਾਣੀਆਂ ਕਿਸੇ ਤਰੀਕੇ ਨਾਲ ਪੜ੍ਹੀਆਂ ਜਾਂਦੀਆਂ ਹਨ, ਕਿਤੇ ਕਿਸੇ ਤਰ੍ਹਾਂ, ਠੀਕ ਤਰੀਕਾ ਕੀ ਹੈ ? ਲਾਵਾਂ ਕਿਤੇ ਫਿਰ ਕੇ ਲਈਆਂ ਜਾਂਦੀਆਂ ਹਨ, ਕਿਤੇ ਬੈਠਿਆਂ ਹੀ ਪੜ੍ਹ ਲਈਆਂ ਜਾਂਦੀਆਂ ਹਨ।

ਸਾਡੇ ਧਰਮ ਵਿਚ ਰਾਜਨੀਤੀ ਦਾ ਕੀ ਥਾਂ ਹੈ ? ਸਾਡੇ ਧਰਮ ਵਿਚ ਸਦਾਚਾਰ (Ethics) ਦਾ ਕੀ ਥਾਂ ਹੈ ਤੇ ਇਹ ਸਦਾਚਾਰ ਕਿਵੇਂ ਆਸਤਕਤਾ ਦਾ ਸਦਾਚਾਰ ਹੈ ?

ਨਾਮ ਕੀ ਹੈ ? ਇਸ ਸੁਆਲ ਦੇ ਕਿੰਨੇ ਹੀ ਉੱਤਰ ਦਿਤੇ ਜਾਂਦੇ ਹਨ ਆਦਿ, ਆਦਿ।

### (ਸ) ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅਧਿਐਨ

ਗੁਰੂ ਗ੍ਰੰਥ ਸਾਹਿਬ 'ਤੇ ਕਈ ਪੱਖਾਂ ਤੋਂ ਖੋਜ ਦੀ ਲੋੜ ਹੈ, ਜੇ ਸੱਚ-ਮੁੱਚ ਅਸੀਂ ਇਸ ਦੀ ਮਹਾਨਤਾ ਜਾਣਨਾ ਚਾਹੁੰਦੇ ਹਾਂ। ਉਪਰਲੀਆਂ ਸਤਰਾਂ ਵਿਚ ਗੁਰਬਾਣੀ ਦੀ ਦੋ ਪੱਖਾਂ ਤੋਂ ਵਿਚਾਰ ਦਾ ਵਰਣਨ ਹੈ, ਦਾਰਸ਼ਨਿਕ ਸਿਧਾਂਤਾਂ ਲਈ ਤੇ ਧਾਰਮਕ ਸਿਧਾਂਤਾਂ ਲਈ। ਪਰ ਗੁਰੂ ਗ੍ਰੰਥ ਸਾਹਿਬ 'ਤੇ ਹਜ਼ਾਰਾਂ ਪੁਸਤਕਾਂ ਅਨੇਕ ਪੱਖਾਂ ਤੋਂ ਲਿਖੀਆਂ ਜਾਣੀਆਂ ਚਾਹੀਦੀਆਂ ਹਨ। ਜਿਵੇਂ :

*(੧) ਕਲਾ ਪੱਖ*

ਸਭ ਕੁਝ ਹੁੰਦਿਆਂ, ਗੁਰੂ ਗ੍ਰੰਥ ਸਾਹਿਬ ਘੱਟੋ ਘੱਟ ਦੋ ਕੋਮਲ ਹੁਨਰਾਂ ਦਾ ਸੰਗਮ ਹੈ, ਕਵਿਤਾ ਤੇ ਰਾਗ। ਇਸ ਦੇ ਕਾਵਿ ਪੱਖ ਅਤੇ ਕਾਵਿ ਸਿਧਾਂਤ 'ਤੇ ਅਨੇਕਾਂ ਪੁਸਤਕਾਂ ਲਿਖੀਆਂ ਜਾ ਸਕਦੀਆਂ ਹਨ। ਇਸ ਵਿਚ ਨਿਰੋਲ ਆਪਣਾ ਇਕ ਕਾਵਿ ਸਿਧਾਂਤ ਹੈ। ਹਰ ਭਗਤ, ਹਰ ਗੁਰ-ਵਿਅਕਤੀ ਤੇ ਹਰ ਗੁਰੂ-ਘਰ ਨਾਲ ਸੰਬੰਧਤ ਕਵੀ ਦੀ ਰਚਨਾ ਤੇ ਕਾਵਿ ਕਲਾ ਉੱਤੇ ਵਿਚਾਰ ਹੋਣੀ ਚਾਹੀਦੀ ਹੈ। ਜੇ ਹਰ ਇਕ ਉੱਤੇ ਇਕ ਇਕ ਪੁਸਤਕ ਵੀ ਲਿਖੀ ਜਾਏ ਤਾਂ ਵੀ ਤਿੰਨ ਦਰਜਨ ਪੁਸਤਕਾਂ ਲਿਖੀਆਂ ਜਾਣੀਆਂ ਚਾਹੀਦੀਆਂ ਹਨ। ਹਰ ਗੁਰੂ, ਹਰ ਭਗਤ, ਹਰ ਭੱਟ, ਬਾਬਾ ਸੁੰਦਰ ਤੇ ਸਤੇ ਬਲਵੰਡ ਉੱਤੇ ਇਕ ਇਕ ਪੁਸਤਕ। ਦਸਮ ਗ੍ਰੰਥ ਉੱਤੇ ਵੀ ਇਸੇ ਪ੍ਰਕਾਰ ਕੰਮ ਹੋ ਸਕਦਾ ਹੈ।

*(੨) ਰਾਗ ਪੱਖ*

ਰਾਗਾਤਮਕਤਾ ਕਵਿਤਾ ਦਾ ਇਕ ਜ਼ਰੂਰੀ ਅੰਗ ਹੈ। ਪਰ ਸਾਰੀ ਬਾਣੀ ਕਾਵਿ-ਰਾਗਾਤਮਕਤਾ ਵਾਲੀ ਵੀ ਹੈ ਤੇ ਹਰ ਸ਼ਬਦ ਕਿਸੇ ਨਾ ਕਿਸੇ ਪਰਮਾਣੀਕ ਰਾਗ ਵਿਚ ਵੀ ਗਾਇਆ ਜਾਣਾ ਹੈ। ਪਹਿਲੇ ਤਾਂ ਕਵਿਤਾ ਤੇ ਰਾਗ ਦੇ ਸੰਬੰਧ ਦਾ ਨਿਰਣਾ ਕਰਨਾ ਚਾਹੀਦਾ ਹੈ। ਫਿਰ ਸਾਨੂੰ ਆਪਣਾ ਰਾਗ ਦਰਸ਼ਨ ਨਿਯਤ ਕਰਨਾ ਚਾਹੀਦਾ ਹੈ। ਉਸ ਦਰਸ਼ਨ ਵਿਚ ਹਰ ਰਾਗ ਦਾ ਪਿੰਗਲ ਲੱਭਣਾ ਚਾਹੀਦਾ ਹੈ। ਹਰ ਰਾਗ ਦਾ ਗਾਇਨ ਰੂਪ ਨਿਯਤ ਹੋਵੇ ਤੇ ਹਰ ਰਾਗ ਦੀ ਸਾਹਿਤਕ ਮਹਾਨਤਾ ਲੱਭੀ ਜਾਏ। ਜੇ ਕੇਵਲ

ਰਾਗਾਂ ਅਨੁਸਾਰ ਹੀ ਇਕ ਇਕ ਪੁਸਤਕ ਲਿਖੀ ਜਾਏ ਤਾਂ ਵੀ ਇਕੱਤੀ ਪੁਸਤਕਾਂ ਇਸ ਹਿਸਾਬ ਨਾਲ ਲਿਖਣੀਆਂ ਚਾਹੀਦੀਆਂ ਹਨ ਅਤੇ ਦੋ, ਰਾਗਾਂ ਤੋਂ ਪਹਿਲਾਂ ਦੀ ਤੇ ਰਾਗਾਂ ਤੋਂ ਮਗਰੋਂ ਦੀ ਬਾਣੀ ਉਤੇ, ਤੇਤੀ ਪੁਸਤਕਾਂ ਇਹ ਚਾਹੀਦੀਆਂ ਹਨ। ਰਾਗ ਦੀ ਸਿਖਲਾਈ ਲਈ ਬਹੁਤ ਉੱਚੇ ਪੈਮਾਨੇ ਦੇ ਪ੍ਰਬੰਧ ਦੀ ਲੋੜ ਹੈ।

*(੩) ਬੋਲੀ*

ਗੁਰੂ ਗ੍ਰੰਥ ਸਾਹਿਬ ਦੇ ਆਧਾਰ 'ਤੇ ਹੀ ਭਾਰਤ ਦੀਆਂ ਸਾਰੀਆਂ ਬੋਲੀਆਂ ਦੇ ਪਰੀਵਰਤਨ ਨੂੰ ਉਲੀਕਿਆ ਜਾ ਸਕਦਾ ਹੈ। ਪੰਜਾਬੀ ਤੇ ਪੰਜਾਬੀ ਦੀਆਂ ਉਪ-ਭਾਖਾਵਾਂ ਦੀ ਜੋ ਦਸ਼ਾ ਸੋਲ੍ਹਵੀਂ ਸਤਾਰ੍ਹਵੀਂ ਸਦੀ ਵਿਚ ਸੀ, ਪੰਜਾਬੀ ਉਤੇ ਬਾਹਰਲੀਆਂ ਬੋਲੀਆਂ (ਫ਼ਾਰਸੀ ਆਦਿ) ਦਾ ਕਿਵੇਂ ਪ੍ਰਭਾਵ ਪਿਆ ? ਪੰਜਾਬੀ ਹੋਰ ਭਾਰਤੀ ਬੋਲੀਆਂ (ਵਿਸ਼ੇਸ਼ ਕਰਕੇ ਯੂ. ਪੀ. ਤੇ ਮਹਾਂਰਾਸ਼ਟਰ) ਦੇ ਕਿਵੇਂ ਨੇੜੇ ਹੈ ? ਗਾਥਾ ਤੇ ਸਹਸਕ੍ਰਿਤੀ ਦਾ ਕੀ ਰੂਪ ਸੀ ? ਬ੍ਰਿਜ ਭਾਸ਼ਾ ਨਾਲ ਸਾਡਾ ਕੀ ਸੰਬੰਧ ਹੈ ? ਆਦਿ ਕਈ ਪੱਖਾਂ ਤੋਂ ਪੁਸਤਕਾਂ ਲਿਖੀਆਂ ਜਾ ਸਕਦੀਆਂ ਹਨ। ਭੱਟ ਕਿਥੋਂ ਦੇ ਵਸਨੀਕ ਸਨ ? ਉਨ੍ਹਾਂ ਦੀ ਬੋਲੀ ਦੇ ਆਧਾਰ 'ਤੇ ਨਿਰਣਾ ਹੋ ਸਕਦਾ ਹੈ ਜਾਂ ਉਨ੍ਹਾਂ ਦੀ ਬੋਲੀ ਦੇ ਰੂਪ 'ਤੇ ਇਕ ਪੁਸਤਕ ਲਿਖੀ ਜਾ ਸਕਦੀ ਹੈ।

*(੪) ਕੋਸ਼ਕਾਰੀ ਤੇ ਤਤਕਰੇ*

ਕਈ ਵੀਹਾਂ ਕੋਸ਼ ਗੁਰੂ ਗ੍ਰੰਥ ਸਾਹਿਬ ਦੇ ਆਧਾਰ 'ਤੇ ਲਿਖੇ ਜਾ ਸਕਦੇ ਹਨ। ਬੋਲੀ ਦੇ ਕੋਸ਼, ਹੋਰ ਬੋਲੀਆਂ ਦੇ ਕੋਸ਼, ਗੁਰੂ ਗ੍ਰੰਥ ਸਾਹਿਬ ਵਿਚ ਵਰਤੇ ਨਾਵਾਂ, ਦੇਵਤਿਆਂ, ਮਨੁੱਖਾਂ, ਜਾਨਵਰਾਂ, ਜੀਵਾਂ ਪੰਖੀਆਂ, ਥਾਵਾਂ, ਫੁੱਲਾਂ, ਬ੍ਰਿਛਾਂ ਆਦਿ ਦੇ ਨਾਵਾਂ......ਦੇ ਕੋਸ਼ ਬਣ ਸਕਦੇ ਹਨ। ਗੁਰੂ ਗ੍ਰੰਥ ਸਾਹਿਬ ਵਿਚ ਵਰਤੇ ਅਲੰਕਾਰਾਂ ਦਾ ਕੋਸ਼ ਹੋ ਸਕਦਾ ਹੈ, ਮੁਹਾਵਰਿਆਂ ਦਾ ਕੋਸ਼ ਹੋ ਸਕਦਾ ਹੈ, ਅਖਾਣਾਂ ਤੇ ਵਾਕ-ਅੰਸ਼ਾਂ ਦਾ ਕੋਸ਼ ਹੋ ਸਕਦਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਵਰਤੇ ਮਿਥਿਹਾਸਕ ਤੇ ਇਤਿਹਾਸਕ ਹਵਾਲਿਆਂ (References) ਦੇ ਕੋਸ਼ ਹੋ ਸਕਦੇ ਹਨ। ਗੁਰੂ ਗ੍ਰੰਥ ਸਾਹਿਬ ਦੇ ਆਧਾਰ 'ਤੇ ਸਿਖ ਗੁਰੂ ਸਾਹਿਬਾਨ ਦਾ ਇਤਿਹਾਸ ਲੱਭਿਆ ਜਾ ਸਕਦਾ ਹੈ। ਸਿਖ ਧਰਮ ਦੇ ਵਿਕਾਸ ਨੂੰ ਲੱਭਿਆ ਜਾ ਸਕਦਾ ਹੈ।

ਗੁਰੂ ਗ੍ਰੰਥ ਸਾਹਿਬ ਦੇ ਕਿੰਨੇ ਹੀ ਤਤਕਰੇ ਚਾਹੀਦੇ ਹਨ। ਉਪਰ-ਦੱਸੇ ਕੋਸ਼ਾਂ ਦੇ ਆਧਾਰ 'ਤੇ ਇੰਨੇ ਹੀ ਤਤਕਰੇ ਬਣ ਸਕਦੇ ਹਨ। ਸਿਧਾਂਤਕ ਸ਼ਬਦਾਂ ਦੇ ਤਤਕਰੇ ਹੋਣੇ ਚਾਹੀਦੇ ਹਨ, ਤੁਕਾਂ ਦੇ ਤਤਕਰੇ ਹੋਣੇ ਚਾਹੀਦੇ ਹਨ, ਵਿਸ਼ਿਆਂ ਅਨੁਸਾਰ ਸ਼ਬਦਾਂ ਦੇ ਤਤਕਰੇ ਹੋਣੇ ਚਾਹੀਦੇ ਹਨ, ਹਰ ਗੁਰ-ਵਿਅਕਤੀ ਦੀ ਬਾਣੀ ਦੇ ਤਤਕਰੇ ਹੋਣੇ ਚਾਹੀਦੇ ਹਨ। ਗੁਰੂ ਗ੍ਰੰਥ ਸਾਹਿਬ ਵਿਚ ਹੋਰ ਧਰਮਾਂ ਦੇ ਵਿਚਾਰਾਂ ਦਾ ਤਤਕਰਾ ਹੋ ਸਕਦਾ ਹੈ। ਜਿੱਥੇ ਜਿੱਥੇ ਹੋਰ ਮਹਾਨ ਪੁਸਤਕਾਂ ਦਾ ਵਰਣਨ ਹੈ, ਉਨ੍ਹਾਂ ਦੇ ਤਤਕਰੇ ਹੋ ਸਕਦੇ ਹਨ।

ਹੋਰ ਧਰਮਾਂ ਵਿਸ਼ੇਸ਼ ਕਰਕੇ ਬਾਈਬਲ ਵਾਲਿਆਂ ਜਿਵੇਂ ਆਪਣੀ ਇਸ਼ਟ ਪੁਸਤਕ ਦੀ ਖੋਜ ਕੀਤੀ ਹੈ ਤੇ ਉਸ ਦੀ ਮਹਾਨਤਾ ਪ੍ਰਗਟ ਕਰਨ ਲਈ ਕੰਮ ਕੀਤਾ ਹੈ, ਉਵੇਂ ਸਾਨੂੰ ਵੀ ਕਰਨਾ ਚਾਹੀਦਾ ਹੈ।

ਆਮ ਪੰਜ ਚਾਰ ਬਾਣੀਆਂ ਦੇ ਮੁੜ ਮੁੜ ਟੀਕੇ ਲਿਖੇ ਗਏ ਹਨ, ਹਰ ਇਕ ਰਾਗ ਵਿਚੋਂ ਮ: ੫ ਜਾਂ ਮਹਲੇ ੩ ਦੀ ਬਾਣੀ ਲੈ ਕੇ ਉਸ ਦਾ ਟੀਕਾ ਲਿਖਿਆ ਜਾ ਸਕਦਾ ਹੈ। ਕੇਵਲ ਸੋਰਠਿ ਆਦਿ ਇਕ ਰਾਗ ਵਿਚੋਂ ਮ: ੫ ਦੇ ਕੇਵਲ ਪਦਿਆਂ ਦਾ ਟੀਕਾ ਲਿਖਿਆ ਜਾ ਸਕਦਾ ਹੈ।

ਇਕ ਵਿਸ਼ਾ ਲੈ ਕੇ ਸਾਰੇ ਗੁਰੂ ਗ੍ਰੰਥ ਸਾਹਿਬ ਦੇ ਆਧਾਰ 'ਤੇ ਉਸ ਉਪਰ ਪੁਸਤਕ ਲਿਖੀ ਜਾ ਸਕਦੀ ਹੈ।

**(ਹ) ਪਰਮਾਣੀਕ ਰਚਨਾਵਾਂ ਦਾ ਅਧਿਐਨ**

ਭਾਈ ਗੁਰਦਾਸ ਜੀ ਤੇ ਭਾਈ ਨੰਦ ਲਾਲ ਜੀ ਦੀ ਬਾਣੀ ਨੂੰ ਲੋਕ-ਪ੍ਰਿਅ ਕਰਨ ਲਈ ਉਪਰ-ਦੱਸੇ ਤਰੀਕੇ ਨਾਲ ਹੀ ਇਸ ਦੀ ਖੋਜ ਹੋਣੀ ਚਾਹੀਦੀ ਹੈ।

ਰਹਿਤਨਾਮੇ ਅਸਲ ਰੂਪ ਵਿਚ ਖੋਜ ਕਰ ਕੇ ਪ੍ਰਗਟ ਕਰਨ ਦੀ ਲੋੜ ਹੈ। ਹਰ ਰਹਿਤਨਾਮੇ ਉਤੇ ਘੱਟੋ ਘੱਟ ਇਕ ਪਰਮਾਣੀਕ ਪੁਸਤਕ ਲਿਖੀ ਜਾਣੀ ਚਾਹੀਦੀ ਹੈ। ਰਹਿਤਨਾਮੇ ਵਿਚ ਦਿੱਤੀਆਂ ਹਦਾਇਤਾਂ ਦੀ ਧਾਰਮਕ ਤੇ ਸਮਾਜਕ ਮਹਾਨਤਾ ਪ੍ਰਗਟ ਕਰਨੀ ਚਾਹੀਦੀ ਹੈ। ਆਮ ਸਿੱਖਾਂ ਨੇ ਰਹਿਤਨਾਮਾ ਅੱਖਰ ਹੀ ਸੁਣਿਆ ਹੋਇਆ ਹੈ। ਨਾ ਹੀ ਇਹ ਆਮ ਪੁਸਤਕ ਰੂਪ ਵਿਚ ਪ੍ਰਕਾਸ਼ਤ ਹੋਏ ਮਿਲਦੇ ਹਨ ਤੇ ਨਾ ਹੀ ਲੋਕਾਂ ਪੜ੍ਹੇ ਹੋਏ ਹਨ।

ਜਨਮ-ਸਾਖੀਆਂ ਦੇ ਪਰਮਾਣੀਕ ਰੂਪ ਦਾ ਨਿਰਣਾ ਕਰਨ ਦੀ ਲੋੜ ਹੈ। ਬਾਲੇ ਵਾਲੀ ਜਨਮ-ਸਾਖੀ ਦੇ ਅਸਲ ਰੂਪ ਦਾ ਨਿਰਣਾ ਕਰਨ ਦੀ ਲੋੜ ਹੈ।

ਭਾਈ ਮਨੀ ਸਿੰਘ ਜੀ ਦੀਆਂ ਰਚਨਾਵਾਂ ਪ੍ਰਕਾਸ਼ਤ ਕਰਨ ਦੀ ਲੋੜ ਹੈ।

ਹੁਣ ਦੀ ਲੋੜ ਅਨੁਸਾਰ ਸਕੂਲਾਂ ਕਾਲਜਾਂ ਲਈ ਟੀਕੇ ਤੇ ਧਰਮ-ਪੋਥੀਆਂ ਲਿਖਣਾ ਵੀ ਖੋਜ ਕੇਂਦਰ ਦਾ ਕੰਮ ਹੋਣਾ ਚਾਹੀਦਾ ਹੈ।

**(ਕ) ਪਰਮਾਣ (Sources of Knowledge)**

ਅੱਜ ਤੀਕ, ਸ਼ਾਇਦ ਕੋਈ ਪੁਸਤਕ ਨਹੀਂ ਲਿਖੀ ਗਈ ਜਿਸ ਵਿਚ ਇਹ ਸੁਆਲ ਤੀਕ ਵੀ ਛੇੜਿਆ ਗਿਆ ਹੋਵੇ ਕਿ ਸਿਖ ਦ੍ਰਿਸ਼ਟੀਕੋਣ ਤੋਂ (ਗੁਰੂ ਗ੍ਰੰਥ ਸਾਹਿਬ ਦੇ ਆਧਾਰ 'ਤੇ) ਗਿਆਨ ਪ੍ਰਾਪਤੀ ਦੇ ਸਾਧਨ ਕੀ ਹਨ ? ਪਰਮਾਣ ਦਾ ਭਾਵ ਹੈ ਉਹ ਸਾਧਨ ਜਿਨ੍ਹਾਂ ਰਾਹੀਂ ਸਾਨੂੰ ਸਤਿ-ਗਿਆਨ ਪ੍ਰਾਪਤ ਹੁੰਦਾ ਹੈ (Sources of valid knowledge)। ਸਾਰੇ ਭਾਰਤੀ ਦਰਸ਼ਨਾਂ ਨੇ ਆਪਣੇ ਆਪਣੇ ਪਰਮਾਣਾਂ 'ਤੇ ਬਹਿਸ ਕੀਤੀ ਹੋਈ ਹੈ। ਪੱਛਮੀ ਦਰਸ਼ਨ ਦਾ ਵੀ ਇਹ ਬੜਾ ਜ਼ਰੂਰੀ ਵਿਸ਼ਾ ਹੈ ( Perception, Inference ਤੇ Intuition)। ਫ਼ਿਲਾਸਫ਼ੀ ਦੇ ਅਨੁਸਾਰ ਸਾਨੂੰ ਵੀ ਆਪਣੇ ਗਿਆਨ-ਸਾਧਨਾਂ ਦਾ ਨਿਰਣਾ ਕਰਨਾ ਚਾਹੀਦਾ ਹੈ।

**(ਖ) ਗੁਰ-ਇਤਿਹਾਸ**

ਵਿੱਦਿਆ ਦੇ ਨਵੇਂ ਚਾਨਣ ਨੇ ਬਹੁਤ ਸਾਰੇ ਪਰਮਾਣੀਕ ਗੁਰ-ਇਤਿਹਾਸ ਨੂੰ ਸ਼ੱਕੀ ਕਰ ਦਿੱਤਾ ਹੈ। ਬਹੁਤ ਸਾਰਾ ਗੁਰ-ਇਤਿਹਾਸ ਸਾਖੀਆਂ 'ਤੇ ਨਿਰਭਰ ਹੈ ਜਿਨ੍ਹਾਂ

ਵਿਚ ਆਮ ਕਰਕੇ ਪਰਾ-ਸਰੀਰਕ ਘਟਨਾਵਾਂ ਵਾਪਰਦੀਆਂ ਹਨ। ਕਰਾਮਾਤ ਵਿਚੋਂ ਪੜ੍ਹੇ-ਲਿਖੇ ਲੋਕਾਂ ਦਾ ਵਿਸ਼ਵਾਸ ਨਿਕਲ ਗਿਆ ਹੈ। ਹੋਰ ਕਈ ਬੜੇ ਨਾਜ਼ਕ ਜਿਹੇ ਸੁਆਲ ਪੈਦਾ ਹੋ ਗਏ ਹਨ ਜਿਨ੍ਹਾਂ ਦਾ ਨਿਰਣਾ ਬੜੀ ਖੋਜ ਤੋਂ ਮਗਰੋਂ ਹੀ ਕੀਤਾ ਜਾ ਸਕਦਾ ਹੈ। ਜਾਂ ਬੜੇ ਨਵੀਨ ਤੇ ਨਿਰਾਲੇ ਢੰਗ ਨਾਲ ਪੁਰਾਣੇ ਇਤਿਹਾਸ ਨੂੰ ਇਕ ਵਾਰੀ ਫਿਰ ਮੰਨਣ-ਯੋਗ ਤੇ ਪਰਮਾਣੀਕ ਸਿਧ ਕੀਤਾ ਜਾਏ ਤੇ ਉਸੇ ਅਨੁਸਾਰ ਉਸ ਨੂੰ ਪਰਚਾਰਿਆ ਜਾਏ। ਇਸ ਲਈ ਵੀ ਬੜੀ ਖੋਜ ਦੀ ਲੋੜ ਹੈ, ਜਾਂ ਉਸ ਵਿਚ ਅਦਲਾ ਬਦਲੀ ਕੀਤੀ ਜਾਏ ਤੇ ਇਹ ਵੀ ਬੜੀ ਹੀ ਪਰਪੱਕ ਖੋਜ ਮਗਰੋਂ ਕੀਤੀ ਜਾ ਸਕਦੀ ਹੈ। ਪਰ ਕੌਮ ਵਿਚ ਸ਼ੰਕੇ ਵਾਲੀ ਦਸ਼ਾ ਬੜੀ ਹਾਨੀਕਾਰਕ ਹੈ, ਇਸ ਨੂੰ ਹਰ ਹਾਲਤ ਵਿਚ ਦੂਰ ਕਰਨਾ ਚਾਹੀਦਾ ਹੈ।

ਗੁਰੂ ਨਾਨਕ ਸਾਹਿਬ ਜੀ ਦੀ ਜਨਮ ਥਿਤੀ ਦਾ ਨਿਰਣਾ ਹੋਣਾ ਚਾਹੀਦਾ ਹੈ। ਗੁਰੂ ਸਾਹਿਬ ਦਾ ਸਫ਼ਰ-ਢੰਗ ਕੀ ਸੀ ? ਪੈਦਲ ਤੁਰਨਾ ਜਾਂ ਅੱਖ ਮੀਟ ਕੇ ਕਿਤੇ ਦਾ ਕਿਤੇ ਪੁਜ ਜਾਣਾ ? ਗੁਰੂ ਸਾਹਿਬ ਕਰਾਮਾਤਾਂ ਕਰਦੇ ਸਨ ? ਮੱਕੇ ਉਨ੍ਹਾਂ ਕਿਵੇਂ ਕੀਤਾ ? ਘਰ ਵਿਚ ਗੁਰਿਆਈ ਦੇ ਮਸਲੇ ਦਾ ਨਿਸਚੇ-ਜਨਕ ਉੱਤਰ ਕੀ ਹੈ ? ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਬੰਨ੍ਹਣ ਲਈ ਗੁਰਬਾਣੀ ਕਿਵੇਂ ਇਕੱਤਰ ਹੋਈ ? ਇਸ ਦੇ ਉੱਤਰ ਵਿਚ ਕਈ ਵਾਰੀ ਇਕੋ ਹੀ ਪਰਚੇ ਵਿਚ ਭਿੰਨ ਭਿੰਨ ਸੁਝਾਅ ਦਿੱਤੇ ਹੁੰਦੇ ਹਨ, ਇਕੋ ਥਾਂ ਹੀ ਦੋ ਸਿਧਾਂਤ ਦੱਸੇ ਜਾ ਰਹੇ ਹੁੰਦੇ ਹਨ। ਇਸ ਮਸਲੇ 'ਤੇ ਵਰਤਮਾਨ ਖੋਜ ਦੇ ਸਿੱਟੇ ਪੁਰਾਤਨ ਵਿਚਾਰਾਂ ਨਾਲ ਟਕਰਾਅ ਰਹੇ ਹਨ ਤੇ ਇਹ ਟਕਰਾਅ ਅਵਿਸ਼ਵਾਸ ਪੈਦਾ ਕਰ ਰਿਹਾ ਹੈ। ਭਗਤ ਬਾਣੀ ਕਿਵੇਂ ਪ੍ਰਾਪਤ ਹੋਈ ? ਇਸ ਸੁਆਲ ਦਾ ਵੀ ਕੋਈ ਇਕ ਉੱਤਰ ਨਹੀਂ। ਕੀ ਗੁਰੂ ਤੇਗ ਬਹਾਦਰ ਜੀ ਨੇ ਦਿੱਲੀ ਜੇਲ੍ਹ ਵਿਚੋਂ ਕੋਈ ਚਿੱਠੀ ਗੁਰੂ ਗੋਬਿੰਦ ਸਿੰਘ ਜੀ ਨੂੰ ਲਿਖੀ ਸੀ ? ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ ਸਾਜਣ ਵੇਲੇ ਬੱਕਰੇ ਝਟਕਾਏ ਸਨ ਜਾਂ ਸਿਰ ਕੱਟੇ ਸਨ ? ਗੁਰੂ ਗੋਬਿੰਦ ਸਿੰਘ ਜੀ ਤੇ ਕਈ ਹੋਰ ਗੁਰ-ਵਿਅਕਤੀਆਂ ਨੇ ਕਿੰਨੀਆਂ ਕਿੰਨੀਆਂ ਸ਼ਾਦੀਆਂ ਕੀਤੀਆਂ ?

ਇਨ੍ਹਾਂ ਵਿਚੋਂ ਬਹੁਤ ਸਾਰੇ ਸੁਆਲਾਂ ਦਾ ਉੱਤਰ ਇਸ ਤਰ੍ਹਾਂ ਕੱਢਿਆ ਜਾ ਰਿਹਾ ਹੈ ਕਿ ਇਹ ਉੱਤਰ ਹੋਣਾ ਚਾਹੀਦਾ ਹੈ, ਇਹ ਉੱਤਰ ਠੀਕ ਜਾਪਦਾ ਹੈ, ਇਹ ਉੱਤਰ ਠੀਕ ਢੁਕਦਾ ਹੈ। ਪਰ ਅਸਲੀਅਤ ਕਿਵੇਂ ਵਾਪਰੀ ਸੀ ? ਇਸ ਦਾ ਕੋਈ ਲਿਹਾਜ਼ ਨਹੀਂ ਹੈ, ਯਤਨ ਇਹ ਹੈ ਕਿ ਅਸਲੀਅਤ ਇਵੇਂ ਵਾਪਰਨੀ ਚਾਹੀਦੀ ਸੀ, ਇਸ ਲਈ ਇਵੇਂ ਹੀ ਵਾਪਰੀ ਹੋਣੀ ਹੈ ਤੇ ਇਵੇਂ ਹੀ ਵਾਪਰੀ। ਪਰ ਜਿਥੇ ਵਰਤਮਾਨ ਸਮੇਂ ਦਾ ਕੋਈ ਵੀ ਮਨੁੱਖ ਬੌਧਿਕਤਾ ਤੇ ਦਲੀਲ 'ਤੇ ਟਿਕਣ ਵਾਲੀ ਗੱਲ ਪਸੰਦ ਕਰਦਾ ਹੈ ਉਥੇ ਇਕ ਸੰਜੀਦਾ ਪੁਰਸ਼ ਇਹ ਵੀ ਮੰਗ ਕਰਦਾ ਹੈ, ਜੋ ਸਿਟੇ ਤੁਸੀਂ ਸਾਡੀ ਪਸੰਦ ਅਨੁਸਾਰ ਦੱਸ ਰਹੇ ਹੋ ਇਹ ਤੁਸਾਂ ਪ੍ਰਾਪਤ ਕਿਵੇਂ ਕੀਤੇ ਹਨ ? ਇਹ ਨਤੀਜੇ ਤੁਸਾਂ ਕਿਹੜੇ ਬਾਹਰਲੇ ਸੁਤੰਤਰ ਸਬੂਤਾਂ, ਲਿਖਤਾਂ ਤੇ ਸਚਾਈਆਂ 'ਤੇ ਆਧਾਰਤ ਕੀਤੇ ਹਨ ? ਭਾਵ, ਵਿਗਿਆਨਕ ਇਤਿਹਾਸਕ ਖੋਜ ਦੇ ਢੰਗ ਨੂੰ ਵਰਤਣ ਦੀ ਲੋੜ ਹੈ, ਨਾ ਕਿ ਅੰਤਰਮੁਖੀ ਨਿਜੀ ਵਿਚਾਰਾਂ ਨੂੰ ਪ੍ਰਕਾਸ਼ਨ ਦੀ ਲੋੜ ਹੈ। ਖੋਜ ਦੀ ਲੋੜ ਹੈ, ਕੇਵਲ ਨਵੇਂ ਉੱਤਰ ਸੋਚਣ ਦੀ ਲੋੜ ਨਹੀਂ ਹੈ। ਸਾਰੇ ਲਿਖੇ ਗੁਰ-ਇਤਿਹਾਸਾਂ ਨੂੰ ਘੋਖਣ ਦੀ ਲੋੜ ਹੈ, ਉਨ੍ਹਾਂ ਨੂੰ ਇਕ ਦੂਜੇ ਨਾਲ ਮੇਲਣ ਦੀ ਲੋੜ ਹੈ, ਉਨ੍ਹਾਂ ਦੇ ਦੱਸੇ ਵਾਕਿਆਤ ਨੂੰ ਬੋਲੀ ਪੱਖ ਤੋਂ ਪਰਖਣ ਦੀ ਲੋੜ ਹੈ। ਉਨ੍ਹਾਂ ਵਿਚੋਂ ਕਾਵਿ-ਮਾਧਿਅਮ ਕਰ ਕੇ ਆਏ

ਕਈ ਝਮੇਲਿਆਂ ਤੇ ਅਤਿ-ਕਥਨੀਆਂ ਨੂੰ ਕੱਢਣ ਤੇ ਪਰਖਣ ਦੀ ਲੋੜ ਹੈ। ਜ਼ਰੂਰੀ ਹੈ ਕਿ ਸਾਡੇ ਮਨ-ਭਾਉਂਦੇ ਨਤੀਜੇ ਪੁਰਾਣੇ ਲਿਖਤੀ ਗੁਰ-ਇਤਿਹਾਸਾਂ 'ਤੇ ਹੀ ਨਿਰਭਰ ਹੋਣ। ਪਰ ਉਨ੍ਹਾਂ ਦੇ ਇਕ ਇਕ ਅੱਖਰ ਦੇ ਅਰਥ ਮੁੜ ਘੋਖਣ ਦੀ ਲੋੜ ਹੈ। ਪੁਰਾਤਨ ਗੁਰ-ਇਤਿਹਾਸਾਂ ਦਾ ਤੁਲਨਾਤਮਕ ਅਧਿਐਨ ਬੜੇ ਚੰਗੇ ਨਤੀਜੇ ਦੇ ਸਕਦਾ ਹੈ।

ਅਸਲ ਵਿਚ ਕੰਮ ਅਰੰਭ ਕਰਨ ਦੀ ਲੋੜ ਹੈ। ਜਿਉਂ ਜਿਉਂ ਕੰਮ ਤੁਰਦਾ ਹੈ, ਔਕੜਾਂ ਵੀ ਪੈਦਾ ਹੁੰਦੀਆਂ ਹਨ ਤੇ ਕੁਦਰਤ ਹੱਲ ਵੀ ਦੱਸਦੀ ਹੈ। ਸਬਰ ਨਾਲ ਕੰਮ ਨੂੰ ਕਰੀ ਜਾਣਾ ਹੀ ਸਫਲਤਾ ਦਾ ਸੂਚਕ ਹੈ।

**(ਗ) ਪੰਜਾਬੀ ਬੋਲੀ ਤੇ ਲਿਪੀ**

ਕਿਉਂਕਿ ਪੰਜਾਬੀ ਬੋਲੀ ਬਦੋ-ਬਦੀ ਕੇਵਲ ਸਿੱਖਾਂ ਦੀ ਬੋਲੀ ਦੱਸੀ ਜਾ ਰਹੀ ਹੈ ਤੇ ਇਸ ਦਾ ਕਾਰਨ ਸਾਡਾ ਧਰਮ ਹੈ, ਤਾਂ ਤੇ ਸਾਨੂੰ ਆਪਣਾ ਫ਼ਰਜ਼ ਇਸ ਪੱਖ ਤੋਂ ਨਿਭਾਣ ਤੋਂ ਸੰਕੋਚ ਨਹੀਂ ਕਰਨਾ ਚਾਹੀਦਾ। ਇਸ ਬੋਲੀ ਤੇ ਲਿਪੀ ਦੇ ਵਿਕਾਸ 'ਤੇ ਪੂਰੀ ਖੋਜ ਕਰਨ ਲਈ ਸਾਡਾ ਇਕ ਖੋਜ-ਕੇਂਦਰ ਹੋਣਾ ਚਾਹੀਦਾ ਹੈ।

ਗਿਆਨੀ ਦੀ ਪੜ੍ਹਾਈ ਲਈ ਕੋਈ ਤਸੱਲੀਬਖ਼ਸ਼ ਪ੍ਰਬੰਧ ਕਿਧਰੇ ਨਹੀਂ, ਕੀ ਇਹ ਸਾਡੀ ਵਿਚਾਰ ਲਈ ਇਕ ਮਸਲਾ ਨਹੀਂ ?

**(ਘ) ਫੁਟਕਲ ਵਿਚਾਰ**

ਸਿਖ ਕੌਮ ਸੇਵਾ-ਭਾਵ ਲਈ ਪ੍ਰਸਿੱਧ ਹੈ। ਈਸਾਈਆਂ ਵਿਚ ਬੜਾ ਸੇਵਾ-ਭਾਵ ਹੈ। ਅਮਲੀ ਤੌਰ 'ਤੇ ਜੋ ਤਰੀਕੇ ਸੇਵਾ ਲਈ ਉਨ੍ਹਾਂ ਅਪਣਾਏ ਹਨ ਉਹ ਸਾਰੇ ਸੰਸਾਰ ਲਈ ਸੁਖਦਾਇਕ ਵੀ ਸਿੱਧ ਹੋਏ ਹਨ ਤੇ ਸਾਰੇ ਸੰਸਾਰ ਨੇ ਉਹਨਾਂ ਨੂੰ ਪਸੰਦ ਵੀ ਕੀਤਾ ਹੈ। ਵੱਡਾ ਵਸੀਲਾ ਮਰੀਜ਼ਾਂ ਦੀ ਸੇਵਾ ਹੈ। ਸਿੱਖਾਂ ਨੂੰ ਘੱਟੋ ਘੱਟ ਇਕ ਬੜਾ ਵੱਡਾ ਹਸਪਤਾਲ ਕਾਇਮ ਕਰਨਾ ਚਾਹੀਦਾ ਹੈ। ਨਿੱਕਾ ਮੋਟਾ ਦਵਾਈ ਦਾਰੂ ਦਾ ਪ੍ਰਬੰਧ ਹਰ ਗੁਰਦੁਆਰੇ ਵਿਚ ਵੀ ਚਾਹੀਦਾ ਹੈ।

ਦੂਜਾ ਤਰੀਕਾ ਸੇਵਾ ਦਾ ਸਕੂਲ ਕਾਲਜ ਹਨ। ਵੱਧ ਤੋਂ ਵੱਧ ਸਕੂਲ ਸਾਨੂੰ ਕਾਇਮ ਕਰਨੇ ਚਾਹੀਦੇ ਹਨ ਤੇ ਬਿਨਾਂ ਕਿਸੇ ਵਿਤਕਰੇ ਦੇ ਵਿਦਿਆਰਥੀਆਂ ਨੂੰ ਉਥੋਂ ਵਿੱਦਿਆ ਪ੍ਰਾਪਤ ਹੋਣੀ ਚਾਹੀਦੀ ਹੈ।

ਤੀਜਾ ਤਰੀਕਾ ਹੈ ਪਛੜੀਆਂ ਜਾਤੀਆਂ ਨੂੰ ਆਰਥਕ ਤੇ ਸਮਾਜਕ ਤੌਰ 'ਤੇ ਚੁੱਕਣਾ। ਇਹ ਤਿੰਨੇ ਤਰੀਕੇ (ਹਸਪਤਾਲ, ਸਕੂਲ ਤੇ ਲੰਗਰ) ਬਿਲਕੁਲ ਸਿਖ ਭਾਵ ਦੇ ਅਨੁਕੂਲ ਹਨ।

ਲੇਖ ਦੇ ਹਿੱਸੇ (੨) ਵਿਚ (ੳ) ਤੋਂ (ਘ) ਤੀਕ ਸਮੱਸਿਆਵਾਂ ਹਨ ਜਿਨ੍ਹਾਂ 'ਤੇ ਬੜੇ ਸੁਲਝੇ ਹੋਏ ਪਰਮਾਣੀਕ ਦ੍ਰਿਸ਼ਟੀਕੋਣ ਬਣਾਣ ਦੀ ਲੋੜ ਹੈ। ਪਰਮਾਣੀਕ ਦਾ ਭਾਵ ਇਹ ਨਹੀਂ ਕਿ ਉਹ ਸਭ ਨੂੰ ਪਰਵਾਨ ਹੋਣਗੇ, ਬਹੁ-ਸੰਮਤੀ ਨੂੰ ਪਰਵਾਨ ਹੋਣੇ ਚਾਹੀਦੇ ਹਨ ਤੇ ਹਰ ਪਰਚਾਰਕ, ਕਥਾਕਾਰ ਨੂੰ ਕਿਸੇ ਨਾ ਕਿਸੇ ਤਰ੍ਹਾਂ ਨਿਯਮ ਤੇ ਜ਼ਬਤ ਵਿਚ ਹੋਣਾ ਚਾਹੀਦਾ ਹੈ, ਉਹ ਕੇਵਲ ਉਨ੍ਹਾਂ ਪਰਮਾਣੀਕ ਵਿਚਾਰਾਂ ਦਾ ਹੀ ਪ੍ਰਚਾਰ ਕਰਨ, ਆਪਣੀ ਮਰਜ਼ੀ ਨਹੀਂ।

ਇਸ ਲਈ ਪੰਥ ਨੂੰ ਇਕ ਬੜੀ ਭਾਰੀ ਵਰਤਮਾਨ ਢੰਗ ਦੀ ਸੋਹਣੀ ਪ੍ਰਭਾਵਸ਼ਾਲੀ ਬਿਲਡਿੰਗ ਵਿਚ ਖੋਜ-ਕੇਂਦਰ ਕਾਇਮ ਕਰਨਾ ਚਾਹੀਦਾ ਹੈ। ਇਹ ਅੰਮ੍ਰਿਤਸਰ ਵਿਚ ਹੀ ਹੋਣਾ ਚਾਹੀਦਾ ਹੈ ਤੇ ਉਸ ਖੋਜ-ਕੇਂਦਰ ਦੇ ਨਾਲ ਸੰਬੰਧਤ ਹੋਣੇ ਚਾਹੀਦੇ ਹਨ:

(੧) ਪਰਮਾਰਥਕ ਵਿਦਿਆਲਾ (College of Theology)

(੨) ਪਰਚਾਰਕ ਵਿਦਿਆਲਾ (Missionary College)

(੩) ਸੰਗੀਤ ਵਿਦਿਆਲਾ (College of Music)

(੪) ਸੇਵਾ ਲਈ ਸਿਖਲਾਈ ਦਾ ਕੇਂਦਰ (College of World Welfare) ਤੇ ਨਾਲ ਹੀ ਕੰਮ ਕਰਨ, ਇਹ ਕੇਂਦਰ:

੧. ਸਿਖ ਟ੍ਰੈਕਟ ਸੁਸਾਇਟੀ (Sikh Tract Society)

੨. ਘੱਟੋ ਘੱਟ ਇਕ ਪਰਚਾਰ ਲਈ ਰਸਾਲਾ ਪੰਜਾਬੀ ਵਿਚ ਤੇ ਇਕ ਅੰਗਰੇਜ਼ੀ ਵਿਚ।

੩. ਘੱਟੋ ਘੱਟ ਇਕ ਮਾਹਵਾਰੀ ਰੀਸਰਚ ਬੁਲਿਟਿਨ ਜਾਂ ਰਸਾਲਾ (ਪੰਜਾਬੀ ਤੇ ਅੰਗਰੇਜ਼ੀ ਵਿਚ)।

੪. ਡਾਕ ਰਾਹੀਂ ਗੁਰੂ ਗ੍ਰੰਥ ਸਾਹਿਬ ਤੇ ਸਿਖ ਧਰਮ ਸੰਬੰਧੀ ਕੋਰਸ (Free Postal Tuition)।

੫. ਇਕ ਰੋਜ਼ਾਨਾ ਬਹੁਤ ਚੰਗਾ ਅਖ਼ਬਾਰ (ਪੰਜਾਬੀ ਵਿਚ)।

ਜੋ ਕੁਝ ਪੜ੍ਹਾਇਆ ਜਾਂ ਪ੍ਰਕਾਸ਼ਤ ਕੀਤਾ ਜਾਣਾ ਹੈ ਉਹ ਪੂਰੀ ਖੋਜ ਦੇ ਮਗਰੋਂ ਹੋਵੇ। ਖੋਜ-ਕੇਂਦਰ ਹੀ ਇਸ ਸੰਸਥਾ ਦੀ ਜਾਨ ਹੋਣਾ ਚਾਹੀਦਾ ਹੈ। ਪੂਰੀ ਖੋਜ ਮਗਰੋਂ ਪੁਸਤਕਾਂ ਲਿਖੀਆਂ ਜਾਣ ਤੇ ਪਰਮਾਣੀਕ ਵਿਚਾਰ ਪ੍ਰਕਾਸ਼ਤ ਕੀਤੇ ਜਾਣ। ਉਦਾਸੀਆਂ ਤੇ ਨਿਰਮਲਿਆਂ ਨੂੰ ਆਪਣੇ ਨਾਲ ਮਿਲਾਣਾ ਚਾਹੀਦਾ ਹੈ ਤੇ ਉਨ੍ਹਾਂ ਦਾ ਸਹਿਯੋਗ ਪ੍ਰਾਪਤ ਕਰਨਾ ਚਾਹੀਦਾ ਹੈ। ਉਹ ਸੇਵਾ ਤੇ ਪਰਚਾਰ ਲਈ ਅਤਿ ਲਾਭਦਾਇਕ ਸਾਬਤ ਹੋ ਸਕਦੇ ਹਨ। ਉਨ੍ਹਾਂ ਵਿਚ ਬੜੇ ਬੜੇ ਤਕੜੇ ਵਿਦਵਾਨ ਵੀ ਹਨ। ਸੇਵਾ ਪਰਚਾਰ ਲਈ ਤਿਆਗੀ ਜੀਵਨ ਦੀ ਵੀ ਲੋੜ ਹੈ।

ਜੇ ਇਹ ਵਿਚਾਰ ਕਿਸੇ ਧਿਆਨ ਦੇ ਯੋਗ ਹੋਣ ਤਾਂ ਇਨ੍ਹਾਂ ਦੀ ਸੰਭਾਵਨਾ ਪਰਖਣ ਲਈ ਸੁਚੱਜੇ ਵਿਦਵਾਨਾਂ ਦੀ ਇਕ ਵਿਚਾਰ ਕਮੇਟੀ ਦੀ ਲੋੜ ਹੈ।

ਪ

# ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕਾਵਿ ਕਲਾ ਤੇ ਰਾਗਾਂ ਦਾ ਸੰਬੰਧ

੧.

ਜਿਥੇ ਗੁਰੂ ਗ੍ਰੰਥ ਸਾਹਿਬ ਨੇ ਕਈ ਨਵੇਂ ਅਧਿਆਤਮਕ ਰਹੱਸਵਾਦੀ, ਧਾਰਮਕ, ਸਮਾਜਕ ਤੇ ਰਾਜਸੀ ਦ੍ਰਿਸ਼ਟੀਕੋਣ ਦਿੱਤੇ ਹਨ, ਉੱਥੇ ਇਉਂ ਪ੍ਰਤੀਤ ਹੁੰਦਾ ਹੈ ਕਿ ਉਸ ਨੇ ਇਕ ਨਵਾਂ ਕਲਾਤਮਕ ਦ੍ਰਿਸ਼ਟੀਕੋਣ ਵੀ ਦਿੱਤਾ ਹੈ, ਜਿਸ ਦੀ ਭਾਰਤੀ ਕਲਾਤਮਕ ਇਤਿਹਾਸ ਵਿਚ ਇਕ ਵਿਸ਼ੇਸ਼ ਥਾਂ ਹੋਣੀ ਚਾਹੀਦੀ ਹੈ। ਸ਼ਾਇਦ ਇਸ ਤਜਰਬੇ ਨੂੰ ਤਿੰਨਾਂ ਪੱਖਾਂ ਤੋਂ ਵੇਖਿਆ ਜਾ ਸਕਦਾ ਹੈ:

(੧) ਗੁਰੂ ਸਾਹਿਬਾਨ ਨੇ ਰਾਗਾਂ ਤੇ ਕਵਿਤਾ ਨੂੰ ਮਿਲਾ ਦਿੱਤਾ। ਭਾਰਤੀ ਸਿਧਾਂਤ ਅਨੁਸਾਰ ਰਾਗ ਨੂੰ ਆਪਣੇ ਆਪ ਵਿਚ ਸੰਪੂਰਣ ਕਲਾ ਮੰਨਿਆ ਗਿਆ ਹੈ ਤੇ ਕਵਿਤਾ ਨੂੰ ਆਪਣੇ ਆਪ ਵਿਚ। ਪਰ ਭਗਤ ਕਵੀਆਂ ਵਿਚ ਇਕ ਸੰਜੋਗਾਤਮਕ ਪ੍ਰਤਿਭਾ ਸੀ। ਜਿਵੇਂ ਉਨ੍ਹਾਂ ਨੇ ਗਿਆਨ ਤੇ ਭਗਤੀ ਨੂੰ ਮਿਲਾ ਦਿੱਤਾ, ਤਿਵੇਂ ਉਨ੍ਹਾਂ ਨੇ ਕਵਿਤਾ ਤੇ ਰਾਗ ਨੂੰ ਇਕੱਠਾ ਕਰ ਕੇ ਇਹ ਦੱਸਣ ਦਾ ਯਤਨ ਕੀਤਾ ਕਿ ਇਹ ਸੰਜੋਗ ਸੁਹਜਵਾਦੀ ਤੌਰ 'ਤੇ ਵਧੇਰੇ ਪ੍ਰਭਾਵਸ਼ਾਲੀ ਹੈ। ਜੋਗੀ ਤੇ ਬਾਬਾ ਫ਼ਰੀਦ ਵੀ ਐਸਾ ਕਰ ਚੁੱਕੇ ਸਨ।

(੨) ਭਗਤ ਕਵੀਆਂ ਤੇ ਗੁਰੂ ਸਾਹਿਬਾਨ ਨੇ ਕਾਵਿ-ਕਲਾ ਤੇ ਪ੍ਰਧਾਨਗੀ 'ਰਸ' ਦੀ ਥਾਂ 'ਰਾਗ' ਦੀ ਮੰਨੀ ਹੈ। ਰਾਗ ਤੋਂ ਭਾਵ ਗਉੜੀ, ਆਸਾ, ਵਡਹੰਸੁ ਆਦਿ ਰਾਗ ਹਨ। ਆਮ ਭਾਰਤੀ ਕਵਿਤਾ ਵਿਚ ਪ੍ਰਧਾਨ ਚੀਜ਼ 'ਰਸ' ਹੈ ਤੇ ਕਵਿਤਾ ਦੀ ਸ਼ਬਦ ਚੋਣ,ਅਲੰਕਾਰ ਤੇ ਵਿਸ਼ਾ ਆਦਿ 'ਰਸ' ਦੇ ਅਨੁਕੂਲ ਚੁਣੇ ਤੇ ਨਿਭਾਏ ਜਾਂਦੇ ਹਨ, ਪਰ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਇਦ ਇਹ ਸਭ ਕੁਝ ਉਸ ਰਾਗ ਅਨੁਸਾਰ ਨਿਭਾਇਆ ਜਾਂਦਾ ਹੈ, ਜਿਸ ਵਿਚ ਕੋਈ ਸ਼ਬਦ ਰਚਿਆ ਜਾ ਰਿਹਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਮਨੁੱਖ ਨੂੰ ਸਾਰੀ ਰਚਨਾ ਦਾ ਹੀ ਰਾਗ ਮੰਨਿਆ ਗਿਆ ਹੈ, ਇਸ ਲਈ ਕੋਈ ਇਕੱਲੀ ਚੀਜ਼, ਭਾਵ, ਇਕ ਵਿਸ਼ੇਸ਼ 'ਰਸ' ਵਿਚ ਲਿਖੀ ਹੋਈ ਕਵਿਤਾ ਉਸ ਦੇ ਮਨ ਨੂੰ ਆਪਣੇ ਆਪ ਵਿਚ ਪ੍ਰਭਾਵਿਤ ਨਹੀਂ ਕਰ ਸਕਦੀ ਜਿੰਨੇ ਚਿਰ ਤੀਕ ਉਹ ਸਮੇਂ, ਰੁੱਤ, ਸਮਾਜ ਤੇ ਕੌਮੀ ਪ੍ਰਤਿਭਾ ਦੇ ਅਨੁਕੂਲ ਨਹੀਂ। ਸਮੇਂ, ਰੁੱਤ, ਕੌਮੀ ਪ੍ਰਤਿਭਾ, ਸਮਾਜਕ ਹਾਲਾਤ ਆਦਿ ਦਾ ਨਿਰਣਾ ਰਾਗ ਵਿਚ ਜ਼ਰੂਰੀ ਹੈ। ਪਰ 'ਰਸ' ਵਿਚ ਸਪਸ਼ਟ ਤੌਰ 'ਤੇ ਜਿਥੋਂ ਤੀਕ ਮੇਰੀ ਵਾਕਫ਼ੀ ਦਾ ਸੰਬੰਧ ਹੈ, ਜ਼ਰੂਰੀ ਨਹੀਂ। ਭਾਵ ਰਾਗ ਕੋਈ ਵੀ ਨਹੀਂ ਜਿਹੜਾ

ਇਸ ਨਿਰਣੇ ਤੋਂ ਬਿਨਾਂ ਅਲਾਪਿਆ ਜਾ ਸਕਦਾ ਹੋਵੇ। ਪਰ ਰਸ ਉੱਨੀ ਸਪਸ਼ਟ ਪ੍ਰੀਭਾਸ਼ਾ ਵਾਲਾ ਸ਼ਬਦ ਨਹੀਂ ਜਿੰਨਾ ਕਿ ਰਾਗ ਹੈ। ਇਸੇ ਲਈ ਗੁਰੂ ਗ੍ਰੰਥ ਸਾਹਿਬ ਦੇ ਸਾਰੇ ਸ਼ਬਦਾਂ ਨੂੰ 'ਰਾਗ' ਅਨੁਸਾਰ ਸ਼੍ਰੇਣੀਬੱਧ ਕੀਤਾ ਹੈ, 'ਰਸ' ਅਨੁਸਾਰ ਨਹੀਂ। ਇਉਂ ਵੀ ਪ੍ਰਤੀਤ ਹੁੰਦਾ ਹੈ ਕਿ 'ਰਸ' 'ਰਾਗ' ਦਾ ਕੇਵਲ ਇਕ ਪੱਖ ਹੈ ਤੇ 'ਰਾਗ' ਕੋਈ ਵਧੇਰੀ ਚੌੜੇਰੀ ਮਹਾਨਤਾ ਵਾਲੀ ਚੀਜ਼ ਹੈ।

## ੨.

'ਰਾਗ' ਤੇ 'ਰਸ' ਦਾ ਤੁਲਨਾਤਮਕ ਵਿਚਾਰ 'ਰਾਗ' ਬਾਰੇ ਦਿੱਤੀ ਹੇਠਲੀ ਵਾਕਫ਼ੀ ਤੋਂ ਪ੍ਰਗਟ ਹੋ ਸਕਦਾ ਹੈ। ਹਰ 'ਰਾਗ' ਬਾਰੇ ਇਹ ਅੱਠ ਚੀਜ਼ਾਂ ਕਿਸੇ ਵੀ ਸੰਗੀਤਕਾਰ ਜਾਂ ਰਾਗ ਵਿਚ ਰਚਨਾ ਕਰਨ ਵਾਲੇ ਕਵੀ ਨੂੰ ਜਾਣਨੀਆਂ ਜ਼ਰੂਰੀ ਹਨ :

(੧) ਹਰ ਰਾਗ ਦਾ ਆਪਣਾ ਪਰਿਵਾਰ ਹੈ। ਹਿੰਦੁਸਤਾਨੀ ਸੰਗੀਤ ਵਿਚ ਕੁਝ ਰਾਗ ਮੰਨੇ ਗਏ ਹਨ ਤੇ ਬਾਕੀ ਰਾਗਾਂ ਰਾਗਣੀਆਂ ਨੂੰ ਉਨ੍ਹਾਂ ਦੇ ਪਰਿਵਾਰ ਵਿਚ ਰੱਖਿਆ ਗਿਆ ਹੈ। ਇਸ ਤਰ੍ਹਾਂ ਹਰ ਰਾਗ ਦੀ ਆਪਣੀ ਨੁਹਾਰ ਇਕ ਚੌੜੇਰੀ ਪਰਿਵਾਰਕ ਨੁਹਾਰ ਨਾਲ ਮਿਲਦੀ ਹੈ।

(੨) ਹਰ ਰਾਗ ਦਾ ਆਪਣਾ ਆਪਣਾ ਗਾਣ ਪ੍ਰਬੰਧ ਹੈ। ਕੋਈ ਸੰਪੂਰਣ ਰਾਗ ਹੈ ਤੇ ਕੋਈ ਨਹੀਂ। ਇਸ ਲਈ ਕਿਸੇ ਵਿਚ ਸਾਰੀਆਂ ਸੱਤ ਸੁਰਾਂ ਲੱਗਦੀਆਂ ਹਨ ਤੇ ਕਿਸੇ ਵਿਚ ਘਟ।

(੩) ਹਰ ਰਾਗ ਕਈ ਘਰਾਂ ਵਿਚ ਗਾਇਆ ਜਾ ਸਕਦਾ ਹੈ।

(੪) ਹਰ ਰਾਗ ਦੇ ਗਾਣ ਦਾ ਮੌਸਮ ਮੁਕੱਰਰ ਹੈ। ਜਿਵੇਂ ਸਿਰੀ ਰਾਗ ਕੇਵਲ ਸਖ਼ਤ ਗਰਮੀ ਜਾਂ ਸਖ਼ਤ ਸਰਦੀ ਵਿਚ ਗਾਇਆ ਜਾ ਸਕਦਾ ਹੈ। ਗਉੜੀ ਹਰ ਮੌਸਮ ਵਿਚ ਗਾਈ ਜਾ ਸਕਦੀ ਹੈ। ਵਡਹੰਸੁ ਕੇਵਲ ਸਰਦੀਆਂ ਵਿਚ ਗਾਇਆ ਜਾ ਸਕਦਾ ਹੈ। ਤਿਲੰਗ ਤੇ ਮਲਾਰ ਕੇਵਲ ਬਰਖਾ ਰੁੱਤ ਵਿਚ ਗਾਏ ਜਾ ਸਕਦੇ ਹਨ।

(੫) ਕਿਸੇ ਮੌਸਮ ਦਾ ਰਾਗ ਵੀ ਉਸ ਮੌਸਮ ਵਿਚ ਖ਼ਾਸ ਸਮੇਂ 'ਤੇ ਹੀ ਗਾਇਆ ਜਾ ਸਕਦਾ ਹੈ। ਸੋਰਠਿ ਰਾਤ ਦੇ ਸਮੇਂ ਗਾਇਆ ਜਾ ਸਕਦਾ ਹੈ। ਧਨਾਸਰੀ ਢਲਦੇ ਦੁਪਹਿਰ ਸਮੇਂ ਗਾਇਆ ਜਾ ਸਕਦਾ ਹੈ। ਸੂਹੀ ਕਿਸੇ ਵਕਤ ਵੀ ਗਾਇਆ ਜਾ ਸਕਦਾ ਹੈ ਆਦਿ।

(੬) ਹਰ ਰਾਗ ਕਿਸੇ ਨਾ ਕਿਸੇ ਖ਼ਾਸ ਦੇਸ਼ ਜਾਂ ਸੂਬੇ ਨਾਲ ਸੰਬੰਧ ਰੱਖਦਾ ਹੈ। ਇਸ ਲਈ ਉਸ ਵਿਚ ਕੋਈ ਕਵਿਤਾ ਰਚਣ ਵੇਲੇ ਉਸ ਦੇਸ਼ ਜਾਂ ਸੂਬੇ ਦੇ ਲੋਕਾਂ ਦੀ ਰਹਿਣੀ-ਬਹਿਣੀ, ਉਨ੍ਹਾਂ ਦਾ ਸਭਿਆਚਾਰ, ਉਨ੍ਹਾਂ ਦੇ ਰਸਮੋ-ਰਿਵਾਜ ਤੇ ਉਨ੍ਹਾਂ ਦੀਆਂ ਹੋਰ ਵਿਸ਼ੇਸ਼ ਸਮਾਜੀ, ਰਾਜਸੀ ਤੇ ਸਭਿਆਚਾਰਕ ਗੱਲਾਂ ਦਾ ਖ਼ਿਆਲ ਰੱਖਣਾ ਪਵੇਗਾ। ਮਾਝ ਰਾਗ ਨਿਰੋਲ ਪੰਜਾਬ ਦਾ ਰਾਗ ਹੈ। ਮਾਰੂ ਰੇਤਲੇ ਇਲਾਕਿਆਂ ਨਾਲ ਸੰਬੰਧਤ ਹੈ।

(੭) ਆਮ ਕਰਕੇ ਭਿੰਨ ਭਿੰਨ ਰਾਗ ਕਿਸੇ ਖ਼ਾਸ ਕੌਮ, ਸ਼੍ਰੇਣੀ ਜਾਂ ਧਾਰਮਕ ਫ਼ਿਰਕੇ ਨਾਲ ਵੀ ਸੰਬੰਧਤ ਹਨ ਜਾਂ ਖ਼ਾਸ ਖ਼ਾਸ ਲੋਕਾਂ ਨੇ ਕੋਈ ਖ਼ਾਸ ਖ਼ਾਸ ਰਾਗ ਵਧੇਰੇ ਅਪਣਾਇਆ ਹੈ। ਜਿਵੇਂ ਗੂਜਰੀ ਰਾਗ ਗੁੱਜਰ ਲੋਕਾਂ ਦਾ ਰਾਗ ਹੈ। ਆਸਾ, ਤਿਲੰਗ, ਸੂਹੀ ਤੇ ਮਾਰੂ ਮੁਸਲਮਾਨਾਂ ਨੇ ਵੱਧ ਵਰਤੇ ਹਨ। ਰਾਮਕਲੀ ਜੋਗੀਆਂ ਨੇ ਵਰਤਿਆ

ਹੈ। ਬਸੰਤ, ਮਲਾਰ ਆਦਿ ਸਾਰੀ ਕੌਮ ਦੇ ਰਾਗ ਹਨ ਕਿਉਂਕਿ ਇਨ੍ਹਾਂ ਦਾ ਸੰਬੰਧ ਕੁਝ ਮੌਸਮਾਂ ਨਾਲ ਹੈ। ਇਸ ਲਈ ਕਿਸੇ ਰਾਗ ਵਿਚ ਕਵਿਤਾ ਰਚਣ ਵੇਲੇ ਇਸ ਗੱਲ ਦਾ ਵੀ ਖ਼ਿਆਲ ਰੱਖਣਾ ਪਵੇਗਾ।

(੮) ਹਰ ਰਾਗ ਦਾ ਆਪਣਾ ਰਸ ਮੰਨਿਆ ਗਿਆ ਹੈ। ਜਿਵੇਂ ਆਸਾ, ਸੂਹੀ, ਬਸੰਤ, ਸਾਰੰਗ ਤੇ ਮਲਾਰ ਸਭ ਖ਼ੁਸ਼ੀ ਦੇ ਰਾਗ ਹਨ। ਵਡਹੰਸੁ, ਸੋਰਠਿ ਤੇ ਤਿਲੰਗ ਵੈਰਾਗ ਦੇ ਰਾਗ ਹਨ। ਧਨਾਸਰੀ ਤੇ ਭੈਰਉ ਕੁਝ ਸ਼ਾਂਤਮਈ ਉਦਾਸੀ ਦੇ ਰਾਗ ਹਨ। ਇਸ ਲਈ ਇਨ੍ਹਾਂ ਰਾਗਾਂ ਵਿਚ ਕਵਿਤਾ ਰਚਣ ਲਈ ਇਸ ਗੱਲ ਦਾ ਖ਼ਿਆਲ ਰੱਖਣਾ ਪਵੇਗਾ।

ਇਸ ਵਿਸਥਾਰ ਤੋਂ ਇਹ ਗੱਲ ਸਪਸ਼ਟ ਹੁੰਦੀ ਹੈ ਕਿ ਜਿਸ ਚੀਜ਼ ਨੂੰ 'ਰਸ' ਕਿਹਾ ਗਿਆ ਹੈ ਉਹ 'ਰਾਗ' ਦਾ ਇਕ ਪੱਖ ਹੈ ਤੇ 'ਰਾਗ' ਇਕ ਬਹੁਤ ਚੋਖੇਰੀ ਚੀਜ਼ ਹੈ, ਜਿਸ ਦੀ ਪ੍ਰਧਾਨਗੀ ਹੇਠ ਕਾਵਿ-ਕਲਾ ਵਧੇਰੇ ਮਹਾਨ ਤੇ ਕਿਸੇ ਹੱਦ ਤਕ ਵਿਗਿਆਨਕ ਕਲਾ ਬਣ ਸਕਦੀ ਹੈ।

## ੩.

ਕਾਵਿ-ਕਲਾ ਵਿਚ ਸਮੁਚੇ ਤੌਰ 'ਤੇ ਹੇਠ-ਦਿੱਤੇ ਅੰਗ ਹੋ ਸਕਦੇ ਹਨ:

(੧) ਵਿਸ਼ਾ ਤੇ ਰਸ।

(੨) ਸ਼ਬਦ ਚੋਣ ਤੇ ਅਲੰਕਾਰ।

(੩) ਛੰਦਾ-ਬੰਦੀ।

ਪਰ ਜੇ ਰਾਗ ਪ੍ਰਧਾਨ ਰੱਖ ਕੇ ਕਵਿਤਾ ਰਚੀ ਜਾ ਰਹੀ ਹੈ ਤਾਂ ਛੰਦਾ-ਬੰਦੀ ਦਾ ਸੰਬੰਧ ਰਾਗ ਬਾਰੇ ਉੱਪਰ-ਦਿੱਤੀਆਂ ਅੱਠ ਚੀਜ਼ਾਂ ਵਿਚੋਂ ਪਹਿਲੀਆਂ ਤਿੰਨ ਚੀਜ਼ਾਂ ਨਾਲ ਹੈ। ਭਾਵ ਛੰਦ ਦੀਆਂ ਮਾਤਰਾਂ ਆਦਿ ਇਸ ਤਰੀਕੇ ਨਾਲ ਲਗਾਈਆਂ ਜਾਣਗੀਆਂ ਕਿ ਉਹ ਸਤਰ ਉਸ ਰਾਗ ਵਿਚ ਮਧੁਰਤਾ ਤੇ ਸਰਲਤਾ ਨਾਲ ਗਾਈ ਜਾ ਸਕੇ। ਗੁਰੂ ਗ੍ਰੰਥ ਸਾਹਿਬ ਵਿਚ ਸ਼ਬਦ ਘਰਾਂ ਵਿਚ ਵੰਡੇ ਗਏ ਹਨ। ਭਾਵ ਇਕੋ ਰਾਗ ਵਿਚ ਕਈ ਛੰਦ ਵਰਤੇ ਜਾ ਸਕਦੇ ਹਨ। ਪਰ ਛੰਦਾ-ਬੰਦੀ ਆਪਣੇ ਆਪ ਵਿਚ ਸੁਤੰਤਰ ਚੀਜ਼ ਨਹੀਂ, ਉਸ ਦਾ ਮੰਤਵ ਕਵਿਤਾ ਨੂੰ ਵਧੇਰੇ ਮਧੁਰ ਤੇ ਰਾਗਾਤਮਕ ਬਣਾਉਣਾ ਹੈ। ਸ਼ਬਦ ਚੋਣ ਆਦਿ ਐਸੀ ਹੋਵੇ ਕਿ ਸਤਰ ਨੂੰ ਜਾਂ ਪੂਰੇ ਬੰਦ ਨੂੰ ਰਾਗ ਵਿਚ ਨਿਭਾਇਆ ਜਾ ਸਕੇ।

ਰਾਗ ਬਾਰੇ ਉੱਪਰ-ਦੱਸੀਆਂ ਬਾਕੀ ਗੱਲਾਂ ਕਲਾ ਦੇ ਇਸ ਸਿਧਾਂਤ ਨਾਲ ਸੰਬੰਧ ਰੱਖਦੀਆਂ ਹਨ ਕਿ ਕਲਾ ਲੋਕਾਂ ਦੀ ਸਮਾਜਕ ਤੇ ਸਦਾਚਾਰਕ ਹਾਲਤ ਤੇ ਉਨ੍ਹਾਂ ਦੇ ਆਲੇ-ਦੁਆਲੇ ਤੋਂ ਪ੍ਰਭਾਵਿਤ ਹੁੰਦੀ ਹੈ। ਇਸ ਪੱਖ ਦਾ ਸੰਬੰਧ ਵਧੀਕ ਮਨੁੱਖੀ ਮਨੋਵਿਗਿਆਨ, ਪ੍ਰਤਿਭਾ ਤੇ ਆਲੇ-ਦੁਆਲੇ ਦੇ ਮਾਨਸਿਕ ਪ੍ਰਭਾਵ ਨਾਲ ਹੈ। ਅਤੇ ਇਹ ਵੀ ਨਿਰਣਾ ਹੁੰਦਾ ਹੈ ਕਿ ਖ਼ਾਸ ਰੁੱਤ ਵਿਚ ਮਨੁੱਖੀ ਮਨ ਦੀ ਖ਼ਾਸ ਦਸ਼ਾ ਹੁੰਦੀ ਹੈ। ਉਸ ਰੁੱਤ ਵਿਚ ਵੀ ਖ਼ਾਸ ਸਮੇਂ ਉਸ ਦੀ ਖ਼ਾਸ ਦਸ਼ਾ ਹੁੰਦੀ ਹੈ। ਫਿਰ ਹਰ ਕਵਿਤਾ ਹਰ ਦੇਸ਼-ਵਾਸੀ ਨੂੰ ਪ੍ਰਭਾਵਿਤ ਨਹੀਂ ਕਰ ਸਕਦੀ, ਸਥਾਨਕ ਰੰਗ ਕਿਸੇ ਹੱਦ ਤੀਕ ਕਵਿਤਾ ਨੂੰ ਪਰਵਾਨ ਚਾੜ੍ਹਨ ਵਿਚ ਸਹਾਇਕ ਹੁੰਦਾ ਹੈ।

ਪਿੱਛੇ ਦਿੱਤੀ ਅੱਠਵੀਂ ਗੱਲ ਇਸ ਬਾਰੇ ਸੂਚਨਾ ਹੈ ਕਿ ਕਿਸੇ ਰਾਗ ਵਿਚ ਕਵਿਤਾ ਰਚਣ ਲੱਗਿਆਂ ਕਿਹੋ ਜਿਹੇ ਵਿਸ਼ੇ ਲਏ ਜਾ ਸਕਦੇ ਹਨ। ਉਸ ਕਵਿਤਾ ਵਿਚ ਵਿਚਾਰਧਾਰਾ ਕਿਸ ਤਰ੍ਹਾਂ ਤੁਰਨੀ ਚਾਹੀਦੀ ਹੈ ਤੇ ਕਿਹੜੇ ਰਸ ਦਾ ਪ੍ਰਭਾਵ ਉਸ ਨੂੰ ਪੈਦਾ ਕਰਨਾ ਚਾਹੀਦਾ ਹੈ ?

ਸੋ ਰਾਗ ਦੀ ਕਲਾ ਵਿਚ ਸਿਧਾਂਤਕ, ਮਨੋਵਿਗਿਆਨਕ ਤੇ ਵਿਚਾਰਾਤਮਕ ਤਿੰਨਾਂ ਹੀ ਪੱਖਾਂ 'ਤੇ ਪ੍ਰਧਾਨਗੀ ਹੈ ਅਤੇ ਰਾਗ ਤਿੰਨਾਂ ਹੀ ਪੱਖਾਂ ਲਈ ਲੋੜੀਂਦੀ ਅਗਵਾਈ ਕਲਾਕਾਰ ਨੂੰ ਦਿੰਦਾ ਹੈ। ਇਸ ਲਈ ਹਰ ਰਾਗ ਵਿਚ ਸ਼ਬਦ-ਚੋਣ, ਅਲੰਕਾਰ-ਜੜ੍ਹਤ ਤੇ ਛੰਦਾ-ਬੰਦੀ ਵੱਖੋ ਵੱਖ ਹੋਵੇਗੀ ਤੇ ਬੜੀ ਵਿਗਿਆਨਕ, ਕਲਾਤਮਕ ਤੇ ਮਾਨਸਿਕ ਸੂਝ ਨਾਲ ਹੀ ਕਰਨੀ ਪਵੇਗੀ। ਹਰ ਰਾਗ ਦੇ ਅਲੰਕਾਰ ਵੱਖੋ ਵੱਖ ਵਸਤੂਆਂ 'ਤੇ ਉਸਰਨਗੇ। ਕਿਸੇ ਵਿਚ ਹਿੰਦੀ-ਸੰਸਕ੍ਰਿਤ ਦੇ ਸ਼ਬਦਾਂ ਦੀ ਵਰਤੋਂ ਵੱਧ ਹੋਵੇਗੀ। ਕਿਸੇ ਵਿਚ ਪੰਜਾਬੀ ਵੱਧ, ਕਿਤੇ ਫ਼ਾਰਸੀ ਵੱਧ, ਤੇ ਕਿਤੇ ਜੋਗੀਆਂ ਦੀ ਸਿਧਾਂਤਕ ਬੋਲੀ ਵੱਧ ਹੋਵੇਗੀ ਤੇ ਕਿਤੇ ਬ੍ਰਾਹਮਣਵਾਦ ਦੀ ਵੱਧ। ਕਿਤੇ ਬਹਿਰ ਵੱਡਾ ਹੋਵੇਗਾ ਤੇ ਕਿਤੇ ਛੋਟਾ, ਕਿਉਂਕਿ ਹਰ ਰਾਗ ਦੀ ਪ੍ਰਤਿਭਾ ਵੱਖਰੀ ਵੱਖਰੀ ਹੈ। ਹਰ ਰਾਗ ਵਿਚ ਰਚੀ ਕਵਿਤਾ ਆਪਣੇ ਆਪ ਵਿਚ ਇਕ ਕਲਾ ਭੇਦ ਰੱਖਦੀ ਹੈ। ਇਸ ਲਈ ਗੁਰੂ ਗ੍ਰੰਥ ਸਾਹਿਬ ਵਿਚ ਘੱਟੋ ਘੱਟ ਇਕੱਤੀ ਤਰੀਕਿਆਂ ਦੀ ਸ਼ਬਦ ਤੇ ਅਲੰਕਾਰ ਚੋਣ ਹੈ ਤੇ ਕਈ ਤਰ੍ਹਾਂ ਦੀ ਛੰਦਾ-ਬੰਦੀ ਹੈ।

ਗੁਰੂ ਗ੍ਰੰਥ ਸਾਹਿਬ ਵਿਚ, ਕੀ ਗੁਰੂ ਸਾਹਿਬਾਨ ਨੇ ਤੇ ਕੀ ਭਗਤਾਂ ਨੇ, ਰਾਗ ਦੀ ਪ੍ਰਧਾਨਗੀ ਨੂੰ ਮੰਨ ਕੇ ਸੁਹਜਵਾਦੀ ਕਵਿਤਾ ਦੀ ਰਚਨਾ ਕੀਤੀ ਹੈ। ਇਸ ਦਾ ਵਿਸਥਾਰ ਤੇ ਇਸ ਛੋਟੇ ਜਿਹੇ ਲੇਖ ਵਿਚ ਨਹੀਂ ਕੀਤਾ ਜਾ ਸਕਦਾ, ਕੇਵਲ ਉਪਰਲੇ ਸਿਧਾਂਤ ਦੀ ਪੁਸ਼ਟੀ ਲਈ ਇਕ ਦੋ ਰਾਗਾਂ ਦੀ ਰਚਨਾ ਦਾ ਇਸ਼ਾਰੇ ਮਾਤ੍ਰ ਹਵਾਲਾ ਦਿੱਤਾ ਜਾ ਸਕਦਾ ਹੈ :

ਸੋਰਠਿ ਮੇਘ ਰਾਗ ਦੀ ਰਾਗਣੀ ਹੈ। ਮੇਘ ਬਰਖਾ ਦਾ ਪ੍ਰਸਿੱਧ ਰਾਗ ਹੈ, ਫਿਰ ਇਹ ਰਾਤ ਨੂੰ ਗਾਏ ਜਾਣ ਵਾਲਾ ਰਾਗ ਹੈ। ਜੇ ਕੇਵਲ ਇਨ੍ਹਾਂ ਦੋ ਗੱਲਾਂ ਦਾ ਹੀ ਖ਼ਿਆਲ ਰਖਿਆ ਜਾਵੇ ਤਾਂ ਵੀ ਇਸ ਰਾਗ ਵਿਚ ਰਚੀ ਹਰ ਕਵਿਤਾ ਵਿਚ ਸ਼ਬਦ ਅਲੰਕਾਰ ਤੇ ਸਮੁੱਚਾ ਵਿਸ਼ਾ ਐਸੇ ਹੋਣੇ ਚਾਹੀਦੇ ਹਨ, ਜਿਹੜੇ ਕਿਸੇ ਨਾ ਕਿਸੇ ਤਰ੍ਹਾਂ ਹਨੇਰੇ ਜਾਂ ਕਲਿੱਤਣ ਤੇ ਪਾਣੀ ਨਾਲ ਸੰਬੰਧ ਰੱਖਦੇ ਹੋਣ। ਫ਼ਿਰ ਇਹ ਰਾਗਣੀ ਵੈਰਾਗ ਦੀ ਰਾਗਣੀ ਹੈ ਤਾਂ ਤੇ ਇਸ ਵਿਚ ਕੀਤੀ ਰਚਨਾ ਵਿਚ ਕਿਸੇ ਨਾ ਕਿਸੇ ਤਰ੍ਹਾਂ ਵੈਰਾਗ ਤੇ ਦਰਦ ਦਾ ਪ੍ਰਭਾਵ ਚਾਹੀਦਾ ਹੈ। ਇਹ ਨਿਰੋਲ ਭਾਰਤੀ ਰਾਗਣੀ ਹੈ ਤਾਂ ਤੇ ਇਸ ਦੀ ਸ਼ਬਦ-ਚੋਣ, ਅਲੰਕਾਰ ਤੇ ਵਿਸ਼ੇ ਭਾਰਤੀ ਭਾਸ਼ਾ, ਸੰਸਕ੍ਰਿਤੀ ਤੇ ਪ੍ਰਤਿਭਾ ਦੇ ਅਨੁਕੂਲ ਹੋਣੇ ਚਾਹੀਦੇ ਹਨ।

ਸਾਰੇ ਸੋਰਠਿ ਰਾਗ ਦਾ ਵਿਸ਼ਲੇਸ਼ਣ ਇਸ ਵੇਲੇ ਮੁਸ਼ਕਲ ਹੈ ਪਰ ਜੇ ਕੇਵਲ ਗੁਰੂ ਨਾਨਕ ਸਾਹਿਬ ਦੇ ਸ਼ਬਦ ਹੀ ਲੈ ਲਏ ਜਾਣ ਤੇ ਭਗਤਾਂ ਵਿਚੋਂ ਕਬੀਰ, ਨਾਮਦੇਵ ਤੇ ਰਵਿਦਾਸ ਦੀ ਇਸ ਰਾਗ ਵਿਚ ਦਿੱਤੀ ਰਚਨਾ ਹੀ ਵੇਖ ਲਈ ਜਾਵੇ ਤਾਂ ਸਪਸ਼ਟ ਦਿਸ ਪਏਗਾ ਕਿ ਉਪਰਲੀਆਂ ਸਾਰੀਆਂ ਰਾਗ ਦੀਆਂ ਲੋੜਾਂ ਨੂੰ ਇਸ ਰਚਨਾ ਵਿਚ ਨਿਭਾਇਆ ਗਿਆ ਹੈ।

ਗੁਰੂ ਨਾਨਕ ਸਾਹਿਬ ਦੇ ਸ਼ਬਦ ਨੰਬਰ ਤਿੰਨ ਵਿਚ ਮੌਤ ਦੀ ਕਲਿੱਤਣ ਦਾ

ਵਰਣਨ ਹੈ। ਉਨ੍ਹਾਂ ਦੀਆਂ ਅਸ਼ਟਪਦੀਆਂ ਵਿਚ ਵਿਸ਼ੇਸ਼ ਕਰਕੇ ਨੰਬਰ ਇਕ ਤੇ ਨੰਬਰ ਚਾਰ ਵਿਚ ਅਗਿਆਨ ਤੇ ਭਰਮਾਂ ਦੀ ਕਲਿੱਤਣ ਦਾ ਬਿਆਨ ਹੈ। ਉਨ੍ਹਾਂ ਦੇ ਸ਼ਬਦ ਨੰਬਰ ਇਕ, ਤਿੰਨ, ਸੱਤ ਤੇ ਦਸ ਵਿਚ ਮਾਇਆ ਦੀ ਕਾਲੀ ਮੱਸ ਦਾ ਵਰਣਨ ਹੈ ਤੇ ਸ਼ਬਦ ਨੰਬਰ ਤਿੰਨ, ਪੰਜ ਤੇ ਦਸ ਵਿਚ ਵਿਸ਼ਿਆਂ ਦੀ ਬਿਖਈ ਕਲਿੱਤਣ ਦਾ ਵਰਣਨ ਹੈ। ਇਸੇ ਤਰ੍ਹਾਂ ਜੇ ਪਾਣੀ ਦੇ ਅਲੰਕਾਰਾਂ ਦਾ ਖ਼ਿਆਲ ਕੀਤਾ ਜਾਏ ਤਾਂ ਸ਼ਬਦ ਨੰਬਰ ਨੌਂ ਵਿਚ ਪਰਮਾਤਮਾ ਨੂੰ ਹੀ ਸਾਗਰ ਕਿਹਾ ਹੈ; ਇਸ ਦੀ ਸਾਰੀ ਤਸਵੀਰ ਇਸ ਤਰ੍ਹਾਂ ਹੈ ਕਿ ਰਾਤ ਦੇ ਹਨੇਰੇ ਵਿਚ ਮਨੁੱਖ ਸਾਗਰ ਦੇ ਕੰਢੇ ਖੜੋਤਾ ਹੈ ਤੇ ਗੁਰੂ-ਰੂਪੀ ਜਹਾਜ਼ ਉਸ ਨੂੰ ਪਾਰ ਲੈ ਜਾ ਰਿਹਾ ਹੈ। ਸ਼ਬਦ ਨੰਬਰ ਦੋ ਵਿਚ ਮਿਹਨਤ ਨੂੰ ਹੀ ਖੇਤਾਂ ਲਈ ਪਾਣੀ ਕਿਹਾ ਹੈ। ਨੰਬਰ ਸਤ ਵਿਚ ਗੁਰੂ ਹੀ ਅਠਾਹਠ ਤੀਰਥਾਂ ਦਾ ਪਵਿਤਰ ਜਲ ਹੈ। ਅਸ਼ਟਪਦੀ ਨੰਬਰ ਦੋ ਵਿਚ ਰਸਮੀ ਧਰਮ ਨੂੰ ਹੀ ਪਾਣੀ ਰਿੜਕਣਾ ਕਿਹਾ ਹੈ। ਜਿਥੋਂ ਤਕ ਵੈਰਾਗ ਦਾ ਸੰਬੰਧ ਹੈ ਮੌਤ ਤੇ ਪਾਪਾਂ ਦਾ ਵਰਣਨ ਇਕ ਵੈਰਾਗ-ਮਈ ਬਿਰਤੀ ਪੈਦਾ ਕਰਦੇ ਹਨ ਤੇ ਇਨ੍ਹਾਂ ਮਜ਼ਮੂਨਾਂ ਨੂੰ ਸ਼ਬਦ ਨੰਬਰ ਪੰਜ ਤੇ ਅੱਠ ਤੇ ਅਸ਼ਟਪਦੀ ਨੰਬਰ ਚਾਰ ਵਿਚ ਵਿਸ਼ੇਸ਼ ਤੌਰ 'ਤੇ ਨਿਭਾਇਆ ਹੈ। ਸ਼ਬਦ ਨੰਬਰ ਦਸ ਦੀ ਤਸਵੀਰ ਸੰਨ੍ਹ 'ਤੇ ਖੜੋਤੇ ਚੋਰ ਦੀ ਤਸਵੀਰ ਹੈ। ਇਹ ਆਪਣੇ ਆਪ ਹੀ ਰਾਗ ਦੀ ਕਲਿੱਤਣ ਨੂੰ ਪ੍ਰਗਟ ਕਰਦੀ ਹੈ।

ਇਸੇ ਤਰ੍ਹਾਂ ਕਬੀਰ ਨੇ ਵਿਸ਼ੇਸ਼ ਕਰਕੇ ਬੁੱਤ-ਪੂਜਾ ਤੇ ਰਸਮੀ ਧਰਮ ਦੀ ਕਲਿੱਤਣ ਨੂੰ ਆਪਣੇ ਸ਼ਬਦ ਨੰਬਰ ਇਕ ਵਿਚ ਬਿਆਨਿਆ ਹੈ ਤੇ ਦੁੱਧ ਰਿੜਕਣ ਦੇ ਅਲੰਕਾਰ ਨੂੰ ਸ਼ਬਦ ਨੰਬਰ ਪੰਜ ਵਿਚ ਵਰਤਿਆ ਹੈ।

ਨਾਮਦੇਵ ਦੀ ਕੁੱਲੀ ਪਤਾ ਨਹੀਂ ਕਿਵੇਂ ਰਾਤ ਨੂੰ ਕੋਈ ਬਣਾ ਗਿਆ ਸੀ ? ਨਾਮਦੇਵ ਉਸ ਘਟਨਾ ਦਾ ਬਿਆਨ ਕਰਕੇ ਇਸ ਰਾਗ ਦੇ ਲੋੜੀਂਦੇ ਪ੍ਰਭਾਵ ਪੈਦਾ ਕਰਦਾ ਹੈ।

ਰਵਿਦਾਸ ਇਕ ਨਰਪਤਿ ਦੇ ਸੁਪਨੇ ਨੂੰ ਬਿਆਨ ਕਰਦਾ ਹੈ। ਇਸ ਰਚਨਾ ਵਿਚ ਨਿਰੋਲ ਭਾਰਤੀ ਬੋਲੀਆਂ ਦੇ ਸ਼ਬਦ ਤੇ ਭਾਰਤੀ ਸਾਹਿਤਕ ਤੇ ਮੌਲਿਕ ਅਲੰਕਾਰ ਵਰਤੇ ਗਏ ਹਨ। ਸ਼ਬਦਾਂ ਦੀ ਛੰਦਾ-ਬੰਦੀ ਉਹ ਹੈ ਜੋ ਇਸ ਰਾਗ ਵਿਚ ਗਾਇਨ ਸਮੇਂ ਮਧੁਰਤਾ ਪੈਦਾ ਕਰੇ :

ਨੰ: ੩ ਅਖੀ ਮੀਟਿ ਚਲਿਆ ਅੰਧਿਆਰਾ ਘਰੁ ਦਰੁ ਦਿਸੈ ਨ ਭਾਈ ॥
ਜਮ ਦਰਿ ਬਾਧਾ ਠਉਰ ਨ ਪਾਵੈ ਅਪੁਨਾ ਕੀਆ ਕਮਾਈ ॥੩॥ *(੫੯੬)*

ਨੰ: ੧ ਦੁਬਿਧਾ ਵਿਚਿ ਬੈਰਾਗੁ ਨ ਹੋਵੀ ਜਬ ਲਗੁ ਦੂਜੀ ਰਾਈ ॥
ਸਭੁ ਜਗੁ ਤੇਰਾ ਤੂ ਏਕੋ ਦਾਤਾ ਅਵਰੁ ਨ ਦੂਜਾ ਭਾਈ ॥
ਮਨਮੁਖਿ ਜੰਤ ਦੁਖਿ ਸਦਾ ਨਿਵਾਸੀ ਗੁਰਮੁਖਿ ਦੇ ਵਡਿਆਈ ॥ *(੬੩੪)*

ਨੰ: ੪ ਜਲਿ ਮਲਿ ਕਾਇਆ ਮਾਜੀਐ ਭਾਈ ਭੀ ਮੈਲਾ ਤਨੁ ਹੋਇ ॥
ਗਿਆਨਿ ਮਹਾ ਰਸਿ ਨਾਈਐ ਭਾਈ ਮਨੁ ਤਨੁ ਨਿਰਮਲੁ ਹੋਇ ॥੫॥
ਦੇਵੀ ਦੇਵਾ ਪੂਜੀਐ ਭਾਈ ਕਿਆ ਮਾਗਉ ਕਿਆ ਦੇਹਿ ॥
ਪਾਹਣੁ ਨੀਰਿ ਪਖਾਲੀਐ ਭਾਈ ਜਲ ਮਹਿ ਬੂਡਹਿ ਤੇਹਿ ॥੬॥ *(੬੩੭)*

ਨੰ: ੧ ਧਰਤੀ ਉਪਰਿ ਕੋਟ ਗੜ ਕੇਤੀ ਗਈ ਵਜਾਇ ॥ (੫੯੫)
ਨੰ: ੩ ਮਾਇਆ ਮਗਨੁ ਅਹਿਨਿਸਿ ਮਗੁ ਜੋਹੈ..... ॥ (੫੯੬)
ਨੰ: ੭ ਜਿਉ ਮੀਨਾ ਬਿਨੁ ਪਾਣੀਐ ਤਿਉ ਸਾਕਤੁ ਮਰੈ ਪਿਆਸ ॥ (੫੯੭)
ਨੰ: ੧੦ ਅਪਨਾ ਘਰੁ ਮੂਸਤ ਰਾਖਿ ਨ ਸਾਕਹਿ ਕੀ ਪਰ ਘਰੁ ਜੋਹਨ ਲਾਗਾ ॥ (੫੯੮)
ਨੰ: ੫ ਹਉ ਪਾਪੀ ਪਤਿਤੁ ਪਰਮ ਪਾਖੰਡੀ ਤੂ ਨਿਰਮਲੁ ਨਿਰੰਕਾਰੀ ॥ (੫੯੬)
ਨੰ: ੯ ਜਿਸੁ ਜਲ ਨਿਧਿ ਕਾਰਣਿ ਤੁਮ ਜਗਿ ਆਏ ਸੋ ਅੰਮ੍ਰਿਤੁ... ॥ (੫੯੮)
ਨੰ: ੨ ਮਨੁ ਹਾਲੀ ਕਿਰਸਾਣੀ ਕਰਣੀ'ਸਰਮੁ ਪਾਣੀ ਤਨੁ ਖੇਤੁ ॥ (੫੯੫)
ਨੰ: ੭ ਅਠਸਠਿ ਤੀਰਥ ਮਜਨਾ ਗੁਰ ਦਰਸੁ ਪਰਾਪਤਿ ਹੋਇ ॥੨॥ (੫੯੭)
ਨੰ: ੮ ਜਲੁ ਮਥੀਐ ਜਲੁ ਦੇਖੀਐ ਭਾਈ ਇਹੁ ਜਗੁ ਏਹਾ ਵਥੁ ॥ (੬੩੫)

ਨੰ: ੧ ਬੁਤ ਪੂਜਿ ਪੂਜਿ ਹਿੰਦੂ ਮੂਏ ਤੁਰਕ ਮੂਏ ਸਿਰੁ ਨਾਈ ॥.....
ਮਨ ਰੇ ਸੰਸਾਰੁ ਅੰਧ ਗਹੇਰਾ ॥ *(ਭਗਤ ਕਬੀਰ, ਪੰਨਾ ੬੫੪)*

ਨੰ: ੫ ਜਾ ਕੇ ਨਿਗਮ ਦੂਧ ਕੇ ਠਾਟਾ ॥ ਸਮੁੰਦੁ ਬਿਲੋਵਨ ਕਉ ਮਾਟਾ ॥
ਤਾ ਕੀ ਹੋਹੁ ਬਿਲੋਵਨਹਾਰੀ ॥ *(ਭਗਤ ਕਬੀਰ, ਪੰਨਾ ੬੫੫)*

ਨੰ: ੨ ਪਾੜ ਪੜੋਸਣਿ ਪੂਛਿ ਲੇ ਨਾਮਾ ਕਾ ਪਹਿ ਛਾਨਿ ਛਵਾਈ ਹੋ ॥
*(ਭਗਤ ਨਾਮਦੇਵ, ਪੰਨਾ ੬੫੭)*

ਨੰ: ੧ ਨਰਪਤਿ ਏਕੁ ਸਿੰਘਾਸਨਿ ਸੋਇਆ ਸੁਪਨੇ ਭਇਆ ਭਿਖਾਰੀ ॥
*(ਭਗਤ ਰਵਿਦਾਸ, ਪੰਨਾ ੬੫੭)*

ਰਾਗ ਮਾਝ ਵਿਚ ਗੁਰੂ ਨਾਨਕ ਸਾਹਿਬ ਦੀ ਵਾਰ ਹੈ ਤੇ ਉਸ ਵਿਚ ਫ਼ਾਰਸੀ ਸ਼ਬਦਾਂ ਦੀ ਵਰਤੋਂ ਕਾਫ਼ੀ ਹੈ, ਨਿਰੋਲ ਪੰਜਾਬੀ ਵਾਯੂ-ਮੰਡਲ ਹੈ ਤੇ ਸਮਾਜਕ ਤੇ ਰਾਜਸੀ ਹਾਲਤ ਦੀ ਨੁਕਤਾਚੀਨੀ ਹੈ। ਕਿਉਂਕਿ ਇਹ ਪੰਜਾਬੀਆਂ ਦੀ ਬੀਰਤਾ ਤੇ ਉਨ੍ਹਾਂ ਦੇ ਉਸ ਵੇਲੇ ਦੇ ਵਿਸ਼ੇਸ਼ ਹਾਲਤਾਂ ਨੂੰ ਲਖਾਣ ਵਾਲਾ ਰਾਗ ਹੈ। ਸੂਹੀ ਵਿਚ ਸਾਰੇ ਗੁਰੂਆਂ ਨੇ ਸਭ ਤੋਂ ਵੱਧ ਛੰਤ ਲਿਖੇ ਹਨ ਤੇ ਛੰਤ ਵਿਆਹ ਨਾਲ ਸੰਬੰਧਤ ਇਕ ਕਾਵਿ-ਵੰਨਗੀ ਹੈ। ਰਾਮਕਲੀ ਵਿਚ ਹੀ ਸਿਧ ਗੋਸਟਿ ਤੇ ਜੋਗੀਆਂ ਨੂੰ ਉਚੇਚੇ ਕਹੇ ਗਏ ਸ਼ਬਦ ਹਨ ਕਿਉਂਕਿ ਇਹ ਰਾਗ ਜੋਗੀਆਂ ਨੂੰ ਪਿਆਰਾ ਸੀ। ਕਬੀਰ ਦਾ 'ਗਗਨ ਦਮਾਮਾ ਬਾਜਿਓ' ਵਾਲਾ ਸ਼ਬਦ ਮਾਰੂ ਵਿਚ ਹੈ ਜੋ ਲੜਾਈ ਦਾ ਰਾਗ ਹੈ:

ਗਗਨ ਦਮਾਮਾ ਬਾਜਿਓ ਪਰਿਓ ਨੀਸਾਨੈ ਘਾਉ ॥
ਖੇਤੁ ਜੁ ਮਾਂਡਿਓ ਸੂਰਮਾ ਅਬ ਜੂਝਨ ਕੋ ਦਾਉ ॥੧॥
ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ ॥
ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ ॥੨॥੨॥
*(ਮਾਰੂ ਕਬੀਰ, ਪੰਨਾ ੧੧੦੫)*

ਬਸੰਤ ਵਿਚ, ਜੋ ਬਸੰਤ ਰੁੱਤ ਤੇ ਹੋਲੀ ਦੇ ਤਿਉਹਾਰਾਂ ਦਾ ਰਾਗ ਹੈ, ਗੁਰੂ ਅਰਜਨ ਸਾਹਿਬ ਦਾ ਇਹ ਸ਼ਬਦ ਦੇਖੋ:

ਗੁਰੁ ਸੇਵਉ ਕਰਿ ਨਮਸਕਾਰ ॥ ਆਜੁ ਹਮਾਰੈ ਮੰਗਲਚਾਰ ॥
ਆਜੁ ਹਮਾਰੈ ਮਹਾ ਅਨੰਦ ॥ ਚਿੰਤ ਲਥੀ ਭੇਟੇ ਗੋਬਿੰਦ ॥੧॥

ਆਜੁ ਹਮਾਰੈ ਗ੍ਰਿਹਿ ਬਸੰਤ ॥ ਗੁਨ ਗਾਏ ਪ੍ਰਭ ਤੁਮ੍ ਬੇਅੰਤ ॥੧॥ਰਹਾਉ॥
ਆਜੁ ਹਮਾਰੈ ਬਨੇ ਫਾਗ ॥ ਪ੍ਰਭ ਸੰਗੀ ਮਿਲਿ ਖੇਲਨ ਲਾਗ ॥
ਹੋਲੀ ਕੀਨੀ ਸੰਤ ਸੇਵ ॥ ਰੰਗੁ ਲਾਗਾ ਅਤਿ ਲਾਲ ਦੇਵ ॥੨॥
ਮਨੁ ਤਨੁ ਮਉਲਿਓ ਅਤਿ ਅਨੂਪ ॥ ਸੂਕੈ ਨਾਹੀ ਛਾਵ ਧੂਪ ॥
ਸਗਲੀ ਰੂਤੀ ਹਰਿਆ ਹੋਇ ॥ ਸਦ ਬਸੰਤ ਗੁਰ ਮਿਲੇ ਦੇਵ ॥੩॥
ਬਿਰਖੁ ਜਮਿਓ ਹੈ ਪਾਰਜਾਤ ॥ ਫੂਲ ਲਗੇ ਫਲ ਰਤਨ ਭਾਂਤਿ ॥
ਤ੍ਰਿਪਤਿ ਅਘਾਨੇ ਹਰਿ ਗੁਣਹ ਗਾਇ ॥
ਜਨ ਨਾਨਕ ਹਰਿ ਹਰਿ ਹਰਿ ਧਿਆਇ ॥੪॥੧॥

*(ਬਸੰਤੁ ਮ: ੫, ਪੰਨਾ ੧੧੮੦)*

ਰਾਗ ਮਲਾਰ, ਜੋ ਬਾਰਸ਼ ਦਾ ਰਾਗ ਹੈ, ਵਿਚੋਂ ਗੁਰੂ ਅਮਰਦਾਸ ਜੀ ਦੇ ਇਹ ਸਲੋਕ ਵੇਖੋ। ਇਨ੍ਹਾਂ ਦੀ ਸ਼ਬਦਾਵਲੀ ਤੇ ਅਲੰਕਾਰ ਬਾਰਸ਼ ਨਾਲ ਸੰਬੰਧਤ ਚੀਜ਼ਾਂ 'ਤੇ ਉਸਰਦੇ ਹਨ :

੧. ਊਂਨਵਿ ਊਂਨਵਿ ਆਇਆ ਵਰਸੈ ਨੀਰੁ ਨਿਪੰਗੁ ॥
ਨਾਨਕ ਦੁਖੁ ਲਾਗਾ ਤਿਨ੍ ਕਾਮਣੀ ਜਿਨ੍ ਕੰਤੈ ਸਿਉ ਮਨਿ ਭੰਗੁ ॥੨॥

*(ਵਾਰ ਮਲਾਰ ਮ: ੩, ਪੰਨਾ ੧੨੮੦)*

੨. ਕਲਮਲਿ ਹੋਈ ਮੇਦਨੀ ਅਰਦਾਸਿ ਕਰੇ ਲਿਵ ਲਾਇ ॥
ਸਚੈ ਸੁਣਿਆ ਕੰਨੁ ਦੇ ਧੀਰਕ ਦੇਵੈ ਸਹਜਿ ਸੁਭਾਇ ॥
ਇੰਦ੍ਰੈ ਨੋ ਫੁਰਮਾਇਆ ਵੁਠਾ ਛਹਬਰ ਲਾਇ ॥
ਅਨੁ ਧਨੁ ਉਪਜੈ ਬਹੁ ਘਣਾ ਕੀਮਤਿ ਕਹਣੁ ਨ ਜਾਇ ॥

*(ਵਾਰ ਮਲਾਰ ਮ: ੩, ਪੰਨਾ ੧੨੮੧)*

੩. ਇਹੁ ਜਲੁ ਸਭ ਤੈ ਵਰਸਦਾ ਵਰਸੈ ਭਾਇ ਸੁਭਾਇ ॥
ਸੇ ਬਿਰਖਾ ਹਰੀਆਵਲੇ ਜੋ ਗੁਰਮੁਖਿ ਰਹੇ ਸਮਾਇ ॥

*(ਵਾਰ ਮਲਾਰ ਮ: ੩, ਪੰਨਾ ੧੨੮੨)*

੪. ਭਿੰਨੀ ਰੈਣਿ, ਚਮਕਿਆ ਵੁਠਾ ਛਹਬਰ ਲਾਇ ॥
ਜਿਤੁ ਵੁਠੈ ਅਨੁ ਧਨੁ ਬਹੁਤੁ ਊਪਜੈ ਜਾਂ ਸਹੁ ਕਰੇ ਰਜਾਇ ॥

*(ਵਾਰ ਮਲਾਰ ਮ: ੩, ਪੰਨਾ ੧੨੮੨)*

## ੬

# ਗੁਰੂ ਨਾਨਕ ਦੇਵ ਜੀ ਦੀ ਬਾਣੀ

### ੧. ਬਾਣੀ ਸੰਗ੍ਰਹਿ

ਉਪਰਲੇ ਮਜ਼ਮੂਨ ਦੀ ਉਥਾਨਕਾ ਦੇ ਤੌਰ 'ਤੇ ਹੀ ਇਕ ਦੋ ਗੱਲਾਂ ਕਹਿਣੀਆਂ ਬਣਦੀਆਂ ਹਨ। ਪਹਿਲੀ ਇਹ ਕਿ ਇਹ ਗੱਲ ਚੰਗੀ ਤਰ੍ਹਾਂ ਮਨ ਵਿਚ ਰੱਖਣੀ ਚਾਹੀਦੀ ਹੈ ਕਿ ਗੁਰੂ ਨਾਨਕ ਸਾਹਿਬ ਦੀ ਸਾਰੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਹੈ ਤੇ ਇਸ ਤੋਂ ਬਾਹਰ ਜੋ ਵੀ ਬਾਣੀ ਗੁਰੂ ਸਾਹਿਬ ਦੇ ਨਾਂ ਨਾਲ ਸੰਬੰਧਤ ਕੀਤੀ ਗਈ ਹੈ, ਉਹ ਉਨ੍ਹਾਂ ਦੀ ਰਚਨਾ ਨਹੀਂ ਹੈ। ਸਗੋਂ ਐਸੀ ਬਨਾਵਟੀ ਰਚਨਾ ਤੋਂ ਗੁਰੂ ਸਾਹਿਬਾਨ ਦੀ ਬਾਣੀ ਨੂੰ ਨਿਖੇੜਨ ਲਈ ਹੀ ਗੁਰੂ ਅਰਜਨ ਸਾਹਿਬ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਬੰਨ੍ਹ ਦਿੱਤੀ ਸੀ। ਐਸੀ ਬੀੜ ਬਣਾਉਣ ਦਾ ਇਸ਼ਾਰਾ ਗੁਰੂ ਨਾਨਕ ਸਾਹਿਬ ਨੇ ਹੀ ਕਰ ਦਿੱਤਾ ਸੀ, ਕਿਉਂਕਿ ਉਹ ਆਪ ਆਪਣੇ ਸਮੇਂ ਬਾਣੀ ਇਕੱਤਰ ਕਰਦੇ ਰਹਿੰਦੇ ਸਨ ਤੇ ਲਿਖਤੀ ਰੂਪ ਵਿਚ ਆਪਣੇ ਪਾਸ ਰੱਖਦੇ ਸਨ। ਇਹ ਬਾਣੀ ਅਗਲੇ ਗੁਰੂ ਸਾਹਿਬ ਨੂੰ ਪੇਸ਼ ਕਰ ਦਿੱਤੀ ਜਾਂਦੀ ਸੀ। ਇਸ ਵਿਸ਼ੇ 'ਤੇ ਨਿਰਣੇ-ਜਨਕ ਤਰੀਕੇ ਨਾਲ ਪ੍ਰੋ: ਸਾਹਿਬ ਸਿੰਘ ਜੀ ਤੇ ਪ੍ਰਿੰ: ਤੇਜਾ ਸਿੰਘ ਜੀ ਲਿਖ ਚੁਕੇ ਹਨ। ਸੋ ਸਪਸ਼ਟ ਹੋਣਾ ਚਾਹੀਦਾ ਹੈ ਕਿ ਗੁਰੂ ਨਾਨਕ ਸਾਹਿਬ ਦੀ ਸਾਰੀ ਦੀ ਸਾਰੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਹੈ। ਤਦ ਹੀ ਇਹ ਉਨ੍ਹਾਂ ਦੀ ਪੂਰਨ ਜੋਤਿ ਦਾ ਪ੍ਰਕਾਸ਼ ਕਿਹਾ ਜਾ ਸਕਦਾ ਹੈ। ਸਾਰੇ ਗੁਰੂ ਸਾਹਿਬਾਨ ਦੀ ਪੂਰੀ ਪੂਰੀ ਰਚਨਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਕਰ ਦਿੱਤੀ ਗਈ ਹੈ। ਬਾਣੀ ਹੀ ਤੇ ਗੁਰੂ ਸੀ ਤੇ ਗੁਰੂ ਹੀ ਬਾਣੀ ਸੀ।

ਤਾਂ ਵੀ ਇਥੇ ਇਹ ਇਸ਼ਾਰਾ ਕਰ ਦੇਣਾ ਕੁਥਾਵੇਂ ਨਹੀਂ ਹੋਵੇਗਾ, ਕਿ ਆਮ ਗੁਰੂ ਨਾਨਕ ਸਾਹਿਬ ਦੇ ਨਾਂ 'ਤੇ ਪ੍ਰਚਲਤ ਬਨਾਵਟੀ ਬਾਣੀਆਂ ਜਾਂ ਸ਼ਬਦ ਕਿਹੜੇ ਕਿਹੜੇ ਹਨ। ਉਹ ਇਹ ਹਨ : ਪ੍ਰਾਣ ਸੰਗਲੀ, ਜੋਗ ਸਿਧ ਬਾਬਾ ਨਾਨਕ ਜੀ ਦੀ, ਸਿਧ ਗੋਸਟ ਰਾਗ ਆਸਾ (ਗੁਰੂ ਨਾਨਕ ਸਾਹਿਬ ਦੀ ਅਸਲ ਸਿਧ ਗੋਸਟਿ ਰਾਗ ਰਾਮਕਲੀ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ), ਯੋਗ ਮਾਰਗ, ਸਿਧ ਗੋਸਟ (ਰਾਗ ਰਾਮਕਲੀ), ਸੋਰਠਿ ਕੀ ਵਾਰ, ਰਾਮਕਲੀ ਰਤਨ ਮਾਲਾ, ਬਿਹੰਗਮ ਬਾਣੀ, ਗਉੜੀ ਪੂਰਬੀ ਬਾਵਨ ਅਖਰੀ, ਕਕੜ ਵਿਚਾਰ, ਭੋਗਲ ਪੁਰਾਣ, ਤਿਲੰਗ ਦੀ ਵਾਰ, ਗਿਆਨ ਸਰੋਦ (ਵੇਖੋ ਡਾ: ਮੋਹਨ ਸਿੰਘ ਦਾ ਪੰਜਾਬੀ ਸਾਹਿਤ ਦਾ ਇਤਿਹਾਸ), ਨਸੀਹਤ ਨਾਮਾ, ਹਾਜ਼ਰ ਨਾਮਾ, ਪਾਕ ਨਾਮਾ, ਕਰਨੀ ਨਾਮਾ, ਸਿਹਰਫੀ, ਰਤਨ ਮਾਲਾ, ਮਲਿਆਰ ਨਾਲ ਗੋਸਟ ਆਦਿ ਲੰਮੀਆਂ ਬਾਣੀਆਂ ਹਨ ਜੋ ਗੁਰੂ ਨਾਨਕ ਸਾਹਿਬ ਦੇ ਨਾਂ 'ਤੇ ਪ੍ਰਚਲਤ ਹਨ : 'ਜਿਤ ਦਰ ਲਖ ਮੁਹੰਮਦਾ', 'ਜੇ ਬੋਲਾ ਤਾਂ ਆਖੀਐ ਬੜ ਬੜ ਕਰੇ ਬਹੁਤ' ਆਦਿ ਸ਼ਬਦ ਤੇ

ਅਣਗਿਣਤ ਸਲੋਕ (ਜਿਵੇਂ ਕਿ ਬਾਲੇ ਵਾਲੀ ਜਨਮ-ਸਾਖੀ ਵਿਚ ਦਿੱਤੇ ਹਨ) ਗੁਰੂ ਸਾਹਿਬ ਦੇ ਨਾਂ 'ਤੇ ਪ੍ਰਚਲਤ ਹਨ। ਅੱਜ-ਕੱਲ੍ਹ ਵੀ ਲੋਕ ਸਲੋਕ ਬਣਾਈ ਜਾ ਰਹੇ ਹਨ ਤੇ ਗੁਰੂ ਸਾਹਿਬ ਦੇ ਨਾਂ 'ਤੇ ਚਲਾਈ ਜਾ ਰਹੇ ਹਨ। ਜਿਵੇਂ : 'ਏਕ ਨੇ ਕਹੀ ਔਰ ਦੂਸਰੇ ਨੇ ਮਾਨੀ। ਕਹੁ ਨਾਨਕ ਦੋਨੋਂ ਬ੍ਰਹਮ ਗਿਆਨੀ' ਆਦਿ।

ਕਈ ਆਸ਼ਿਆਂ ਨਾਲ ਲੋਕਾਂ ਨੇ ਇਹ ਰਚਨਾਵਾਂ ਗੁਰੂ ਸਾਹਿਬ ਦੇ ਨਾਂ ਨਾਲ ਸੰਬੰਧਤ ਕੀਤੀਆਂ ਹੋਈਆਂ ਹਨ। ਕਈ ਮੁਖੀ ਸਾਧੂ ਆਪਣੇ ਵਿਚਾਰਾਂ ਦਾ ਪਰਚਾਰ (ਅਨਮਤੀ ਪਰਚਾਰ) ਗੁਰੂ ਨਾਨਕ ਸਾਹਿਬ ਦੇ ਨਾਂ ਹੇਠਾਂ ਕਰਦੇ ਰਹੇ ਹਨ, ਆਪਣੀ ਰਚਨਾ ਦੁਆਰਾ। ਪ੍ਰਾਣ ਸੰਗਲੀ ਦੇ ਪਰਚਾਰੇ ਯੋਗ ਮਤ ਨਾਲ ਗੁਰੂ ਨਾਨਕ ਸਾਹਿਬ ਦੀ ਕੋਈ ਸਾਂਝ ਨਹੀਂ ਸੀ, ਪਰ ਕਿਸੇ ਚੰਗੇ ਜੋਗੀ ਨੇ ਇਹ ਰਚਨਾ ਉਨ੍ਹਾਂ ਦੇ ਨਾਂ 'ਤੇ ਤੋਰ ਦਿੱਤੀ। 'ਨਾਮੇ' ਬਹੁਤ ਸਾਰੇ ਫ਼ਾਰਸੀ ਵਿਚ ਹਨ ਪਰ ਉਨ੍ਹਾਂ ਦੇ ਵਿਚਾਰਾਂ ਨਾਲ ਗੁਰੂ ਸਾਹਿਬ ਦੇ ਵਿਚਾਰਾਂ ਦਾ ਭੇਦ ਹੈ ਪਰ ਚੰਗੇ ਸੂਫ਼ੀ ਫ਼ਕੀਰਾਂ ਨੇ ਉਹ 'ਨਾਮੇ' ਗੁਰੂ ਸਾਹਿਬ ਦੇ ਨਾਂ 'ਤੇ ਚਲਾ ਦਿੱਤੇ। ਹਰ ਪ੍ਰਸਿੱਧ ਕਵੀ ਦੀ ਰਚਨਾ ਨਾਲ ਇਹ ਘਟਨਾ ਵਾਪਰਦੀ ਹੀ ਰਹਿੰਦੀ ਹੈ। ਹੋਰ ਲੋਕ ਆਪਣੀ ਰਚਨਾ ਉਨ੍ਹਾਂ ਦੇ ਨਾਂ 'ਤੇ ਚਲਾ ਦਿੰਦੇ ਹਨ। ਸੋ ਅਸੀਂ ਕੇਵਲ ਉਸ ਬਾਣੀ ਦਾ ਹੀ ਵਿਚਾਰ ਕਰਾਂਗੇ ਜੋ ਕਿ 'ਮਹਲੇ ਪਹਿਲੇ' ਦੀ ਛਾਪ ਥੱਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਹੈ। ਇਤਨੀ ਕੁ ਬਾਣੀ 'ਤੇ ਵੀ ਸਰਬ-ਪੱਖੀ ਵਿਚਾਰ ਕਰ ਸਕਣਾ ਸੰਭਵ ਨਹੀਂ ਹੈ। ਇਸ ਲਈ ਇਸ ਦੇ ਵੀ ਕੁਝ ਪੱਖਾਂ ਬਾਰੇ ਥੋੜ੍ਹਾ ਥੋੜ੍ਹਾ ਕਹਿ ਸਕਾਂਗੇ।

## ੨. ਬਾਣੀ ਜਾਂ ਕਵਿਤਾ

(੧) ਆਪਣੀ ਬਾਣੀ ਵਿਚ ਗੁਰੂ ਨਾਨਕ ਸਾਹਿਬ ਨੇ ਆਪਣੇ ਆਪ ਲਈ ਕਈ ਸ਼ਬਦ ਵਰਤੇ ਹਨ, ਦਾਸ, ਜਨ ਆਦਿ ਪਰ ਉਨ੍ਹਾਂ ਸਾਰਿਆਂ ਨਾਲ ਇਥੇ ਸਾਡਾ ਵਾਸਤਾ ਨਹੀਂ ਹੈ। ਬਾਣੀ ਦੇ ਰਚਨਹਾਰ ਦੇ ਤੌਰ 'ਤੇ ਉਨ੍ਹਾਂ ਆਪਣੇ ਆਪ ਲਈ 'ਸ਼ਾਇਰ' ਜਾਂ 'ਢਾਢੀ' ਸ਼ਬਦ ਵਰਤੇ ਹਨ। ਵਿਸਥਾਰ ਨਾਲ ਆਪਣਾ ਬਿਆਨ ਕਰਦਿਆਂ ਉਨ੍ਹਾਂ ਆਪਣੇ ਆਪ ਨੂੰ ਜਸ ਕਰਨ ਵਾਲਾ, ਕੀਰਤ ਕਰਨ ਵਾਲਾ ਜਾਂ ਕਵੀ ਕਿਹਾ ਹੈ। ਪਰ ਪੂਰਾ ਵਿਸਥਾਰ ਕਰਦਿਆਂ ਉਨ੍ਹਾਂ ਨੇ ਇਹੋ ਹੀ ਦੱਸਿਆ ਹੈ ਕਿ :

**ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ ॥**

*(ਤਿਲੰਗ ਮ: ੧, ਪੰਨਾ ੭੨੨)*

ਹੋਰ ਗੁਰੂ ਸਾਹਿਬਾਨ ਨੇ ਇਸੇ ਗੱਲ ਦੀ ਪ੍ਰੋੜ੍ਹਤਾ ਕੀਤੀ ਹੈ। ਜਦੋਂ ਗੁਰੂ ਅਰਜਨ ਸਾਹਿਬ ਆਖਦੇ ਹਨ ਕਿ ਮੈਂ ਤੇ ਕੇਵਲ ਹੁਕਮ ਹੀ ਸੁਣਾ ਰਿਹਾ ਹਾਂ। ਤਾਂ ਇਹੋ ਹੀ ਭਾਵ ਹੈ ਕਿਉਂਕਿ ਅਸਲ ਵਿਚ :

**ਜੇਤਾ ਸਬਦੁ ਸੁਰਤਿ ਧੁਨਿ ਤੇਤੀ ਜੇਤਾ ਰੂਪੁ ਕਾਇਆ ਤੇਰੀ ॥**

*(ਆਸਾ ਮ: ੧, ਪੰਨਾ ੩੫੦)*

ਜੁ ਹੋਇਆ। ਸਭ ਬੋਲੀ, ਰਾਗ, ਵਿਚਾਰ, ਸੁੰਦਰਤਾ ਉਸਦਾ ਆਪਣਾ ਪ੍ਰਗਟਾਅ ਹੀ ਤੇ ਹਨ।

ਇਸ ਵਿਚਾਰ ਦਾ ਭਾਵ ਇਹ ਹੈ ਕਿ ਗੁਰੂ ਨਾਨਕ ਸਾਹਿਬ ਨੂੰ ਬਾਣੀ ਪ੍ਰਾਪਤ

ਹੁੰਦੀ ਸੀ, ਸਿੱਧੀ ਅਕਾਲ ਪੁਰਖ ਤੋਂ, ਹੁਕਮ ਮਿਲਦਾ ਸੀ ਕਿਸੇ ਵਿਚਾਰ ਨੂੰ ਨਸ਼ਰ ਕਰਨ ਦਾ, ਘੋਸ਼ਤ ਕਰਨ ਦਾ। ਉਨ੍ਹਾਂ ਨੂੰ ਸਾਰੇ ਖ਼ਿਆਲ ਸਿੱਧੇ ਅਕਾਲ ਪੁਰਖ ਤੋਂ ਪ੍ਰਾਪਤ ਹੁੰਦੇ ਸਨ, ਸੋਚਿਆਂ ਨਹੀਂ ਸਨ ਫੁਰਦੇ, ਉਨ੍ਹਾਂ ਦੀ ਕਵਿਤਾ ਰਚੀ ਨਹੀਂ ਸੀ ਜਾਂਦੀ, ਉਸ ਦਾ ਆਗਮਨ ਹੁੰਦਾ ਸੀ, ਆਵੇਸ਼ ਹੁੰਦਾ ਸੀ। ਇਸੇ ਗੱਲ ਨੂੰ ਬਾਣੀ ਕਿਹਾ ਜਾਂਦਾ ਹੈ। ਸੋਚਾਂ ਨਾਲ ਘੜੀ ਰਚਨਾ ਕਵਿਤਾ ਹੈ, ਬਾਣੀ ਨਹੀਂ ਹੈ।

'ਵੇਦ' ਬਾਣੀ ਹੈ ਪਰ ਸ਼ਾਸਤਰ, ਸਿਮ੍ਰਿਤੀਆਂ, ਪੁਰਾਣ ਬਾਣੀ ਨਹੀਂ ਹਨ। ਇਹ ਵੇਦਾਂ ਨੂੰ ਮਥ ਮਥ ਕੇ ਲਿਖੇ ਗਏ ਹਨ। ਇਨ੍ਹਾਂ ਸਾਰਿਆਂ ਦਾ ਆਧਾਰ 'ਵੇਦ' ਹਨ ਪਰ ਇਨ੍ਹਾਂ ਦੀ ਵੇਦ-ਵਿਆਖਿਆ ਆਪੋ ਵਿਚ ਨਹੀਂ ਰਲਦੀ। 'ਕੁਰਾਨ' ਬਾਣੀ ਹੈ, ਉਹ ਸਿੱਧੀ ਰੱਬ ਤੋਂ ਪ੍ਰਾਪਤ ਹੋਈ ਹੈ, ਕਿਸੇ ਹੋਰ ਪੁਸਤਕ ਦੇ ਆਧਾਰ 'ਤੇ ਨਹੀਂ ਲਿਖੀ ਗਈ ਕਿਉਂਕਿ ਉਹ ਕਿਸੇ ਹੋਰ ਪੁਸਤਕ ਨੂੰ ਆਪਣਾ ਆਸਰਾ (Authority) ਨਹੀਂ ਮੰਨਦਾ। ਅੰਜੀਲ ਬਾਣੀ ਹੈ। ਗੁਰੂ ਨਾਨਕ ਸਾਹਿਬ ਦੀ ਰਚਨਾ ਵੀ ਬਾਣੀ ਹੈ, ਕਿਸੇ 'ਤੇ ਆਧਾਰਤ ਨਹੀਂ ਹੈ। ਸਿੱਧੀ ਨਿਰੰਕਾਰ ਦੀ ਅਵਾਜ਼ ਹੈ ਜੋ ਉਨ੍ਹਾਂ ਰਾਹੀਂ ਨਸ਼ਰ ਹੋਈ ਹੈ।

ਗੁਰੂ ਸਾਹਿਬ ਕਿਸੇ ਹੋਰ ਪੁਸਤਕ ਨੂੰ ਆਪਣਾ ਆਧਾਰ ਨਹੀਂ ਦੱਸਦੇ। ਉਹ ਵੇਦਾਂ, ਸ਼ਾਸਤਰਾਂ, ਸਿਮ੍ਰਿਤੀਆਂ, ਪੁਰਾਣਾਂ ਦਾ ਸਤਿਕਾਰ ਕਰਦੇ ਹਨ, ਉਹ ਕੁਰਾਨ ਦਾ ਵੀ ਸਤਿਕਾਰ ਕਰਦੇ ਹਨ, ਪਰ ਆਪਣੀ ਰਚਨਾ ਲਈ ਆਸਰਾ ਨਹੀਂ ਮੰਨਦੇ। ਉਹ ਭਗਤਾਂ ਦੀ ਬਾਣੀ ਨੂੰ ਆਪਣਾ ਆਸਰਾ ਨਹੀਂ ਮੰਨਦੇ। ਕਿਸੇ ਨੂੰ ਅਭੁੱਲ ਆਧਾਰ ਨਹੀਂ ਮੰਨਦੇ। ਕੇਵਲ ਆਪਣੀ ਬਾਣੀ ਦੀ ਸਚਾਈ ਦੀ ਗਵਾਹੀ ਵਜੋਂ ਹੋਰ ਭਗਤਾਂ ਤੇ ਬ੍ਰਹਮਾ, ਨਾਰਦ ਤੇ ਵੇਦ ਵਿਆਸ ਦੇ ਹਵਾਲੇ ਦਿੰਦੇ ਹਨ ਕਿ ਉਨ੍ਹਾਂ ਨੂੰ ਵੀ ਇਹੋ ਜਿਹੀ ਬਾਣੀ ਆਉਂਦੀ ਰਹੀ ਹੈ। ਭਗਤ ਗੁਰੂ ਸਭ ਇਕੋ ਹਨ ਪਰ ਇਕ ਦੂਜੇ 'ਤੇ ਬਾਣੀ ਲਈ ਆਧਾਰਤ ਨਹੀਂ ਹਨ।

(੨) ਬਾਣੀ ਕੇਵਲ ਗੁਰੂ ਰਾਹੀਂ ਹੀ ਪ੍ਰਗਟ ਤੇ ਨਸ਼ਰ ਹੁੰਦੀ ਹੈ, ਕਿਉਂਕਿ :

**ਸਤਿਗੁਰ ਵਿਚਿ ਆਪੁ ਰਖਿਓਨੁ ਕਰਿ ਪਰਗਟੁ ਆਖਿ ਸੁਣਾਇਆ ॥**

*(ਵਾਰ ਆਸਾ ਮ: ੧, ਪੰਨਾ ੪੬੬)*

(੩) ਬਾਣੀ ਸਿਰ 'ਤੇ ਚੜ੍ਹ ਕੇ ਬੋਲਣ ਵਾਲਾ ਜਾਦੂ ਹੈ। ਇਹ ਆਪਣੇ ਆਪ ਹੀ ਪ੍ਰਭਾਵ ਪਾਉਂਦੀ ਤੇ ਮਨਾਂ ਨੂੰ ਬਦਲਦੀ ਹੈ। ਸ਼ਖ਼ਸੀਅਤ ਬਦਲਦੀ ਹੈ। 'ਸੁਣਿਐ' ਤੇ 'ਮੰਨੈ' ਦੀਆਂ ਪਉੜੀਆਂ ਵਿਚ ਇਸੇ ਗੱਲ ਦਾ ਵਿਸਥਾਰ ਹੈ ਕਿ ਬਾਣੀ ਕੀ ਕੀ ਤਬਦੀਲੀ ਪੈਦਾ ਕਰਦੀ ਹੈ ? 'ਸਦਾ ਵਿਗਾਸੁ' ਤੀਕ ਪੁਚਾ ਦਿੰਦੀ ਹੈ।

ਇਸ ਕਰਕੇ ਮਹਲੇ ਪਹਿਲੇ ਦੀ ਰਚਨਾ ਬਾਣੀ ਹੈ, ਕਵਿਤਾ ਜਾਂ ਆਮ ਰਚਨਾ ਨਹੀਂ ਹੈ।

## ੩. ਬਾਣੀ ਤੇ ਰਾਗ

ਬਾਣੀ ਦੇ ਨਿਪੁੰਨ ਤੇ ਪ੍ਰਭਾਵ ਵਿਚ ਸੰਪੂਰਨ ਹੋਣ ਦਾ ਸਬੂਤ ਉਸ ਦਾ ਰਾਗ ਵਿਚ ਹੋਣਾ ਹੈ। ਉਹ ਕਿਸੇ ਹੋਰ ਪਿੰਗਲ ਦੇ ਅਧੀਨ ਨਹੀਂ, ਕੇਵਲ ਸੰਗੀਤ ਪਿੰਗਲ ਦੇ ਅਧੀਨ ਹੈ। ਗੁਰੂ ਨਾਨਕ ਸਾਹਿਬ ਦਾ ਜੋ ਸ਼ਬਦ ਜਿਸ ਰਾਗ ਵਿਚ ਹੈ, ਕੇਵਲ ਉਸੇ ਵਿਚ ਹੀ ਗ਼ਾਇਨ ਕਰਨ ਨਾਲ ਉਸ ਦਾ ਪੂਰਨ ਪ੍ਰਭਾਵ ਪੈਦਾ ਹੋ ਸਕਦਾ ਹੈ।

ਜਾਂ ਇਉਂ ਕਹਿਣਾ ਚਾਹੀਦਾ ਹੈ ਕਿ ਜੇ ਉਸੇ ਰਾਗ ਵਿਚ ਪੂਰਨ ਘਰ ਤਾਲ ਅਨੁਸਾਰ ਗੁਰੂ ਸਾਹਿਬ ਦਾ ਸ਼ਬਦ ਗਾਇਆ ਜਾ ਸਕੇ ਤਾਂ ਉਸ ਦਾ ਪ੍ਰਭਾਵ ਅਰੁੱਕ ਹੈ, ਉਹ ਮੰਤ੍ਰ ਨਿਰੋਧਰ ਹੋ ਜਾਂਦਾ ਹੈ, ਉਸ ਵਿਚ ਸਮਰੱਥਾ ਪੈਦਾ ਹੋ ਜਾਂਦੀ ਹੈ:

**ਸੁਨਿ ਕਰਿ ਬਚਨ ਕਰਨ ਆਘਾਨੇ॥**
**ਮਨਿ ਸੰਤੋਖੁ ਆਤਮ ਪਤੀਆਨੇ॥**

*(ਗਉੜੀ ਸੁਖਮਨੀ ਮ: ੫, ਪੰਨਾ ੨੮੭)*

ਸਗੋਂ ਰਾਗ ਤੇ ਬਾਣੀ ਦਾ ਇਹ ਸੰਜੋਗ ਜੋ ਗੁਰੂ ਨਾਨਕ ਸਾਹਿਬ ਦੀ ਬਾਣੀ ਵਿਚ ਹੈ, ਬੜੀ ਹੀ ਬਰੀਕ ਸੂਝ ਦੀ ਮੰਗ ਕਰਦਾ ਹੈ। ਨਿਪੁੰਨ ਸੰਗੀਤਕਾਰ ਤੇ ਕਵੀ ਹੀ ਇਹ ਬਾਣੀ ਦੇ ਸਕਦਾ ਹੈ ਤੇ ਨਿਪੁੰਨ ਸੰਗੀਤਕਾਰ ਹੀ ਗਾ ਸਕਦਾ ਹੈ। ਹਰ ਰਾਗ ਦੀ ਆਪਣੀ ਬਣਾਵਟ ਹੈ, ਭਾਵ ਉਹ ਕਈ ਹੋਰ ਰਾਗਾਂ ਦੇ ਮਿਲਣ ਨਾਲ ਬਣਦਾ ਹੈ ਤੇ ਉਸ ਰਾਗ ਵਿਚ ਉਨ੍ਹਾਂ ਸਾਰੇ ਰਾਗਾਂ ਦਾ ਪ੍ਰਭਾਵ ਪੈਦਾ ਹੋਣਾ ਚਾਹੀਦਾ ਹੈ। ਜਿਵੇਂ ਕਿ ਸਿਰੀ ਰਾਗ, ਤਨਕ, ਗਉੜੀ ਤੇ ਵਡਹੰਸ ਦੇ ਮੇਲ ਨਾਲ ਬਣਦਾ ਹੈ; ਮਾਝ ਰਾਗ, ਸੋਰਠਿ, ਬਿਲਾਵਲ, ਸਾਰੰਗ, ਧਨਾਸਰੀ ਤੇ ਨਟ ਦੇ ਮੇਲ ਨਾਲ ਬਣਦਾ ਹੈ। ਇਕ ਇਕ ਰਾਗ ਵਿਚ ਇਹੋ ਪ੍ਰਭਾਵ ਪੂਰਨ ਨਿਸਬਤ ਵਿਚ ਮਿਲਦੇ ਹਨ।

ਫਿਰ ਹਰ ਰਾਗ ਦਾ ਆਪਣਾ ਰਸ ਹੈ, ਕੋਈ ਰਾਗ ਸ਼ਾਂਤੀ ਦਾ ਹੈ, ਕੋਈ ਉਤਸ਼ਾਹ ਦਾ, ਕੋਈ ਖ਼ੁਸ਼ੀ ਦਾ, ਕੋਈ ਉਦਾਸੀ ਦਾ। ਜਿਵੇਂ ਕਿ ਸੂਹੀ ਤੇ ਬਸੰਤ ਖ਼ੁਸ਼ੀ ਦੇ ਰਾਗ ਹਨ, ਵਡਹੰਸ ਵੈਰਾਗ ਤੇ ਉਦਾਸੀ ਦਾ ਰਾਗ ਹੈ, ਗਉੜੀ ਗੰਭੀਰਤਾ ਦਾ ਰਾਗ ਹੈ ਆਦਿ। ਇਹ ਪ੍ਰਭਾਵ ਵੀ ਉਸ ਬਾਣੀ ਰਾਹੀਂ ਹੀ ਪੈਦਾ ਹੁੰਦੇ ਹਨ। ਫਿਰ ਰਾਗਾਂ ਦੇ ਆਪਣੇ ਆਪਣੇ ਇਲਾਕੇ ਤੇ ਦੇਸ਼ ਹਨ। ਮਾਝ ਕੇਵਲ ਪੰਜਾਬ ਦਾ ਦੇਸੀ ਰਾਗ ਹੈ, ਮਾਝੇ ਦੇ ਇਲਾਕੇ ਦਾ; ਤਿਲੰਗ ਮੁਸਲਮਾਨੀ ਰਾਗ ਹੈ; ਗੂਜਰੀ, ਗੁੱਜਰ ਕੌਮ ਦਾ ਰਾਗ ਹੈ। ਇਨ੍ਹਾਂ ਇਲਾਕਿਆਂ ਤੇ ਕੌਮਾਂ ਦਾ ਆਪੋ ਆਪਣਾ ਸੁਭਾਅ ਹੈ, ਸਭਿਅਤਾ ਹੈ ਤੇ ਬੋਲੀ ਹੈ, ਉਸ ਰਾਗ ਵਿਚ ਉਸ ਸੁਭਾਅ, ਸਭਿਅਤਾ ਤੇ ਬੋਲੀ ਨੂੰ ਅੰਕਤ ਕਰਨਾ ਹੁੰਦਾ ਹੈ।

ਫਿਰ ਵੱਖੋ ਵੱਖ ਰਾਗ ਵੱਖੋ ਵੱਖ ਸਮੇਂ ਦੇ ਹਨ; ਜਿਵੇਂ ਸਿਰੀ, ਗਉੜੀ, ਵਡਹੰਸ ਸ਼ਾਮ ਸਮੇਂ ਦੇ ਰਾਗ ਹਨ; ਆਸਾ, ਰਾਮਕਲੀ, ਤੁਖਾਰੀ, ਭੈਰਉ, ਪ੍ਰਭਾਤੀ ਸਵੇਰ ਦੇ ਰਾਗ ਹਨ; ਸੋਰਠਿ, ਤਿਲੰਗ, ਮਲਾਰ ਅੱਧੀ ਰਾਤ ਵੇਲੇ ਗਾਏ ਜਾਣ ਵਾਲੇ ਰਾਗ ਹਨ।

ਇਸੇ ਤਰ੍ਹਾਂ ਰਾਗ ਮੌਸਮਾਂ ਦੇ ਅਨੁਸਾਰ ਹਨ; ਜਿਵੇਂ ਸਿਰੀ, ਆਸਾ, ਵਡਹੰਸ, ਸੋਰਠਿ, ਧਨਾਸਰੀ, ਮਾਰੂ, ਤੁਖਾਰੀ, ਭੈਰਉ, ਪ੍ਰਭਾਤੀ ਸਰਦ ਮੌਸਮ ਦੇ ਰਾਗ ਹਨ; ਸੂਹੀ, ਬਿਲਾਵਲ, ਰਾਮਕਲੀ, ਬਸੰਤ ਮੌਸਮ ਬਹਾਰ ਦੇ ਰਾਗ ਹਨ ਅਤੇ ਤਿਲੰਗ, ਸਾਰੰਗ ਤੇ ਮਲਾਰ ਬਰਖਾ ਰੁੱਤ ਦੇ ਰਾਗ ਹਨ।

ਇਸ ਲਈ ਜਿਸ ਕਵੀ ਨੇ ਕਵਿਤਾ ਨਾਲ ਰਾਗ ਦਾ ਸੰਜੋਗ ਕਰ ਕੇ ਕਵਿਤਾ ਲਿਖਣੀ ਹੈ ਉਸ ਵਿਚ ਸ਼ਬਦ ਚੋਣ, ਵਿਸ਼ਾ ਚੋਣ, ਅਲੰਕਾਰ ਚੋਣ ਤੇ ਚਿੱਤਰਕਲਾ ਇੰਨੀ ਸੰਪੂਰਨ ਚਾਹੀਦੀ ਹੈ ਕਿ ਹਰ ਰਾਗ ਵਿਚ ਦੱਸੇ ਜਾਣ ਵਾਲੇ ਸ਼ਬਦ ਵਿਚ ਹਰ ਤਰ੍ਹਾਂ ਉਸ ਰਾਗ ਦਾ ਪ੍ਰਭਾਵ ਪੈਦਾ ਕਰਨ ਦੀ ਸਮਰੱਥਾ ਹੋਵੇ ਤੇ ਉਹ ਤਦ ਹੀ ਪੈਦਾ ਹੋਵੇਗਾ ਜੇ ਉਸ ਰਾਗ ਦੇ ਮੌਸਮ, ਸਮੇਂ, ਰਸ, ਸਥਾਨ ਤੇ ਬਣਾਵਟ ਦੀ ਪੂਰੀ ਪੂਰੀ ਵਾਕਫ਼ੀ ਹੋਵੇ। ਖ਼ੁਸ਼ੀ ਤੇ ਉਦਾਸੀ ਦੇ ਰਸ ਪੈਦਾ ਕਰਨ ਵਾਲੇ ਸ਼ਬਦ, ਅਲੰਕਾਰ ਤੇ

ਚਿਤ੍ਰ ਵੱਖੋ ਵੱਖ ਹੁੰਦੇ ਹਨ; ਗਰਮੀ, ਸਰਦੀ ਤੇ ਬਾਰਸ਼ ਦੇ ਸਮੇਂ 'ਤੇ ਸ਼ਬਦ, ਅਲੰਕਾਰ, ਚਿਤ੍ਰ ਵੱਖਰੇ ਹੋਣੇ ਚਾਹੀਦੇ ਹਨ। ਤਾਂ ਤੇ ਬਾਣੀ ਮੰਤ੍ਰ ਨਿਰੋਧਰ ਹੈ ਭਾਵ ਇਸ ਦਾ ਪ੍ਰਭਾਵ ਅਰੁੱਕ ਤੇ ਅਵੱਸ਼ ਹੈ ਕਿਉਂਕਿ ਇਸ ਵਿਚ ਹਰ ਤਰ੍ਹਾਂ ਦੀ ਨਿਪੁੰਨਤਾ ਦਾ ਖ਼ਿਆਲ ਰੱਖਿਆ ਗਿਆ ਹੁੰਦਾ ਹੈ।

ਜਿਵੇਂ ਕਹਿੰਦੇ ਹਨ ਕਿ ਦੀਪਕ ਦੇ ਗਾਏ ਜਾਣ ਨਾਲ ਅੱਗ ਲੱਗ ਸਕਦੀ ਹੈ ਤੇ ਮਲਾਰ ਨਾਲ ਬਾਰਸ਼ ਕਰਕੇ ਬੁਝਾਈ ਜਾ ਸਕਦੀ ਹੈ। ਜਿਵੇਂ ਹਰ ਰਾਗ ਦਾ ਅਵੱਸ਼ ਮਨੁੱਖੀ ਹਿਰਦੇ 'ਤੇ ਪ੍ਰਭਾਵ ਹੈ ਜੇ ਉਹ ਪੂਰਨਤਾ ਨਾਲ ਗਾਇਆ ਜਾਏ। ਤੇ ਜੇ ਉਸ ਵਿਚ ਗਾਏ ਜਾਣ ਵਾਲੇ ਵਿਚਾਰ 'ਬਾਣੀ' ਹੋਣ, ਭਾਵ ਅਤਿ ਉੱਤਮ ਤੇ ਸੁੱਚੇ ਹੋਣ, ਹਰੀ ਜਸ ਤੇ ਕੀਰਤ ਦੇ ਹੋਣ ਤੇ ਫਿਰ ਉਸ ਦਾ ਅਸਰ ਕਿਉਂ ਅਰੁੱਕ ਨਾ ਹੋਏ। ਬਾਣੀ ਦਾ ਅਸਰ ਅਵੱਸ਼ ਹੈ ਤੇ ਇਹੋ ਬਾਣੀ ਦੀ ਪਹਿਚਾਨ ਹੈ ਤੇ ਉਸ ਅਵੱਸ਼ ਅਸਰ ਦੇ ਉੱਪਰ-ਦੱਸੇ ਕਾਰਨ ਹਨ।

ਜੇ ਗੁਰੂ ਨਾਨਕ ਸਾਹਿਬ ਦੀ ਬਾਣੀ ਨੂੰ ਕੇਵਲ ਇਸੇ ਰਾਗ ਦੇ ਪੱਖ ਤੋਂ ਹੀ ਵਿਚਾਰਿਆ ਜਾਏ ਤਾਂ ਹਿੰਦੁਸਤਾਨ ਵਿਚ ਇਹ ਬਹੁਤ ਹੀ ਮਹਾਨਤਾ ਵਾਲਾ ਤਜਰਬਾ ਸੀ, ਜਿਸ ਰਾਹੀਂ ਉਹ ਕਈ ਸਭਿਆਚਾਰਾਂ, ਕੌਮਾਂ ਤੇ ਦੇਸ਼ਾਂ ਦਾ ਮਿਲਾਪ ਕਰ ਰਹੇ ਸਨ। ਉਹ ਗੁਰੂ ਸਨ ਤੇ ਗੁਰੂ ਦਾ ਮੰਤਵ ਹੈ : 'ਸਭਸੈ ਲਏ ਮਿਲਾਇ॥' ਉਨ੍ਹਾਂ ਇਸ ਤਜਰਬੇ ਰਾਹੀਂ ਸਭ ਨੂੰ ਹਿੰਦੂ, ਜੋਗੀ, ਮੁਸਲਮਾਨ ਨੂੰ ਮਿਲਾਣ ਦਾ ਯਤਨ ਕੀਤਾ; ਖ਼ੁਸ਼ੀ ਤੇ ਉਦਾਸੀ ਅਤੇ ਆਸਾ ਤੇ ਨਿਰਾਸਾ ਦੇ ਪ੍ਰਭਾਵਾਂ ਨੂੰ ਮਿਲਾਣ ਦਾ ਯਤਨ ਕੀਤਾ; ਦੇਸ਼ਾਂ ਨੂੰ ਤੇ ਊਚ-ਨੀਚ ਨੂੰ ਮਿਲਾਉਣ ਦਾ ਯਤਨ ਕੀਤਾ ਹੈ। ਉਪਦੇਸ਼ ਚਹੁ ਵਰਨਾਂ ਨੂੰ ਸਾਂਝਾ ਕੀਤਾ ਹੈ। ਇਹ ਹੈ ਬਾਣੀ ਦੀ ਪਹਿਚਾਨ। ਉਸ ਵਿਚ ਮਿਲਾਉਣ ਦੀ ਸਮਰੱਥਾ ਹੈ, ਨਿਖੇੜਨਾ ਉਸ ਦਾ ਮੰਤਵ ਨਹੀਂ ਹੈ। ਉਹ ਗੰਭੀਰ ਸ਼ਖ਼ਸੀਅਤ ਦੀ ਉਸਾਰੀ ਕਰਦੀ ਹੈ, ਫੋਕੀਆਂ ਰੰਗਰਲੀਆਂ ਉਸ ਦਾ ਮੰਤਵ ਨਹੀਂ। ਹਿੰਡੋਲ ਜੋ ਕੇਵਲ ਹਾਸ ਖ਼ੁਸ਼ੀ ਦਾ ਰਾਗ ਹੈ, ਉਸ ਨੂੰ ਬਸੰਤ ਨਾਲ ਮਿਲਾ ਦਿੱਤਾ ਤੇ ਰਾਗਾਂ ਦੀ ਇਸ ਸੰਧੀ ਤੋਂ ਨਵੇਂ ਰਾਗ ਵੀ ਬਣੇ ਹਨ ਤੇ ਸ਼ਖ਼ਸੀਅਤ ਦੀ ਉਸਾਰੀ ਵਿਚ ਉਨ੍ਹਾਂ ਦਾ ਪ੍ਰਭਾਵ ਵੀ ਨਿਰੋਆ ਹੋਇਆ ਹੈ। ਸੋ ਬਾਣੀ ਦਾ ਰਾਗਾਂ ਵਿਚ ਹੋਣਾ ਇਕ ਬੜੀ ਮਹਾਨ ਚੀਜ਼ ਹੈ।

ਗੁਰੂ ਨਾਨਕ ਸਾਹਿਬ ਨੇ ੧੯ ਰਾਗ ਵਰਤੇ ਹਨ। ਸਿਰੀ, ਮਾਝ, ਗਉੜੀ, ਆਸਾ, ਗੂਜਰੀ, ਵਡਹੰਸ, ਸੋਰਠਿ, ਧਨਾਸਰੀ, ਤਿਲੰਗ, ਸੂਹੀ, ਬਿਲਾਵਲ, ਰਾਮਕਲੀ, ਮਾਰੂ, ਤੁਖਾਰੀ, ਭੈਰਉ, ਬਸੰਤ, ਸਾਰੰਗ, ਮਲਾਰ ਤੇ ਪ੍ਰਭਾਤੀ। ਗੁਰੂ ਗ੍ਰੰਥ ਸਾਹਿਬ ਵਿਚ ਕੁਲ ੩੧ ਰਾਗ ਹਨ, ਇਨ੍ਹਾਂ ੧੯ ਰਾਗਾਂ ਤੋਂ ਵੱਧ ੧੧ ਰਾਗ ਗੁਰੂ ਰਾਮਦਾਸ ਜੀ ਨੇ ਵਰਤੇ ਹਨ ਤੇ ਇਕ ਰਾਗ ਜੈਜਾਵੰਤੀ ਕੇਵਲ ਗੁਰੂ ਤੇਗ ਬਹਾਦਰ ਜੀ ਨੇ ਵਰਤਿਆ ਹੈ। ੧੯ ਰਾਗਾਂ ਵਿਚ ਹਰ ਤਰ੍ਹਾਂ ਨਿਪੁੰਨ ਰਚਨਾ ਗੁਰੂ ਨਾਨਕ ਸਾਹਿਬ ਦੀ ਹੈ। ਇਤਨੀ ਨਿਪੁੰਨਤਾ ਉਨ੍ਹਾਂ ਨੂੰ ਅਕਾਲ ਪੁਰਖ ਤੋਂ ਹੀ ਪ੍ਰਾਪਤ ਹੋਈ ਸੀ, ਕਿਧਰੇ ਰਾਗ ਦੀ ਸਿਖਲਾਈ ਦਾ ਉਨ੍ਹਾਂ ਦੇ ਜੀਵਨ ਵਿਚ ਵਰਣਨ ਨਹੀਂ ਹੈ। ਸੋ ਇਹ ਰੱਬ ਦੀ ਬਾਣੀ ਹੈ।

ਹਰ ਰਾਗ ਨੂੰ ਉਨ੍ਹਾਂ ਕਈ ਘਰਾਂ ਵਿਚ ਵਰਤਿਆ ਹੈ। ਫਿਰ ਹਰ ਰਾਗ ਵਿਚ ਲੋਕ ਕਵਿਤਾ ਦੀਆਂ ਵੰਨਗੀਆਂ ਨੂੰ ਢਾਲਿਆ ਹੈ। ਜਿਵੇਂ ਮਾਝ ਵਿਚ ਵਾਰ ਹੈ, ਵਡਹੰਸ ਵਿਚ ਅਲਾਹਣੀਆਂ ਹਨ, ਸੂਹੀ ਵਿਚ ਸੁਚਜੀ, ਕੁਚਜੀ ਹਨ, ਤੁਖਾਰੀ ਵਿਚ ਬਾਰਹਮਾਹਾ ਹਨ, ਬਿਲਾਵਲ ਵਿਚ ਥਿਤਾਂ ਹਨ ਆਦਿ। ਦੁਪਦੇ, ਤਿਪਦੇ, ਚਉਪਦੇ,

ਪੰਚਪਦੇ, ਅਸਟਪਦੀਆਂ ਤੇ ਛੰਤ ਤਾਂ ਲਗਪਗ ਸਾਰੇ ਰਾਗਾਂ ਵਿਚ ਹਨ। ਸੋ ਇਹ ਕਵਿਤਾ, ਵੰਨਗੀ, ਰਾਗ ਦੀ ਸੰਧੀ ਦਾ ਵਿਸ਼ਾ ਇੰਨਾ ਮਹਾਨ ਹੈ ਕਿ ਇਸ ਨੂੰ ਇਸ ਮਜ਼ਮੂਨ ਦੀ ਸੀਮਾ ਵਿਚ ਪੂਰਾ ਨਹੀਂ ਦੱਸਿਆ ਜਾ ਸਕਦਾ, ਪਰ ਹੈ ਇਹ ਅਗੰਮੀ ਨਿਪੁੰਨਤਾ ਦੀ ਨਿਸ਼ਾਨੀ।

## ੪. ਬਾਣੀ ਦਾ ਆਵੇਸ਼

ਗੁਰੂ ਨਾਨਕ ਸਾਹਿਬ ਦੇ ਜੀਵਨ ਦੇ ਤਿੰਨ ਵੱਡੇ ਹਿੱਸੇ ਹਨ। ਉਦਾਸੀਆਂ ਵਾਲੇ ੨੦-੨੨ ਸਾਲ ਵਿਚਕਾਰਲਾ ਹਿੱਸਾ ਹਨ, ਉਦਾਸੀਆਂ ਤੋਂ ਪਹਿਲਾਂ ਦੇ ੨੮-੩੦ ਸਾਲ ਪਹਿਲਾ ਹਿੱਸਾ ਹਨ ਤੇ ਉਦਾਸੀਆਂ ਤੋਂ ਮਗਰਲੇ ੧੮ ਸਾਲ ਜੋ ਆਪ ਨੇ ਆਪਣੇ ਵਸਾਏ ਕਰਤਾਰਪੁਰ ਵਿਚ ਗੁਜ਼ਾਰੇ, ਉਨ੍ਹਾਂ ਦੇ ਜੀਵਨ ਦਾ ਆਖ਼ਰੀ ਹਿੱਸਾ ਹਨ। ਇਨ੍ਹਾਂ ਤਿੰਨਾਂ ਹਿੱਸਿਆਂ ਦੇ ਹਾਲਾਤ ਵੱਖਰੇ ਵੱਖਰੇ ਸਨ ਤੇ ਉਹ ਵੱਖੋ ਵੱਖ ਹਾਲਾਤ ਦਾ ਟਾਕਰਾ ਕਰ ਰਹੇ ਸਨ। ਉਸੇ ਅਨੁਸਾਰ ਹੀ ਉਨ੍ਹਾਂ ਨੂੰ ਖਸਮ ਦੀ ਬਾਣੀ ਆਉਂਦੀ ਸੀ।

ਪਹਿਲੇ ਹਿੱਸੇ ਵਿਚ ਆਮ ਕਰਕੇ ਇਨਕਲਾਬੀ ਤੇ ਆਲੋਚਕ ਪ੍ਰਭਾਵ ਦੇ ਸਲੋਕ ਤੇ ਸ਼ਬਦ ਉਤਰੇ ਪ੍ਰਤੀਤ ਹੁੰਦੇ ਹਨ। ਉਦੋਂ ਆਪ ਜਵਾਨ ਅਵਸਥਾ ਵਿਚ ਸਨ ਤੇ ਆਲੇ-ਦੁਆਲੇ ਦੇ ਪਖੰਡੀ ਬ੍ਰਾਹਮਣਵਾਦ ਨੂੰ ਵੇਖ ਰਹੇ ਸਨ। ਆਸਾ ਦੀ ਵਾਰ ਦੇ ਪਖੰਡਵਾਦ ਤੇ ਬੇਗ਼ੈਰਤੀ ਬਾਰੇ ਸਲੋਕ ਉਦੋਂ ਉਤਰ ਸਕਦੇ ਸਨ, ਸਿਰੀ ਰਾਗ ਤੇ ਮਾਝ ਦੀ ਵਾਰ ਦੇ ਜਾਤੀ ਭੇਦ ਦੇ ਵਿਰੋਧ ਦੇ ਸਲੋਕ ਉਦੋਂ ਉਤਰ ਸਕਦੇ ਸਨ। ਕਿਉਂਕਿ ਅਸਲ ਵਿਚ ਉਹ ਅਕਾਲ ਪੁਰਖ ਵੀ ਤੇ ਉਨ੍ਹਾਂ ਦੇ ਪਵਿੱਤਰ ਹਿਰਦੇ ਵਿਚ ਨਿਵਾਸ ਰੱਖਦਾ ਸੀ ਤੇ ਉਨ੍ਹਾਂ ਦੀ ਹਿਰਦੇ ਦੀ ਦਸ਼ਾ ਅਨੁਸਾਰ ਆਵਾਜ਼ ਆਉਂਦੀ ਸੀ। ਸਮੇਂ ਦੀ ਲੋੜ ਅਨੁਸਾਰ ਆਵਾਜ਼ ਆਉਂਦੀ ਸੀ। ਪਰਮਾਤਮਾ ਉਨ੍ਹਾਂ ਦੀ ਰਾਹੀਂ ਸੁਧਾਰ ਕਰ ਰਿਹਾ ਸੀ।

ਦੂਜੇ ਉਦਾਸੀਆਂ ਵਾਲੇ ਹਿੱਸੇ ਵਿਚ ਉਹ ਸਭ ਪ੍ਰਕਾਰ ਦੇ ਸਾਧੂਆਂ, ਜੋਗੀਆਂ, ਜੰਗਮਾਂ, ਜੈਨੀਆਂ, ਮੁਸਲਮਾਨ ਫ਼ਕੀਰਾਂ ਨੂੰ ਮਿਲ ਰਹੇ ਸਨ, ਹਿੰਦੂ ਤੀਰਥਾਂ, ਮੁਸਲਮਾਨੀ ਦੇਸ਼ਾਂ ਵਿਚ ਫਿਰ ਰਹੇ ਸਨ। ਉਨ੍ਹਾਂ ਦੀਆਂ ਲੋੜਾਂ ਅਨੁਸਾਰ ਬਾਣੀ ਉਤਰ ਰਹੀ ਸੀ। ਸਹੀ ਪੰਡਤਾਈ, ਸਾਧ ਦੀ ਬਿਰਤੀ, ਜੋਗ ਤੇ ਇਸਲਾਮ ਸਲੋਕਾਂ ਤੇ ਸ਼ਬਦਾਂ ਵਿਚ ਸਮਝਾਇਆ ਜਾ ਰਿਹਾ ਸੀ। ਐਸੇ ਆਸ਼ਿਆਂ ਦੇ ਸ਼ਬਦ ਉਦੋਂ ਉਤਰ ਰਹੇ ਸਨ।

ਸਾਰੀਆਂ ਲੰਮੀਆਂ ਬਾਣੀਆਂ ਪਟੀ, ਵਾਰਾਂ (ਤਿੰਨ ਵਾਰਾਂ), ਓਅੰਕਾਰ, ਸਿਧ ਗੋਸਟਿ, ਬਾਰਹਮਾਹਾ, ਹੋਰ ਹਰ ਰਾਗ ਦੇ ਛੰਤ ਤੇ ਜਪੁਜੀ ਤੀਜੇ ਹਿੱਸੇ ਦੀ ਰਚਨਾ ਹਨ, ਜਦੋਂ ਆਪ ਪਾਸ ਲੰਮੀ ਵਿਹਲ ਤੇ ਟਿਕਾਅ ਸੀ ਤੇ ਆਪ ਆਪਣੇ ਸਾਰੇ ਫ਼ਲਸਫ਼ੇ ਤੇ ਵਿਚਾਰਾਂ ਨੂੰ ਸੰਪੂਰਨ ਰੂਪ ਵਿਚ ਪੇਸ਼ ਕਰ ਰਹੇ ਸਨ। ਤਿੰਨੋਂ ਹਿੱਸਿਆਂ ਦਾ ਰੰਗ ਵੱਖੋ ਵੱਖਰਾ ਹੈ।

ਪਰ ਆਪ ਹਰ ਸਮੇਂ ਇਕ ਰੰਗ ਵੀ ਸਨ ਤੇ ਬਹੁਤੀ ਬਾਣੀ ਉਸੇ ਰੰਗ ਦੀ ਹੈ। ਉਹ ਸ਼ਾਂਤ ਭਗਤੀ ਪ੍ਰੇਮ ਦਾ ਰੰਗ ਸੀ। ਭਗਤੀ ਰਸ ਦੇ ਵੱਖੋ ਵੱਖ ਰੂਪਾਂ ਦੇ ਸ਼ਬਦ ਹਰ ਸਮੇਂ ਉਤਰਦੇ ਰਹੇ। ਬਹੁਤ ਸ਼ਬਦ ਤੇ ਅਸਟਪਦੀਆਂ ਨਿਰੋਲ ਭਗਤੀ ਰਸ ਦੀਆਂ ਹਨ।

ਛੋਟੇ ਸ਼ਬਦਾਂ ਦਾ ਵਿਸ਼ੇ ਅਨੁਸਾਰ ਤੇ ਵੱਡੀਆਂ ਬਾਣੀਆਂ ਦਾ ਰੂਪ ਤੇ ਵਿਸ਼ੇ ਅਨੁਸਾਰ ਵਰਗੀਕਰਣ ਹੋ ਸਕਦਾ ਹੈ। ਵੱਡੀਆਂ ਬਾਣੀਆਂ ਵਿਚ ਜਪੁਜੀ ਤੇ ਸਿਧ ਗੋਸਟਿ ਇਕੋ ਪ੍ਰਕਾਰ ਦੀਆਂ ਬਾਣੀਆਂ ਹਨ। ਆਮ ਪ੍ਰਚਲਤ ਵਿਚਾਰ ਹੈ ਕਿ ਇਹ

ਦੋਵੇਂ ਜੋਗੀਆਂ ਨਾਲ ਵਿਚਾਰ-ਵਟਾਂਦਰੇ ਮਗਰੋਂ ਲਿਖੀਆਂ ਗਈਆਂ। ਦੋਹਾਂ ਵਿਚ ਸਾਂਖ ਤੇ ਜੋਗ ਦੀ ਵਾਕਫ਼ੀ ਹੈ। ਸਹੀ ਜੋਗ ਦੱਸਿਆ ਹੈ। ਜੋਗੀਆਂ ਨੂੰ ਬਹੁਤ ਵਾਰੀ ਸੰਬੋਧਨ ਕੀਤਾ ਹੈ। ਦੋਵੇਂ ਬਾਣੀਆਂ ਇਕ ਦੂਜੀ ਨੂੰ ਸੰਪੂਰਨ ਕਰਦੀਆਂ ਹਨ।

ਤਿੰਨੇ ਵਾਰਾਂ—ਮਾਝ, ਆਸਾ ਤੇ ਮਲਾਰ—ਇਕੋ ਗਰੁੱਪ ਦੀ ਰਚਨਾ ਹਨ। ਉਨ੍ਹਾਂ ਵਿਚ ਕਾਵਿ-ਰੂਪ ਦੀ ਸਾਂਝ ਹੈ। ਇਹ ਤਿੰਨੇ ਬਾਣੀਆਂ ਇਕ ਸੰਪੂਰਨ ਮਜ਼ਮੂਨ ਬਣਾਉਂਦੀਆਂ ਹਨ। ਵਾਰ ਮਲਾਰ ਦੱਸਦੀ ਹੈ ਕਿ ਮਨਮੁੱਖ ਦਾ ਵਰਤਾਰਾ ਕਿਸ ਤਰ੍ਹਾਂ ਦਾ ਹੁੰਦਾ ਹੈ ? ਵਾਰ ਮਾਝ ਦੱਸਦੀ ਹੈ ਕਿ ਕਿਹੜੇ ਕਿਹੜੇ ਅਸੂਲ ਹਨ ਜਿਨ੍ਹਾਂ ਕਰਕੇ ਮਨਮੁੱਖ ਦਾ ਵਰਤਾਰਾ ਇਉਂ ਹੋ ਜਾਂਦਾ ਹੈ ? ਤੇ ਵਾਰ ਆਸਾ ਦੱਸਦੀ ਹੈ ਕਿ ਇਹੋ ਜਿਹੇ ਮਨਮੁੱਖ ਨਾਲ ਰੱਬੀ ਕਾਨੂੰਨ ਅਨੁਸਾਰ ਨਿਆਂ ਕਿਵੇਂ ਹੁੰਦਾ ਹੈ ?

ਪਟੀ (ਆਸਾ) ਤੇ ਦੱਖਣੀ ਓਅੰਕਾਰ (ਰਾਮਕਲੀ) ਇਕੋ ਵਰਗ ਜਾਂ ਗਰੁੱਪ ਦੀਆਂ ਬਾਣੀਆਂ ਕਹੀਆਂ ਜਾ ਸਕਦੀਆਂ ਹਨ। ਦੋਹਾਂ ਵਿਚ ਰੂਪ ਦੀ ਸਾਂਝ ਹੈ ਤੇ ਗੁਰਮਤ ਫ਼ਿਲਾਸਫ਼ੀ ਦਾ ਵਿਸਥਾਰ ਹੈ ਕਿ ਅਕਾਲ ਪੁਰਖ, ਸ੍ਰਿਸ਼ਟੀ, ਮਨੁੱਖ, ਆਵਾਗਵਨ ਤੇ ਮੁਕਤੀ ਕੀ ਹਨ ਤੇ ਇਨ੍ਹਾਂ ਦਾ ਆਪੋ ਵਿਚ ਕੀ ਸੰਬੰਧ ਹੈ ? ਇਹ ਦੋਵੇਂ ਬਾਣੀਆਂ ਮੁਢਲੀ ਗੁਰਮਤ ਦੀਖ਼ਸ਼ਾ ਹਨ ਤੇ ਗੁਰੂ ਨਾਨਕ ਸਾਹਿਬ ਦੇ ਤਾਲੀਮੀ ਪ੍ਰਬੰਧ ਨੂੰ ਦਰਸਾਂਦੀਆਂ ਹਨ। ਥਿਤਾਂ (ਬਿਲਾਵਲ ਰਾਗ) ਵੀ ਇਸੇ ਵਰਗ ਵਿਚ ਸ਼ਾਮਲ ਕੀਤੇ ਜਾ ਸਕਣ ਵਾਲੀ ਬਾਣੀ ਹੈ।

ਬਾਰਹਮਾਹਾ (ਤੁਖਾਰੀ ਰਾਗ) ਆਪਣੇ ਆਪ ਵਿਚ ਇਕ ਗਰੁੱਪ ਹੈ। ਵੈਰਾਗ ਤੇ ਮਿਲਾਪ ਦੀ ਹੈ ਇਹ ਬਾਣੀ, ਇਸ ਵਿਚ ਆਤਮਾ ਦੀ ਤੜਪ ਹੈ।

ਛੋਟੇ ਸ਼ਬਦਾਂ ਵਿਚ ਭਗਤੀ ਹੈ, ਪ੍ਰੇਮ ਦੀ ਤੀਬਰਤਾ ਹੈ ਜਾਂ ਵੱਖੋ ਵੱਖ ਸਮਿਆਂ ਤੇ ਵੱਖੋ ਵੱਖ ਹਾਲਾਤ ਅਨੁਸਾਰ ਵੱਖੋ ਵੱਖ ਲੋਕਾਂ ਨੂੰ ਉਪਦੇਸ਼ ਹੈ।

## ੫. ਲੰਮੀਆਂ ਬਾਣੀਆਂ ਵਿਚ ਦਾਰਸ਼ਨਿਕ ਵਿਚਾਰ

ਭਾਰਤੀ ਦਰਸ਼ਨ (Philosophy) ਦੀ ਇਕ ਵਿਸ਼ੇਸ਼ ਲੀਹ ਹੈ। ਭਾਰਤ ਵਿਚ ਹੇਠ-ਦਿੱਤੀਆਂ ਚਾਰ ਪੰਜ ਗੱਲਾਂ ਨੂੰ ਹੀ ਦਰਸ਼ਨ ਦਾ ਰੂਪ ਦਿੱਤਾ ਜਾਂਦਾ ਹੈ :

(੧) ਪਰਮਾਤਮਾ ਜਾਂ ਬ੍ਰਹਮ ਦਾ ਰੂਪ ਕੀ ਹੈ ?

(੨) ਪ੍ਰਕਿਰਤੀ ਮਾਦੇ ਜਾਂ ਸੰਸਾਰ ਦਾ ਰੂਪ ਕੀ ਹੈ ?

(੩) ਮਨੁੱਖ ਦੀ ਅਸਲੀਅਤ ਕੀ ਹੈ ਤੇ ਮਾਦੇ ਤੇ ਮਨੁੱਖ ਦਾ ਪਰਮਾਤਮਾ ਨਾਲ ਕੀ ਸੰਬੰਧ ਹੈ ?

(੪) ਆਤਮਾ ਜਾਂ ਮਨੁੱਖ ਕਿਉਂ ਬੰਧਨ ਜਾਂ ਜੋਨੀਆਂ ਵਿਚ ਆ ਜਾਂਦਾ ਹੈ ?

(੫) ਫਿਰ ਮੁਕਤ ਜਾਂ ਜਨਮ ਮਰਨ ਤੋਂ ਰਹਿਤ ਕਿਵੇਂ ਹੋ ਸਕਦਾ ਹੈ ਤੇ ਉਸ ਮੁਕਤ ਆਤਮਾ ਦਾ ਕੀ ਰੂਪ ਹੁੰਦਾ ਹੈ ?

ਗੁਰੂ ਨਾਨਕ ਸਾਹਿਬ ਨੇ ਆਪਣੀਆਂ ਲੰਮੀਆਂ ਬਾਣੀਆਂ ਵਿਚ ਵਿਸ਼ੇਸ਼ ਕਰਕੇ ਦਰਸ਼ਨ ਜਾਂ ਫ਼ਿਲਾਸਫ਼ੀ ਨੂੰ ਹੀ ਮੁੱਖ ਰੱਖਿਆ ਹੈ। ਹੋਰ ਪ੍ਰਸਿੱਧ ਆਚਾਰੀਆਂ ਜਾਂ ਗੁਰੂਆਂ ਨਾਲੋਂ ਗੁਰੂ ਨਾਨਕ ਦੀ ਫ਼ਿਲਾਸਫ਼ੀ ਭਿੰਨ ਹੈ, ਭਾਵੇਂ ਇਹ ਅੱਡਰਾਪਨ ਥੋੜ੍ਹਾ ਹੀ ਹੋਵੇ। ਗੁਰੂ ਨਾਨਕ ਦੀ ਫ਼ਿਲਾਸਫ਼ੀ ਅਦ੍ਵੈਤ ਦੀ ਹੈ, ਪਰ ਇਹ ਕੇਵਲ ਸ਼ੰਕਰ ਦਾ ਵਿਦਾਂਤ ਨਹੀਂ। ਉਹ ਸੰਸਾਰ ਦੀ ਅਸਲੀਅਤ ਨੂੰ ਮੰਨਦੀ ਹੈ ਪਰ ਮਾਧਵ ਤੇ ਰਾਮਾਨੁਜ ਦਾ

ਦ੍ਵੈਤ ਨਹੀਂ। ਉਹ ਪਰਮਾਤਮਾ ਤੋਂ ਸਾਰੀ ਰਚਨਾ ਮੰਨਦੀ ਹੈ ਪਰ ਵੱਲਭ ਦਾ ਸ਼ੁੱਧ ਅਦ੍ਵੈਤ ਨਹੀਂ। ਉਹ ਚੇਤਨਿਆ ਦਾ ਭੇਦ ਅਭੇਦ ਵੀ ਨਹੀਂ। ਉਹ ਆਪਣੇ ਸੰਪੂਰਨ ਰੂਪ ਵਿਚ ਨਵੀਂ ਚੀਜ਼ ਹੈ,ਭਾਵੇਂ ਟੁਕੜਿਆਂ ਵਿਚ ਕਿਧਰੇ ਇਕ ਨਾਲ ਤੇ ਕਿਧਰੇ ਦੂਜੇ ਦਰਸ਼ਨ ਨਾਲ ਜਾ ਮਿਲਦੀ ਹੋਵੇ।

### (੧) ਬ੍ਰਹਮ

ਪਰਮਾਤਮਾ ਬਾਰੇ ਪਹਿਲੀ ਵਿਚਾਰ ਤੇ ਗੁਰੂ ਨਾਨਕ ਸਾਹਿਬ ਦੀ ਇਹ ਹੈ ਕਿ ਉਹ 'ਅਗਮ ਅਗੋਚਰ' ਹੈ। ਉਹ ਕਈ ਰੂਪਾਂ ਵਿਚ ਪ੍ਰਗਟ ਹੁੰਦਾ ਹੈ। ਸਰਗੁਣ ਹੋ ਜਾਂਦਾ ਹੈ, ਨਿਰਗੁਣ ਰਹਿ ਸਕਦਾ ਹੈ, ਨਿਰੰਕਾਰ ਹੋ ਸਕਦਾ ਹੈ ਤੇ ਸੁੰਨ ਸਮਾਧ ਵਿਚ 'ਅਰਬਦ ਨਰਬਦ' ਸਮੇਂ ਲਈ ਲੀਨ ਰਿਹਾ ਹੈ ਤੇ ਰਹਿ ਸਕਦਾ ਹੈ। ਉਹ ਆਮ ਕਰਕੇ ਅਪਹੁੰਚ ਹੈ ਪਰ ਜਦੋਂ ਸਰਗੁਣ ਰੂਪ ਵਿਚ ਹੋ ਜਾਂਦਾ ਹੈ ਤਾਂ ਮਨੁੱਖ ਦੀ ਪਹੁੰਚ ਵਿਚ ਹੋ ਜਾਂਦਾ ਹੈ। ਉਹ ਨਾਮ-ਰੂਪ ਵਿਚ ਮਨੁੱਖ ਦੀ ਸੁਰਤੀ ਬਿਰਤੀ ਤੇ ਇੰਦ੍ਰਿਆਂ ਤੀਕ ਦਾ ਵਿਸ਼ਾ ਬਣ ਜਾਂਦਾ ਹੈ। ਉਹ ਕੇਵਲ 'ਸਤਿ' ਹੈ, ਆਦਿ, ਜੁਗਾਦਿ, ਹੁਣ ਤੇ ਅੱਗੋਂ ਚਿਤ ਤੇ ਅਨੰਦ ਕਿਤੇ ਕਿਤੇ ਹੀ ਗੁਰੂ ਨਾਨਕ ਸਾਹਿਬ ਨੇ ਉਸ ਨਾਲ ਸੰਬੰਧਤ ਕੀਤੇ ਹਨ ਜਿਵੇਂ ਹੋਰ ਆਚਾਰੀਆਂ ਨੇ। ਪਰ ਜਿਸ 'ਤੇ ਉਨ੍ਹਾਂ ਬਹੁਤ ਜ਼ੋਰ ਦਿੱਤਾ ਹੈ, ਉਹ ਕੇਵਲ ਸਤਿ ਜਾਂ ਸੱਚ ਹੈ। ਭਾਵ ਉਹ ਹੋਂਦ ਵਾਲਾ ਹੈ, ਸੱਚ-ਮੁੱਚ ਹੈ। ਪਰ ਹੈ 'ਆਪਣੇ ਆਪ ਤੋਂ' ਤੇ ਹੈ 'ਪ੍ਰਕਾਸ਼ ਰੂਪ' ਤੇ ਉਸ ਦਾ ਅਵਤਾਰ ਕੋਈ ਨਹੀਂ ਹੋ ਸਕਦਾ। ਉਹ ਵਸਦਾ ਸਭ ਵਿਚ ਹੈ ਪਰ ਉਸ ਦਾ ਆਪਣਾ ਵਿਸ਼ੇਸ਼ ਰੂਪ ਕੋਈ ਨਹੀਂ ਹੈ।

### (੨) ਮਾਦਾ-ਪ੍ਰਕਿਰਤੀ

ਪ੍ਰਕਿਰਤੀ ਅਸਲੋਂ ਹੀ ਹੋਂਦ ਵਾਲੀ ਚੀਜ਼ ਹੈ। ਸੱਚੇ ਦੀ ਕਿਰਤ ਸੱਚੀ ਹੀ ਹੋ ਸਕਦੀ ਹੈ। ਇਸ ਵਿਚ ਕੋਈ ਅਵਿੱਦਿਆ ਜਾਂ ਅਗਿਆਨਤਾ ਨਹੀਂ (ਜਿਵੇਂ ਸ਼ੰਕਰ ਕਹਿੰਦਾ ਹੈ)। ਜੇ ਮਨੁੱਖ ਨੂੰ ਸੰਸਾਰ ਦਿਸਦਾ ਹੈ ਤੇ ਇਹ ਸੱਚ ਹੈ, ਪਰ ਉਸ ਤਰ੍ਹਾਂ ਦਾ ਸੱਚ ਨਹੀਂ ਹੈ ਜਿਵੇਂ ਕਿ ਪਰਮਾਤਮਾ ਆਪ ਸੱਚ ਹੈ। ਉਹ ਸਦੀਵੀ ਹੈ ਤੇ ਅਸੀਮਤ ਹੈ, ਇਹ ਸਭ ਕੁਝ ਅਸਥਿਰ ਹੈ ਤੇ ਸੀਮਤ ਹੈ। ਉਹ ਜਦੋਂ ਚਾਹੇ ਇਸ ਨੂੰ ਸਮੇਟ ਸਕਦਾ ਹੈ, ਕਿਉਂਕਿ ਇਹ ਉਸ ਦੇ ਹੁਕਮ ਅਨੁਸਾਰ ਹੀ 'ਸੁੰਨ' ਵਿਚੋਂ ਪੈਦਾ ਹੋਇਆ ਹੈ (ਵੇਖੋ ਮਾਰੂ ਸੋਲਹੇ) ਤੇ ਉਸ ਦੇ ਹੁਕਮ ਅਨੁਸਾਰ ਸੁੰਨ ਵਿਚ ਬਦਲ ਸਕਦਾ ਹੈ। ਪਰਮਾਤਮਾ ਕਿਸੇ ਹੋਰ ਚੀਜ਼ ਦੇ ਆਸਰੇ ਨਹੀਂ ਹੈ ? ਪਰ ਪ੍ਰਕਿਰਤੀ 'ਕੁਦਰਤਿ ਵਸਿਆ' 'ਤੇ ਆਧਾਰਤ ਹੈ, ਉਸ ਨੇ ਇਸ ਨੂੰ ਧਾਰਨ ਕੀਤਾ ਹੋਇਆ ਹੈ। ਦ੍ਵੈਤ ਨਹੀਂ ਹੈ, ਇਕ ਚੀਜ਼ ਦੂਜੇ ਦੇ ਆਸਰੇ ਹੈ। ਸਦੀਵੀ ਅਸਲੀਅਤ ਕੇਵਲ ਪਰਮਾਤਮਾ ਹੀ ਹੈ।

### ੩. ਮਨੁੱਖ

ਮਨੁੱਖ ਬਹੁਤ ਸਾਰਾ ਪ੍ਰਕਿਰਤੀ ਦਾ ਭਾਗ ਹੈ, ਉਸ ਦਾ ਮਨ, ਬੁੱਧੀ, ਇੰਦ੍ਰੇ ਆਦਿ ਸਭ ਪ੍ਰਕਿਰਤੀ ਹਨ, ਕੇਵਲ ਉਸ ਦੇ ਭਿੰਨ ਭਿੰਨ ਰੂਪ ਹਨ; ਪਰ ਉਸ ਵਿਚ ਇਕ ਹੋਰ ਚੀਜ਼ ਹੈ ਜੋ 'ਜੋਤਿ-ਸਰੂਪ' ਹੈ। ਇਹ 'ਰਾਮ ਦੀ ਅੰਸ਼' ਹੈ। ਆਤਮਾ ਵੀ ਬੜੀ

ਸੀਮਤ ਚੀਜ਼ ਹੈ ਪਰ ਇਸ ਵਿਚ ਬੰਧਨ ਤੋਂ ਆਜ਼ਾਦ ਹੋਣ ਦੀ ਸਮਰੱਥਾ ਰੱਖੀ ਗਈ ਹੈ। ਅਸਲ ਵਿਚ ਇਹ ਤੇ ਸਦਾ ਹੀ ਬੰਧਨ ਤੋਂ ਰਹਿਤ ਹੈ ਪਰ ਮਨੁੱਖੀ ਰੂਪ ਵਿਚ ਇਹ ਪ੍ਰਕਿਰਤੀ ਦੇ ਪ੍ਰਭਾਵ ਥੱਲੇ ਹੈ ਤੇ ਸੰਸਕਾਰਾਂ ਤੋਂ ਆਜ਼ਾਦ ਨਹੀਂ ਹੋ ਸਕਦੀ।

**(੪) ਬੰਧਨ**

ਮਾਦੇ ਦੇ ਸੰਸਕਾਰ ਆਤਮਾ ਨੂੰ ਬੰਧਨ ਵਿਚ ਰੱਖਦੇ ਹਨ। ਅਗਿਆਨਤਾ, ਮਾਇਆ ਤੇ ਕਿਰਤ-ਕਰਮ ਹੀ ਬੰਧਨ ਰੂਪ ਹਨ। ਗੁਰੂ ਨਾਨਕ ਸਾਹਿਬ ਨੇ ਸਭ ਤੋਂ ਵੱਧ ਜ਼ੋਰ ਕਿਰਤ ਕਰਨ 'ਤੇ ਦਿੱਤਾ ਹੈ। ਆਤਮਾ ਕਰਮ ਕਰਕੇ ਬੰਧਨ ਵਿਚ ਹੈ। ਪਰ ਪਹਿਲਾਂ ਕਿਵੇਂ ਬੰਧਨ ਵਿਚ ਆਈ, ਇਹ ਕੇਵਲ ਪਰਮਾਤਮਾ ਦਾ ਖੇਲ, ਭਾਣਾ ਹੀ ਹੈ, ਕਿਉਂਕਿ ਕਿਸੇ ਵਕਤ ਆਤਮਾ ਅਕਰਮ ਸੀ ਤੇ ਬਿਲਕੁਲ ਬੰਧਨ ਰਹਿਤ ਸੀ। ਉਸ ਦੇ ਹੁਕਮ ਅਨੁਸਾਰ ਬੰਧਨ ਵਿਚ ਆਈ ਹੈ ਤੇ ਉਸ ਦੀ ਕਿਰਪਾ ਅਨੁਸਾਰ ਬੰਧਨ ਤੋਂ ਨਿਕਲੇਗੀ, ਆਪਣੀ ਕਰਨੀ ਕਰਕੇ ਨਹੀਂ। ਪਰ ਮਨੁੱਖੀ ਕਰਮ ਉਸ ਵਿਚ ਕਿਰਪਾ ਦਾ ਪਾਤਰ ਹੋਣ ਦੀ ਦਸ਼ਾ ਪੈਦਾ ਕਰਦੇ ਰਹਿੰਦੇ ਹਨ।

**(੫) ਮੁਕਤੀ**

ਨਦਰ, ਕਰਮ ਜਾਂ ਬਖ਼ਸ਼ਸ਼ ਅਨੁਸਾਰ ਮੁਕਤੀ ਪ੍ਰਾਪਤ ਹੁੰਦੀ ਹੈ, ਇਹ ਨਿਰੰਕਾਰ ਦੇ ਹਜ਼ੂਰ ਵਿਚ ਵੱਸਣਾ ਹੈ। ਇਹ ਗੁਰੂ ਦੀ ਬਾਣੀ 'ਤੇ ਤੁਰਿਆਂ ਪ੍ਰਾਪਤ ਹੁੰਦੀ ਹੈ, ਅਗਿਆਨਤਾ ਨਾਸ਼ ਹੁੰਦੀ ਹੈ ਤੇ ਕਰਮ ਸਦਾਚਾਰਕ ਤੇ ਹਉਮੈ ਰਹਿਤ ਹੁੰਦਾ ਜਾਂਦਾ ਹੈ। ਫਿਰ ਬਖ਼ਸ਼ਸ਼ ਤੇ ਮੁਕਤੀ।

ਮੁਕਤ-ਆਤਮਾ ਦਾ ਨਿਵਾਸ ਸਚਖੰਡ, ਜਿੱਥੇ ਪਰਮਾਤਮਾ ਆਪ ਵੱਸਦਾ ਹੈ, ਉਥੋਂ ਦਾ ਨਿਵਾਸ ਹੈ। ਇਹ ਪਰਮਾਤਮਾ ਵਿਚ ਸਮਾਅ ਜਾਣਾ ਹੈ ਪਰ ਸਮਾਅ ਜਾਣ ਦਾ ਭਾਵ ਆਪਣਾ ਆਪ ਗੁਆ ਲੈਣਾ ਨਹੀਂ ਹੈ। ਅੰਤ 'ਤੇ ਤਾਂ ਕੇਵਲ ਨਿਰੰਕਾਰ ਹੀ ਰਹਿ ਜਾਂਦਾ ਹੈ ਪਰ ਮੁਕਤ-ਆਤਮਾ ਉਨੇ ਤੀਕ ਜਿੰਨੇ ਤੀਕ ਪਰਮਾਤਮਾ ਚਾਹੇ, ਉਸ ਤੋਂ ਵੱਖਰੀ ਰਹਿ ਕੇ ਜਨਮ-ਮਰਨ ਤੋਂ ਸੁਤੰਤਰ ਹੋ ਕੇ, ਉਸ ਦੇ ਦਰਸ਼ਨ ਦਾ ਅਨੰਦ ਮਾਣਦੀ ਹੈ ਤੇ ਉਸ ਦੀ ਕੀਰਤ ਕਰਦੀ ਹੈ। ਮੁਕਤੀ ਆਪਣੇ ਆਪ ਵਿਚ ਇਕ ਜਨਮ-ਮਰਨ ਰਹਿਤ ਜੀਵਨ ਹੈ। ਹੋਂਦ ਦਾ ਅਭਾਵ ਨਹੀਂ ਹੈ।

## ੬. ਸ਼ਬਦਾਂ ਦੇ ਵਿਸ਼ੇ

ਗੁਰੂ ਨਾਨਕ ਸਾਹਿਬ ਦੇ ਸ਼ਬਦਾਂ ਤੇ ਅਸਟਪਦੀਆਂ ਦੇ ਆਮ ਕਰਕੇ ਵਿਸ਼ੇ ਇਸ ਪ੍ਰਕਾਰ ਹਨ। ਹਰ ਵਿਸ਼ੇ ਤੇ ਪ੍ਰੇਮਾ ਭਗਤੀ ਦਾ ਗੂੜ੍ਹਾ ਰੰਗ ਹੈ। ਭਗਤੀ ਦੇ ਅਧੀਨ ਹੋਰ ਵਿਸ਼ੇ ਚਲਦੇ ਹਨ।

੧. ਪਰਮਾਤਮਾ ਦੀ ਭਗਤੀ ਤੇ ਪ੍ਰੇਮ।
੨. ਗੁਰੂ ਦੀ ਭਗਤੀ ਤੇ ਵਿਸ਼ਵਾਸ।
੩. ਸਹੀ ਦਾਰਸ਼ਨਿਕ ਗਿਆਨ—ਪਰਮਾਤਮਾ, ਆਤਮਾ ਤੇ ਸ੍ਰਿਸ਼ਟੀ ਆਦਿ ਦੇ ਸਰੂਪ ਬਾਰੇ ਜੋ ਗੁਰੂ ਤੋਂ ਪ੍ਰਾਪਤ ਹੁੰਦਾ ਹੈ।

੪. ਪਰਮਾਤਮਾ ਦਾ ਭੈ।
੫. ਸਦਾਚਾਰ : ਇਹ ਭਗਤੀ ਦਾ ਪਹਿਲਾ ਰੂਪ ਹੈ। ਇਸ ਦਾ ਸਰਬ-ਸਾਂਝਾ ਉਪਦੇਸ਼ ਜੋਗੀਆਂ, ਮੁਸਲਮਾਨਾਂ ਤੇ ਪੰਡਤਾਂ ਨੂੰ 'ਮੁੰਦਾ ਸੰਤੋਖੁ', 'ਮਿਹਰ ਮਸੀਤ' ਤੇ 'ਦਇਆ ਕਪਾਹ' ਵਾਲੇ ਸ਼ਬਦਾਂ ਵਿਚ ਕੀਤਾ ਹੈ।
੬. ਸ਼ੁੱਧ ਵਤੀਰਾ।
੭. ਆਪਣੇ ਧਾਰਮਕ ਚਿੰਨ੍ਹਾਂ ਦੀ ਅਸਲੀਅਤ ਨੂੰ ਪਹਿਚਾਨਣਾ ਤੇ ਉਨ੍ਹਾਂ ਦੇ ਦੱਸੇ ਸਦਾਚਾਰ ਦੇ ਤੁੱਲ ਸਾਬਤ ਹੋਣਾ।
੮. ਕੀਰਤਨ।
੯. ਸੰਗਤ : ਸਾਧ ਸੰਗ।
੧੦. ਬਾਣੀ ਦਾ ਵਿਚਾਰ।
੧੧. ਮਾਇਆ, ਇਸ ਦੇ ਰੂਪ ਦੀ ਪਹਿਚਾਨ ਤੇ ਇਸ ਦੀ ਠੀਕ ਵਰਤੋਂ ਦੀ ਸੋਝੀ।
੧੨. ਸੇਵਾ।
੧੩. ਭਾਣਾ : ਦੁਖ ਦੀ ਲੋੜ ਤੇ ਮਹਾਨਤਾ।
੧੪. ਗ੍ਰਿਹਸਤੀ ਜੀਵਨ।
੧੫. ਰਿਧੀਆਂ-ਸਿਧੀਆਂ ਦੀ ਪਹਿਚਾਨ ਤੇ ਉਨ੍ਹਾਂ ਤੋਂ ਉੱਚਾ ਉਠਣਾ।
੧੬. ਪਖੰਡ ਦੀ ਨਿਖੇਧੀ।
੧੭. ਮਾਇਆ-ਪ੍ਰਾਪਤੀ ਲਈ ਤੇ ਪ੍ਰਭੂ-ਪ੍ਰਾਪਤੀ ਲਈ ਅਰਦਾਸ।
੧੮. ਆਮ ਪ੍ਰਚਲਤ ਮੁਕਤੀ ਦੇ ਸਾਧਨ ਜਿਵੇਂ ਤੀਰਥ ਇਸ਼ਨਾਨ, ਸੰਸਾਰ ਤਿਆਗ, ਵਰਤ, ਪੂਜਾ—ਇਨ੍ਹਾਂ ਦਾ ਮੁਲੰਕਣ।
੧੯. ਧਰਮ ਪਰਚਾਰ ਤੇ ਮਾਇਆ ਦੀ ਪ੍ਰਾਪਤੀ : ਧਾਰਮਕ ਗਿਆਨ ਵੇਚਣ ਦੀ ਨਿਖੇਧੀ।
੨੦. ਬ੍ਰਾਹਮਣਵਾਦ : ਰਸਮਾਂ, ਸੂਤਕ, ਜਨੇਊ, ਸਰਾਧ ਆਦਿ ਦਾ ਰੂਪ ਤੇ ਨਿਖੇਧੀ।
੨੧. ਖਾਣ ਪੀਣ ਵਿਚ ਸ਼ਾਸਤਰਾਂ ਦੇ ਬੰਧਨ ਤੇ ਉਨ੍ਹਾਂ ਦਾ ਸਹੀ ਮੁਲੰਕਣ।
੨੨. ਬੁੱਤ-ਪੂਜਾ ਦੀ ਨਿਖੇਧੀ।

ਇਹ ਵਿਸ਼ੇ ਆਮ ਧਰਮ ਦੇ ਵਿਸ਼ੇ ਹਨ, ਇਹ ਫ਼ਿਲਾਸਫ਼ੀ ਦੇ ਨਹੀਂ। ਪਰ ਆਪ ਨੇ ਸਮੇਂ ਦੇ ਅਨੁਸਾਰ 'ਬਾਬਰਵਾਣੀ' ਤੇ ਕੌਮੀ ਗਿਰਾਵਟ, ਦੇਸ਼ ਦੀ ਗ਼ੁਲਾਮੀ, ਦੇਸ਼ ਦੀ ਸਭਿਆਚਾਰਕ ਗਿਰਾਵਟ ਆਦਿ 'ਤੇ ਵੀ ਸ਼ਬਦ ਲਿਖੇ ਹਨ। ਪਰ ਉਨ੍ਹਾਂ ਦਾ ਵੀ ਆਮ ਵਿਸ਼ਾ ਪਰਮਾਤਮਾ ਦੀ ਭਗਤੀ, ਭਾਣਾ ਤੇ ਪ੍ਰੇਮ ਹੀ ਹੈ।

## ੭. ਕਾਵਿ-ਕਲਾ

ਕਵਿਤਾ ਵਿਚ ਕਿਸੇ ਵਿਸ਼ੇ ਦੇ ਨਿਭਾਅ ਲਈ ਸਭ ਤੋਂ ਵੱਡੀ ਚੀਜ਼ ਸ਼ਬਦ-ਚੋਣ ਤੇ ਅਲੰਕਾਰ ਚਿਤ੍ਰ ਆਦਿ ਹਨ ਤੇ ਇਨ੍ਹਾਂ ਬਾਰੇ ਜਿੱਥੇ ਰਾਗ ਤੇ ਬਾਣੀ ਦੀ ਵਿਚਾਰ ਕੀਤੀ ਗਈ ਹੈ, ਉਥੇ ਇਸ਼ਾਰਾ ਕੀਤਾ ਹੈ ਕਿ ਹਰ ਰਾਗ ਵਿਚ ਵਿਸ਼ੇਸ਼ ਸ਼ਬਦ-ਚੋਣ ਤੇ ਅਲੰਕਾਰ-ਚੋਣ ਲੋੜੀਂਦੀ ਹੈ। ਸੂਹੀ ਰਾਗ ਦੇ ਸਾਰੇ ਅਲੰਕਾਰ ਘਰੋਗੀ ਜੀਵਨ (ਭਾਂਡਾ, ਦੁਧ ਜਮਾਉਣਾ ਆਦਿ) ਦੇ ਹਨ ਜਾਂ ਵਿਆਹ ਦੇ ਰੰਗ ਵਾਲੇ ਅਲੰਕਾਰ ਹਨ ਕਿਉਂਕਿ ਉਹ ਵਿਸ਼ੇਸ਼ ਖ਼ੁਸ਼ੀ ਤੇ ਵਿਆਹ ਦਾ ਰਾਗ ਹੈ। ਮਲਾਰ ਤੇ ਸਾਰੰਗ ਦੇ ਸਾਰੇ

ਅਲੰਕਾਰ ਮੀਂਹ ਦੇ ਆਧਾਰ 'ਤੇ ਹਨ ਤੇ ਬਸੰਤ ਦੇ ਸਾਰੇ ਚਿਤ੍ਰ ਤੇ ਅਲੰਕਾਰ ਬਸੰਤ ਰੁੱਤੀ, 'ਫੂਲੀ ਬਨ ਰਾਏ' ਦੇ ਆਸਰੇ ਹਨ। ਹਰ ਸ਼ਬਦ ਵੀ ਇਨ੍ਹਾਂ ਹੀ ਰੰਗਾਂ ਵਿਚ ਗੁੱਝਿਆ ਹੋਇਆ ਹੈ। ਮਾਝ ਦੀ ਵਾਰ ਦਾ ਹਰ ਸਲੋਕ ਪੰਜਾਬੀ ਜੀਵਨ ਦਾ ਇਕ ਰੰਗ ਹੈ। ਤੁਖਾਰੀ ਦਾ ਬਾਰਹਮਾਹਾ ਪੂਰਾ ਪੰਜਾਬ (ਬਾਰ) ਦਾ ਚਿਤ੍ਰ ਹੈ, ਪੰਜਾਬ ਦੀਆਂ ਬਦਲਦੀਆਂ ਰੁੱਤਾਂ ਦਾ ਬਿਆਨ ਹੈ। ਇਹ ਸਾਰਾ ਪ੍ਰਭਾਵ ਸ਼ਬਦ-ਚੋਣ ਤੇ ਚਿਤਰਕਲਾ ਨਾਲ ਹੈ। ਲੋਕ-ਕਾਵਿ ਦੇ ਰੂਪ ਤੇ ਛੰਦ ਸਾਰੇ ਚੁਣੇ ਹਨ ਤੇ ਸਭਿਆਚਾਰ ਨੂੰ ਨਵੇਂ ਪਾਸੇ, ਉੱਤਮ ਪਾਸੇ ਪਾਇਆ ਹੈ। ਦੀਵੇ ਦੇ ਆਸ਼ਕਾਨਾ ਗੀਤਾਂ ਦੀ ਥਾਂ ਗਿਆਨ ਤੇ ਸੇਵਾ ਦਾ ਦੀਵਾ ਦੱਸਿਆ ਹੈ (ਵੇਖੋ ਸਿਰੀ ਰਾਗ ਤੇ ਆਸਾ ਰਾਗ)। ਅਲਾਹਣੀਆਂ ਦਾ ਵਿਸ਼ਾ ਉੱਤਮ ਕਰ ਦਿੱਤਾ ਹੈ; ਬਾਰਹਮਾਹਾ ਆਮ ਸਰੀਰਕ ਵਿਛੋੜੇ ਦੇ ਰੂਪ ਵਿਚ ਨਹੀਂ ਰਹਿਣ ਦਿੱਤੇ, ਉਨ੍ਹਾਂ ਵਿਚ ਆਤਮਕ ਵਿਛੋੜੇ ਦਾ ਰੂਪ ਪੈਦਾ ਕੀਤਾ ਹੈ; ਵਾਰਾਂ ਵਿਚ ਮਨੁੱਖੀ ਮਨ ਦਾ ਘੋਲ ਦਿੱਤਾ ਹੈ। ਛੰਦਾ-ਬੰਦੀ ਨਵੀਨ ਹੈ, ਛੋਟੇ ਤੇ ਤੇਜ਼ ਚਾਲ ਵਾਲੇ ਛੰਦ ਵਧੇਰੇ ਵਰਤੇ ਹਨ; ਪਰ ਬੜੇ ਲੰਮੇ ਵੀ ਵਰਤੇ ਹਨ। ਉਹ ਕਿਸੇ ਫ਼ਾਰਸੀ ਜਾਂ ਸੰਸਕ੍ਰਿਤ ਪਿੰਗਲ ਦੇ ਅਧੀਨ ਨਹੀਂ ਵਰਤੇ, ਕੇਵਲ ਲੋਕ-ਨਿਕਟਤਾ ਦੇ ਆਸ਼ੇ ਤੋਂ ਵਰਤੇ ਹਨ। ਆਪ ਨੇ ਮਿਥਿਹਾਸ ਦੀ ਨਵੇਂ ਰੂਪ ਵਿਚ ਵਰਤੋਂ ਕੀਤੀ ਹੈ। ਆਪ ਨੇ ਕਵਿਤਾ ਵਿਚ ਕਹਾਣੀਆਂ ਨਹੀਂ ਬਿਆਨ ਕੀਤੀਆਂ, ਕੇਵਲ ਕਿਸੇ ਹਉਮੈ ਜਾਂ ਹੰਕਾਰ (ਗਰਬ) ਦੇ ਬਿਆਨ ਨੂੰ ਵਧੇਰੇ ਪ੍ਰਭਾਵਸ਼ਾਲੀ ਬਣਾਉਣ ਲਈ ਕਈ ਮਿਥਿਹਾਸਕ ਕਹਾਣੀਆਂ ਵੱਲ ਇਸ਼ਾਰੇ ਕੀਤੇ ਹਨ। ਵਧੇਰੇ ਜਾਂ ਕੇਵਲ ਹਿੰਦੂ ਮਿਥਿਹਾਸ ਹੀ ਵਰਤਿਆ ਹੈ। ਕੇਵਲ ਤਿਲੰਗ ਵਿਚ, ਜਿਹੜਾ ਮੁਸਲਮਾਨੀ ਰਾਗ ਹੈ ਤੇ ਜਿਸ ਵਿਚ ਫ਼ਾਰਸੀ ਬੋਲੀ ਵਿਚ ਸ਼ਬਦ ਲਿਖੇ ਹਨ, ਉਥੇ ਮੁਸਲਮਾਨੀ ਮਿਥਿਹਾਸ ਦਾ 'ਅਜ਼ਰਾਈਲ' ਵਰਤਿਆ ਹੈ। ਆਪ ਨੇ ਸਭ ਰਸਾਂ ਦੀ ਵਰਤੋਂ ਕੀਤੀ ਹੈ, ਪਰ ਸਭ ਤੋਂ ਅਧਿਕ ਭਗਤੀ ਰਸ ਹੀ ਹੈ। ਆਪ ਦੀ ਕਲਪਨਾ ਸ਼ਕਤੀ ਦੇ ਨਮੂਨੇ 'ਸੋਦਰੁ', 'ਆਰਤੀ' ਤੇ 'ਮੇਰੀ ਰੁਣਝੁਣ' ਹਨ। ਆਪ ਦੇ ਰੂਪਕ ਤੇ ਉਪਮਾ ਪੰਜਾਬ ਦੇ ਕੁਦਰਤੀ ਅਤੇ ਪੇਂਡੂ ਜੀਵਨ 'ਤੇ ਆਧਾਰਤ ਹਨ। ਆਪ ਨੇ ਧਾਰਮਕ ਸਾਹਿਤ ਵਿਚ ਵਰਤੇ ਜਾਣ ਵਾਲੇ ਆਮ ਕਲਾਸੀਕਲ ਰੂਪਕ ਤੇ ਉਪਮਾ ਜਿਹੜੇ ਕਸੁੰਭੜੇ, ਬਗਲੇ, ਹੰਸ, ਸਰੋਵਰ, ਕੰਵਲ 'ਤੇ ਆਧਾਰਤ ਹੁੰਦੇ ਹਨ, ਉਹ ਵੀ ਆਮ ਵਰਤੇ ਹਨ, ਭਾਵ ਅਲੰਕਾਰ ਵਿਚ ਆਪ ਰੋਮਾਂਟਿਕ ਵੀ ਹਨ ਤੇ ਕਲਾਸੀਕਲ ਵੀ। ਆਪ ਵਿਚ ਬ੍ਰਹਮ ਸੂਤਰਾਂ ਦੀ ਸ਼ੈਲੀ ਹੈ ਤੇ ਇਹ ਸੰਖੇਪਤਾ ਤੇ ਸੰਕੋਚ ਆਪ ਨੇ ਕਈ ਸਾਧਨ ਵਰਤ ਕੇ ਪ੍ਰਾਪਤ ਕੀਤੀ ਹੈ ਜਿਵੇਂ ਕਿ ਬੋਲੀ ਵਿਚ ਕਿਰਿਆ ਨੂੰ ਹਟਾ ਕੇ, ਪੁਰਾਤਨ ਸੰਸਕ੍ਰਿਤ,ਪ੍ਰਕਿਰਤ ਵਿਆਕਰਣ ਦੀ ਵਰਤੋਂ ਕਰਕੇ ਤੇ ਲਗਾਂ-ਮਾਤਰਾਂ ਰਾਹੀਂ ਕੰਮ ਸਾਰਨ ਕਰਕੇ। ਬੋਲੀ ਆਪ ਦੀ ਵਿਸ਼ੇਸ਼ ਕਰਕੇ ਪੰਜਾਬੀ ਹੈ, ਪਰ ਉਸ ਨੂੰ ਸਰਬ-ਸਾਂਝੀ ਬਣਾਉਣ ਲਈ ਆਪ ਨੇ ਕਈ ਤਰੀਕੇ ਵਰਤੇ ਹਨ।

## ੭

# ਅਨੰਦੁ ਸਾਹਿਬ

ਹਰ ਸ਼ਬਦ ਜਾਂ ਬਾਣੀ, ਬੁਨਿਆਦੀ ਤੌਰ 'ਤੇ ਕੇਵਲ ਜੀਵਨ ਨੂੰ ਪ੍ਰਫੁੱਲਤ ਕਰਨ ਲਈ ਹੈ। ਬਾਣੀ ਸੁਝਾਅ ਦਿੰਦੀ ਹੈ ਜਿਨ੍ਹਾਂ ਨਾਲ ਮਨੁੱਖ ਆਪਣੀ ਸੋਹਣੀ ਅਰਸ਼ੀ ਹੋਣੀ ਨੂੰ ਪ੍ਰਾਪਤ ਹੋ ਸਕੇ। ਸੋ ਹਰ ਸ਼ਬਦ ਤੇ ਬਾਣੀ:

(ੳ) ਮਨੁੱਖ ਸਾਹਮਣੇ ਅਰਸ਼ੀ ਪਰ ਅਮਲੀ ਆਦਰਸ਼ ਉਲੀਕਦੀ ਹੈ।

(ਅ) ਉਸ ਆਦਰਸ਼ ਨੂੰ ਜੀਵਨ ਵਿਚ ਪ੍ਰਾਪਤ ਕਰ ਸਕਣ ਦੇ ਤਰੀਕੇ ਦੱਸਦੀ ਹੈ।

(ੲ) ਉਨ੍ਹਾਂ ਰਸਤਿਆਂ ਵਿਚ ਆਉਣ ਵਾਲੀਆਂ ਰੁਕਾਵਟਾਂ ਤੋਂ ਪਹਿਲਾਂ ਹੀ ਸੁਚੇਤ ਕਰਦੀ ਹੈ ਜਾਂ ਉਨ੍ਹਾਂ ਰੁਕਾਵਟਾਂ ਦਾ ਗਿਆਨ ਦਿੰਦੀ ਹੈ ਜਿਨ੍ਹਾਂ ਮਨੁੱਖ ਨੂੰ ਗ੍ਰਸਿਆ ਹੋਇਆ ਹੈ ਤੇ ਉਹ ਆਪਣੀ ਹੋਣੀ ਨੂੰ ਪ੍ਰਾਪਤ ਨਹੀਂ ਹੋ ਰਿਹਾ।

ਹਰ ਸ਼ਬਦ ਜਾਂ ਬਾਣੀ ਨੂੰ ਇਨ੍ਹਾਂ ਦ੍ਰਿਸ਼ਟੀਕੋਣਾਂ ਤੋਂ ਹੀ ਸਮਝਣ ਦਾ ਯਤਨ ਲਾਭਕਾਰੀ ਹੋ ਸਕਦਾ ਹੈ, ਇਹ ਸਭ ਕੁਝ ਮਨੁੱਖ ਲਈ ਜੁ ਹੋਇਆ। ਪਰਮਾਤਮਾ ਦੀ ਉਸਤਤ ਵੀ ਮਨੁੱਖ ਦੀ ਆਪਣੀ ਕਲਿਆਣ ਲਈ ਹੀ ਹੈ। ਉਹ ਤੇ ਨਾ 'ਵਡਾ' ਹੁੰਦਾ ਹੈ ਤੇ ਨਾ 'ਘਟਦਾ' ਹੈ।

ਅਨੰਦੁ ਸਾਹਿਬ ਦੀ ਵਿਚਾਰ, ਆਮ ਕਰਕੇ, ਉੱਪਰ-ਦੱਸੇ ਦ੍ਰਿਸ਼ਟੀਕੋਣਾਂ ਨੂੰ ਸਾਹਮਣੇ ਰੱਖ ਕੇ ਹੇਠ-ਦਿੱਤੇ ਪੱਖਾਂ ਤੋਂ ਕਰ ਸਕਦੇ ਹਾਂ:

੧. ਕੁਝ ਫੁਟਕਲ ਵਿਚਾਰ ਜਾਣ-ਪਛਾਣ ਲਈ ਜਿਵੇਂ:

(ੳ) 'ਅਨੰਦੁ' ਬਾਣੀ ਦਾ ਆਵੇਸ਼ ਕਿਸ ਮੌਕੇ ਹੋਇਆ?

(ਅ) ਬਾਣੀ ਦੇ 'ਰਾਮਕਲੀ ਰਾਗੁ' ਵਿਚ ਹੋਣ ਤੋਂ ਕੀ ਮਹਾਨਤਾ ਪ੍ਰਗਟ ਹੁੰਦੀ ਹੈ?

(ੲ) ਮ: ੩ ਦੇ ਹਿਰਦੇ ਵਿਚ ਇਹ ਬਾਣੀ ਉਤਰੀ, ਇਸ ਤੋਂ ਕੀ ਵਿਸ਼ੇਸ਼ਤਾ ਪ੍ਰਗਟ ਹੁੰਦੀ ਹੈ?

(ਸ) ਸਿਖ ਨਿਤਨੇਮ ਵਿਚ ਇਸ ਬਾਣੀ ਦੀ ਮਹਾਨਤਾ ਕੀ ਹੈ?

੨. ਇਸ ਬਾਣੀ ਦਾ ਵਿਸ਼ਾ ਖ਼ੁਸ਼ੀ (Bliss) ਹੈ ਤਾਂ ਤੇ:

(ੳ) ਸਿਖ ਧਰਮ ਅਨੁਸਾਰ 'ਖ਼ੁਸ਼ੀ' (ਅਨੰਦ) ਦੀ ਪ੍ਰੀਭਾਸ਼ਾ (Definition) ਕੀ ਹੈ?

(ਅ) 'ਅਨੰਦ' ਦਾ ਰੂਪ ਕੀ ਹੈ?

ਤੇ ਸਭ ਤੋਂ ਮਹਾਨ ਸੁਆਲ ਜੋ ਹੈ ਉਹ ਇਹ:

(ੲ) ਕਿ ਅਨੰਦ ਪ੍ਰਾਪਤੀ ਦੇ ਸਿਖ ਧਰਮ ਵਿਚ ਨਿਰਾਲੇ ਸਾਧਨ ਕੀ ਹਨ?

੩. ਇਕ ਹੋਰ ਮਹਾਨ ਸੁਆਲ ਇਹ ਹੈ ਕਿ ਮਨੁੱਖ ਪਰਮਾਤਮਾ ਦੀ ਅੰਸ਼ ਹੈ ਤਾਂ

ਫਿਰ ਇਹ ਅਨੰਦਹੀਣ (ਦੁਖੀ) ਕਿਉਂ ਹੈ ? ਕਿਹੜੀਆਂ ਗੱਲਾਂ ਹਨ ਜਿਨ੍ਹਾਂ ਨੇ ਇਸ ਦੀ ਖ਼ੁਸ਼ੀ ਨੂੰ ਨਾਸ਼ ਕੀਤਾ ਹੋਇਆ ਹੈ ਭਾਵ :

(ੳ) ਮਾਇਆ ਕੀ ਹੈ ?

(ਅ) ਸਹਸਾ ਕੀ ਹੈ ? ਆਦਿ।

## ੧. ਆਮ ਜਾਣ-ਪਛਾਣ

(ੳ) ਰਵਾਇਤ ਤੁਰੀ ਆਉਂਦੀ ਹੈ ਕਿ 'ਇਹ ਬਾਣੀ ਗੁਰੂ ਅਮਰਦਾਸ ਜੀ ਨੇ ਆਪਣੇ ਪੁੱਤਰ ਮੋਹਰੀ ਜੀ ਦੇ ਪੁੱਤਰ 'ਅਨੰਦ' ਜੀ ਦੇ ਜਨਮ 'ਤੇ ਸੰਨ ੧੫੪੪ ਈ: ਵਿਚ ਉਚਾਰਨ ਕੀਤੀ' (ਵੇਖੋ ਸ਼ਬਦਾਰਥ, ੯੧੭)। ਇਹ 'ਅਨੰਦ' ਜੀ ਉਹ ਹੀ ਹਨ, ਜਿਨ੍ਹਾਂ ਦੇ ਪੁੱਤਰ ਬਾਬਾ 'ਸੁੰਦਰ' ਜੀ ਹੋਏ, ਜਿਨ੍ਹਾਂ ਨੇ ਗੁਰੂ ਅਮਰਦਾਸ ਜੀ ਦਾ ਸਿਖ ਸੰਗਤ ਨੂੰ ਅੰਤਮ ਉਪਦੇਸ਼ 'ਸਦੁ' (ਰਾਗ ਰਾਮਕਲੀ, ਸਫ਼ਾ ੯੨੩-੨੪) ਵਿਚ ਅੰਕਤ ਕੀਤਾ ਹੈ। ਗੁਰੂ ਸਾਹਿਬਾਨ ਸਾਧਾਰਨ ਜੀਵਨ ਵਿਚ ਆਉਣ ਵਾਲੇ ਖ਼ੁਸ਼ੀ ਦੇ ਸਾਰੇ ਮੌਕਿਆਂ ਨੂੰ ਵਾਹਿਗੁਰੂ ਦੀ ਦਾਤ ਸਮਝ ਕੇ ਮਾਣਦੇ ਤੇ ਖ਼ੁਸ਼ ਹੁੰਦੇ। ਗੁਰੂ ਗ੍ਰੰਥ ਸਾਹਿਬ ਵਿਚ ਇਹ ਰਾਜ-ਜੋਗ ਸਭ ਤੋਂ ਵੱਧ ਗੁਰੂ ਅਰਜਨ ਸਾਹਿਬ ਦੇ ਸ਼ਬਦਾਂ (ਆਸਾ, ਸੋਰਠਿ, ਬਿਲਾਵਲ) ਤੋਂ ਪਤਾ ਲੱਗਦਾ ਹੈ ਜੋ ਤਾਲ ਦੀ ਪੂਰਨਤਾ, ਬਾਲ-ਗੁਰੂ ਦੀ ਅਰੋਗਤਾ, ਮੁੜ ਅੰਮ੍ਰਿਤਸਰ ਆਉਣ ਦੇ ਅਵਸਰ, ਸ਼ਹਿਰ ਵਿਚ ਰਾਮ-ਰਾਜ ਦੇ ਵਾਪਰਨ ਤੇ ਆਪਣੇ ਭਰਾ ਪ੍ਰਿਥੀ ਚੰਦ ਜੀ ਦੇ ਅਰੋਗ ਹੋਣ ਤੇ ਸੁਲਹੀ ਦੇ ਟਲਣ 'ਤੇ ਖ਼ੁਸ਼ੀ ਮਨਾਂਦੇ। ਪਰ ਖ਼ੁਸ਼ੀ ਕਿਵੇਂ ਮਨਾਈ ਜਾਂਦੀ ਹੈ ? ਇਹ ਜਾਚ ਦੱਸੀ ਹੈ—ਸਾਰਿਆਂ ਮੌਕਿਆਂ 'ਤੇ ਵਾਹਿਗੁਰੂ ਤੇ ਗੁਰੂ ਦਾ ਧੰਨਵਾਦ ਹੈ। ਇਨ੍ਹਾਂ ਸ਼ਬਦਾਂ ਦੀ ਸਪਿਰਟ ਉਹ ਹੈ ਜੋ ਸੁਖਮਨੀ ਦੀ ਅਸਟਪਦੀ ੬ ਦੀ ਹੈ ਭਾਵ—ਛਤੀ ਅੰਮ੍ਰਿਤ, ਸੁਗੰਧ, ਮੰਦਰਿ, ਰੰਗ ਰਸ, ਪਾਟ ਪਟੰਬਰ, ਸੇਜ ਸੋਈਜੈ ਆਦਿ ਤੋਂ ਵਰਜਿਆ ਨਹੀਂ ਹੈ ਪਰ ਇਨ੍ਹਾਂ ਨੂੰ ਮਾਣਨ ਵਿਚ ਜ਼ਰੂਰੀ ਸ਼ਰਤ ਸ਼ੁਕਰਾਨੇ (Gratitude) ਦੀ ਰੱਖੀ ਹੈ—ਦਾਤ ਪਿਆਰੀ ਕਰ ਕੇ ਦਾਤਾਰ ਨੂੰ ਵਿਸਾਰਨਾ, ਇਹ ਉਹ ਕਰਤਵ ਹੈ ਜੋ ਮਨੁੱਖੀ ਖ਼ੁਸ਼ੀ ਨੂੰ ਕਦੇ ਕਾਇਮ ਨਹੀਂ ਰਹਿਣ ਦਿੰਦਾ, ਆਮ ਵਿਹਾਰ ਵਿਚ ਵੀ ਤੇ ਪਰਮਾਰਥਕ ਸੰਬੰਧ ਵਿਚ ਵੀ। ਸੋ ਜਦੋਂ ਕੋਈ ਖ਼ੁਸ਼ੀ ਦਾ ਮੌਕਾ ਬਣੇ, ਜੋ ਜੋ ਸ਼ਕਤੀਆਂ ਉਹ ਮੌਕਾ ਪੈਦਾ ਕਰਨ ਵਿਚ ਸਹਾਇਕ ਹੋਈਆਂ ਹਨ, ਉਨ੍ਹਾਂ ਦਾ ਧੰਨਵਾਦ ਜ਼ਰੂਰੀ ਹੈ। ਰੱਬ ਸਭ ਤੋਂ ਮਹਾਨ ਐਸੀ ਸ਼ਕਤੀ ਹੈ ਜਿਹੜੀ ਐਸੇ ਢੋਅ ਢੁਕਾਂਦੀ ਹੈ ਜੋ ਯਕੀਨਨ ਮਨੁੱਖੀ ਸਮਝ ਤੇ ਵਸੀਲੇ ਤੋਂ ਪਰੇਰੇ ਹਨ, ਮਨੁੱਖਾਂ ਦਾ ਵੀ ਧੰਨਵਾਦ ਕਰਨਾ ਚਾਹੀਦਾ ਹੈ ਜਿਹੜੇ ਸਹਾਇਕ ਹੋਏ ਹਨ, ਜਿਵੇਂ ਕੋਈ ਸਾਧਾਰਨ ਪੁਸਤਕ ਲਿਖਦਾ ਹੈ ਤੇ 'ਪਰਵੇਸ਼' ਵਿਚ ਕਿੰਨੇ ਲੋਕਾਂ ਦਾ ਧੰਨਵਾਦ ਕਰਦਾ ਹੈ। 'ਧੰਨਵਾਦ ਕਰਨਾ' ਆਪਣੇ ਆਪ ਹੀ ਖ਼ੁਸ਼ੀ ਦਾ ਵਸੀਲਾ ਹੈ—'ਧੰਨਵਾਦ' ਕਹਿਣ ਦੇ ਅਸੂਲ ਨੂੰ ਤੇ ਸਾਰੀ ਦੁਨੀਆ ਅਪਣਾਂਦੀ ਹੈ।

(ਅ) ਬਾਣੀ ਰਾਮਕਲੀ ਰਾਗ ਵਿਚ ਹੈ। ਜੇ ਅਸੀਂ ਕਦੇ ਰਾਗਾਂ ਦੇ ਪ੍ਰਬੰਧ ਨੂੰ ਠੀਕ ਸਮਝਿਆ ਹੋਵੇ ਤਾਂ ਝੱਟ ਇਹ ਪਤਾ ਲੱਗਦਿਆਂ ਹੀ ਕਿ ਇਹ ਸ਼ਬਦ ਉਸ ਰਾਗ ਦਾ ਹੈ, ਸਾਨੂੰ ਉਸ ਦੇ ਵਿਸ਼ੇ ਦਾ ਬਹੁਤ ਸਾਰਾ ਪਤਾ ਲੱਗ ਸਕਣਾ ਚਾਹੀਦਾ ਹੈ ਜਿਵੇਂ ਸਾਨੂੰ ਕਾਂਡ (Chapters) ਦਾ ਨਾਂ ਪਤਾ ਲੱਗਦਿਆਂ ਝੱਟ ਪਤਾ ਲੱਗਦਾ ਹੈ ਕਿ

ਇਸ ਦਾ ਮਜ਼ਮੂਨ ਇਹ ਹੋਵੇਗਾ। ਪਰ ਇਹ ਕੰਮ ਘੱਟ ਲੋਕ ਹੀ ਕਰਨਗੇ। 'ਰਾਮਕਲੀ' ਰਾਗ 'ਯੋਗੀਆਂ' ਦਾ ਪਿਆਰਾ ਰਾਗ ਹੈ। ਇਸ ਵਿਚ ਬਹੁਤੇ ਸ਼ਬਦ 'ਯੋਗੀਆਂ' ਨੂੰ ਸੰਬੋਧਨ ਕੀਤੇ ਹਨ। 'ਯੋਗ' ਦਾ ਮੰਤਵ 'ਮਨ ਦਾ ਕਾਬੂ' (Stillness of mind) ਹੈ ਤੇ ਗੁਰੂ ਸਾਹਿਬ ਅਨੰਦੁ ਸਾਹਿਬ ਵਿਚ 'ਮਨ ਦੇ ਕਾਬੂ' 'ਤੇ ਲਗਪਗ ਅੱਧੀਆਂ ਪਉੜੀਆਂ ਲਿਖ ਰਹੇ ਹਨ। ਸਿਧਾਂਤਕ ਸ਼ਬਦ (Terminology) 'ਯੋਗ' ਦੇ ਵਰਤ ਰਹੇ ਹਨ, ਗੁਰੂ ਸਾਹਿਬ ਨੂੰ ਯੋਗ ਦੇ ਮੰਤਵ ਨਾਲ ਮਤਭੇਦ ਨਹੀਂ ਸੀ, ਸਾਧਨਾ ਨਾਲ ਸੀ। ਉਹ ਸਾਧਨ ਆਪਣੇ ਦੱਸਦੇ ਹਨ ਪਰ ਮੰਤਵ ਉਹੋ ਹੀ ਰੱਖਦੇ ਹਨ (ਮੁੰਦਾ ਸੰਤੋਖ ਹੀ ਦੇਖ ਲਓ)। ਰਾਮਕਲੀ ਰਾਗ ਵਿਚ ਵਿਸ਼ਾ 'ਮਨ ਦਾ ਕਾਬੂ' ਹੋਵੇਗਾ ਤੇ ਸਿਧਾਂਤਕ ਸ਼ਬਦ 'ਯੋਗ' ਦੇ ਵੱਧ ਹੋਣਗੇ।

(ੲ) ਬਾਣੀ ਮ: ੩ ਦੀ ਹੈ। ਇਹ ਬੜੀ ਹੀ ਕਮਾਲ ਦੀ ਗੱਲ ਹੈ,ਇਸ ਬਾਣੀ ਦੇ ਸੰਬੰਧ ਵਿਚ ਸੰਸਾਰ ਕਹਿੰਦਾ ਹੈ ਕਿ 'ਬੁਢੇਪਾ ਉਹ ਸਮੁੰਦਰ ਹੈ ਜਿਸ ਵਿਚ ਸਾਰੇ ਦੁੱਖਾਂ ਦੀਆਂ ਨਦੀਆਂ ਡਿਗਦੀਆਂ ਹਨ।' ਬੁਢੇਪੇ ਨਾਲ ਅਸੀਂ ਜ਼ਰੂਰ ਨਿਰਾਸ਼ਾਵਾਦੀ ਹੋ ਜਾਂਦੇ ਹਾਂ। ਪਰ ਗੁਰੂ ਅਮਰਦਾਸ ਜੀ ਦਾ ਵਿਚਾਰ ਹੈ ਕਿ ਅਸੀਂ ਸਦਾ ਹੀ ਖ਼ੁਸ਼ ਰਹਿ ਸਕਦੇ ਹਾਂ, ਗੁਰਮੁਖ ਬੁੱਢੇ ਨਹੀਂ ਹੁੰਦੇ, 'ਕਾਲੀ ਧਉਲੀ ਸਾਹਿਬ' ਮਿਲ ਸਕਦਾ ਹੈ। ਪਰ ਕੇਵਲ ਕਹਿਣਾ ਹੋਰ ਗੱਲ ਹੈ। ਉਨ੍ਹਾਂ 'ਅਨੰਦੁ' ਬਾਣੀ ਵਿਚ ਸਾਬਤ ਕੀਤਾ ਹੈ। ਸਾਹਿਤਕ ਰਚਨਾ ਦਾ ਵੱਡਾ ਸਿਧਾਂਤ ਇਹ ਹੈ ਕਿ ਰਚਨਾ ਵਿਚ ਸਾਹਿਤਕਾਰ ਆਪਣੀ ਸ਼ਖ਼ਸੀਅਤ ਹੀ ਪ੍ਰਗਟ ਕਰ ਸਕਦਾ ਹੈ ਹੋਰ ਕੁਝ ਨਹੀਂ। ਇੰਨੀ ਵਡੇਰੀ ਉਮਰ ਵਿਚ ਇੰਨੀ ਆਸ਼ਾਵਾਦੀ, ਖ਼ੁਸ਼ੀ ਭਰਪੂਰ, ਰਸ ਵਿਚ ਛਲਕਦੀ ਬਾਣੀ ਉਨ੍ਹਾਂ ਦੀ ਖ਼ੁਸ਼ੀ ਦੀ ਪੱਧਰ ਦਾ ਪਰਤੱਖ ਸਬੂਤ ਹੈ। ਉਹ ਉਦੋਂ ਇਸ 'ਲਿਵ' ਵਿਚ ਲੱਗੇ, ਜਦੋਂ ਸੰਸਾਰ ਕੰਮਕਾਰ ਤੋਂ ਹਟਾ ਦਿੱਤਾ ਜਾਂਦਾ ਹੈ, ਉਦੋਂ ਇਕ ਕੌਮ ਦੀ ਜ਼ਿੰਮੇਵਾਰੀ ਸੰਭਾਲੀ ਜਦੋਂ ਲੋਕ ਮਤ-ਹੀਣ ਤੇ ਸੱਤਰੇ ਬਹੱਤਰੇ ਹੋ ਜਾਂਦੇ ਹਨ, ਤੇ ਉਦੋਂ ਬਾਣੀ ਲਿਖੀ; ਘੋੜੇ ਦੀ ਸਵਾਰੀ ਕੀਤੀ ਤੇ ਪੰਜਾਬ ਤੋਂ ਹਰਿਦੁਆਰ ਤੀਕ ਘੋੜੇ 'ਤੇ ਸਫ਼ਰ ਕੀਤਾ ਤੇ ਇਕ ਇਨਕਲਾਬੀ ਲਹਿਰ ਦੀ ਅਗਵਾਈ ਕੀਤੀ ਤੇ ਉਸ ਸਮੇਂ ਉਹ ਭਾਰਤ ਦੇ ਸਭ ਤੋਂ ਵੱਧ ਅਗਾਂਹ ਵਧੂ ਤੇ ਖੁੱਲ੍ਹ ਵਿਚਾਰੀਏ (Liberal) ਮਹਾਂ ਪੁਰਸ਼ ਸਨ। ਉਹ ਇਸ ਪੱਖ ਤੋਂ ਆਪਣੀ ਮਿਸਾਲ ਆਪ ਹੀ ਹਨ ਤੇ ਇਹ ਬਾਣੀ ਇਸ ਗੱਲ ਦਾ ਸਬੂਤ ਹੈ।

(ਸ) ਹਰ ਖ਼ੁਸ਼ੀ ਗ਼ਮੀ ਦੇ ਮੌਕੇ 'ਤੇ ਰੋਜ਼ਾਨਾ ਸਮਾਗਮਾਂ ਦੇ ਭੋਗਾਂ 'ਤੇ ਇਹ ਬਾਣੀ (ਸੰਖੇਪ ਰੂਪ) ਪੜ੍ਹੀ ਜਾਂਦੀ ਹੈ। ਇਸ ਦੀ ਮਹਾਨਤਾ ਜ਼ਰੂਰ ਬੜੀ ਹੈ। ਇਹ ਨਿਤਨੇਮ ਦੀ ਹੀ ਬਾਣੀ ਬਣ ਜਾਂਦੀ ਹੈ ਤੇ 'ਰਹਰਾਸਿ' ਵਿਚ ਨਿਤਨੇਮ ਦੇ ਤੌਰ 'ਤੇ ਸ਼ਾਮਲ ਹੈ।

## ੨. ਵਿਸ਼ਾ

(ੳ) ਖ਼ੁਸ਼ੀ (ਅਨੰਦ) ਇਸ ਬਾਣੀ ਦਾ ਵਿਸ਼ਾ ਹੈ। ਪਰ ਖ਼ੁਸ਼ੀ ਕੀ ਹੁੰਦੀ ਹੈ ? ਭਾਵ ਉਹ 'ਆਦਰਸ਼' ਕੀ ਹੈ ? ਜੇ ਇਸ ਗੱਲ ਦਾ ਗਿਆਨ ਨਾ ਹੋਵੇ ਤਾਂ ਉਸ ਆਦਰਸ਼ ਨੂੰ ਪ੍ਰਾਪਤ ਕੀ ਕਰਨਾ ਹੈ ? ਇਸੇ ਬਾਣੀ ਦੇ ਆਧਾਰ 'ਤੇ ਇਸ ਸੁਆਲ ਦੇ ਕਈ ਉੱਤਰ ਦਿੱਤੇ ਜਾ ਸਕਦੇ ਹਨ। ਮੈਂ ਰੱਬ-ਬਖ਼ਸ਼ੀ ਬੁੱਧ ਅਨੁਸਾਰ ਉੱਤਰ ਦਿੰਦਾ ਹਾਂ, ਜ਼ਰੂਰੀ

ਨਹੀਂ ਕਿ ਸਰਬ ਪਰਵਾਨ ਹੋਵੇ, ਪਰ ਮੇਰੇ ਕੋਈ ਲੁਕੇ ਮੰਤਵ ਇਹ ਉੱਤਰ ਦੇਣ ਵਿਚ ਨਹੀਂ ਹਨ, ਸਮਝ ਹੀ ਇੰਨੀ ਹੈ। ਬਾਣੀ ਦੀ ਪਹਿਲੀ ਤੇ ਅੰਤਲੀ ਪਉੜੀ ਵਿਚ ਇਹ ਉੱਤਰ ਦਰਜ ਹੈ। ਖ਼ੁਸ਼ੀ ਇਕ ਸੰਗੀਤਮਈ ਅਵਸਥਾ ਹੈ, ਇਕ ਅਨਹਦ ਰਾਗ ਹੈ, ਇਕ ਆਪਣੇ ਆਪ ਨਾਲ, ਆਪਣੇ ਆਲੇ-ਦੁਆਲੇ ਨਾਲ, ਆਪਣੇ ਆਦਰਸ਼ ਨਾਲ, ਆਪਣੇ ਦੇਸ਼ ਤੇ ਕੌਮ ਨਾਲ, ਆਪਣੇ ਇਸ਼ਟ ਤੇ ਪ੍ਰਭੂ ਨਾਲ ਇਕ-ਸੁਰਤਾ (Harmony) ਹੈ, ਇਹ ਇਕ 'ਰਾਗ ਰਤਨ' ਦੀ ਅਵਸਥਾ ਹੈ। ਇਹ ਸੌਂਦਰੇ ਵਾਲੀ ਅਵਸਥਾ ਹੈ। ਇਹ ਸੰਸਾਰ ਸੰਗੀਤ (Music of Sphere) ਹੈ। ਇਹ ਸਭ ਕਾਸੇ ਨਾਲ ਇਕ-ਸੁਰ ਹੋਣਾ ਹੈ। ਇਹ ਇਕ-ਸੁਰਤਾ (Harmony) ਕੀ ਹੈ ? ਇਸ ਦੀ ਵਿਆਖਿਆ ਸਾਰੇ ਅਨੰਦੁ ਸਾਹਿਬ ਵਿਚ ਹੈ।

੧. ਆਪਣੇ ਆਪ ਨਾਲ ਇਕ-ਸੁਰ ਹੋਣਾ ਸਭ ਤੋਂ ਕਠਨ ਚੀਜ਼ ਹੈ। To be at peace with oneself—ਇਹ ਤੇ ਤਦ ਹੋ ਸਕੀਦਾ ਹੈ ਜੇ ਪਹਿਲਾਂ ਆਪਣੀ ਲਿਵ ਜਾਂ ਆਦਰਸ਼ ਪਤਾ ਲੱਗ ਜਾਏ ਕਿ ਮੇਰਾ ਸਹੀ ਮੰਤਵ ਕੀ ਹੈ ? ਮੇਰੀ ਅਸਲੀਅਤ ਕੀ ਹੈ ? ਮੈਂ ਕੀ ਬਣਨਾ ਚਾਹੁੰਦਾ ਹਾਂ ? ਮੇਰਾ ਨਮੂਨਾ (Model) ਕੌਣ ਹੈ ? ਮੇਰਾ ਮੇਰੇ ਮਨ 'ਤੇ ਕਿੰਨਾ ਕਾਬੂ ਹੈ ? ਮੇਰੇ ਇੰਦ੍ਰਿਆਂ (ਸਰੀਰ, ਸਰਵਣ, ਰਸਨਾ, ਕਰਨ) ਨਾਲ ਕੀ ਸੰਬੰਧ ਹੈ ? ਤੇ ਇਨ੍ਹਾਂ 'ਤੇ ਮੇਰਾ ਕਾਬੂ ਕਿੰਨਾ ਹੈ ? ਮੇਰੀ ਅਗਿਆਨਤਾ ਕੀ ਹੈ ? ਇਹ ਸਾਰੀਆਂ ਗੱਲਾਂ ਬਿਲਕੁਲ, ਅਨੰਦੁ ਸਾਹਿਬ ਦੀਆਂ ਵੱਖਰੀਆਂ ਵੱਖਰੀਆਂ ਪਉੜੀਆਂ ਨੂੰ ਸਾਹਮਣੇ ਰੱਖ ਕੇ ਕਹਿ ਰਿਹਾ ਹਾਂ। ਵੇਖੋ ਪਉੜੀਆਂ ੬, ੭, ੧੩, ੧੪, ੧੮, ੧੯, ੨੦, ੩੧, ੩੨, ੩੭।

ਜਿਹੜਾ ਆਪਣੇ ਆਪ ਨਾਲ ਇਕ-ਸੁਰ ਨਹੀਂ ਉਸ ਪਾਸ ਖ਼ੁਸ਼ੀ ਕਿਥੇ, ਭਾਵੇਂ ਉਹ ਕਿੱਡਾ ਅਮੀਰ ਹੋਵੇ ?

੨. ਜੇ ਮਨੁੱਖ ਕਿਸੇ ਆਦਰਸ਼ ਪਿੱਛੇ ਨਹੀਂ, ਜਿਸ ਵਿਚ ਕੋਈ 'ਲਿਵ' (ਪਉੜੀ ੬) ਤੇ ਕੋਈ 'ਖੋਜ' (ਪਉੜੀ ੧੩) ਨਹੀਂ, ਉਹ ਕੀ ਖ਼ੁਸ਼ ਹੋ ਸਕਦਾ ਹੈ ? ਕਿਸੇ ਕੰਮ ਮਗਰ ਪਿਆ ਰਹਿਣਾ ਹੀ ਖ਼ੁਸ਼ੀ ਦਾ ਸਾਧਨ ਹੈ। ਸੰਸਾਰਿਕ ਕੰਮ ਵੀ ਕਿਸੇ ਹੱਦ ਤੀਕ ਇਹ ਖ਼ੁਸ਼ੀ ਦੇ ਦਿੰਦਾ ਹੈ ਪਰ ਜਿੰਨਾ ਆਦਰਸ਼ ਉੱਚਾ ਤੇ ਵਿਸ਼ਾਲ ਹੋਵੇ ਤੇ ਜਿੰਨੀ ਪ੍ਰਾਪਤੀ ਕੁਰਬਾਨੀ ਲਗਨ ਮੰਗਦੀ ਹੋਵੇ, ਉਤਨੀ ਹੀ ਖ਼ੁਸ਼ੀ ਵੱਧ ਹੁੰਦੀ ਹੈ। ਅਨੰਦ ਦਾ ਆਦਰਸ਼ 'ਪਰਮਾਤਮਾ ਦੇ ਸਿੰਘਾਸਨ' 'ਤੇ ਜਾ ਚੜ੍ਹਨਾ ਹੈ, ਸਾਰੰਗਪਾਣ ਨਾਲ ਜਾ ਮਿਲਣਾ ਹੈ। 'ਦਰਗਾਹ ਬਾਹ ਲੁਡਾਣ' ਵਾਲਾ ਹੈ ਪਰਮਾਤਮਾ ਦੀਆਂ ਸਾਰੀਆਂ ਸ਼ਕਤੀਆਂ ਨੂੰ, ਉਸ ਨੂੰ ਆਪ ਵੀ, ਵਸ ਕਰਨਾ ਹੈ। ਪਰ ਨਿੱਕੇ ਨਿੱਕੇ ਆਦਰਸ਼ ਸਿੱਧ ਕਰਨ ਬਿਨਾਂ ਕਦੇ ਕੋਈ ਵੱਡਾ ਆਦਰਸ਼ ਸਿੱਧ ਨਹੀਂ ਹੋਇਆ।

Happy are the people who have found their work. Happy are they who can sing at their work.

ਆਪਣਾ ਕੰਮ ਲੱਭ ਲੈਣਾ ਤੇ ਉਸ ਕੰਮ ਵਿਚ ਤਨ ਮਨ ਪਾ ਸਕਣਾ ਤੇ ਉਸ ਦੇ ਕਰਨ ਵਿਚ ਖ਼ੁਸ਼ੀ ਮਹਿਸੂਸ ਕਰ ਸਕਣਾ ਹੀ ਖ਼ੁਸ਼ ਮਨੁੱਖ ਦੇ ਲੱਛਣ ਹਨ।

ਅਨੰਦੁ ਸਾਹਿਬ ਵਿਚ ਇਹ ਸਪਸ਼ਟ ਹੈ ਜੇ ਧਿਆਨ ਨਾਲ ਅਧਿਐਨ ਕੀਤਾ ਜਾਏ। ਪ੍ਰਭੂ ਨਾਲ ਇਕ-ਸੁਰ ਹੋਣਾ ਆਦਰਸ਼ ਹੈ।

੩. ਪਰ ਆਦਰਸ਼ ਬਣਾਣ ਲਈ ਆਪਣੇ ਆਪ ਦਾ ਗਿਆਨ, ਆਪਣੀ

ਮਾਇਆ ਤੇ ਸਮਰੱਥਾ ਦਾ ਪਤਾ ਹੋਣਾ, ਆਪਣੇ ਖ਼ਾਨਦਾਨ ਤੇ ਵਜੂਦ ਦੀ ਅਸਲੀਅਤ ਦਾ ਪਤਾ ਹੋਣਾ ਚਾਹੀਦਾ ਹੈ, ਕਿਧਰੇ 'ਜਾਤ ਦੀ ਕੋਹੜ ਕਿਰਲੀ ਸ਼ਤੀਰ ਨੂੰ ਜੱਫਾ' ਮਾਰਨ ਦਾ ਯਤਨ ਨਾ ਕਰ ਲਏ। ਪਰ ਮਨੁੱਖ ਦੀ ਅਸਲੀਅਤ ਗੁਰੂ ਅਮਰਦਾਸ ਜੀ ਨੇ ਬੜੀ ਭਲੀ ਤਰ੍ਹਾਂ ਆਪਣੀ ਸਾਰੀ ਬਾਣੀ ਵਿਚ ਤੇ ਇਸ ਬਾਣੀ ਵਿਚ (ਵੇਖੋ ਮਨ ਤੇ ਪਉੜੀਆਂ—੨, ੧੦, ੧੧, ੧੮, ੧੯) ਦੱਸੀ ਹੈ। ਮਨੁੱਖ ਦਾ ਖ਼ਾਨਦਾਨ ਰੱਬ ਹੈ, ਉਸ ਦਾ ਉਸਤਾਦ ਰੱਬ ਦਾ ਰੂਪ ਗੁਰੂ ਹੈ, ਉਸ ਦੀ ਸਮਰੱਥਾ ਅਥਾਹ ਹੈ, ਉਹ ਇਸ ਆਦਰਸ਼ ਨੂੰ ਪ੍ਰਾਪਤ ਕਰ ਸਕਦਾ ਹੈ।

੪. ਭਾਵੇਂ ਤਾਕਤ ਸਮਰੱਥਾ ਕਿੰਨੀ ਹੀ ਹੋਵੇ ਪਰ ਜੇ ਆਪਣੇ ਆਪ 'ਤੇ ਕਾਬੂ ਨਹੀਂ ਹੈ (Self-control, Control of all faculties) ਤਾਂ ਤਾਕਤ ਜ਼ਾਇਆ ਹੋ ਜਾਂਦੀ ਹੈ। ਆਪਣੇ ਮਨ ਇੰਦ੍ਰਿਆਂ 'ਤੇ ਕਾਬੂ ਪ੍ਰਾਪਤ ਕਰਨਾ ਅਤੀ ਜ਼ਰੂਰੀ ਹੈ। ਇਹਦੇ ਸਾਧਨ ਦੱਸੇ ਹਨ ਤੇ ਪ੍ਰੇਰਨਾ ਕੀਤੀ ਹੈ ਕਿ ਸ੍ਵੈ-ਕਾਬੂ ਪ੍ਰਾਪਤ ਕਰੋ।

(ਅ) ਅਨੰਦ ਹੋਇਆ, ਆਨੰਦ ਪ੍ਰਾਪਤੀ ਲਈ ਸ੍ਵੈ-ਕਾਬੂ, ਸ੍ਵੈ-ਗਿਆਨ ਆਦਿ ਦੇ ਸੁਝਾਅ ਹੋ ਗਏ। ਪਰ ਵੱਡੀ ਗੱਲ ਤੇ ਇਹ ਹੈ ਕਿ ਇਸ ਸ੍ਵੈ-ਕਾਬੂ ਆਦਿ ਦੇ ਸਾਧਨ ਕੀ ਹਨ ? ਇਹ ਸਾਰੇ ਦੱਸੇ ਹੋਏ ਹਨ, ਸਿੱਧੇ ਵੀ ਤੇ ਗੁਪਤ ਰੂਪ ਵਿਚ ਵੀ ਉਪਰਲੀਆਂ ਗੱਲਾਂ ਵਿਚ ਵੀ ਆ ਜਾਂਦੇ ਹਨ।

੧. ਇਕ ਆਦਰਸ਼, ਲਗਨ, ਪਿਆਰ ਤੇ ਸ੍ਵੈ-ਕਾਬੂ ਪ੍ਰਾਪਤ ਕਰਨ ਦਾ ਸੱਚਾ ਵਿਚਾਰ (ਪਖੰਡ ਨਹੀਂ) ਹੀ ਇਸ ਪ੍ਰਾਪਤੀ ਵਿਚ ਸਹਾਇਕ ਹੈ।

Where there is will, there is a way—ਮਨੁੱਖੀ ਵਿਚਾਰ ਵਿਚ ਅਥਾਹ ਸ਼ਕਤੀ ਹੈ। ਇਸ 'ਤੇ ਹੀ ਸਾਰੀ ਬਾਣੀ ਦਾ ਆਧਾਰ ਹੈ। ਮਨੋ-ਵਿਗਿਆਨਕ ਹੈ ਇਹ ਢੰਗ।

੨. ਪਰ ਹੋਰ ਗੱਲਾਂ ਵੀ ਦੱਸੀਆਂ ਹਨ, ਤੇ ਸਭ ਤੋਂ ਪਹਿਲੀ ਪਉੜੀ ਵਿਚ ਇਹੀ ਗੱਲ ਹੈ, 'ਸਤਿਗੁਰੂ ਦੀ ਪ੍ਰਾਪਤੀ ਦਾ ਸਾਧਨ'। ਇਸ ਦਾ ਭਾਵ ਕੀ ਹੈ ਕਿ ਕਿਸੇ ਨੂੰ ਸਤਿਗੁਰੂ ਪ੍ਰਾਪਤ ਹੈ ? ਇਸ ਦੀ ਵਿਆਖਿਆ ਗੁਰੂ ਅਮਰਦਾਸ ਜੀ ਦੇ ਆਪਣੇ ਜੀਵਨ ਵਿਚੋਂ ਹੀ ਹੋਣੀ ਚਾਹੀਦੀ ਹੈ ਜਿਨ੍ਹਾਂ ਇਹ ਬਾਣੀ ਲਿਖੀ ਹੈ।

(੧) ਗੁਰੂ ਅਮਰਦਾਸ ਜੀ ਨੂੰ ਆਪਣਾ ਨਮੂਨਾ (Model) ਜਿਸ 'ਤੇ ਉਨ੍ਹਾਂ ਆਪਣਾ ਜੀਵਨ ਢਾਲਣਾ ਪਸੰਦ ਕੀਤਾ, ਲੱਭ ਗਿਆ ਤੇ ਉਨ੍ਹਾਂ ਸਾਰਾ ਕੁਝ ਦਾਅ 'ਤੇ ਲਾ ਦਿੱਤਾ, ਸਾਰੇ ਤੀਰਥ ਕਰਮ ਭੁੱਲਾ ਦਿੱਤੇ। ਆਪਣੀ Model Personality ਦਾ ਵਿਸ਼ਵਾਸ ਆ ਗਿਆ।

(੨) ਉਸ ਦੇ ਸ਼ਬਦ ਵਿਚ ਅਨੋਖੀ ਲਗਨ ਨਜ਼ਰ ਆ ਗਈ ਤੇ ਉਸ ਦੀ ਆਤਮਾ ਨੂੰ ਉਸ ਦੇ ਸ਼ਬਦ ਵਿਚੋਂ ਪਰਤੱਖ ਵੇਖਿਆ।

(੩) ਇਸ ਸ਼ਖ਼ਸੀਅਤ ਨੂੰ ਸੱਚਾ (mould) ਸਮਝ ਕੇ ਜਿਸ ਦਾ ਜ਼ਿਕਰ ਜਪੁਜੀ ਦੀ ੩੮ਵੀਂ ਪਉੜੀ ਤੇ ਗਉੜੀ ਮ: ੧ ਦੇ ਪਹਿਲੇ ਸ਼ਬਦ ਵਿਚ ਹੈ, ਇਸ ਵਿਚ ਆਪਣਾ ਆਪਾ ਢਾਲਣਾ ਉਸ ਦੀ ਹਰਕਤ ਵੇਖਣਾ, ਹਰ ਹੁਕਮ ਮੰਨਣਾ ਤੇ ਸਭ ਕੁਝ। ਭਾਵ 'ਗੁਰੂ' ਤੇ 'ਬਾਣੀ' ਹੀ ਇਸ ਖ਼ੁਸ਼ੀ ਪ੍ਰਾਪਤੀ ਦੇ ਅਸਲ ਸਾਧਨ ਹਨ, ਉਸ ਸੱਚੇ ਵਿਚ ਆਪਣੇ ਆਪ ਨੂੰ ਢਾਲਣਾ।

(੪) ਪਰ ਉਹ ਆਦਰਸ਼ ਸ਼ਖ਼ਸੀਅਤ ਜ਼ਰੂਰ ਪੂਰਨ ਹੋਣੀ ਚਾਹੀਦੀ ਹੈ, ਤੇ ਜਿਸ

ਆਦਰਸ਼ ਤੀਕ ਉਸ ਨੇ ਲੈ ਜਾਣਾ, ਉਹ ਵੀ ਮੁਕੰਮਲ ਹੋਵੇ। ਰੱਬ ਹੈ ਉਹ ਆਦਰਸ਼।

(੫) ਇਸ ਤੋਂ ਪਹਿਲਾਂ 'ਸਾਰੀਆਂ ਭੁੱਖਾਂ' ਗੁਰੂ ਹੀ ਮਨੁੱਖ ਦੀਆਂ ਗਵਾਉਂਦਾ ਹੈ, ਪੂਰੀਆਂ ਕਰਦਾ ਹੈ। ਉਸ ਦੀਆਂ ਮਾਨਸਕ, ਸਾਹਿਤਕ, ਸੁਹਜ-ਸਵਾਦ ਆਦਿ ਦੀਆਂ ਸਾਰੀਆਂ ਭੁੱਖਾਂ ਸ੍ਵੈ-ਕਾਬੂ ਨਾਲ ਪੂਰੀਆਂ ਹੁੰਦੀਆਂ ਹਨ। ਹੋਰ ਬੇਅੰਤ ਸੁਝਾਅ ਹਨ, ਇਸ ਬਾਣੀ ਵਿਚ, ਕੇਵਲ ਇਸ ਦ੍ਰਿਸ਼ਟੀਕੋਣ ਤੋਂ ਸੋਚਣ ਦੀ ਲੋੜ ਹੈ:

ਮਨੁੱਖੀ ਮਨ ਜੇ ਠੀਕ ਰਾਹੇ ਗੁਰੂ ਦੀ ਕਿਰਪਾ ਨਾਲ ਹੋ ਜਾਏ, ਕਮਾਲ ਕਰ ਸਕਦਾ ਹੈ। ਇਹ ਇਸ ਬਾਣੀ ਦਾ ਪਿਛੋਕੜ ਹੈ, ਮਨੋ-ਵਿਗਿਆਨਕ ਪਿਛੋਕੜ।

## ੩. ਵਿਘਨ

ਉਪਰਲੇ ਸਿੱਧੇ ਤਰੀਕੇ ਹਨ ਪਰ ਰੁਕਾਵਟਾਂ ਤੋਂ ਜਾਣੂ ਹੋਣਾ ਬੜਾ ਲਾਭਕਾਰੀ ਸਾਬਤ ਹੁੰਦਾ ਹੈ। To be forewarned ! ਭਾਵ ਸੰਸਾਰ ਦੇ ਤਜਰਬੇ ਤੋਂ ਲਾਭ ਉਠਾਉਣਾ, ਕੀ ਮੁਸ਼ਕਲਾਂ ਇਸ ਮਾਰਗ ਦੇ ਪੰਧਾਊਆਂ ਨੂੰ ਆਈਆਂ ਤੇ ਉਨ੍ਹਾਂ ਕਿਵੇਂ ਦੂਰ ਕੀਤੀਆਂ ? ਇਸ ਦੇ ਸੁਝਾਅ 'ਸਹਸਾ' ਤੇ 'ਮਾਇਆ' ਦੀਆਂ ਪਉੜੀਆਂ ਵਿਚ ਦਿਤੇ ਹਨ। ਇਹ ਦੋਵੇਂ ਅਸਲ ਵਿਚ ਇਕੋ ਚੀਜ਼ ਹਨ ਜਾਂ ਇਕੋ ਗੱਲ। ਕਮਾਲ ਦਾ ਵਿਸ਼ਲੇਸ਼ਣ ਹੈ ਇਸ ਵਿਸ਼ੇ ਦਾ, ੬ਵੀਂ ਤੋਂ ੨੦ਵੀਂ ਪਉੜੀ ਤੀਕ।

੧. ਮਾਇਆ ਦਾ ਰੂਪ ਤੇ ਪਾਪ ਕਰ ਸਕਣ ਦੀ ਰੁਚੀ ਹੈ ਭਾਵ ਸਰੀਰ, ਜੀਭ, ਕੰਨਾਂ, ਹੱਥਾਂ ਦਾ ਗ਼ਲਤ ਜਾਂ ਘਟੀਆ ਇਸਤੇਮਾਲ, ਜਿਸ ਨੂੰ ਅੰਤਲੀਆਂ ਪਉੜੀਆਂ ਵਿਚ ਰੱਦਿਆ ਹੈ। ਮਨ ਇਨ੍ਹਾਂ ਦਾ ਸਰਦਾਰ ਹੈ। 'ਮਨ ਮੈਲਾ' ਹੋਏ ਤਾਂ ਸਭ ਕੁਛ ਮੈਲਾ ਹੋ ਜਾਂਦਾ ਹੈ। ਇਹੋ ਪਾਪ ਹੈ। ਇਹ ਮਾਇਆ ਹੈ, ਇਸ ਦਾ ਗਿਆਨ ਨਾ ਹੋਣਾ ਹੀ 'ਸਹਸਾ' ਹੈ।

੨. ਪਰ ਗੁਰੂ ਸਾਹਿਬ ਨੇ ਇਸ ਨੂੰ ਖ਼ੂਬ ਸਮਝਾਇਆ ਹੈ ਕਿ ਮਨੁੱਖ ਕਿਉਂ ਮਾਇਆ ਵਲ ਖਿੱਚਿਆ ਜਾ ਕੇ ਪਾਪ ਦਾ ਭਾਗੀ ਹੁੰਦਾ ਹੈ ? ਉੱਤਰ ਕੁਟੰਬ ਦਾ ਪਿਆਰ ਹੈ (ਪਉੜੀ ੧੦) ਪਰ ਮਨੁੱਖ ਨੂੰ ਵਿਸ਼ਵਾਸ ਦਿਵਾਂਦੇ ਹਨ ਕਿ ਪਾਲਣ ਵਾਲਾ ਤੇ ਪ੍ਰਭੂ ਆਪ ਹੈ (ਪਉੜੀ ੧੧) ਤੂੰ ਆਪਣੇ ਸਿਰ ਇਹ ਸਾਰਾ ਭਾਰ ਕਿਉਂ ਲੈ ਲਿਆ ਹੈ ?

੩. ੯ਵੀਂ ਪਉੜੀ ਵਿਚ ਮਨੁੱਖ ਨੂੰ ਦੱਸਦੇ ਹਨ ਕਿ :

(੧) ਜਿਨ੍ਹਾਂ ਤਰੀਕਿਆਂ ਨਾਲ ਰੁਪਿਆ ਕਮਾਇਆ ਜਾ ਸਕਦਾ ਹੈ ਉਨ੍ਹਾਂ ਨਾਲ ਰੱਬ ਨਹੀਂ ਕਮਾਇਆ ਜਾ ਸਕਦਾ।

(੨) ਰੁਪਿਆ ਕਮਾਉਣ ਲਈ ਚੰਚਲਤਾ, ਡੋਲਣਾ, ਭਟਕਣਾ ਜ਼ਰੂਰੀ ਹੈ।

(੩) ਧੋਖਾ ਕਰਨਾ ਵੀ ਜ਼ਰੂਰੀ ਹੈ ਕਿਉਂਕਿ ਪਾਪਾਂ ਬਾਝੋਂ ਤੇ ਹੁੰਦੀ ਨਹੀਂ।

(੪) ਪਰ ਮਾਇਆ ਦੀ ਲਗਨ ਇਕ ਅੰਨ੍ਹੀ ਲਗਨ ਹੈ, ਇਹ ਤ੍ਰਿਸ਼ਨਾ ਤੇ ਬੁਝਦੀ ਹੀ ਨਹੀਂ, ਇਸ ਲਈ ਇਸ ਨੂੰ ਹੀ ਆਪਣੇ ਆਪ ਵਿਚ ਆਦਰਸ਼ ਰੱਖਣਾ ਅਗਿਆਨਤਾ ਹੈ।

(੫) ਮਨ ਦਾ ਸੁਭਾਅ ਮੋਹ ਹੈ ਪਰ ਇਹ ਮੋਹ 'ਗੁਰੂ ਦੇ ਪਿਆਰ' ਵਿਚ ਪਾ ਕੇ ਸਿਧਾਇਆ ਜਾ ਸਕਦਾ ਹੈ, ਇਹ ਵਿਸ਼ਲੇਸ਼ਣ ਮਨੁੱਖ ਨੂੰ ਟੁੰਬ ਸਕਦਾ ਹੈ, ਉਸ ਵਿਚ ਗਿਆਨ ਪੈਦਾ ਕਰਦਾ ਹੈ ਤੇ ਉਸ ਦੇ ਜੀਵਨ-ਢੰਗ ਨੂੰ ਬਦਲਦਾ ਹੈ। ਗੁਰੂ

ਸਾਹਿਬ ਦਾ ਤਰੀਕਾ-ਵਿਚਾਰ Rational ਤੇ ਮਨੋ-ਵਿਗਿਆਨ (Psychology) 'ਤੇ ਆਧਾਰਤ ਹੈ।

ਸੋ ਜੇ ਮਾਇਆ ਲਗਨ ਰਸਤੇ ਵਿਚ ਆ ਜਾਏ ਤਾਂ ਮਨੁੱਖ ਗੁਰੂ ਰੱਬ ਵੱਲ ਨਹੀਂ ਜਾ ਸਕਦਾ। ਉਹ ਸ੍ਵੈ-ਕਾਬੂ ਸ੍ਵੈ-ਗਿਆਨ ਨਹੀਂ ਪ੍ਰਾਪਤ ਕਰ ਸਕਦਾ। ਉਹ ਵਿਚੇ ਅਟਕ ਜਾਂਦਾ ਹੈ ਤੇ ਖ਼ੁਸ਼ੀ ਤੋਂ ਦੂਰ ਰਹਿੰਦਾ ਹੈ।

੪.

ਅਨੰਦੁ ਸਾਹਿਬ ਦਾ ਮਜ਼ਮੂਨ ਖ਼ੁਸ਼ੀ ਦੀ ਪ੍ਰਾਪਤੀ ਹੈ। ਇਸ ਦੇ ਸਾਰੇ ਸਾਧਨ ਤੇ ਇਸ ਦੇ ਰਸਤੇ ਵਿਚ ਆਉਣ ਵਾਲੀਆਂ ਰੁਕਾਵਟਾਂ ਦਾ ਵਰਣਨ ਹੈ, ਤੇ ਸਭ ਕੁਝ ਨੂੰ ਉਲੰਘਣ ਦਾ ਤਰੀਕਾ ਦੱਸਿਆ ਹੈ।

ਇਹ ਕੇਵਲ ਕੁਝ ਸੁਝਾਅ ਹਨ। ਇਸ ਬਾਣੀ ਦੇ ਸਾਰੇ ਸੁਝਾਅ (Implications) ਇੰਨੀ ਥਾਂ ਵਿਚ ਨਹੀਂ ਦੱਸੇ ਜਾ ਸਕਦੇ। ਇਸ ਦ੍ਰਿਸ਼ਟੀਕੋਣ ਤੋਂ ਵਰਤਮਾਨ ਅਧਿਅਨ ਦੇ ਤਰੀਕੇ ਨਾਲ ਬਾਣੀ ਦਾ ਪੜ੍ਹਨਾ ਜ਼ਰੂਰ ਲਾਭਕਾਰੀ ਹੋ ਸਕਦਾ ਹੈ। ਮਨ ਦੀ ਸਮਰੱਥਾ ਨੂੰ ਪੂਰੀ ਤਰ੍ਹਾਂ ਉਜਾਗਰ ਕੀਤਾ ਹੈ ਇਸ ਬਾਣੀ ਵਿਚ।

ਭਾਗ ਤੀਜਾ

# ਸਿਖ ਧਰਮ ਦੇ ਸਿਧਾਂਤ

# ੮

# ਨੀਲਾਂਬਰ

੧.

ਧਰਮ ਜੀਵਨ ਦੀ ਕਵਿਤਾ ਹੈ। ਆਦਿ ਜੁਗਾਦਿ ਤੋਂ ਜੀਵਨ ਪ੍ਰਵਾਹ ਜਾਰੀ ਹੈ ਤੇ ਧਰਮ ਦੀ ਕਵਿਤਾ ਉਦੋਂ ਤੋਂ ਹੀ ਰਚੀ ਜਾ ਰਹੀ ਹੈ। ਇਹ ਮਨੁੱਖਤਾ ਦੀ ਕਵਿਤਾ ਹੈ। ਧਰਮਾਂ ਦਾ ਰੂਪ ਤੇ ਵਿਚਾਰ ਕਾਵਿ-ਮਈ ਹੈ। ਧਰਮਾਂ ਦਾ ਵਿਕਾਸ ਸਾਰੇ ਬ੍ਰਹਮੰਡ ਦਾ ਇਕ ਸਾਂਝਾ ਤਜਰਬਾ ਹੈ ਤੇ ਧਰਮਾਂ ਦਾ ਸਾਂਝਾ ਰੂਪ ਮਨੁੱਖਤਾ ਦਾ ਮਹਾਂ ਕਾਵਿ ਹੈ। ਧਰਮਾਂ ਦੇ ਸੰਚਾਲਕ ਤੇ ਨਿਰਮਾਣ ਕਰਤਾ, ਰਿਸ਼ੀ, ਅਵਤਾਰ ਤੇ ਗੁਰੂ ਸੰਸਾਰ ਦੇ ਮਹਾਨ ਕਵੀ ਹੋਏ ਹਨ। ਕਵਿਤਾ ਲਈ ਵਿਸ਼ਾਲ ਕਲਪਨਾ ਤੇ ਪਵਿੱਤਰ ਭਾਵਕਤਾ ਦੀ ਲੋੜ ਹੈ। ਰਿਸ਼ੀ, ਅਵਤਾਰ ਤੇ ਗੁਰੂ ਮਹਾਨ ਕਲਪਨਾ ਵਾਲੇ ਤੇ ਬੜੇ ਧਾਰਮਕ ਜਜ਼ਬੇ ਵਾਲੇ ਮਹਾਂ-ਪੁਰਸ਼ ਹੋਏ ਹਨ। ਉਹ ਸਦਾ ਮਨੁੱਖ ਦੀ ਕਵਿਤਾ ਰਚਦੇ ਰਹੇ ਹਨ। ਕਲਪਨਾ ਤੇ ਪਵਿੱਤਰ ਭਾਵਕਤਾ ਦੁਆਰਾ ਉਹ ਸਦਾ ਉਸ ਮਨੁੱਖ ਦਾ ਕਾਵਿ-ਮਈ ਚਿਤਰ ਚਿਤਰਦੇ ਰਹੇ ਹਨ ਜਿਸ ਨੂੰ ਪੂਰਨ ਮਨੁੱਖ ਕਿਹਾ ਜਾ ਸਕੇ। ਕਦੀ ਉਸ ਪੂਰਨ ਮਨੁੱਖ ਦੇ ਚਿਤਰ ਦਾ ਨਾਂ ਉਨ੍ਹਾਂ 'ਬ੍ਰਾਹਮਣ' ਰੱਖਿਆ ਜਿਸ ਦਾ ਭਾਵ ਬ੍ਰਹਮ ਨੂੰ ਬਿੰਦਨ ਜਾਂ ਜਾਣਨ ਵਾਲਾ ਮਨੁੱਖ ਹੈ; ਕਦੇ ਉਨ੍ਹਾਂ ਉਸ ਪੂਰਨ ਮਨੁੱਖ ਦਾ ਨਾਂ 'ਬ੍ਰਹਮ ਗਿਆਨੀ' ਰੱਖਿਆ; ਕਦੇ ਉਸ ਦਾ ਨਾਂ ਉਨ੍ਹਾਂ 'ਬੁਧ' (ਪੂਰਨ, ਗਿਆਨਵਾਨ ਪੁਰਸ਼) ਰੱਖਿਆ; ਕਦੇ ਉਸ ਦਾ ਨਾਂ ਉਨ੍ਹਾਂ 'ਜਿਨ੍ਹਾਂ' ਜਾਂ 'ਜੈਨ' ਰੱਖਿਆ ਜਿਸ ਦਾ ਭਾਵ ਸਰਬ ਜੇਤੂ ਹੈ, ਜਿਸ ਨੇ ਆਪਣੇ ਆਪ ਨੂੰ ਜਿੱਤਿਆ ਹੈ ਤੇ ਇਸ ਲਈ ਜਿਸ ਨੇ ਸਾਰੇ ਸੰਸਾਰ ਨੂੰ ਜਿੱਤਿਆ ਹੈ; ਕਦੇ ਉਸ ਪੂਰਨ ਪੁਰਸ਼ ਦੇ ਚਿਤਰ ਦਾ ਨਾਂ ਉਨ੍ਹਾਂ 'ਯੋਗੀ' ਰੱਖਿਆ, ਜਿਸ ਦਾ ਭਾਵ ਉਹ ਪੁਰਸ਼ ਹੈ ਜੋ ਪਰਮਾਤਮਾ ਨਾਲ ਜੁੜਿਆ ਹੋਇਆ ਹੈ; ਉਸੇ ਚਿਤਰ ਨੂੰ ਕਦੇ 'ਅਪਰਸ' ਕਦੇ 'ਭਗਉਤੀ' ਤੇ ਕਦੇ 'ਪੰਡਤ' ਦੇ ਨਾਂ ਦਿਤੇ; ਉਸੇ ਪੂਰਨ ਪੁਰਸ਼ ਨੂੰ ਕਦੇ 'ਖਾਲਸਾ' ਦਾ ਨਾਂ ਦਿੱਤਾ, ਕਦੇ 'ਨਿਰਮਲ' ਦਾ ਨਾਂ ਦਿਤਾ ਤੇ ਕਦੇ 'ਸਿੰਘ' ਦਾ ਨਾਂ ਦਿੱਤਾ; ਉਸੇ ਪੂਰਨ ਪੁਰਸ਼ ਨੂੰ 'ਮੁਸਲਮ' ਦਾ ਨਾਂ ਦਿੱਤਾ ਗਿਆ ਜਿਸ ਦਾ ਭਾਵ ਉਹ ਪੁਰਸ਼ ਹੈ ਜੋ ਪੂਰਨ ਤੌਰ 'ਤੇ ਪ੍ਰਭੂ ਰਜ਼ਾ ਵਿਚ ਕਾਇਮ ਹੈ; ਉਸੇ ਨੂੰ ਕਦੇ 'ਕ੍ਰਿਸਚੀਅਨ' (Christian) ਦਾ ਨਾਂ ਦਿੱਤਾ, ਜਿਸ ਦਾ ਭਾਵ ਉਹ ਪੁਰਸ਼ ਹੈ ਜੋ ਸੰਸਾਰ ਲਈ 'ਕਲਿਆਣਕਾਰੀ' ਹੈ। ਮੂਲ ਗੱਲ ਇਹ ਹੈ ਕਿ ਧਰਮਾਂ ਦੇ ਨਿਰਮਾਣ ਕਰਨ ਵਾਲੇ ਕਵੀਆਂ ਦੇ ਸਾਹਮਣੇ ਸਦਾ ਦੂਰ ਕਲਪਨਾ ਵਿਚ ਰਹਿੰਦੇ ਪੂਰਨ ਪੁਰਸ਼ ਦਾ ਚਿਤਰ ਰਿਹਾ ਹੈ। ਦੂਰ ਭਵਿੱਖ 'ਤੇ ਨੀਝ ਰੱਖ ਕੇ ਮਨੁੱਖ ਦਾ ਅੰਤਮ ਸਵੱਛ ਰੂਪ ਇਨ੍ਹਾਂ ਲੋਕਾਂ ਨੇ ਕਲਪਿਆ ਹੈ। ਇਸ ਨੂੰ ਹੀ ਧਰਮ ਕਿਹਾ ਹੈ।

ਕਿਉਂਕਿ ਧਰਮਾਂ ਦਾ ਨਿਰਮਾਣ ਕਰਨ ਵਾਲੇ ਬੁਨਿਆਦੀ ਤੌਰ 'ਤੇ ਕਵੀ ਸਨ, ਇਸ ਲਈ ਉਨ੍ਹਾਂ ਉਸ ਨੂੰ ਪੂਰਨ ਮਨੁੱਖ ਦਾ ਚਿਤਰ ਕਵਿਤਾ ਵਿਚ ਹੀ ਪੇਸ਼ ਕੀਤਾ ਹੈ ਤੇ ਕਵਿਤਾ ਕਈ ਚਿੰਨ੍ਹਾਂ ਦੇ ਸਹਾਰੇ ਖੜੀ ਹੁੰਦੀ ਹੈ। ਇਸ ਲਈ ਉਨ੍ਹਾਂ ਮਹਾਂ ਪੁਰਸ਼ਾਂ ਨੇ ਉਸ ਪੂਰਨ ਮਨੁੱਖ ਨੂੰ ਕਦੇ 'ਹੰਸ' ਨਾਲ ਤੁਲਨਾ ਦਿੱਤੀ, ਕਦੇ 'ਮਜੀਠੀ ਰੰਗ' ਨਾਲ ਤੁਲਨਾ ਦਿੱਤੀ, ਕਦੇ 'ਨਦੀ' ਨਾਲ ਤੁਲਨਾ ਦਿੱਤੀ, ਕਦੇ ਉਸ ਨੂੰ 'ਸਿੰਘ' ਨਾਲ ਤੁਲਨਾ ਦਿੱਤੀ, ਕਦੇ ਉਸ ਨੂੰ 'ਭੇਡ' (Lamb, Sheep) ਨਾਲ ਤੁਲਨਾ ਦਿੱਤੀ, ਕਦੇ ਉਸ ਨੂੰ ਸੰਗੀਤ ਦੀਆਂ ਸੁਰ ਹੋਈਆਂ 'ਤਰਬਾਂ' ਨਾਲ ਉਪਮਾ ਦਿੱਤੀ, ਕਦੇ ਉਸ ਨੂੰ ਪੂਰਨ 'ਵਣਜਾਰਾ' ਬਣਾ ਦਿਤਾ, ਕਦੇ ਉਸੇ ਨੂੰ 'ਕਮਲ' ਨਾਲ ਤੁਲਨਾ ਦਿੱਤੀ, ਕਦੇ 'ਸੂਰਜ' ਨਾਲ, ਕਦੇ 'ਧਰਤੀ' ਨਾਲ ਤੇ ਕਦੇ 'ਪਵਣ' ਨਾਲ। ਕਿਤੇ ਉਸੇ ਪੂਰਨ ਪੁਰਸ਼ ਨੂੰ 'ਰਾਜਾ' ਬਣਾ ਦਿੱਤਾ, ਕਿਤੇ 'ਸੂਰਾ' ਤੇ 'ਵਰਿਆਮ' ਬਣਾ ਦਿੱਤਾ, ਕਿਤੇ ਉਸ ਦੇ ਮਨ ਨੂੰ 'ਖਿੜੇ ਕੰਵਲ' ਨਾਲ ਉਪਮਾ ਕੀਤੀ, ਕਿਤੇ ਉਸ ਵਿਚ 'ਰਾਗ ਰਤਨ ਪਰਵਾਰ' ਆ ਖੜੇ ਕੀਤੇ, ਕਿਤੇ ਉਸ ਨੂੰ 'ਰਤਨ ਕੋਠੜੀ' ਬਣਾ ਦਿੱਤਾ। ਕਿਤੇ ਇਸੇ ਪੁਰਸ਼ ਨੂੰ 'ਸੁਹਾਗਣ' ਬਣਾ ਦਿੱਤਾ, ਕਿਤੇ ਇਸੇ ਨੂੰ 'ਜੋਤਿ-ਸਰੂਪ' ਕਰ ਦਿੱਤਾ। ਸਭ ਕੁਝ ਇਹ ਕਵਿਤਾ ਹੈ ਜੋ ਧਰਮ ਦੇ ਕਲਾਕਾਰਾਂ ਦੀ ਵਿਸ਼ਾਲ ਕਲਪਨਾ ਵਿਚੋਂ ਮਨੁੱਖ ਦੀ ਪੂਰਨਤਾ ਦਾ ਉਘੜਿਆ ਚਿਤਰ ਹੈ। ਮਨੁੱਖ ਪੂਰਨਤਾ ਨੂੰ ਪੁੱਜ ਸਕਦਾ ਹੈ। ਇਹ ਹੀ ਹੈ ਧਰਮ ਦੀ ਕਵਿਤਾ ਦਾ ਪਹਿਲਾ ਤੇ ਆਖਰੀ ਵਿਸ਼ਵਾਸ।

ਪੂਰਨਤਾ ਕੀ ਹੁੰਦੀ ਹੈ ? ਇਸ ਗੱਲ ਨੂੰ ਦਰਸਾਣ ਲਈ ਧਰਮ ਦੇ ਨਿਰਮਾਣ ਕਰਨ ਵਾਲੇ ਕਵੀਆਂ ਨੇ ਮੁੜ ਕੁਝ ਚਿੰਨ੍ਹ ਦੱਸੇ ਜਿਨ੍ਹਾਂ ਤੋਂ ਇਹ ਪਤਾ ਲੱਗੇ ਕਿ 'ਅਧੂਰਤਾ' ਜਾਂ 'ਅਪੂਰਨਤਾ' ਕੀ ਹੁੰਦੀ ਹੈ ਤਾਂ ਜੁ 'ਪੂਰਨਤਾ' ਨੂੰ 'ਅਪੂਰਨਤਾ' ਤੋਂ ਨਿਖੇੜਿਆ ਜਾ ਸਕੇ। ਇਹ ਚਿੰਨ੍ਹ ਉਨ੍ਹਾਂ ਕਾਗ, ਕਸੁੰਭਾ, ਛੱਪੜ, ਜੰਬਕ, ਬਘਿਆੜ, ਕੋਲਾ, ਦੁਹਾਗਣ ਆਦਿ ਰੱਖੇ।

ਸੋ ਪੂਰਨਤਾ ਜਾਂ ਅਪੂਰਨਤਾ ਨੂੰ ਕੇਵਲ ਚਿੰਨ੍ਹਾਂ ਰਾਹੀਂ ਹੀ ਪ੍ਰਗਟ ਕੀਤਾ ਜਾ ਸਕਦਾ ਹੈ ਤੇ ਇਵੇਂ ਹੀ ਪ੍ਰਗਟ ਕੀਤਾ ਜਾਂਦਾ ਰਿਹਾ ਹੈ। ਚਿੰਨ੍ਹ 'ਨਿਸ਼ਾਨ' ਹਨ ਜਿਸ ਤੋਂ 'ਧੁਜਾ' ਤੇ 'ਨਿਸ਼ਾਨ ਸਾਹਿਬ' ਬਣੇ ਹਨ। ਜਿਵੇਂ ਧੁਜਾ, ਪਤਾਕਾ, ਝੰਡਾ ਤੇ ਨਿਸ਼ਾਨ ਸਾਹਿਬ ਕਈ ਆਦਰਸ਼ਾਂ, ਵਿਚਾਰਾਂ ਤੇ ਰੂਪਾਂ ਨੂੰ ਦਰਸਾਂਦੇ ਹਨ। ਤਿਵੇਂ ਹੀ ਕਵਿਤਾ ਦੇ ਚਿੰਨ੍ਹ ਮਨੁੱਖਤਾ ਦੇ ਆਦਰਸ਼ ਨੂੰ ਪ੍ਰਗਟ ਕਰਦੇ ਹਨ। ਅਸਲ ਵਿਚ ਚਿੰਨ੍ਹ ਜੀਵਨ ਦੀ ਇੰਨੀ ਵੱਡੀ ਅਸਲੀਅਤ ਹਨ ਕਿ ਇਹੋ ਹੀ ਅਸਲ ਜੀਵਨ ਹਨ। ਜੀਵਨ ਦਾ ਕੋਈ ਪੱਖ ਨਹੀਂ ਹੈ ਜਿਸ ਵਿਚ ਮਨੁੱਖ ਆਪਣੇ ਆਦਰਸ਼ ਤੇ ਡੂੰਘੇ ਭਾਵ ਚਿੰਨ੍ਹਾਂ ਰਾਹੀਂ ਨਹੀਂ ਪ੍ਰਗਟ ਕਰਦਾ। ਅਸੰਖਾਂ ਟਨ ਸਾਹਿਤ ਕੇਵਲ ਲਿਪੀਆਂ ਦੇ ਚਿੰਨ੍ਹਾਂ ਵਿਚ ਲਿਖਿਆ ਪਿਆ ਹੈ ਜਿਨ੍ਹਾਂ ਚਿੰਨ੍ਹਾਂ ਦੇ ਅਰਥ ਕਿਸੇ ਨੂੰ ਕੋਈ ਪਤਾ ਨਹੀਂ, ਕੁਝ ਆਵਾਜ਼ਾਂ ਦੀ ਸੂਚਨਾ ਉਨ੍ਹਾਂ ਚਿੰਨ੍ਹਾਂ ਵਿਚ ਹੈ। ਪਰ ਇਹ ਲਿਪੀ-ਚਿੰਨ੍ਹ ਕਿੰਨੇ ਹੀ ਮਹਾਨ ਹਨ, ਸਾਰਾ ਖ਼ਿਆਲ ਵਟਾਂਦਰੇ ਦਾ ਕੰਮ ਇਹ ਹੀ ਪਏ ਸਾਰਦੇ ਹਨ। ਸਾਰੀ ਗਣਿਤ ਵਿੱਦਿਆ, ਰਸਾਇਣ ਵਿੱਦਿਆ ਤੇ ਭੂਗੋਲਕ ਵਿੱਦਿਆ ਕੁਛ ਮਿਥੇ ਚਿੰਨ੍ਹਾਂ ਦੇ ਸਹਾਰੇ ਚੱਲ ਰਹੀ ਹੈ। ਰੈੱਡ-ਕਰਾਸ ਦਾ ਇਕ ਲਾਲ ਨਿਸ਼ਾਨ ਜਾਂ ਚਿੰਨ੍ਹ ਕਿਸੇ ਨੂੰ ਦੱਸ ਦੇਂਦਾ ਹੈ ਕਿ ਇਥੇ ਹਸਪਤਾਲ ਹੈ ਜਾਂ ਕੁਝ ਇਸ ਪ੍ਰਕਾਰ ਦਾ ਪ੍ਰਬੰਧ ਹੈ। ਅਫ਼ਸਰਾਂ ਦੀਆਂ ਵਰਦੀਆਂ ਉਤੇ 'ਤਾਜ' ਤੇ 'ਤਾਰੇ' (Crown and Stars) ਲੱਗੇ ਹੋਏ ਚਿੰਨ੍ਹ ਹਨ ਜੋ ਉਨ੍ਹਾਂ

ਦੀਆਂ ਪਧਤੀਆਂ ਤੇ ਪਦਵੀਆਂ ਨੂੰ ਦਰਸਾ ਰਹੇ ਹਨ ਤੇ ਉਨ੍ਹਾਂ ਨੂੰ ਸਲਾਮਾਂ ਹੋ ਰਹੀਆਂ ਹਨ। ਸੜਕਾਂ, ਸਕੂਲਾਂ, ਰੇਲ ਦੀਆਂ ਲਾਈਨਾਂ, ਦਰਿਆਵਾਂ, ਪਹਾੜਾਂ, ਕਾਰਖਾਨਿਆਂ, ਹਵਾਈ ਅੱਡਿਆਂ, ਛਾਉਣੀਆਂ ਆਦਿ ਸਭ ਦੇ ਪ੍ਰਗਟ ਕਰਨ ਲਈ ਚਿੰਨ੍ਹ ਹਨ। ਮਰਦਾਂ ਨੂੰ ਇਸਤ੍ਰੀ ਤੋਂ ਨਿਖੇੜਨ ਲਈ ਉਸ ਦੇ ਮੂੰਹ 'ਤੇ ਕੁਝ ਚਿੰਨ੍ਹ ਹਨ। ਪਰਮਾਤਮਾ ਦੀ ਹੋਂਦ ਪ੍ਰਗਟ ਕਰਨ ਲਈ ਮਨੁੱਖ ਆਪ ਇਕ ਚਿੰਨ੍ਹ ਹੈ। ਚਿੰਨ੍ਹ ਹੀ ਜੀਵਨ ਦੀ ਅਸਲੀਅਤ ਹੈ ਤੇ ਚਿੰਨ੍ਹ ਹੀ ਜੀਵਨ ਦੀ ਕਵਿਤਾ ਹੈ। ਚਿੰਨ੍ਹਾਂ ਵਿਚ ਹੀ ਜੀਵਨ ਦਾ ਆਦਰਸ਼ ਉਲੀਕਿਆ ਹੋਇਆ ਹੈ ਤੇ ਚਿੰਨ੍ਹਾਂ ਦੀ ਵਰਤੋਂ ਜੀਵਨ ਦੇ ਹਰ ਪੱਖ ਵਿਚ, ਹਰ ਥਾਂ ਤੇ ਹਰ ਸਮੇਂ ਰਹੀ ਹੈ ਤੇ ਹੁਣ ਵੀ ਹੈ, ਇਸ ਲਈ ਚਿੰਨ੍ਹ ਧਰਮ ਵਿਚ ਕੋਈ ਅਨੋਖੀ ਚੀਜ਼ ਨਹੀਂ ਹੈ। ਇਸਲਾਮ ਦੇ ਚਿੰਨ੍ਹ ਹਨ, ਈਸਾਈਅਤ ਦੇ ਚਿੰਨ੍ਹ ਹਨ, ਬ੍ਰਾਹਮਣ ਦੇ ਚਿੰਨ੍ਹ ਹਨ, ਵੈਸ਼ਨੂੰ, ਯੋਗੀ, ਸੰਨਿਆਸੀ, ਬੋਧੀ ਤੇ ਜੈਨੀ ਦੇ ਚਿੰਨ੍ਹ ਹਨ। ਸਿੱਖਾਂ ਦੇ ਵੀ ਚਿੰਨ੍ਹ ਹਨ। ਕਿਸੇ ਪੂਰਨਤਾ, ਆਦਰਸ਼ ਤੇ ਮਿਥੇ ਟੀਚੇ ਨੂੰ ਪ੍ਰਗਟ ਕਰਨ ਦਾ ਤਰੀਕਾ ਹੀ ਕੇਵਲ ਚਿੰਨ੍ਹ ਹਨ। ਚਿੰਨ੍ਹ ਕਿਸੇ ਵੱਡੇ ਦੀਰਘ ਸੂਖਮ ਵਿਚਾਰ ਨੂੰ ਕਾਵਿਕ, ਸਾਕਾਰ ਤੇ ਥੋੜ੍ਹੇ ਸਥੂਲ ਰੂਪ ਵਿਚ ਪ੍ਰਗਟ ਕਰਨ ਦਾ ਸਾਧਨ ਹਨ। ਸਾਰੇ ਸੰਸਾਰ ਦਾ ਇਹੋ ਹੀ ਪਰਵਾਨ ਸਾਧਨ ਹੈ। ਸੋ ਕਿੰਨੀ ਥੋਥੀ ਹੈ ਇਹ ਬਹਿਸ ਕਿ ਕੱਕਾਰਾਂ ਅਤੇ ਚਿੰਨ੍ਹਾਂ ਦੀ ਲੋੜ ਹੈ ਕਿ ਨਹੀਂ ?

ਇਸ ਲੇਖ ਵਿਚ ਮੈਂ ਧਰਮਾਂ ਦੇ ਬਹੁਤੇ ਚਿੰਨ੍ਹਾਂ ਦਾ ਵਿਸ਼ਾ ਨਹੀਂ ਲੈਣਾ ਚਾਹੁੰਦਾ। ਕੇਵਲ ਇਕ ਚਿੰਨ੍ਹ ਵੱਲ ਇਸ਼ਾਰਾ ਕਰਦਾ ਹਾਂ ਤੇ ਉਹ ਹੈ ਧਾਰਮਕ ਰੰਗ ਦਾ। ਸਾਰੇ ਧਰਮਾਂ ਵਿਚ ਰੰਗ ਵੀ ਇਕ ਚਿੰਨ੍ਹ ਹੈ। ਤੇ ਸਿਖ ਧਰਮ ਦਾ ਵੀ ਇਕ ਰੰਗ ਹੈ ਨੀਲਾ, ਜਿਸ ਤੋਂ ਇਸ ਲੇਖ ਦਾ ਨਾਂ ਲਿਆ ਹੈ। ਨੀਲਾਂਬਰ ਦਾ ਭਾਵ ਹੈ ਨੀਲਾ ਪਹਿਰਾਵਾ, ਨੀਲਾ ਅਕਾਸ਼ ਆਦਿ।

## ੨.

ਰੰਗ ਮਨੁੱਖ ਨੂੰ ਸਭ ਤੋਂ ਵੱਧ ਖਿੱਚ ਪਾਣ ਵਾਲੀ ਚੀਜ਼ ਹੈ। ਕਈ ਰੰਗ ਕਈ ਹਾਲਤਾਂ ਵਿਚ ਘ੍ਰਿਣਾ ਵੀ ਉਤਪੰਨ ਕਰਦੇ ਹਨ। ਬ੍ਰਾਹਮਣ ਦਾ ਇਕ ਵਿਸ਼ੇਸ਼ ਰੰਗ ਸ੍ਵੇਤਾਂਬਰ ਹੈ। ਬੋਧੀਆਂ ਨੇ ਵੀ ਸ੍ਵੇਤਾਂਬਰ ਨੂੰ ਹੀ ਚੁਣਿਆ ਹੈ ਜਾਂ ਉਹ ਦਿਗਾਂਬਰ ਬਣ ਗਏ। ਜੈਨੀ ਵੀ ਸ੍ਵੇਤਾਂਬਰ ਹਨ, ਬਹੁਤੇ ਭੇਖਾਂ ਨੇ ਪੀਤਾਂਬਰ ਚੁਣਿਆ ਹੈ; ਸਾਧੂਆਂ ਨੇ ਭਗਵਾ ਚੁਣਿਆ ਹੈ; ਸੂਫ਼ੀਆਂ ਨੇ ਕਾਲਾ ਚੁਣਿਆ ਹੈ; ਮੁਸਲਮਾਨਾਂ ਨੇ ਹਰਾ ਚੁਣਿਆ ਹੈ। ਸਿੱਖਾਂ ਨੇ ਪੀਤਾਂਬਰ ਵੀ ਚੁਣਿਆ ਹੈ ਪਰ ਵਿਸ਼ੇਸ਼ ਕਰਕੇ ਨੀਲਾਂਬਰ ਚੁਣਿਆ ਹੈ। ਕਦੇ ਕਾਲੇ ਦਸਤਾਰੇ ਵੀ ਬੰਨ੍ਹਦੇ ਰਹੇ ਹਨ। ਰੰਗ ਧਰਮਾਂ ਵਿਚ ਬੜੇ ਹੀ ਮਹਾਨ ਚਿੰਨ੍ਹ ਹਨ। ਪਰ ਇਹ ਗੱਲ ਕੇਵਲ ਧਰਮਾਂ ਬਾਰੇ ਹੀ ਠੀਕ ਨਹੀਂ ਸਗੋਂ ਜ਼ਿੰਦਗੀ ਦੇ ਹਰ ਪੱਖ ਬਾਰੇ ਵੀ ਠੀਕ ਹੈ। ਹਰ ਫ਼ੌਜੀ ਦਸਤੇ ਦਾ ਕੋਈ ਨਿਸਚਿਤ ਰੰਗ ਹੈ, ਹਰ ਸਕੂਲ ਦਾ ਕੋਈ ਨਿਸਚਿਤ ਰੰਗ ਹੈ, ਹਰ ਦੇਸ਼ ਦੇ ਝੰਡੇ ਦਾ ਕੋਈ ਨਿਸਚਿਤ ਰੰਗ ਹੈ, ਕਈ ਦੇਸ਼ਾਂ ਵਿਚ ਖਾਣ ਸਮੇਂ ਦੀ ਵਰਦੀ ਦਾ ਕੋਈ ਨਿਸਚਿਤ ਰੰਗ ਹੈ। ਦਫ਼ਤਰਾਂ ਵਿਚ ਫ਼ਾਈਲਾਂ ਦੇ ਨਿਸਚਿਤ ਰੰਗ ਹਨ। ਕੁਦਰਤ ਨੇ ਬੇਅੰਤ ਚੀਜ਼ਾਂ ਦੀ ਪਛਾਣ ਹੀ ਉਨ੍ਹਾਂ ਦੇ ਰੰਗ ਵਿਚ ਰੱਖੀ ਹੋਈ ਹੈ। ਖ਼ਤਰੇ ਤੇ ਲੜਾਈ ਦਾ 'ਲਾਲ' ਰੰਗ ਹੈ, ਸੁਲ੍ਹਾ ਦਾ 'ਸਫ਼ੈਦ' ਰੰਗ

ਹੈ ਤੇ ਸੁਰੱਖ਼ਸ਼ਤਾ ਦਾ 'ਹਰਾ' ਰੰਗ ਹੈ। ਗੱਡੀ ਦਾ ਗਾਰਡ ਰੰਗ ਨਾਲ ਹੀ ਡਰਾਈਵਰ ਨੂੰ ਸਭ ਕੁਝ ਸਮਝਾਂਦਾ ਹੈ। ਸੋਗ ਤੇ ਹਰਖ ਰੰਗਾਂ ਤੋਂ ਹੀ ਪਤਾ ਲੱਗਦੇ ਹਨ। ਵਿਆਹ ਤੇ ਮੌਤ ਦੇ ਆਪਣੇ ਰੰਗ ਹਨ। ਵੇਦਾਂ ਦੇ ਵੀ ਰੰਗ ਮੁਕੱਰਰ ਹੋਏ ਹਨ।

ਪ੍ਰਭੂ ਪਿਆਰ ਵਾਸਤੇ ਢੁਕਵਾਂ ਸ਼ਬਦ ਰੰਗ ਹੀ ਰੱਖਿਆ ਗਿਆ ਹੈ। ਸਾਰੇ ਗੁਰੂ ਗ੍ਰੰਥ ਸਾਹਿਬ ਵਿਚ ਭਗਤੀ ਦੇ ਭਾਵਾਂ ਨੂੰ ਪ੍ਰਗਟ ਕਰਨ ਲਈ ਕਈ ਰੰਗਾਂ ਨੂੰ ਵਿਸ਼ੇਸ਼ਤਾ ਦਿੱਤੀ ਹੋਈ ਹੈ। ਸੂਹੀ ਰਾਗ ਦੀ ਸਾਰੀ ਵਾਰ ਇਨ੍ਹਾਂ ਰੰਗਾਂ 'ਤੇ ਹੀ ਪ੍ਰਕਾਸ਼ ਪਾਂਦੀ ਹੈ। 'ਲਾਲ' ਰੰਗ ਮਹਾਨ ਰੰਗ ਹੈ 'ਲਾਲ ਚੋਲਨਾ' ਭਗਤੀ ਦਾ ਰੰਗ ਹੈ, 'ਸੂਹਾ' ਰੰਗ ਖ਼ੁਮਾਰੀ ਦਾ ਰੰਗ ਹੈ। 'ਮਜੀਠ' ਦਾ ਰੰਗ ਭਗਤੀ ਦਾ ਰੰਗ ਹੈ, 'ਕਸੁੰਭੇ' ਦਾ ਰੰਗ ਮਾਇਆਧਾਰੀ ਦਾ ਰੰਗ ਹੈ। 'ਗੁਲਾਲ' ਦੀ ਬੜੀ ਮਹਾਨਤਾ ਹੈ।

ਗੁਰਬਾਣੀ ਵਿਚੋਂ ਰੰਗਾਂ ਬਾਰੇ ਵਿਚਾਰ ਧਿਆਨ ਮੰਗਦੇ ਹਨ:

੧. ਇਆਨੜੀਏ ਮਾਨੜਾ ਕਾਇ ਕਰੇਹਿ ॥
ਆਪਨੜੈ ਘਰਿ ਹਰਿ ਰੰਗੋ ਕੀ ਨ ਮਾਣੇਹਿ ॥
ਸਹੁ ਨੇੜੈ ਧਨ ਕੰਮਲੀਏ ਬਾਹਰੁ ਕਿਆ ਢੂਢੇਹਿ ॥
ਭੈ ਕੀਆ ਦੇਹਿ ਸਲਾਈਆ ਨੈਣੀ, ਭਾਵ ਕਾ ਕਰਿ ਸੀਗਾਰੋ ॥
ਤਾ ਸੋਹਾਗਣਿ ਜਾਣੀਐ ਲਾਗੀ ਜਾ ਸਹੁ ਧਰੇ ਪਿਆਰੋ ॥੧॥

(ਤਿਲੰਗ ਮ: ੧, ਪੰਨਾ ੭੨੨)

੨. ਸੂਹਵੀਏ ਸੂਹਾ ਸਭੁ ਸੰਸਾਰੁ ਹੈ ਜਿਨ ਦੁਰਮਤਿ ਦੂਜਾ ਭਾਉ ॥
ਖਿਨ ਮਹਿ ਝੂਠੁ ਸਭੁ ਬਿਨਸਿ ਜਾਇ ਜਿਉ ਟਿਕੈ ਨ ਬਿਰਖ ਕੀ ਛਾਉ ॥
ਗੁਰਮੁਖਿ ਲਾਲੋ ਲਾਲੁ ਹੈ ਜਿਉ ਰੰਗਿ ਮਜੀਠ ਸਚੜਾਉ ॥
ਉਲਟੀ ਸਕਤਿ ਸਿਵੈ ਘਰਿ ਆਈ ਮਨਿ ਵਸਿਆ ਹਰਿ ਅੰਮ੍ਰਿਤ ਨਾਉ ॥
ਨਾਨਕ ਬਲਿਹਾਰੀ ਗੁਰ ਆਪਣੇ ਜਿਤੁ ਮਿਲਿਐ ਹਰਿ ਗੁਣ ਗਾਉ ॥੧॥

(ਵਾਰ ਸੂਹੀ ਮ: ੩, ਪੰਨਾ ੭੮੬)

੩. ਸੂਹਾ ਰੰਗੁ ਸੁਪਨੈ ਨਿਸੀ ਬਿਨੁ ਤਾਗੇ ਗਲਿ ਹਾਰੁ ॥
ਸਚਾ ਰੰਗੁ ਮਜੀਠ ਕਾ ਗੁਰਮੁਖਿ ਬ੍ਰਹਮ ਬੀਚਾਰੁ ॥
ਨਾਨਕ ਪ੍ਰੇਮ ਮਹਾ ਰਸੀ ਸਭਿ ਬੁਰਿਆਈਆ ਛਾਰੁ ॥੨॥

(ਵਾਰ ਸੂਹੀ ਮ: ੩, ਪੰਨਾ ੭੮੬)

੪. ਜਪ ਤਪ ਕਾ ਬੰਧੁ ਬੇੜੁਲਾ ਜਿਤੁ ਲੰਘਹਿ ਵਹੇਲਾ ॥
ਨਾ ਸਰਵਰੁ ਨਾ ਊਛਲੈ ਐਸਾ ਪੰਥੁ ਸੁਹੇਲਾ ॥੧॥
ਤੇਰਾ ਏਕੋ ਨਾਮੁ ਮੰਜੀਠੜਾ ਰਤਾ ਮੇਰਾ ਚੋਲਾ ਸਦ ਰੰਗ ਢੋਲਾ ॥੧॥ਰਹਾਉ॥

(ਸੂਹੀ ਮ: ੧, ਪੰਨਾ ੭੨੯)

੫. ਲਾਲੁ ਚੋਲਨਾ ਤੈ ਤਨਿ ਸੋਹਿਆ ॥
ਸੁਰਿਜਨ ਭਾਨੀ ਤਾਂ ਮਨੁ ਮੋਹਿਆ ॥੧॥
ਕਵਨ ਬਨੀ ਰੀ ਤੇਰੀ ਲਾਲੀ ॥
ਕਵਨ ਰੰਗਿ ਤੂੰ ਭਈ ਗੁਲਾਲੀ ॥੧॥ਰਹਾਉ॥

(ਆਸਾ ਮ: ੫, ਪੰਨਾ ੩੮੪)

ਸੋ ਰਹਿਸਵਾਦ ਨੇ ਰੰਗਾਂ ਨੂੰ ਵੀ ਰਹਿਸਵਾਦੀ ਤੇ ਅਧਿਆਤਮਕ ਅਵਸਥਾ ਦੇ ਸਥੂਲ ਚਿੰਨ੍ਹ ਦੇ ਤੌਰ 'ਤੇ ਵਰਤਿਆ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਵਿਸਾਖੀ ਵਾਲੇ ਦਿਨ, ਸੰਨ ੧੬੯੯ ਈ: ਨੂੰ ਖਾਲਸਾ ਸਾਜਣ ਵੇਲੇ ਨਿਰੋਲ 'ਨੀਲਾ' ਪਹਿਰਾਵਾ ਪਾਇਆ ਹੋਇਆ ਸੀ। ਇਸ ਗੱਲ ਦਾ ਆਮ ਪਤਾ ਨਹੀਂ ਹੈ ਤੇ ਜੇ ਕਿਸੇ ਨੂੰ ਪਤਾ ਹੈ ਤਾਂ ਇਸ ਗੱਲ ਦੀ ਮਹਾਨਤਾ ਬਹੁਤ ਘਟ ਸਮਝੀ ਗਈ ਹੈ। ਮੈਨੂੰ ਇਸ ਗੱਲ ਦਾ ਵਿਸ਼ੇਸ਼ ਰੂਪ ਵਿਚ ਪਤਾ ਸ੍ਰ: ਕਪੂਰ ਸਿੰਘ ਜੀ ਦੀ ਪੁਸਤਕ ਖਾਲਸੇ ਦੀ ਵਿਸਾਖੀ (Baisakhi of Guru Gobind Singh) ਪੜ੍ਹ ਕੇ ਲੱਗਾ ਤੇ ਇਸ ਗੱਲ ਦੀ ਮਹਾਨਤਾ ਦਾ ਕੁਝ ਲਿਸ਼ਕਾਰਾ ਵੀ ਉਸੇ ਪੁਸਤਕ ਵਿਚੋਂ ਪਿਆ। ਇਹ ਗੱਲ ਬੜੀ ਮਹਾਨਤਾ ਵਾਲੀ ਹੈ ਤੇ ਇਸ ਵਿਚੋਂ ਜੋ ਮਨੁੱਖੀ ਆਦਰਸ਼ ਦਾ ਕਾਵਿ-ਚਿਤਰ ਗੁਰੂ ਗੋਬਿੰਦ ਸਿੰਘ ਜੀ ਦੀ ਕਲਪਨਾ ਨੇ ਚਿਤਰਿਆ ਹੈ, ਇਸ ਬਾਰੇ ਵਿਚਾਰ ਮੈਂ ਤੁਹਾਡੇ ਨਾਲ ਸਾਂਝੇ ਕਰਨਾ ਚਾਹੁੰਦਾ ਹਾਂ।

ਇਸ ਗੱਲ ਵਿਚ ਤਾਂ ਕੋਈ ਸੰਦੇਹ ਹੀ ਨਹੀਂ ਕਿ ਸਿੱਖਾਂ ਨੂੰ ਗੁਰੂ ਗੋਬਿੰਦ ਸਿੰਘ ਜੀ ਦੀ ਬਾਹਰਮੁਖੀ ਸ਼ਖ਼ਸੀਅਤ ਨਾਲ ਵੀ ਬੜਾ ਹੀ ਇਸ਼ਕ ਹੈ। ਕੇਵਲ ਉਸ ਇਸ਼ਕ ਦੇ ਸਦਕੇ ਹੀ ਇਕ ਸਿਖ ਸੰਸਾਰ ਨਾਲੋਂ ਬਾਹਰਲੀ ਵੱਖਰੀ ਸ਼ਖ਼ਸੀਅਤ ਰੱਖਣ ਵਿਚ ਅਕਹਿ ਸੁਆਦ ਪ੍ਰਾਪਤ ਕਰਦਾ ਹੈ। ਉਸ ਨੂੰ ਆਪਣੇ ਰੂਪ ਦਾ ਮਾਣ ਹੈ, ਆਪਣੇ ਸਭਿਆਚਾਰ ਦਾ ਮਾਣ ਹੈ ਕਿਉਂਕਿ ਉਸ ਨੂੰ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਕਲ ਤੇ ਚੱਕ੍ਰ ਚਿਹਨ ਦਾ ਬੜਾ ਹੀ ਮਾਣ ਹੈ। ਸਿਖ ਨੀਲੇ ਵਾਲੇ, ਕਲਗੀਆਂ ਵਾਲੇ, ਬਾਜ਼ਾਂ ਵਾਲੇ ਨੂੰ ਸਦਾ ਵਾਜਾਂ ਮਾਰਦਾ ਹੈ ਤੇ ਉਸ ਨੂੰ ਕਦੇ ਥਕਾਵਟ ਨਹੀਂ ਹੋਈ। ਸਿਖ ਆਪਣੇ ਆਪ ਨੂੰ ਉਸ ਕਲਗੀ ਵਾਲੇ ਦੇ ਨਮੂਨੇ 'ਤੇ ਢਾਲਦਾ ਹੈ। ਗੁਰੂ ਗੋਬਿੰਦ ਸਿੰਘ ਜੀ ਦੀ ਬਾਹਰਲੀ ਸ਼ਖ਼ਸੀਅਤ ਵੀ ਸਿੱਖਾਂ ਦਾ ਆਦਰਸ਼ ਹੈ।

ਪਰ ਬਾਹਰਲੀ ਸ਼ਖ਼ਸੀਅਤ ਤਾਂ ਸਦਾ ਅੰਦਰਲੀ ਸ਼ਖ਼ਸੀਅਤ ਦੀ ਸੂਚਕ ਹੁੰਦੀ ਹੈ। ਬਾਹਰਲਾ ਪਹਿਰਾਵਾ ਅੰਦਰ ਉਲੀਕੇ ਆਦਰਸ਼ਾਂ ਦਾ ਰੂਪ ਹੁੰਦਾ ਹੈ ਤੇ ਉਨ੍ਹਾਂ ਦੀ ਯਾਦ ਲਈ ਸਹਾਰਾ ਹੁੰਦਾ ਹੈ। ਬਾਹਰਲੇ ਰੂਪ ਵਿਚ ਸਾਰਾ ਅੰਦਰਲਾ ਪ੍ਰਗਟ ਹੋ ਰਿਹਾ ਹੁੰਦਾ ਹੈ।

ਪਰ ਜਿਵੇਂ ਮੈਂ ਸ਼ੁਰੂ ਵਿਚ ਕਿਹਾ ਕਿ ਧਰਮ ਤਾਂ ਕਵਿਤਾ ਹੈ ਜਿਸ ਨੂੰ ਕਲਪਨਾ ਦੀ ਉਸੇ ਤਾਕਤ ਦੀ ਸਹਾਇਤਾ ਨਾਲ ਕੇਵਲ ਸਮਝਿਆ ਜਾ ਸਕਦਾ ਹੈ ਜਿਸ ਤਾਕਤ ਨਾਲ ਧਰਮ ਦੇ ਸੰਚਾਲਕ ਨੇ ਉਸ ਕਾਵਿ-ਚਿਤਰ ਨੂੰ ਉਲੀਕਿਆ ਹੈ। ਸਗੋਂ ਉਸ ਪੂਰਨ ਪੁਰਸ਼ ਦੇ ਚਿਤਰ ਜੋ ਭਾਈ ਨੰਦ ਲਾਲ ਵਰਗੇ ਸ਼ਰਧਾਲੂਆਂ ਨੇ ਘੜੇ ਹਨ ਜਾਂ ਜੋ ਜਨਮ-ਸਾਖੀਆਂ ਦੇ ਲਿਖਾਰੀਆਂ ਤੇ *ਗੁਰ ਪ੍ਰਤਾਪ ਸੂਰਜ* ਗ੍ਰੰਥ ਦੇ ਕਰਤਾ ਨੇ ਮੁੜ ਉਲੀਕੇ ਹਨ, ਉਨ੍ਹਾਂ ਚਿਤਰਾਂ ਨੂੰ ਸਮਝਣ ਲਈ ਬੜੀ ਮਹਾਨ ਕਲਪਨਾ ਦੀ ਲੋੜ ਹੈ। ਇਕ ਸਾਧਾਰਨ ਮਿਸਾਲ ਲੈ ਕੇ ਆਪਣਾ ਭਾਵ ਸਪਸ਼ਟ ਕਰਦਾ ਹਾਂ। ਸਾਰੇ ਗੁਰ-ਇਤਿਹਾਸ ਦੇ ਲਿਖਾਰੀ ਪੁਰਾਤਨ ਜਨਮ-ਸਾਖੀ ਜਾਂ ਬਾਲੇ ਵਾਲੀ ਜਨਮ-ਸਾਖੀ ਦੇ ਆਧਾਰ 'ਤੇ ਲਿਖਦੇ ਹਨ ਕਿ ਇਕ ਸਰਪ ਨੇ ਗੁਰੂ ਨਾਨਕ ਸਾਹਿਬ ਨੂੰ ਛਾਇਆ ਕੀਤੀ। ਇਹ ਗੱਲ ਬੜੇ ਵਿਸ਼ਾਲ ਕਲਪਨਾ ਤੇ ਗਿਆਨ ਨਾਲ ਹੀ ਹੱਲ ਹੋ ਸਕਦੀ ਹੈ ਕਿ 'ਸਰਪ ਛਾਇਆ' ਸਾਖੀ ਲਿਖਣ ਨਾਲ ਪਹਿਲਾ ਚਿੰਤਕ ਇਤਿਹਾਸਕਾਰ ਕੀ ਕਹਿ ਰਿਹਾ ਸੀ ? ਇਸ ਸਾਖੀ ਵਿਚ ਭਾਰਤ ਦਾ ਸਾਰਾ ਮਿਥਿਹਾਸ ਸ਼ਾਮਲ ਹੈ, ਲੋਕ ਧਰਮ ਸ਼ਾਮਲ ਹੈ ਤੇ ਲੋਕ ਵਿਸ਼ਵਾਸ ਸ਼ਾਮਲ ਹੈ ਅਤੇ ਇਸ ਸਾਖੀ ਨਾਲ ਸ਼ਰਧਾਵਾਨ

ਲੇਖਕ ਨੇ ਭਾਰਤੀ ਟੀਚਿਆਂ ਅਨੁਸਾਰ ਗੁਰੂ ਨਾਨਕ ਦੀ ਸ਼ਖ਼ਸੀਅਤ ਨੂੰ ਆਪਣੀ ਸਾਰੀ ਸ਼ਰਧਾਂਜਲੀ ਭੇਟ ਕਰ ਦਿੱਤੀ ਹੈ। ਸਰਪ ਖ਼ਜ਼ਾਨਿਆਂ ਦਾ ਰਾਖਾ ਹੈ ਤੇ ਗੁਰੂ ਨਾਨਕ ਜੀ ਉੱਚਾ ਖ਼ਜ਼ਾਨਾ ਹੈ; ਸਰਪ ਰਾਗ ਦਾ ਆਸ਼ਕ ਹੈ ਤੇ ਗੁਰੂ ਨਾਨਕ ਰਾਗ ਦਾ ਸੋਮਾ ਹੈ; ਸਰਪ ਦੀ ਭਾਰਤ ਪੂਜਾ ਕਰਦਾ ਹੈ ਕਿਉਂਕਿ ਸ਼ੇਸ਼ਨਾਗ ਇਕ ਰਸ ਸਿਮਰਨ ਕਰਦਾ ਹੈ ਤੇ ਇਥੇ ਸਰਪ ਗੁਰੂ ਨਾਨਕ ਦੀ ਪੂਜਾ ਕਰਦਾ ਹੈ, ਸਰਪ ਸ਼ਿਵ ਜੀ ਦਾ ਚਿੰਨ੍ਹ ਹੈ ਤੇ ਉਸ ਦੀ ਸਾਰੀ ਬਿਖ ਨੂੰ ਸ਼ਿਵ ਜੀ ਕੀਲੀ ਬੈਠਾ ਹੈ। ਗੁਰੂ ਨਾਨਕ ਸਾਰੀ ਸੰਸਾਰ-ਬਿਖ ਦਾ ਅੰਤ ਕਰਨ ਹੀ ਤੇ ਆਇਆ ਹੈ। ਸਰਪ ਖੀਰ ਸਮੁੰਦਰ ਵਿਚ ਵਿਸ਼ਨੂੰ ਦੀ ਸੇਜਾ ਹੈ ਤੇ ਇਥੇ ਸਰਪ ਗੁਰੂ ਨਾਨਕ ਦੀ ਸੇਜਾ ਹੈ। ਸੋ ਕੇਵਲ ਉਸ ਇਕ ਚਿੰਨ੍ਹ ਰਾਹੀਂ ਕਿ ਸਰਪ ਗੁਰੂ ਨਾਨਕ ਦੇਵ ਜੀ ਨੂੰ ਛਾਇਆ ਕਰ ਰਿਹਾ ਹੈ, ਲੇਖਕ ਨੇ ਕਿੰਨਾ ਕੁਝ ਗੁਰੂ ਸਾਹਿਬ ਦੀ ਮਹਾਨਤਾ ਬਾਰੇ ਕਹਿ ਦਿੱਤਾ ਹੈ। ਕੋਈ ਪਾਠਕ ਇਨ੍ਹਾਂ ਗੱਲਾਂ ਨੂੰ ਗੱਪਾਂ ਵੀ ਕਹਿ ਸਕਦਾ ਹੈ, ਪਰ ਜਿਸ ਨੂੰ ਭਾਰਤੀ ਸਾਹਿਤ ਤੇ ਸਭਿਆਚਾਰ ਦੀ ਸੂਝ ਹੈ, ਉਹ ਇਨ੍ਹਾਂ ਵਿਚ ਕੁਝ ਸਾਰਥਕ ਇਸ਼ਾਰੇ ਵੀ ਤਾਂ ਸਮਝ ਸਕਦਾ ਹੈ।

ਇਸੇ ਤਰ੍ਹਾਂ ਗੁਰੂ ਗੋਬਿੰਦ ਸਿੰਘ ਜੀ ਨੇ ਜੋ ਰੂਪ ਉਸ ਇਤਿਹਾਸਕ ਦਿਨ ਧਾਰਨ ਕੀਤਾ ਹੋਇਆ ਸੀ ਜਦੋਂ ਸੰਸਾਰ ਦਾ ਮਹਾਨ ਨਾਟਕ ਖੇਡਿਆ ਜਾ ਰਿਹਾ ਸੀ, ਤੇ ਜੋ ਰੂਪ ਮਗਰੋਂ ਉਨ੍ਹਾਂ ਸਦਾ ਕਾਇਮ ਰੱਖਿਆ, ਉਸ ਰੂਪ ਦੀ ਕੋਈ ਮਹਾਨਤਾ ਤਾਂ ਹੈ। ਉਸ ਰੂਪ ਦੇ ਕੇਵਲ 'ਨੀਲਾਂਬਰ' ਪੱਖ ਦੀ ਥੋੜ੍ਹੀ ਜਿਹੀ ਵਿਆਖਿਆ ਕਰਨਾ, ਇਸ ਲੇਖ ਦਾ ਮੰਤਵ ਹੈ। ਉਸ ਦੇ ਪੂਰਨ ਸਰੂਪ ਦੀ ਵਿਆਖਿਆ ਜਾਣਨ ਲਈ ਮੈਂ ਫੇਰ ਸ: ਕਪੂਰ ਸਿੰਘ ਜੀ ਦੀ ਪੁਸਤਕ ਪੜ੍ਹਨ ਦੀ ਹੀ ਸਿਫ਼ਾਰਸ਼ ਕਰਾਂਗਾ।

## ੩.

ਨੀਲਾ ਪਹਿਰਾਵਾ ਵਿਸ਼ਾਲਤਾ, ਉਚਾਈ, ਡੂੰਘਾਈ, ਪਵਿੱਤਰਤਾ ਤੇ ਨਿਰਲੇਪਤਾ ਦਾ ਸੂਚਕ ਹੈ। ਨੀਲਾਹਟ ਗਗਨ ਦੀ ਸੂਚਕ ਹੈ ਜਾਂ ਸਾਗਰ ਦੀ ਸੂਚਕ ਹੈ। ਸੋ ਨੀਲੇ ਪਹਿਰਾਵੇ ਵਾਲੇ ਜਾਂ ਨੀਲੇ ਦਸਤਾਰ ਵਾਲੇ ਵਿਚ ਗਗਨ ਤੇ ਸਾਗਰ ਦੀ ਵਿਸ਼ਾਲਤਾ, ਉਚਾਈ, ਡੂੰਘਾਈ, ਪਵਿੱਤਰਤਾ ਤੇ ਨਿਰਲੇਪਤਾ ਲੋੜੀਂਦੀ ਹੈ। ਸਰੀਰਕ, ਮਾਨਸਕ, ਬੌਧਿਕ ਤੇ ਆਤਮਕ ਵਿਸ਼ਾਲਤਾ, ਉਚਾਈ, ਡੂੰਘਾਈ, ਪਵਿੱਤਰਤਾ ਤੇ ਨਿਰਲੇਪਤਾ, ਇਹ ਹੀ ਹੈ ਸਿਖ ਦਾ ਆਦਰਸ਼। ਸਿਖ ਦਾ ਹਿਰਦਾ ਸਦਾ ਵਿਸ਼ਾਲ ਚਾਹੀਦਾ ਹੈ, ਉਸ ਦੀ ਮਤਿ ਉੱਚੀ ਚਾਹੀਦੀ ਹੈ, ਉਸ ਵਿਚ ਨਿਰਲੇਪਤਾ ਚਾਹੀਦੀ ਹੈ, ਉਸ ਵਿਚ ਸਾਗਰ ਦੀ ਪਵਿੱਤਰਤਾ ਤੇ ਸੀਤਲਤਾ ਚਾਹੀਦੀ ਹੈ। ਬਾਹਰਲਾ ਪਹਿਰਾਵਾ ਅੰਦਰਲੀ ਸ਼ਖ਼ਸੀਅਤ ਦਾ ਸੂਚਕ ਹੈ ਤੇ ਸ਼ਖ਼ਸੀਅਤ ਆਚਰਨ ਹੈ, ਸਾਡਾ ਵਤੀਰਾ ਹੈ। ਤਾਂ ਤੇ ਨੀਲਾ ਪਹਿਰਾਵਾ ਖਾਲਸੇ ਦੇ ਪਵਿੱਤਰ, ਵਿਸ਼ਾਲ ਤੇ ਨਿਰਲੇਪ ਹੋਣ ਦਾ ਸੂਚਕ ਹੈ।

'ਨੀਲਾਂਬਰ' ਸ਼ਖ਼ਸੀਅਤ ਵਿਚ ਵਿਸ਼ਾਲਤਾ, ਪਵਿੱਤਰਤਾ, ਨਿਰਲੇਪਤਾ, ਉਚਾਈ ਤੇ ਡੂੰਘਾਈ ਤੋਂ ਕੀ ਭਾਵ ਹੈ ? ਇਸ ਗੱਲ ਦਾ ਸਪਸ਼ਟੀਕਰਨ ਗੁਰੂ ਗੋਬਿੰਦ ਸਿੰਘ ਜੀ ਦੇ ਆਪਣੇ ਸ਼ਬਦਾਂ ਵਿਚੋਂ ਹੀ ਕਰਦੇ ਹਾਂ। ਸਿਖ ਜੇ ਆਪਣੇ ਲਈ ਇਸ ਆਦਰਸ਼ ਨੂੰ ਨਿਭਾ ਸਕੇ ਤਾਂ ਤੇ ਉਹ ਸਚਮੁੱਚ ਗੁਰੂ ਗੋਬਿੰਦ ਸਿੰਘ ਜੀ ਦਾ ਆਸ਼ਕ ਹੈ। ਜੇ ਇਹ ਆਚਰਨ ਸਿਖ ਵਿਚ ਪੈਦਾ ਹੋ ਜਾਏ ਤਾਂ ਭਾਵੇਂ ਖਾਲਸਾ ਰਾਜ ਕਰੇ, ਉਹ ਇਸ ਆਦਰਸ਼ ਨੂੰ ਪਹਿਲਾਂ ਨਿਭਾਏਗਾ।

'ਜਹਾਂ ਜਹਾਂ ਖਾਲਸਾ ਜੀ ਸਾਹਿਬ, ਤਹਾਂ ਤਹਾਂ ਰੱਛਿਆ ਰਿਆਇਤ' (ਅਰਦਾਸ) ਤੇ ਕਿਸੇ ਨੂੰ ਖਾਲਸੇ ਤੋਂ ਧੱਕੇ, ਅਨਿਆਂ ਦਾ ਕਦੇ ਡਰ ਨਹੀਂ ਹੋਵੇਗਾ। ਖਾਲਸਾ ਨੀਲਾਂਬਰ ਹੈ ਤੇ ਉਸ ਦਾ ਹਿਰਦਾ ਪਵਿੱਤਰ ਤੇ ਵਿਸ਼ਾਲ ਹੈ। ਜਿਵੇਂ ਸਾਗਰ ਤੇ ਗਗਨ ਦਾ ਹਿਰਦਾ ਹੈ। ਗੁਰੂ ਗੋਬਿੰਦ ਸਿੰਘ ਜੀ ਦੀ ਨੀਲਾਂਬਰ ਸ਼ਖ਼ਸੀਅਤ ਇਹ ਹੈ:

੧. ਕੋਊ ਭਇਓ ਮੁੰਡੀਆ ਸੰਨਿਆਸੀ ਕੋਊ ਜੋਗੀ ਭਇਓ
ਕੋਊ ਬ੍ਰਹਮਚਾਰੀ ਕੋਊ ਜਤੀ ਅਨ ਮਾਨਬੋ ॥
ਹਿੰਦੂ ਤੁਰਕ ਕੋਊ ਰਾਫਜੀ ਇਮਾਮ ਸਾਫੀ,
ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ ॥
ਕਰਤਾ ਕਰੀਮ ਸੋਈ ਰਾਜਕ ਰਹੀਮ ਓਈ,
ਦੂਸਰੋ ਨ ਭੇਦ ਕੋਈ ਭੂਲ ਭ੍ਰਮ ਮਾਨਬੋ ॥
ਏਕ ਹੀ ਕੀ ਸੇਵ ਸਭ ਹੀ ਕੋ ਗੁਰਦੇਵ ਏਕ ,
ਏਕ ਹੀ ਸਰੂਪ ਸਬੈ ਏਕੈ ਜੋਤ ਜਾਨਬੋ ॥੧੫॥੮੫॥ *(ਅਕਾਲ ਉਸਤਤ, ਪੰਨਾ ੧੯)*

੨. ਦੇਹੁਰਾ ਮਸੀਤ ਸੋਈ ਪੂਜਾ ਔ ਨਿਵਾਜ ਓਈ,
ਮਾਨਸ ਸਬੈ ਏਕ ਪੈ ਅਨੇਕ ਕੋ ਭ੍ਰਮਾਉ ਹੈ ॥
ਦੇਵਤਾ ਅਦੇਵ ਜਛ ਗੰਧ੍ਰਬ ਤੁਰਕ ਹਿੰਦੂ,
ਨਿਆਰੇ ਨਿਆਰੇ ਦੇਸਨ ਕੇ ਭੇਸ ਕੋ ਪ੍ਰਭਾਉ ਹੈ ॥
ਏਕੈ ਨੈਨ ਏਕੈ ਕਾਨ ਏਕੈ ਦੇਹ ਏਕੈ ਬਾਨ,
ਖਾਕ ਬਾਦ ਆਤਿਸ ਔ ਆਬ ਕੋ ਰਲਾਉ ਹੈ ॥
ਅਲਹ ਅਭੇਖ ਸੋਈ ਪੁਰਾਨ ਔ ਕੁਰਾਨ ਓਈ,
ਏਕ ਹੀ ਸਰੂਪ ਸਬੈ ਏਕ ਹੀ ਬਨਾਉ ਹੈ ॥੧੬॥੮੬॥

*(ਅਕਾਲ ਉਸਤਤ, ਪੰਨਾ ੧੯)*

੩. ਦੇਹ ਸਿਵਾ ਬਰ ਮੋਹਿ ਇਹੈ ਸੁਭ ਕਰਮਨ ਤੇ ਕਬਹੂ ਨ ਟਰੋਂ ॥
ਨ ਡਰੋਂ ਅਰਿ ਸੋ ਜਬ ਜਾਇ ਲਰੋਂ ਨਿਸਚੈ ਕਰ ਅਪਨੀ ਜੀਤ ਕਰੋਂ ॥
ਅਰੁ ਸਿਖ ਹੋਂ ਅਪਨੇ ਹੀ ਮਨ ਕੌ ਇਹ ਲਾਲਚ ਹਉ ਗੁਨ ਤਉ ਉਚਰੋਂ ॥
ਜਬ ਆਵ ਕੀ ਅਉਧ ਨਿਦਾਨ ਬਨੈ ਅਤ ਹੀ ਰਨ ਮੈ ਤਬ ਜੂਝ ਮਰੋਂ ॥੨੩੧॥

*(ਚੰਡੀ ਚਰਿਤ੍ਰ, ਉਕਤ ਬਿਲਾਸ, ਪੰਨਾ ੯੯)*

੪. ਹਮ ਏਹ ਕਾਜ ਜਗਤ ਮੋ ਆਏ ॥
ਧਰਮ ਹੇਤ ਗੁਰਦੇਵ ਪਠਾਏ ॥
ਜਹਾਂ ਤਹਾਂ ਤੁਮ ਧਰਮ ਬਿਥਾਰੋ ॥
ਦੁਸਟ ਦੋਖੀਅਨ ਪਕਰਿ ਪਛਾਰੋ ॥੪੨॥
ਯਾਹੀ ਕਾਜ ਧਰਾ ਹਮ ਜਨਮੰ ॥
ਸਮਝ ਲੇਹੁ ਸਾਧੂ ਸਭ ਮਨਮੰ ॥
ਧਰਮ ਚਲਾਵਨ ਸੰਤ ਉਬਾਰਨ ॥
ਦੁਸਟ ਸਭਨ ਕੋ ਮੂਲ ਉਪਾਰਨ ॥੪੩॥

*(ਬਚਿਤ੍ਰ ਨਾਟਕ, ਪੰਨਾ ੫੭-੫੮)*

ਖਾਲਸਾ 'ਨਿਰਵੈਰ' ਤੇ 'ਨਿਰਭਉ' ਹੈ। ਖਾਲਸਾ ਕਿਸੇ ਪੁਰਸ਼ ਨਾਲ ਜਾਂ ਕਿਸੇ ਮੱਤ ਨਾਲ ਜਾਂ ਕਿਸੇ ਧਰਮ ਨਾਲ ਕੋਈ ਵਿਰੋਧ ਨਹੀਂ ਰੱਖਦਾ, ਸਗੋਂ ਸਭ ਧਰਮਾਂ ਦੀ ਸਚਾਈ ਦਾ ਸਤਿਕਾਰ ਕਰਦਾ ਹੈ, ਉਨ੍ਹਾਂ ਦੀ ਸਚਾਈ ਨੂੰ ਉਸ ਧਰਮ ਦੇ ਲੋਕਾਂ ਲਈ ਕਲਿਆਣਕਾਰੀ ਮੰਨਦਾ ਹੈ, ਉਨ੍ਹਾਂ ਦੀ ਬਾਣੀ ਦੀ ਮਹਾਨਤਾ ਉੱਨੀ ਹੀ ਪਰਮਾਣੀਕ ਮੰਨਦਾ ਹੈ, ਜਿੰਨੀ ਆਪਣੀ ਬਾਣੀ ਦੀ। ਸਿਖ ਧਰਮ ਦੀ ਆਪਣੀ ਸੁਤੰਤਰ ਹਸਤੀ ਹੈ ਪਰ ਇਹ ਹਸਤੀ ਕਿਸੇ ਧਰਮ ਜਾਂ ਕਿਸੇ ਮਹਾਨ ਪੁਰਸ਼ ਦੀ ਵਿਅਕਤੀ ਨਾਲ ਟਕਰਾਂਦੀ ਨਹੀਂ। ਸਾਰੇ ਭਗਤਾਂ ਦੀ ਬਾਣੀ ਦਾ ਇਹ ਸਤਿਕਾਰ ਕਰਦੀ ਹੈ, ਸਾਰੇ ਅਵਤਾਰਾਂ ਦਾ ਸਤਿਕਾਰ ਕਰਦੀ ਹੈ, ਸਾਰੇ ਦੇਸ਼ਾਂ, ਬੋਲੀਆਂ, ਕੌਮਾਂ, ਫ਼ਿਰਕਿਆਂ, ਸਭਿਆਚਾਰਾਂ, ਰਾਗਾਂ ਦਾ ਸਾਡੀ ਬਾਣੀ ਸਤਿਕਾਰ ਕਰਦੀ ਹੈ। ਜਾਤ, ਲਿੰਗ, ਰੰਗ, ਬੂ ਕਰ ਕੇ ਖਾਲਸਾ ਮਨੁੱਖਾਂ ਵਿਚ ਵਿਤਕਰਾ ਨਹੀਂ ਪਾਂਦਾ, ਪਹਿਰਾਵੇ ਕਰਕੇ ਕਿਸੇ ਨਾਲ ਵਿਤਕਰਾ ਨਹੀਂ ਕਰਦਾ। ਖਾਲਸਾ ਦੂਤਾਂ ਦਾ ਸਦਾ ਵੈਰੀ ਹੈ, ਪਰ ਸੰਤ ਨੂੰ ਸਦਾ ਮੰਨਦਾ ਹੈ ਭਾਵੇਂ ਉਹ ਕਿਸੇ ਧਰਮ, ਭੇਖ ਜਾਂ ਰੂਪ ਦਾ ਹੋਵੇ। ਖਾਲਸਾ ਵੇਦ ਦਾ ਸਤਿਕਾਰ ਕਰਦਾ ਹੈ, ਕਤੇਬ ਦਾ ਸਤਿਕਾਰ ਕਰਦਾ ਹੈ। ਗੁਰੂ ਨਾਨਕ ਸਾਹਿਬ ਨੇ 'ਸਤਿਗੁਰੂ' ਦੀ ਤਾਰੀਫ਼ ਹੀ ਇਹ ਕੀਤੀ ਹੈ ਕਿ ਸਤਿਗੁਰੂ ਉਹ ਹੈ ਜੋ ਸਭ ਸੰਸਾਰ ਨੂੰ ਮਿਲਾਣ ਦਾ ਯਤਨ ਕਰਦਾ ਹੈ ਨਾ ਕਿ ਨਿਖੇੜਨ ਤੇ ਪਾੜਨ ਦਾ। ਜੋ ਮਨੁੱਖਤਾ ਨੂੰ ਪਾੜਦਾ ਤੇ ਵੰਡਦਾ ਹੈ, ਉਹ ਗੁਰੂ ਹੀ ਨਹੀਂ ਹੈ:

**ਜਿਨਾ ਭਾਣੇ ਕਾ ਰਸੁ ਆਇਆ ॥**
**ਤਿਨ ਵਿਚਹੁ ਭਰਮੁ ਚੁਕਾਇਆ ॥**
**ਨਾਨਕ ਸਤਿਗੁਰੁ ਐਸਾ ਜਾਣੀਐ**
**ਜੋ ਸਭਸੈ ਲਏ ਮਿਲਾਇ ਜੀਉ ॥੧੦॥**

*(ਸਿਰੀਰਾਗੁ ਮ: ੧, ਪੰਨਾ ੭੨)*

ਤੇ ਗੁਰੂ ਕੌਣ ਹੈ?

**ਛਿਅ ਘਰ ਛਿਅ ਗੁਰ ਛਿਅ ਉਪਦੇਸ ॥**
**ਗੁਰੁ ਗੁਰੁ ਏਕੋ ਵੇਸ ਅਨੇਕ ॥੧॥**
**ਬਾਬਾ ਜੈ ਘਰਿ ਕਰਤੇ ਕੀਰਤਿ ਹੋਇ ॥**
**ਸੋ ਘਰੁ ਰਾਖੁ ਵਡਾਈ ਤੋਇ ॥੧॥ਰਹਾਉ॥**
**ਵਿਸੁਏ ਚਸਿਆ ਘੜੀਆ ਪਹਰਾ ਥਿਤੀ ਵਾਰੀ ਮਾਹੁ ਹੋਆ ॥**
**ਸੂਰਜੁ ਏਕੋ ਰੁਤਿ ਅਨੇਕ ॥**
**ਨਾਨਕ ਕਰਤੇ ਕੇ ਕੇਤੇ ਵੇਸ ॥੨॥੨॥**

*(ਰਾਗੁ ਆਸਾ ਮ: ੧, ਪੰਨਾ ੧੩)*

ਸਿਖ ਉਦੋਂ ਹੀ ਖਾਲਸਾ ਬਣਦਾ ਹੈ ਜਦੋਂ ਉਸ ਅੰਦਰ 'ਬ੍ਰਹਮ ਗਿਆਨੀ' ਦੀ ਵਿਸ਼ਾਲਤਾ, ਸੁਹਿਰਦਤਾ, ਸਮਦ੍ਰਿਸ਼ਟਤਾ, ਨਿਰਦੋਖਤਾ, ਧੀਰਜ ਤੇ ਪਰਉਪਕਾਰ ਪ੍ਰਵੇਸ਼ ਕਰਦੇ ਹਨ ਤੇ ਜਦੋਂ ਸੱਚੇ ਦਿਲੋਂ ਉਹ ਸਰਬੱਤ ਦੇ ਭਲੇ ਲਈ ਅਰਦਾਸ ਕਰਦਾ ਹੈ। 'ਨੀਲਾਂਬਰ' ਦੀ ਵਿਆਖਿਆ ਗੁਰੂ ਅਰਜਨ ਸਾਹਿਬ ਨੇ ਇਸ ਤਰ੍ਹਾਂ ਕੀਤੀ ਹੈ:

**ਬ੍ਰਹਮ ਗਿਆਨੀ ਸਦਾ ਨਿਰਲੇਪ ॥**
**ਜੈਸੇ ਜਲ ਮਹਿ ਕਮਲ ਅਲੇਪ ॥**

ਬ੍ਰਹਮ ਗਿਆਨੀ ਸਦਾ ਨਿਰਦੋਖ ॥
ਜੈਸੇ ਸੂਰੁ ਸਰਬ ਕਉ ਸੋਖ ॥
ਬ੍ਰਹਮ ਗਿਆਨੀ ਕੈ ਦ੍ਰਿਸਟਿ ਸਮਾਨਿ ॥
ਜੈਸੇ ਰਾਜ ਰੰਕ ਕਉ ਲਾਗੈ ਤੁਲਿ ਪਵਾਨ ॥
ਬ੍ਰਹਮ ਗਿਆਨੀ ਕੈ ਧੀਰਜੁ ਏਕ ॥
ਜਿਉ ਬਸੁਧਾ ਕੋਊ ਖੋਦੈ ਕੋਊ ਚੰਦਨ ਲੇਪ ॥
ਬ੍ਰਹਮ ਗਿਆਨੀ ਕਾ ਇਹੈ ਗੁਨਾਉ ॥
ਨਾਨਕ ਜਿਉ ਪਾਵਕ ਕਾ ਸਹਜ ਸੁਭਾਉ ॥੧॥

*(ਗਉੜੀ ਸੁਖਮਨੀ ਮ: ੫, ਪੰਨਾ ੨੭੨)*

ਇਹ ਹੈ 'ਨੀਲਾਂਬਰ' ਦਾ ਗਗਨ ਤੇ ਸਾਗਰ ਵਾਲਾ ਹਿਰਦਾ। 'ਨੀਲਾਂਬਰ' 'ਬ੍ਰਹਮ ਗਿਆਨ' ਦਾ ਚਿੰਨ੍ਹ ਹੈ ਤੇ 'ਬ੍ਰਹਮ ਗਿਆਨ' ਮਨੁੱਖੀ ਵਤੀਰੇ ਵਿਚੋਂ ਪਤਾ ਲੱਗਦਾ ਹੈ।

## ੯

# ਭਗਤੀ ਤੇ ਸ਼ਕਤੀ

### ੧. ਮਹਾਂਵਾਕ

੧. ਯਦਾ ਯਦਾ ਹੀ ਧਰਮਅਸਯ ਗਿਲਾਨਿਰ ਭਵਤੀ ਭਾਰਤ।
ਅਭਯੁਥਾਨਮ ਅਧਰਮ ਅਸਯ ਤਦਾਤਮਾਨਮ ਸਿਰਜਾਮਯਹਮ ॥੭॥
ਪਰੀਤਰਾਣਾਯ ਸਾਧੂਨਾਮ ਵਿਨਾਸ਼ਾਯ ਦੁਸ਼ਕ੍ਰਿਤਾਮ।
ਧਰਮਸੰਸਥਾਪਨਾਰਥਾਯ ਸੰਭਵਾਮੀ ਯੁਗੇ ਯੁਗੇ ॥੮॥

(ਹੇ ਭਾਰਤ! ਜਦੋਂ ਜਦੋਂ ਧਰਮ ਦੀ ਹਾਨੀ ਅਤੇ ਅਧਰਮ ਦੀ ਬ੍ਰਿਧੀ ਹੁੰਦੀ ਹੈ, ਤਦੋਂ ਤਦੋਂ ਹੀ ਮੈਂ ਆਪਣੇ ਆਪ ਨੂੰ ਪ੍ਰਗਟ ਕਰਦਾ ਹਾਂ। ਸਾਧੂ ਜਨਾਂ ਦੀ ਰਖਸ਼ਾ ਲਈ ਅਤੇ ਦੁਸ਼ਟਾਂ ਦੇ ਨਾਸ਼ ਲਈ ਅਤੇ ਧਰਮ ਨੂੰ ਭਲੀ-ਭਾਂਤ ਸਥਾਪਤ ਕਰਨ ਲਈ, ਮੈਂ ਯੁਗ ਯੁਗ ਵਿਚ ਪ੍ਰਗਟ ਹੁੰਦਾ ਹਾਂ)। *(ਸ੍ਰੀ ਮਦ ਭਗਵਤ ਗੀਤਾ, ਅਧਿਆਇ ੪)*

੨. ਸੰਤਾ ਮਾਨਉ ਦੂਤਾ ਡਾਨਉ, ਇਹ ਕੁਟਵਾਰੀ ਮੇਰੀ ॥
ਦਿਵਸ ਰੈਨਿ ਤੇਰੇ ਪਾਉ ਪਲੋਸਉ, ਕੇਸ ਚਵਰ ਕਰਿ ਫੇਰੀ ॥੧॥
ਹਮ ਕੂਕਰ ਤੇਰੇ ਦਰਬਾਰਿ ॥ ਭਉਕਹਿ ਆਗੈ ਬਦਨੁ ਪਸਾਰਿ ॥੧॥ਰਹਾਉ॥
ਪੂਰਬ ਜਨਮ ਹਮ ਤੁਮ੍ਹਰੇ ਸੇਵਕ, ਅਬ ਤਉ ਮਿਟਿਆ ਨ ਜਾਈ ॥
ਤੇਰੇ ਦੁਆਰੈ ਧੁਨਿ ਸਹਜ ਕੀ, ਮਾਥੈ ਮੇਰੇ ਦਗਾਈ ॥੨॥
ਦਾਗੇ ਹੋਹਿ ਸੁ ਰਨ ਮਹਿ ਜੂਝਹਿ, ਬਿਨੁ ਦਾਗੇ ਭਗਿ ਜਾਈ ॥
ਸਾਧੂ ਹੋਇ ਸੁ ਭਗਤਿ ਪਛਾਨੈ ਹਰਿ ਲਏ ਖਜਾਨੈ ਪਾਈ ॥੩॥
ਕੋਠਰੇ ਮਹਿ ਕੋਠਰੀ ਪਰਮ ਕੋਠੀ ਬੀਚਾਰਿ ॥
ਗੁਰਿ ਦੀਨੀ ਬਸਤੁ ਕਬੀਰ ਕਉ ਲੇਵਹੁ ਬਸਤੁ ਸਮ੍ਹਾਰਿ ॥੪॥
ਕਬੀਰ ਦੀਈ ਸੰਸਾਰ ਕਉ ਲੀਨੀ ਜਿਸੁ ਮਸਤਕਿ ਭਾਗੁ ॥
ਅੰਮ੍ਰਿਤ ਰਸੁ ਜਿਨਿ ਪਾਇਆ, ਥਿਰੁ ਤਾ ਕਾ ਸੋਹਾਗੁ ॥੫॥੪॥
*(ਰਾਮਕਲੀ ਕਬੀਰ ਜੀ, ਪੰਨਾ ੯੬੯-੭੦)*

੩. ਹਮ ਏਹ ਕਾਜ ਜਗਤ ਮੋ ਆਏ ॥
ਧਰਮ ਹੇਤ ਗੁਰਦੇਵ ਪਠਾਏ ॥
ਜਹਾਂ ਤਹਾਂ ਤੁਮ ਧਰਮ ਬਿਥਾਰੋ ॥
ਦੁਸਟ ਦੋਖੀਅਨ ਪਕਰਿ ਪਛਾਰੋ ॥੪੨॥
ਯਾਹੀ ਕਾਜ ਧਰਾ ਹਮ ਜਨਮੰ ॥

ਸਮਝ ਲੇਹੁ ਸਾਧੂ ਸਭ ਮਨਮੰ ॥
ਧਰਮ ਚਲਾਵਨ ਸੰਤ ਉਬਾਰਨ ॥
ਦੁਸਟ ਸਭਨ ਕੋ ਮੂਲ ਉਪਾਰਨ ॥੪੩॥ *(ਬਚਿਤ੍ਰ ਨਾਟਕ, ਪੰਨਾ ੫੭-੫੮)*

## ੨. ਸਿਮਰਨ

ਸਾਰੇ ਸੰਸਾਰ ਵਿਚ ਲੋਕਾਂ ਦਾ ਸ਼ਬਦ-ਸ਼ਕਤੀ ਵਿਚ ਅਥਾਹ ਵਿਸ਼ਵਾਸ ਹੈ। ਸ਼ਬਦ-ਸ਼ਕਤੀ ਦਾ ਭਾਵ ਇਹ ਹੈ ਕਿ ਜਿਸ ਚੀਜ਼ ਨੂੰ ਸ਼ਬਦ ਦੁਆਰਾ ਯਾਦ ਕੀਤਾ ਜਾਏ ਭਾਵ ਜਿਸ ਚੀਜ਼ ਦਾ ਨਾਉਂ ਲਿਆ ਜਾਏ, ਉਹ ਤਤਕਾਲ ਪਰਤੱਖ ਹੋ ਜਾਂਦੀ ਹੈ। ਪੰਜਾਬ ਵਿਚ ਜਦੋਂ ਕੋਈ ਪ੍ਰਾਣੀ ਮਰਦਾ ਹੈ, ਤਾਂ ਸਿਆਣੇ ਸੂਝਵਾਨ ਬਜ਼ੁਰਗ ਇਹ ਨਹੀਂ ਕਹਿੰਦੇ ਕਿ ਉਹ ਮਰ ਗਿਆ ਹੈ ਸਗੋਂ ਕਹਿੰਦੇ ਹਨ ਕਿ 'ਸੁਰਗਵਾਸ' ਹੋ ਗਿਆ ਹੈ, 'ਚੜ੍ਹਾਈ' ਕਰ ਗਿਆ ਹੈ, 'ਗੁਰਪੁਰੀ ਸਿਧਾਰ' ਗਿਆ ਹੈ ਆਦਿ। ਸਿਆਣੇ ਲੋਕੀ ਨਹੀਂ ਕਹਿੰਦੇ ਕਿ 'ਦੀਵਾ ਬੁਝਾ ਦਿਓ', ਸਗੋਂ ਕਹਿੰਦੇ ਹਨ ਕਿ 'ਦੀਵਾ ਵੱਡਾ' ਕਰ ਦਿਓ, ਬਜ਼ੁਰਗ ਦੁਕਾਨਦਾਰ ਕਦੇ ਨਹੀਂ ਕਹਿਣਗੇ ਕਿ 'ਹੱਟੀ ਬੰਦ' ਕਰ ਦਿਓ, ਸਗੋਂ ਕਹਿਣਗੇ ਕਿ 'ਹੱਟੀ ਵਧਾ' ਦਿਓ। ਇਹ ਸਾਰੇ ਕਥਨ ਸ਼ਬਦ-ਸ਼ਕਤੀ ਨੂੰ ਦ੍ਰਿੜ੍ਹਾਂਦੇ ਹਨ। ਲੋਕਾਂ ਦਾ ਵਿਸ਼ਵਾਸ ਹੈ ਕਿ ਮੌਤ ਦਾ ਨਾਂ ਲੈਣ ਨਾਲ ਮੌਤ ਪਰਤੱਖ ਹੋ ਜਾਂਦੀ ਹੈ, 'ਦੀਵਾ ਬੁਝ ਜਾਣਾ' ਵੀ ਕਿਸੇ ਤਰ੍ਹਾਂ ਮੌਤ ਨਾਲ ਸੰਬੰਧਤ ਹੈ ਤੇ ਇਸ ਲਈ ਦੀਵਾ ਬੁਝਾਣਾ ਨਹੀਂ ਕਹਿੰਦੇ ਸਗੋਂ 'ਦੀਵਾ ਵੱਡਾ ਕਰਨਾ' ਕਹਿ ਦਿੰਦੇ ਹਨ। 'ਹੱਟੀ ਬੰਦ' ਹੋ ਜਾਣ ਦਾ ਭਾਵ ਹੈ ਕੰਮ ਕਾਰ ਖ਼ਤਮ ਹੋ ਜਾਣਾ, ਦਿਵਾਲਾ ਨਿਕਲ ਜਾਣਾ। ਇਸ ਲਈ 'ਹੱਟੀ ਬੰਦ ਕਰਨੀ' ਨਹੀਂ ਕਹਿਣੀ ਕਿਉਂਕਿ ਵਿਸ਼ਵਾਸ ਹੈ ਕਿ ਜੇ ਇਹ ਕਿਹਾ ਤਾਂ ਇਹ ਹੋ ਕੇ ਰਹੇਗਾ, ਇਸ ਲਈ 'ਹੱਟੀ ਵਧਾਣੀ' ਕਹਿੰਦੇ ਹਨ। ਇਸ ਵਿਸ਼ਵਾਸ ਨੂੰ ਸ਼ਬਦ-ਸ਼ਕਤੀ ਵਿਚ ਵਿਸ਼ਵਾਸ ਕਿਹਾ ਜਾਂਦਾ ਹੈ ਭਾਵ ਕਿ ਜਿਸ ਚੀਜ਼ ਜਾਂ ਘਟਨਾ ਨੂੰ ਅਸੀਂ ਸ਼ਬਦਾਂ ਦੁਆਰਾ ਯਾਦ ਕਰੀਏ, ਉਹ ਪਰਤੱਖ ਹੋ ਜਾਂਦੀ ਹੈ ਤੇ ਘਰ ਵਿਚ ਜਾਂ ਸਾਡੇ ਨਾਲ ਵਾਪਰ ਕੇ ਰਹਿੰਦੀ ਹੈ। ਇਸੇ ਲਈ ਘ੍ਰਿਣਤ ਪੰਛੀਆਂ, ਪਸ਼ੂਆਂ ਤੇ ਵਸਤਾਂ ਦਾ ਲੋਕੀ ਚੰਗੇ ਮੌਕਿਆਂ 'ਤੇ ਜਾਂ ਕਿਸੇ ਕੰਮ ਜਾਂ ਸਫ਼ਰ ਅਰੰਭ ਕਰਨ ਵੇਲੇ ਨਾਂ ਨਹੀਂ ਲੈਂਦੇ। ਖ਼ੁਸ਼ੀ ਦੇ ਮੌਕਿਆਂ 'ਤੇ ਘ੍ਰਿਣਤ ਤੇ ਦੁਖਦਾਈ ਚੀਜ਼ਾਂ ਤੇ ਘਟਨਾਵਾਂ ਦਾ ਨਾਂ ਨਹੀਂ ਲੈਂਦੇ। ਜਿੰਨਾਂ, ਭੂਤਾਂ ਦੀਆਂ ਕਹਾਣੀਆਂ ਸੌਣ ਵੇਲੇ ਬੱਚਿਆਂ ਨੂੰ ਨਹੀਂ ਸੁਣਾਂਦੇ ਕਿਉਂਕਿ ਰਾਤ ਨੂੰ ਸੁਪਨਿਆਂ ਵਿਚ ਡਰਾਉਣੀਆਂ ਚੀਜ਼ਾਂ ਉਨ੍ਹਾਂ ਨੂੰ ਪਰਤੱਖ ਹੋ ਜਾਂਦੀਆਂ ਹਨ, ਕਈ ਵਾਰੀ ਵੈਸੇ ਹੀ ਇਕੱਲ ਵਿਚ ਤੇ ਹਨੇਰੇ ਵਿਚ ਬੱਚਿਆਂ ਨੂੰ ਜਿੰਨ, ਭੂਤ ਦਿੱਸਣ ਲਗ ਪੈਂਦੇ ਹਨ।

ਇਹ ਗੱਲ ਕੇਵਲ ਪੰਜਾਬ ਵਿਚ ਹੀ ਠੀਕ ਨਹੀਂ, ਸਾਰੇ ਭਾਰਤ-ਵਰਸ਼ ਵਿਚ ਠੀਕ ਹੈ। ਸਾਰੇ ਸੰਸਾਰ ਵਿਚ ਠੀਕ ਹੈ। ਸਾਰੇ ਸੰਸਾਰ ਦੇ ਲੋਕਾਂ ਦਾ ਸ਼ਬਦ-ਸ਼ਕਤੀ ਵਿਚ ਵਿਸ਼ਵਾਸ ਹੈ। ਸਗੋਂ ਯੂਰਪ ਦੇ ਲੋਕੀ ਸਾਡੇ ਨਾਲੋਂ ਵੀ ਵੱਧ ਇਸ ਸ਼ਕਤੀ ਵਿਚ ਵਿਸ਼ਵਾਸ ਰੱਖਦੇ ਹਨ। ਕੋਈ ਯੂਰਪੀਨ ਕਿਸੇ ਹੋਟਲ ਵਿਚ ਤੇਰ੍ਹਾਂ ਨੰਬਰ ਕਮਰੇ ਵਿਚ ਨਹੀਂ ਠਹਿਰਦਾ। ਜਿਸ ਤਰ੍ਹਾਂ ਸਾਡੇ ਬਿੱਲੀ, ਖੋਤੇ, ਉੱਲੂ ਆਦਿ ਬਾਰੇ ਕਈ ਵਿਸ਼ਵਾਸ ਹਨ, ਉਨ੍ਹਾਂ ਦੇ ਵੀ ਹਨ। ਉਹ ਵੀ ਘ੍ਰਿਣਤ ਵਸਤਾਂ ਤੋਂ ਡਰਦੇ ਹਨ। ਮਨੁੱਖਤਾ ਦਾ ਬੁਨਿਆਦੀ ਸੁਭਾਅ ਇਕੋ ਜਿਹਾ ਹੀ ਹੈ। ਲੋਕ ਡਰਾਉਣੀਆਂ ਵਸਤਾਂ ਦੇ ਨਾਂ ਨਹੀਂ ਲੈਂਦੇ। ਵਿਸ਼ਵਾਸ

ਇਹੋ ਹੈ ਕਿ ਉਨ੍ਹਾਂ ਵਸਤਾਂ ਵਿਚ ਜਾਂ ਘਟਨਾਵਾਂ ਵਿਚ ਸ਼ਕਤੀ ਹੈ ਕਿ ਜਦੋਂ ਉਨ੍ਹਾਂ ਨੂੰ ਯਾਦ ਕੀਤਾ ਜਾਏ, ਉਹ ਪਰਤੱਖ ਆ ਵਾਪਰਦੀਆਂ ਹਨ। ਲੋਕ ਘ੍ਰਿਣਤ ਮਨੁੱਖਾਂ ਦਾ ਸਵੇਰੇ ਨਾਂ ਨਹੀਂ ਲੈਂਦੇ। ਕਹਿੰਦੇ ਹਨ ਕਿ ਸਾਰਾ ਦਿਨ ਰੋਟੀ ਨਹੀਂ ਮਿਲਦੀ, ਜੇ ਉਸ ਦਾ ਨਾਂ ਲੈ ਲਿਆ ਜਾਏ। ਅੰਗਰੇਜ਼ੀ ਵਾਲੇ ਕਹਿੰਦੇ ਹਨ ਕਿ ਸ਼ੈਤਾਨ ਨੂੰ ਯਾਦ ਕਰੋ ਤਾਂ ਸ਼ੈਤਾਨ ਪਰਤੱਖ ਹੋ ਜਾਂਦਾ ਹੈ (Think of the devil and there he is)।

ਬਹੁਤ ਕਰਕੇ ਲੋਕ ਘ੍ਰਿਣਤ ਤੇ ਡਰਾਉਣੀਆਂ ਚੀਜ਼ਾਂ ਦੇ ਨਾਂ ਹੀ ਨਹੀਂ ਲੈਂਦੇ। ਪਰ ਇਸ ਦਾ ਭਾਵ ਇਹ ਨਹੀਂ ਕਿ ਸੁਖਾਵੀਆਂ ਚੀਜ਼ਾਂ ਦੇ ਨਾਂ ਦੀ ਸ਼ਕਤੀ ਵਿਚ ਲੋਕਾਂ ਦਾ ਵਿਸ਼ਵਾਸ ਨਹੀਂ। ਪਰਤੱਖ ਹੈ ਕਿ ਇਸ ਵਿਚ ਵੀ ਉੱਨਾ ਹੀ ਵਿਸ਼ਵਾਸ ਹੈ ਜਿੰਨਾ ਘ੍ਰਿਣਤ ਚੀਜ਼ਾਂ ਦੇ ਨਾਂ ਵਿਚ। ਜੇ ਉਹ 'ਦੀਵਾ ਬੁਝਾਣਾ' ਨਹੀਂ ਕਹਿੰਦੇ ਤਾਂ 'ਦੀਵਾ ਵੱਡਾ ਕਰਨਾ' ਕਹਿੰਦੇ ਹਨ। ਤਾਂ ਤੇ 'ਦੀਵਾ ਵੱਡਾ' ਕਰਨ ਨਾਲ ਕੋਈ ਪ੍ਰਸੰਨਤਾ ਦੀ ਰੇਖਾ ਪ੍ਰਗਟ ਹੁੰਦੀ ਹੈ। 'ਹੱਟੀ ਬੰਦ' ਨਹੀਂ ਕਰਦੇ ਤੇ 'ਵਧਾਂਦੇ' ਹਨ ਤਾਂ ਤੇ 'ਵਧਾਣਾ' ਕੋਈ ਚੰਗੇ ਭਾਵ ਨੂੰ ਪ੍ਰਗਟ ਕਰਦਾ ਹੈ। ਜੇ ਕਈਆਂ ਮਨੁੱਖਾਂ ਦੇ ਨਾਂ ਵੱਡੇ ਵੇਲੇ ਲੋਕੀ ਲੈਣ ਤੋਂ ਡਰਦੇ ਹਨ ਤਾਂ ਇਹ ਵੀ ਕਹਿੰਦੇ ਹਨ ਕਿ ਫਲਾਣੇ ਦਾ ਨਾਂ ਵੱਡੇ ਵੇਲੇ ਲੈਣਾ ਚਾਹੀਦਾ ਹੈ, ਆਦਿ। ਭਾਵ ਲੋਕਾਂ ਦਾ ਦੋਵੇਂ ਤਰ੍ਹਾਂ ਸ਼ਬਦ-ਸ਼ਕਤੀ ਵਿਚ ਵਿਸ਼ਵਾਸ ਹੈ। ਪੰਜਾਬ ਵਿਚ ਭੈਣਾਂ ਸਹੁਰੇ ਬੈਠੀਆਂ, ਵੀਰਾ ! ਵੀਰਾ ! ਕਰ ਕੇ ਬੁਲਾਂਦੀਆਂ ਹਨ ਤੇ ਵੀਰ ਆ ਜਾਂਦੇ ਹਨ। ਭੈਣ ਨਾਨਕੀ ਵੀਰ ਕਰ ਕੇ ਬੁਲਾਂਦੀ ਸੀ ਤੇ ਗੁਰੂ ਨਾਨਕ ਦੇਵ ਜੀ ਆ ਜਾਂਦੇ ਸਨ, ਇਹ ਗੱਲ ਪੂਰਨ ਸਚਾਈ ਹੈ।

ਇਹੋ ਹੈ ਸਿਮਰਨ ਦਾ ਸਿਧਾਂਤ। ਜੇ ਪਰਮਾਤਮਾ ਨੂੰ ਯਾਦ ਕੀਤਾ ਜਾਏ ਤਾਂ ਉਹ ਵੀ ਪਰਤੱਖ ਹੋ ਜਾਂਦਾ ਹੈ। ਭਗਤੀ ਦਾ ਬੜਾ ਪੱਕਾ ਸਿਧਾਂਤ ਇਹ ਹੈ ਕਿ ਪਰਮਾਤਮਾ ਨੂੰ ਜਿਸ ਰੂਪ ਵਿਚ (ਗੋਪਾਲ, ਦਮੋਦਰ, ਦੁਖ ਭੰਜਨ) ਯਾਦ ਕੀਤਾ ਜਾਏ, ਉਸੇ ਰੂਪ ਵਿਚ ਪਰਤੱਖ ਹੋ ਜਾਂਦਾ ਹੈ। ਜਿਸ ਲੋੜ ਸਮੇਂ ਉਸ ਨੂੰ ਯਾਦ ਕੀਤਾ ਜਾਏ, ਉਸੇ ਲੋੜ ਦੀ ਪੂਰਤੀ ਲਈ ਲੋੜੀਂਦਾ ਰੂਪ ਧਾਰਨ ਕਰ ਕੇ ਪਰਤੱਖ ਹੋ ਜਾਂਦਾ ਹੈ। ਉਸ ਨੂੰ ਪਿਤਾ ਕਹਿ ਕੇ ਯਾਦ ਕੀਤਾ ਜਾਏ, ਉਸ ਰੂਪ ਵਿਚ ਪਰਤੱਖ ਹੋ ਜਾਂਦਾ ਹੈ, ਮਾਤਾ ਦੇ ਰੂਪ ਵਿਚ ਪਰਤੱਖ ਹੋ ਜਾਂਦਾ ਹੈ, ਸਹਾਇਕ ਦੇ ਰੂਪ ਵਿਚ ਪਰਤੱਖ ਹੋ ਜਾਂਦਾ ਹੈ, ਦੀਨ ਦਿਆਲ ਦੇ ਰੂਪ ਵਿਚ ਪਰਤੱਖ ਹੋ ਜਾਂਦਾ ਹੈ,ਇਤਿਆਦਿ। ਪ੍ਰਹਿਲਾਦ ਨੇ ਜਦੋਂ ਯਾਦ ਕੀਤਾ ਪਰਤੱਖ ਹੋ ਗਿਆ, ਧ੍ਰੂ ਨੇ ਜਦੋਂ ਯਾਦ ਕੀਤਾ ਪਰਤੱਖ ਹੋ ਗਿਆ, ਦਰੋਪਤੀ ਨੇ ਜਦੋਂ ਯਾਦ ਕੀਤਾ ਪਰਤੱਖ ਹੋ ਗਿਆ, ਕਬੀਰ ਨੇ ਜਦੋਂ ਯਾਦ ਕੀਤਾ ਪਰਤੱਖ ਹੋ ਗਿਆ, ਨਾਮਦੇਵ ਨੇ ਜਦੋਂ ਯਾਦ ਕੀਤਾ ਪਰਤੱਖ ਹੋ ਗਿਆ। ਪਰਮਾਤਮਾ ਪਰਤੱਖ ਹੋ ਜਾਂਦਾ ਹੈ, ਇਸੇ ਤਰ੍ਹਾਂ ਗੁਰੂ ਪਰਤੱਖ ਹੋ ਜਾਂਦਾ ਹੈ। ਜਦੋਂ ਸਿੰਘਾਂ ਰਲ ਕੇ ਜਾਂ ਕਿਸੇ ਇਕੱਲੇ ਨੇ ਵੀ, ਗੁਰੂ ਗੋਬਿੰਦ ਸਿੰਘ ਜੀ ਨੂੰ ਯਾਦ ਕੀਤਾ, ਗੁਰੂ ਪਰਤੱਖ ਹੋ ਗਿਆ। ਸ਼ਹੀਦ ਸਿੰਘ ਪਰਤੱਖ ਹੋ ਜਾਂਦੇ ਹਨ, ਜਦੋਂ ਉਨ੍ਹਾਂ ਨੂੰ ਯਾਦ ਕੀਤਾ ਜਾਏ। ਕਿਉਂ ਨਾ ਹੋਵੇ, ਜੇ ਘ੍ਰਿਣਤ ਤੇ ਦੁਖਦਾਈ ਚੀਜ਼ਾਂ ਪਰਤੱਖ ਹੋ ਸਕਦੀਆਂ ਹਨ ਤਾਂ ਸਗੋਂ ਵਧੇਰੇ ਸੰਭਾਵਨਾ ਹੋਣੀ ਚਾਹੀਦੀ ਹੈ ਕਿ ਸੁਖਦਾਈ ਤੇ ਸੁੰਦਰ ਵਸਤਾਂ ਪਰਤੱਖ ਹੋ ਸਕਣ, ਜਦੋਂ ਉਨ੍ਹਾਂ ਨੂੰ ਸਿਮਰਿਆ ਜਾਏ, ਪੁਕਾਰਿਆ ਜਾਏ ਤੇ ਯਾਦ ਕੀਤਾ ਜਾਏ। ਸਿਮਰਨ ਦਾ ਭਾਵ ਪਰਮਾਤਮਾ ਨੂੰ ਬੁਲਾਣਾ ਹੈ, ਪੁਕਾਰਨਾ ਹੈ।

ਪਰ 'ਰਾਮ ਕਹਿਣ' ਵਿਚ ਭੇਦ ਸਦਾ ਹੀ ਹੈ। ਸਾਰੇ ਕਹਿੰਦੇ ਹਨ ਪਰ ਪਰਤੱਖ

ਨਹੀਂ ਹੁੰਦਾ, ਕਬੀਰ ਕਹਿੰਦਾ ਹੈ ਤੇ ਪਰਤੱਖ ਹੋ ਜਾਂਦਾ ਹੈ, ਨਾਮਦੇਵ ਪੁਕਾਰਦਾ ਹੈ ਤੇ ਪਰਤੱਖ ਹੋ ਜਾਂਦਾ ਹੈ, ਦਰੋਪਤੀ ਪੁਕਾਰਦੀ ਹੈ ਤੇ ਪਰਤੱਖ ਹੋ ਜਾਂਦਾ ਹੈ। ਇਸ ਭੇਦ ਦਾ ਭੇਦ ਸਮਝਣਾ ਕੋਈ ਬਹੁਤ ਕਠਨ ਨਹੀਂ। ਮਨ ਦੀ ਅਵਸਥਾ ਤੇ ਵਿਸ਼ਵਾਸ ਦੀ ਗੱਲ ਹੈ। ਸ਼ਬਦ-ਸ਼ਕਤੀ ਵਿਚ ਵਿਸ਼ਵਾਸ ਦ੍ਰਿੜ੍ਹ ਹੋਵੇ ਤੇ ਜਿਸ ਵਸਤ ਨੂੰ ਪੁਕਾਰ ਰਹੇ ਹਾਂ ਉਸ ਲਈ ਪਿਆਰ ਜਾਂ ਘ੍ਰਿਣਾ ਪੂਰੀ ਪੂਰੀ ਹੋਵੇ, ਉੱਨੀ ਜਿੰਨੀ ਸਾਨੂੰ ਮਤ ਤੋਂ ਹੈ, ਉੱਨੀ ਜਿੰਨੀ ਸਾਨੂੰ ਆਪਣੇ ਵਪਾਰ ਦੇ ਫੇਲ੍ਹ ਹੋਣ ਤੋਂ ਹੈ ਜਾਂ ਪਿਆਰ ਉੱਨਾ ਹੋਵੇ ਜਿੰਨਾ ਸਚਮੁੱਚ ਇਕ ਪੰਜਾਬੀ ਭੈਣ ਨੂੰ ਵੀਰ ਨਾਲ ਹੈ। ਮੌਤ ਨੂੰ ਅਸੀਂ ਸਚਮੁੱਚ ਘ੍ਰਿਣਾ ਕਰਦੇ ਹਾਂ, ਵੀਰ ਨੂੰ ਭੈਣ ਸਚਮੁੱਚ ਪਿਆਰ ਕਰਦੀ ਹੈ। ਮੌਤ ਦਾ ਨਾਂ ਨਾ ਲੈਣ ਨਾਲ ਉਹ ਨਹੀਂ ਹੋਵੇਗੀ ਤੇ ਵੀਰ ਨੂੰ ਬੁਲਾਣ ਨਾਲ ਉਹ ਪਰਤੱਖ ਹੋ ਜਾਏਗਾ, ਅਵੱਸ਼ ਹੈ।

ਅਸਲ ਵਿਚ 'ਵੀਰ' ਇਕ ਸ਼ਬਦ ਨਹੀਂ, ਇਹ ਇਕ ਹਿਰਦੇ ਦੀ ਅਵਸਥਾ ਹੈ। ਇਕ ਵਿਸ਼ੇਸ਼ ਪਿਆਰ ਭਰੀ ਦਸ਼ਾ ਨੂੰ ਅਸੀਂ ਪ੍ਰਗਟ ਵੀਰ ਸ਼ਬਦ ਨਾਲ ਕਰਦੇ ਹਾਂ। ਉਹ ਅਵਸਥਾ ਇਕ ਹਿਰਦੇ ਦੀ ਪਿਘਲੀ ਹੋਈ, ਦ੍ਰਵੀ ਹੋਈ ਦਸ਼ਾ ਹੈ ਜਿਸ ਦੀ ਉਪਜ ਇਨ੍ਹਾਂ ਕਾਰਨਾਂ ਨੇ ਕੀਤੀ ਹੈ। 'ਵੀਰ' ਉਸੇ ਮਾਂ ਦਾ ਜਾਇਆ ਹੈ ਜਿਸ ਨੇ ਭੈਣ ਨੂੰ ਜਨਮ ਦਿਤਾ ਹੈ, ਉਹ ਦੋਵੇਂ ਇਕੱਠੇ ਖੇਡੇ ਹਨ, ਉਸ ਲਈ ਵੀਰ ਨੇ ਵਰ ਢੂੰਡਿਆ ਹੈ, ਉਸ ਦੀਆਂ ਲਾਵਾਂ ਵੇਲੇ ਵੀਰ ਦੀਆਂ ਅੱਖਾਂ ਵਿਚੋਂ ਇਕ ਧਾਰਾ ਚਲੀ ਸੀ, ਉਸ ਦੀ ਉਂਗਲ ਫੜ ਕੇ ਵੀਰ ਨੇ ਉਸ ਨੂੰ ਡੋਲੀ ਵਿਚ ਪਾਇਆ ਸੀ, ਵੀਰ ਕਿੰਨੀ ਵਾਰੀ ਮਿਲਣ ਆਇਆ ਸੀ। ਸਾਰਾ ਇਤਿਹਾਸ ਗਵਾਹ ਹੈ ਕਿ ਪੰਜਾਬੀ ਵੀਰ ਸਦਾ ਬੀਰਤਾ ਵਿਚ ਨਿਪੁੰਨ ਰਹੇ ਹਨ, ਉਹ ਹਰ ਦੁਖ ਵਿਚ ਭੈਣਾਂ ਨੂੰ ਅਪੜਦੇ ਰਹੇ ਹਨ। ਪੰਜਾਬੀ ਵੀਰ ਸਚਮੁੱਚ ਵੇਲੇ ਸਿਰ ਅਪੜਦੇ ਹਨ, ਉਹ ਬੱਧੀ ਰੱਖੜੀ ਨੂੰ ਕਦੇ ਲਾਜ ਨਹੀਂ ਲੱਗਣ ਦਿੰਦੇ। ਵੀਰ-ਭੈਣ ਦੇ ਅੰਦਰ ਇਕ ਅਗੰਮੀ ਅਲੌਕਿਕ ਤਾਰ ਹੈ, ਇਹ ਜਦੋਂ ਖੜਕੇ, ਇਕ ਦੂਜੇ ਨੂੰ ਖ਼ਬਰ ਹੋ ਜਾਂਦੀ ਹੈ। ਮਾਂ-ਪੁਤ ਵਿਚ ਵੀ ਇਹ ਤਾਰ ਥਰਕੀ ਹੈ, ਮਿਤ੍ਰ ਮਿਤ੍ਰ ਵਿਚ ਵੀ ਹੈ। ਭਾਵ ਜਿੰਨਾ ਸੰਬੰਧ ਪਵਿਤਰ ਹੈ, ਜਿੰਨਾ ਸੰਬੰਧ ਚਿਰਾਕਾ ਹੈ, ਜਿੰਨਾ ਸੰਬੰਧ ਆਸ਼ਾ ਭਰਪੂਰ ਹੈ, ਉੱਨਾ ਹੀ ਪਰਤੱਖ ਹੋਣਾ ਸਹਿਲ ਹੈ। ਇਹੋ ਹੀ ਹਿਸਾਬ ਪਰਮਾਤਮਾ ਤੇ ਭਗਤ ਦਾ ਹੈ। ਭਗਤ ਪਰਮਾਤਮਾ ਦੀ ਸਾਰੀ ਕਰੀੜਾ ਨੂੰ ਜਾਣਦੇ ਹਨ ਜਿਵੇਂ ਭੈਣ ਵੀਰ ਦੀ ਨੂੰ, ਤੇ ਉਨ੍ਹਾਂ ਦੇ ਹਿਰਦੇ ਦੀ ਦਸ਼ਾ ਬਣਦੀ ਹੈ, ਉਨ੍ਹਾਂ ਲਈ ਪਰਮਾਤਮਾ ਸਚਮੁੱਚ ਪਿਤਾ, ਮਾਤਾ, ਵੀਰ ਬਣ ਜਾਂਦਾ ਹੈ ਤੇ ਉੱਨਾ ਹੀ ਮਿੱਠਾ ਉਸ ਦਾ ਨਾਤਾ ਹੁੰਦਾ ਹੈ ਜਿੰਨੇ ਇਹ ਨਾਤੇ ਹਨ।

ਮੁੱਕਦੀ ਗੱਲ ਇੰਨੀ ਹੀ ਹੈ ਕਿ ਲੋਕਾਂ ਦਾ ਸ਼ਬਦ-ਸ਼ਕਤੀ ਵਿਚ ਵਿਸ਼ਵਾਸ ਹੈ। ਇਹ ਵਿਸ਼ਵਾਸ ਬੁਨਿਆਦੀ ਤੌਰ 'ਤੇ ਠੀਕ ਹੈ, ਭਾਵੇਂ ਸਾਨੂੰ ਇਸ ਕਿਰਿਆ ਦੇ ਸਾਰੇ ਸਾਧਨ ਤੇ ਕਾਰਨ ਨਾ ਵੀ ਪਤਾ ਹੋਣ। ਪਰ ਇਸ ਅਸੂਲ ਤੋਂ ਲਾਭ ਪ੍ਰਾਪਤ ਕਰਨ ਲਈ ਇਕ ਵਿਸ਼ੇਸ਼ ਦਸ਼ਾ ਦੀ ਲੋੜ ਹੈ। ਨਾਮ ਸਿਮਰਨ ਦਾ ਇਹ ਸਿਧਾਂਤ ਹੈ, ਭਗਤੀ ਦਾ ਇਹ ਮਾਰਗ ਹੈ। ਭਗਤੀ ਤੇ ਸਿਮਰਨ ਅਨਿੱਖੜ ਹਨ ਜਿਵੇਂ ਨਾਮ ਤੇ ਪਰਮਾਤਮਾ ਅਨਿੱਖੜ ਹਨ। ਸਿਮਰਨ ਕਰਦਿਆਂ ਕਰਦਿਆਂ ਸਿਮਰਨ ਦੀ ਜਾਚ ਆ ਜਾਂਦੀ ਹੈ ਜਿਵੇਂ ਕੋਈ ਵੀ ਕੰਮ ਕਰਦਿਆਂ ਕਰਦਿਆਂ ਉਸ ਵਿਚ ਨਿਪੁੰਨਤਾ ਪ੍ਰਾਪਤ ਹੋ ਜਾਂਦੀ ਹੈ। ਜਿੰਨੀ ਜਿੰਨੀ ਨਿਪੁੰਨਤਾ ਕਿਸੇ ਕੰਮ ਵਿਚ ਪ੍ਰਾਪਤ ਹੋ ਜਾਂਦੀ ਹੈ, ਉੱਨੀ ਹੀ ਮਨੁੱਖ ਦੀ ਸ਼ਕਤੀ ਵਧ ਜਾਂਦੀ ਹੈ, ਹਰ ਤਰ੍ਹਾਂ ਦੀ ਸ਼ਕਤੀ ਉਸ ਵਿਚ ਆ ਜਾਂਦੀ ਹੈ, ਉਸ ਨੂੰ ਅਧਿਕਾਰ

ਵੱਧ ਮਿਲ ਜਾਂਦੇ ਹਨ, ਉਸ ਦੀ ਤਨਖ਼ਾਹ ਵਧ ਜਾਂਦੀ ਹੈ, ਕਈ ਉਸ ਦੇ ਅਧੀਨ ਕੰਮ ਕਰਦੇ ਹਨ, ਉਸ ਦੀ ਸਮਾਜ ਵਿਚ ਸ਼ੋਭਾ ਵਧ ਜਾਂਦੀ ਹੈ, ਆਦਿ। ਭਾਵ ਇਹ ਕਿ ਭਗਤੀ ਤੋਂ ਮਗਰੋਂ ਸ਼ਕਤੀ ਪੈਦਾ ਹੋ ਜਾਂਦੀ ਹੈ। ਸ਼ਕਤੀ ਭਗਤੀ ਦਾ ਹੀ ਇਕ ਰੂਪ ਹੈ। ਭਗਤ ਨੂੰ ਪਰਮਾਤਮਾ ਆਪਣੇ ਕਈ ਕਾਰਜ ਸਾਧਣ ਲਈ ਸ਼ਕਤੀ ਦਿੰਦਾ ਹੈ।

## ੩. ਸ਼ਕਤੀ

ਪਰ ਪਰਮਾਤਮਾ ਪਾਸੋਂ ਸ਼ਕਤੀ ਲੈਣੀ ਪੈਂਦੀ ਹੈ, ਉਹ ਆਪਣੇ ਆਪ ਨਹੀਂ ਦਿੰਦਾ। ਸਗੋਂ ਲੋੜ ਸਮੇਂ ਭਗਤ ਪਰਮਾਤਮਾ ਵਿਚ ਲੋੜੀਂਦੀ ਸ਼ਕਤੀ ਪੈਦਾ ਕਰਦਾ ਹੈ। ਪਰਮਾਤਮਾ ਤੇ ਸਰਬ ਸ਼ਕਤੀਮਾਨ ਹੈ ਪਰ ਭਗਤ ਇਕ ਵਿਸ਼ੇਸ਼ ਲੋੜ ਸਮੇਂ ਉਸ ਦੀ ਇਕ ਵਿਸ਼ੇਸ਼ ਸ਼ਕਤੀ ਨੂੰ ਪੁਕਾਰ ਜਾਂ ਸਿਮਰਨ ਨਾਲ ਉਭਾਰਦਾ ਹੈ ਤੇ ਉਸ ਨੂੰ ਪ੍ਰਯੋਗ ਵਿਚ ਲਿਆਂਦਾ ਹੈ। ਜਿਵੇਂ ਇਕ ਦੁਖੀ ਕਿਸੇ ਦਇਆਵਾਨ ਦੀ ਇਕ ਵਿਸ਼ੇਸ਼ ਸਮੇਂ ਦਇਆ ਦੀ ਸ਼ਕਤੀ ਨੂੰ ਉਭਾਰਦਾ ਹੈ ਤੇ ਉਹ ਦਾਨੀ ਦਇਆ ਕਰਦਾ ਹੈ, ਪਰ ਉਹ ਦਾਨੀ ਕੇਵਲ ਦਇਆਲੂ ਹੀ ਨਹੀਂ ਹੈ, ਉਹ ਪੁੱਤਰ ਵੀ ਹੈ, ਪਿਤਾ ਵੀ ਹੈ, ਪਤੀ ਵੀ ਹੈ, ਨੌਕਰ ਵੀ ਹੈ, ਮਾਲਕ ਵੀ ਹੈ ਤੇ ਉਸ ਵਿਚ ਕਈ ਸ਼ਕਤੀਆਂ ਹਨ ਜਿਹੜੀਆਂ ਵੇਲੇ ਵੇਲੇ ਕੰਮ ਕਰਦੀਆਂ ਹਨ ਪਰ ਵਿਸ਼ੇਸ਼ ਵੇਲੇ ਵਿਸ਼ੇਸ਼ ਸ਼ਕਤੀ ਹੀ ਕੰਮ ਕਰਦੀ ਹੈ ਜਿਸ ਨੂੰ ਕਿਸੇ ਤਰ੍ਹਾਂ ਉਭਾਰਿਆ ਗਿਆ ਹੈ ਜਾਂ ਜਿਸ ਦੀ ਖ਼ਾਸ ਸਮੇਂ ਲੋੜ ਹੈ।

ਭਗਤ ਦਾ ਰੱਬ ਸਰਗੁਣ ਹੈ, ਵਿਸ਼ੇਸ਼ ਰੱਬ ਹੈ, ਨਿਰਵਿਸ਼ੇਸ਼ ਨਹੀਂ ਹੈ, ਨਿਰਾ ਨਿਰਗੁਣ ਤੇ ਸ਼ੂਨਯ ਨਹੀਂ ਹੈ, ਨਿਰੀ ਜੋਤਿ ਨਹੀਂ ਹੈ। ਸਚਾਈ ਨਹੀਂ, ਸੱਚਾ ਹੈ; ਸ਼ਕਤੀ ਨਹੀਂ ਹੈ, ਸ਼ਕਤੀਮਾਨ ਹੈ; ਦਇਆ ਨਹੀਂ ਹੈ, ਦਇਆਵਾਨ ਹੈ। ਉਸ ਨੂੰ ਸਾਰੇ ਵਿਸ਼ੇਸ਼ਣ ਲੱਗ ਸਕਦੇ ਹਨ। ਉਸ ਵਿਚ ਸਾਰੀਆਂ ਸ਼ਕਤੀਆਂ ਹਨ। ਉਹ ਕੇਵਲ ਸ਼ਕਤੀ ਨਹੀਂ ਹੈ, ਸ਼ਕਤੀ ਦਾ ਧਾਰਨੀ ਹੈ; ਕੇਵਲ ਜੋਤਿ ਨਹੀਂ ਹੈ, ਜੋਤਿ ਦਾ ਧਾਰਨੀ ਹੈ; ਉਹ ਜ਼ਿੰਦਗੀ ਨਹੀਂ ਹੈ, ਜ਼ਿੰਦਾ ਹੈ। ਭਾਵੇਂ ਉਸ ਦਾ ਰੂਪ ਸਾਨੂੰ ਨਹੀਂ ਪਤਾ, ਪਰ ਉਹ ਰੂਪਵਾਨ ਹੈ, ਭਾਵ, ਉਸ ਦਾ ਸਰੂਪ ਹੈ ਜ਼ਰੂਰ, ਸਾਨੂੰ ਨਹੀਂ ਪਤਾ ਜਾਂ ਉਸ ਦੇ ਸਾਰੇ ਸਰੂਪ ਦੀ ਲਖਤਾ ਨਹੀਂ।

ਭਗਤੀ ਭਗਤ ਵਿਚ ਸ਼ਕਤੀ ਪੈਦਾ ਕਰਦੀ ਹੈ। ਉਸ ਦੇ ਪੁਕਾਰਨ ਵਿਚ ਬਲ ਪੈਦਾ ਕਰਦੀ ਹੈ। ਇਸ ਬਲ ਦਾ ਆਧਾਰ ਇਸ ਦੇ ਹਿਰਦੇ ਤੇ ਆਤਮਾ ਦੀ ਅਵਸਥਾ ਹੁੰਦੀਆਂ ਹਨ, ਉਸ ਦੇ ਹਿਰਦੇ ਤੇ ਆਤਮਾ ਦਾ ਬਲ ਹੁੰਦਾ ਹੈ। ਇਹ ਭਗਤ ਦਾ ਬਲ ਪਰਮਾਤਮਾ ਦੀ ਸ਼ਕਤੀ ਨੂੰ ਹਰਕਤ ਵਿਚ ਲਿਆਉਂਦਾ ਹੈ। ਇਹ ਭਗਤੀ ਪਰਮਾਤਮਾ ਨੂੰ ਇਕ ਤਰ੍ਹਾਂ ਬਲ ਪ੍ਰਦਾਨ ਕਰਦੀ ਹੈ।

ਪਰਮਾਤਮਾ ਦੀ ਸਾਰੀ ਕੁਦਰਤ ਆਪਣੇ ਆਪ ਚੱਲ ਰਹੀ ਹੈ, ਉਸ ਨੂੰ ਇਸ ਦੀ ਚਿੰਤਾ ਨਹੀਂ ਹੈ। ਉਹ ਨਿਰਲੇਪ ਹੈ। ਉਹ ਵੱਖ ਬੈਠਾ ਇਸ ਖੇਡ ਨੂੰ ਵੇਖਦਾ ਹੈ: 'ਕਰਿ ਆਸਣੁ ਡਿਠੋ ਚਾਉ'।[੧] ਉਹ ਆਰਾਮ ਨਾਲ ਸੁੱਤਾ ਰਹਿੰਦਾ ਹੈ।

ਪਰ ਉਸ ਦੀ ਇਸ ਵਖਰਿਤ ਦੀ ਦਸ਼ਾ ਨੂੰ ਕੌਣ ਭੰਗ ਕਰ ਸਕਦਾ ਹੈ ? ਇਸ ਦਾ ਉੱਤਰ ਇਹ ਹੈ ਕਿ ਕੇਵਲ ਭਗਤ ਦੀ ਪੁਕਾਰ, ਭਗਤ ਦੀ ਯਾਦ ਤੇ ਲੋੜ ਪਰਮਾਤਮਾ ਦੀ 'ਸੁੰਨ ਸਮਾਧ' ਨੂੰ ਭੰਗ ਕਰਦੀ ਹੈ, ਉਸ ਵਿਚ ਸ਼ਕਤੀ ਭਰਦੀ ਹੈ ਤੇ ਉਹ ਉਠਦਾ ਹੈ ਤੇ ਭਗਤ ਵੱਲ ਦੌੜਦਾ ਹੈ। ਭਗਤ ਦੀ ਆਵਾਜ਼ ਸੁਣ ਕੇ

੧. ਵਾਰ ਆਸਾ ਮ: ੧, ਪੰਨਾ ੪੬੩

ਪਰਮਾਤਮਾ ਵਿਚ ਅਥਾਹ ਬਲ ਆ ਜਾਂਦਾ ਹੈ, ਅਤਿਅੰਤ ਵੇਗ ਨਾਲ ਉਸ ਨੂੰ ਦੌੜਨਾ ਪੈਂਦਾ ਹੈ ਤੇ ਉਥੇ ਪੁੱਜਦਾ ਹੈ, ਜਿਥੇ ਭਗਤ ਨੂੰ ਲੋੜ ਹੈ ਉਸ ਦੀ।

ਆਮ ਸਾਧਾਰਨ ਹਾਲਾਤ ਵਿਚ ਪਰਮਾਤਮਾ ਨੂੰ ਜਦੋਂ ਕੋਈ ਯਾਦ ਕਰਦਾ ਹੈ ਤਾਂ ਉਸ ਦੇ ਹਿਰਦੇ ਵਿਚੋਂ ਪਰਤੱਖ ਹੁੰਦਾ ਹੈ, ਉਸ ਨੂੰ ਕਿਸੇ ਤਰ੍ਹਾਂ ਵੀ ਆਚਰਨਕ ਤੌਰ 'ਤੇ ਗਿਰਨ ਨਹੀਂ ਦਿੰਦਾ। ਹਰ ਔਖੇ ਮੌਕੇ 'ਤੇ ਉਸ ਦੀ ਰਾਖੀ ਕਰਦਾ ਹੈ, ਉਸ ਦੇ ਨਾਲ ਰਹਿੰਦਾ ਹੈ। ਸਾਡੀ ਜ਼ਿੰਦਗੀ ਵਿਚ ਸਭ ਤੋਂ ਔਖੇ ਮੌਕੇ ਉਹ ਹੁੰਦੇ ਹਨ ਜਦੋਂ ਅਸੀਂ ਆਚਰਨ ਕਰਕੇ ਗਿਰਨ ਲੱਗਦੇ ਹਾਂ, ਅਸੀਂ ਕਾਮਾਦਿਕ ਕਿਸੇ ਬਟਵਾਰੇ ਦੇ ਪਰੀਵਸ ਹੋ ਕੇ ਕੋਈ ਮਾੜੀ ਗੱਲ ਕਰਨ ਲੱਗਦੇ ਹਾਂ। ਪਰਮਾਤਮਾ ਦਾ ਸਿਮਰਨ ਐਸੀਆਂ ਔਖੀਆਂ ਘੜੀਆਂ 'ਤੇ ਸਾਡੀ ਰਾਖੀ ਕਰਦਾ ਹੈ। ਪਰ ਕਿਵੇਂ ? ਸਾਡੇ ਅੰਦਰ ਪਰਤੱਖ ਹੋ ਕੇ। ਉਸ ਦੇ ਪਰਤੱਖ ਹੋਣ ਦਾ ਸਬੂਤ, ਸ਼ਕਤੀ ਹੈ। ਉਹ ਸਾਨੂੰ ਸ਼ਕਤੀ ਦਿੰਦਾ ਹੈ ਤੇ ਅਸੀਂ ਕਾਮਾਦਿਕ ਦੇ ਹੱਲੇ ਨੂੰ ਰੋਕ ਦਿੰਦੇ ਹਾਂ, ਅਸੀਂ ਕ੍ਰੋਧ ਨੂੰ ਜ਼ਬਤ ਕਰ ਸਕਦੇ ਹਾਂ, ਅਸੀਂ ਲਾਲਚ ਦੇ ਵੱਸ ਨਾ ਹੁੰਦੇ ਹੋਏ, ਹਜ਼ਾਰਾਂ ਨੂੰ ਠੁਕਰਾ ਦਿੰਦੇ ਹਾਂ, ਅਸੀਂ ਨਿਮਰ ਹੋ ਕੇ ਕਿਸੇ ਦਾ ਸਤਿਕਾਰ ਕਰਦੇ ਹਾਂ। ਸ਼ਾਇਦ ਨਿਮਰ ਹੋ ਸਕਣਾ ਬਹੁਤ ਭਾਰੀ ਸ਼ਕਤੀ ਦਾ ਸਬੂਤ ਹੈ। ਕਮਜ਼ੋਰ ਆਦਮੀ ਨਿਮਰਤਾ ਵਾਲਾ ਨਹੀਂ ਹੁੰਦਾ, ਕੇਵਲ ਪਰਬਲ ਮਨੁੱਖ ਹੀ ਨਿਮਰਤਾ ਵਾਲਾ ਹੋ ਸਕਦਾ ਹੈ, ਭਾਵ, ਜਦੋਂ ਅਸੀਂ ਪਰਮਾਤਮਾ ਨੂੰ ਯਾਦ ਕਰਦੇ ਹਾਂ, ਉਸ ਦੀ ਸ਼ਕਤੀ ਹਰਕਤ ਵਿਚ ਆਂਦੀ ਹੈ ਤੇ ਸਾਨੂੰ ਉਸ ਦਾ ਭਾਗ ਮਿਲਦਾ ਹੈ ਤੇ ਅਸੀਂ ਬੀਰਤਾ ਵਿਖਾ ਸਕਦੇ ਹਾਂ। ਭਗਤੀ ਦਾ ਫਲ ਸ਼ਕਤੀ ਹੈ ਤੇ ਸ਼ਕਤੀ ਮਨੁੱਖਤਾ ਤੇ ਸਮਾਜ ਲਈ ਕਲਿਆਣਕਾਰੀ ਹੈ। ਇਹ ਤਾਮਸੀ ਸ਼ਕਤੀ ਨਹੀਂ, ਰਾਜਸੀ ਵੀ ਨਹੀਂ, ਸਾਤਵਿਕ ਨਹੀਂ; ਇਹ ਆਤਮਕ ਸ਼ਕਤੀ ਹੈ। ਪਰ ਇਸ ਸ਼ਕਤੀ ਦਾ ਪ੍ਰਗਟਾਅ ਦਿਮਾਗ਼ ਰਾਹੀਂ ਹੋ ਸਕਦਾ ਹੈ, ਮਨ ਰਾਹੀਂ ਹੋ ਸਕਦਾ ਹੈ, ਭੁਜਾਂ ਰਾਹੀਂ ਹੋ ਸਕਦਾ ਹੈ। ਇਹ ਸ਼ਕਤੀ ਬਾਣੀ ਉਚਾਰ ਸਕਦੀ ਹੈ, ਤਲਵਾਰ ਚਲਾ ਸਕਦੀ ਹੈ, ਸਹਾਇਤਾ ਕਰ ਸਕਦੀ ਹੈ, ਦੰਡ ਦੇ ਸਕਦੀ ਹੈ। ਹਰ ਭਗਤ ਨੇ ਕੋਈ ਆਤਮਕ ਕਰਮ ਸਾਧਣਾ ਹੁੰਦਾ ਹੈ ਜੋ ਪਰਮਾਤਮਾ ਨੇ ਉਸ ਦੇ ਜ਼ਿੰਮੇ ਲਾਇਆ ਹੁੰਦਾ ਹੈ। ਉਹ ਉਸ ਕਰਮ ਦੇ ਅਨੁਸਾਰ ਪਰਮਾਤਮਾ ਦੀ ਪ੍ਰਦਾਨ ਕੀਤੀ ਸ਼ਕਤੀ ਨੂੰ ਵਰਤੋਂ ਵਿਚ ਲਿਆਂਦਾ ਹੈ। ਹਰ ਗੁਰੂ, ਅਵਤਾਰ ਨੇ ਵੀ ਕੋਈ ਮੰਤਵ, ਆਤਮਕ ਮੰਤਵ ਸਾਧਣਾ ਹੁੰਦਾ ਹੈ। ਉਹ ਵੀ ਉਸੇ ਤਰ੍ਹਾਂ ਸ਼ਕਤੀ ਨੂੰ ਪ੍ਰਯੋਗ ਵਿਚ ਲਿਆਉਂਦਾ ਹੈ।

ਸੋ ਭਗਤੀ ਤੋਂ ਮਗਰੋਂ ਸ਼ਕਤੀ ਦਾ ਉਤਪੰਨ ਹੋਣਾ ਸਾਧਾਰਨ ਜਾਂ ਕੁਦਰਤੀ ਗੱਲ ਹੈ। ਇਹ ਸ਼ਕਤੀ ਪਰਮਾਤਮਾ ਦੀ ਹੀ ਹੁੰਦੀ ਹੈ ਤੇ ਉਸਨੂੰ ਅਰਾਧਣ ਨਾਲ ਉਸ ਦੀ ਸ਼ਕਤੀ ਨੂੰ ਹਰਕਤ ਵਿਚ ਲਿਆ ਕੇ ਉਸ ਤੋਂ ਪ੍ਰਾਪਤ ਹੁੰਦੀ ਹੈ।

## ੪. ਅੰਮ੍ਰਿਤ

ਕਿੰਨੇ ਹੀ ਨਿਰਪੱਖ ਜਿਹੇ ਲੋਕ ਵੀ ਸੋਚਦੇ ਹਨ ਕਿ ਗੁਰੂ ਨਾਨਕ ਦੇਵ ਜੀ ਤੇ ਬੜੇ ਸੁਲਹਕੁਲ ਜਿਹੇ ਫ਼ਕੀਰ ਸਨ ਪਰ ਫਿਰ ਪਤਾ ਨਹੀਂ ਗੁਰੂ ਹਰਿਗੋਬਿੰਦ ਜੀ ਦੇ ਸਮੇਂ ਤੇ ਫਿਰ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਕੀ ਹੋ ਗਿਆ ਕਿ ਸਿਖ ਗੁਰੂ ਤੇ ਸਿਖ ਲੜਾਈਆਂ ਕਰਨ ਲੱਗ ਪਏ। ਗੁਰੂ ਨਾਨਕ ਸਾਹਿਬ ਤਾਂ ਭਗਤੀ ਮਾਰਗ ਦੇ ਸਨ ਤੇ ਗੁਰੂ ਗੋਬਿੰਦ ਸਿੰਘ ਜੀ ਬੀਰਤਾ ਤੇ ਕਰਮ ਮਾਰਗ ਦੇ ਧਾਰਨੀ ਸਨ। ਸ਼ਾਇਦ ਉਪਰਲੀ ਵਿਚਾਰ ਇਸ ਪ੍ਰਸ਼ਨ ਨੂੰ ਕਿਸੇ ਹੱਦ ਤੀਕ ਹੱਲ ਕਰ ਸਕਦੀ ਹੋਵੇ। ਭਗਤੀ ਤੇ ਸ਼ਕਤੀ

ਦੋ ਚੀਜ਼ਾਂ ਨਹੀਂ। ਭਗਤੀ ਵੀ ਇਕ ਸ਼ਕਤੀ ਹੈ ਜੋ ਪਰਮਾਤਮਾ ਹੀ ਭਗਤ ਨੂੰ ਦਿੰਦਾ ਹੈ ਤੇ ਹਰ ਭਗਤ ਕੋਈ ਆਤਮਕ ਮੰਤਵ ਸਾਹਮਣੇ ਰੱਖਦਾ ਹੈ, ਉਹ ਵਿਹਲਾ ਤੇ ਨਿਕੰਮਾ ਫ਼ਕੀਰ ਨਹੀਂ ਹੁੰਦਾ। ਉਹ ਮੰਤਵ ਪਰਮਾਤਮਾ ਹੀ ਉਸ ਨੂੰ ਦਿੰਦਾ ਹੈ, ਉਸ ਦੀ ਸਿੱਧੀ ਲਈ ਉਸ ਨੂੰ ਪੂਰੀ ਸ਼ਕਤੀ ਮਿਲਦੀ ਹੈ, ਇਹ ਹਰ ਸਮੇਂ ਸਿਮਰਨ ਨਾਲ ਉਸ ਨੂੰ ਮਿਲ ਰਹੀ ਹੁੰਦੀ ਹੈ ਤੇ ਉਹ ਕਾਰਜ ਸਾਧਕ ਬਣ ਰਿਹਾ ਹੁੰਦਾ ਹੈ।

ਗੁਰੂ ਨਾਨਕ ਸਾਹਿਬ ਤੋਂ ਗੁਰੂ ਗੋਬਿੰਦ ਸਿੰਘ ਤੀਕ ਇਕੋ ਹੀ ਜੋਤ ਕੰਮ ਕਰ ਰਹੀ ਸੀ। ਇਹ ਜੋਤ ਗੁਰੂ ਨਾਨਕ ਸਾਹਿਬ ਦੀ ਹੀ ਸੀ ਜਾਂ ਪਰਮਾਤਮਾ ਦੀ ਆਪਣੀ ਜੋਤ ਸੀ। ੧੪੬੯ ਤੋਂ ੧੭੦੮ ਤੀਕ ਗੁਰੂ ਨਾਨਕ ਜੋਤ ਆਤਮਕ ਕਾਰਜ ਦੀ ਸਾਧਨਾ ਕਰਦੀ ਰਹੀ। ਵੱਖ ਵੱਖ ਸਮੇਂ ਉਸਨੂੰ ਵੱਖ ਵੱਖ ਸ਼ਕਤੀ ਦਾ ਪ੍ਰਯੋਗ ਕਰਨਾ ਪਿਆ ਤੇ ਉਸੇ ਲੋੜ ਅਨੁਸਾਰ ਉਹ ਸ਼ਕਤੀ ਪਰਮਾਤਮਾ ਤੋਂ ਉਸ ਜੋਤ ਨੂੰ ਮਿਲਦੀ ਰਹੀ, ਕਿਉਂਕਿ ਭਗਤੀ ਤੇ ਸ਼ਕਤੀ ਦੋ ਚੀਜ਼ਾਂ ਨਹੀਂ ਹਨ। ਸਿਖ ਵੀ ਉਸੇ ਤਰ੍ਹਾਂ ਢਲਦੇ ਰਹੇ। ਗੁਰੂ ਨਾਨਕ ਦੀ ਜੋਤ ਜਨ-ਸਾਧਾਰਨ ਦੇ ਰਾਹੀਂ ਆਤਮਕ ਕਾਰਜ ਸਾਧਦੀ ਰਹੀ ਸੀ। ਸਿੱਖਾਂ ਵਿਚ ਵੀ ਭਗਤੀ ਦੁਆਰਾ ਉਹ ਸ਼ਕਤੀ ਵਰਤਦੀ ਰਹੀ ਜਿਸ ਦੀ ਲੋੜ ਸੀ। ਸਿੱਖਾਂ ਨੂੰ ਵੀ ਸ਼ਕਤੀ ਗੁਰੂ ਰਾਹੀਂ ਪਰਮਾਤਮਾ ਤੋਂ ਪ੍ਰਾਪਤ ਹੁੰਦੀ ਸੀ।

ਗੁਰੂ ਨਾਨਕ ਜੀ ਨੂੰ ਭਗਤੀ ਦੀ ਕਮਾਈ ਨਾਲ ਦਰਜਾ ਤੇ ਸ਼ਕਤੀ ਪ੍ਰਾਪਤ ਹੋਏ। ਕੌਮ ਨੂੰ ਉਠਾਣ ਲਈ ਉਨ੍ਹਾਂ ਇਸ ਸ਼ਕਤੀ ਦੀ ਵਰਤੋਂ ਕੀਤੀ। ਉਨ੍ਹਾਂ ਦਾ ਵਿਸ਼ੇਸ਼ ਸਾਧਨ ਜਾਂ ਤਰੀਕਾ 'ਬਾਣੀ' ਸੀ। ਬਾਣੀ ਵੀ ਇਕ ਸ਼ਕਤੀ ਹੈ ਜੋ ਭਗਤੀ ਨਾਲ ਪ੍ਰਾਪਤ ਹੁੰਦੀ ਹੈ। ਬਾਣੀ ਪੂਰਨ ਸਚਾਈ ਵਾਲਾ ਵਾਕ ਕਹਿ ਸਕਣ ਦੀ ਸਮਰੱਥਾ ਹੈ। ਨਾਮ ਬਾਣੀ ਨੂੰ ਉਪਜਾਂਦਾ ਹੈ ਤੇ ਬਾਣੀ ਨਾਮ ਉਪਜਾਂਦੀ ਹੈ। ਗੁਰੂ ਅੰਗਦ ਦੇਵ ਜੀ, ਗੁਰੂ ਅਮਰਦਾਸ ਜੀ, ਗੁਰੂ ਰਾਮਦਾਸ ਜੀ ਤੇ ਗੁਰੂ ਅਰਜਨ ਦੇਵ ਜੀ ਵਿਚ ਸ਼ਕਤੀ ਭਗਤੀ ਤੇ ਬਾਣੀ ਦੇ ਰੂਪ ਵਿਚ ਚਲਦੀ ਰਹੀ ਪਰ ਹੋਰ ਹਰ ਤਰ੍ਹਾਂ ਦੀ ਸ਼ਕਤੀ ਵੀ ਉਹ ਥੋੜ੍ਹੀ ਬਾਹਲੀ ਵਰਤਦੇ ਰਹੇ। ਗੁਰੂ ਹਰਿਗੋਬਿੰਦ ਜੀ ਨੇ ਹੋਰ ਸ਼ਕਤੀ ਦਾ ਵਧੇਰੇ ਪ੍ਰਯੋਗ ਕਰਨਾ ਜ਼ਰੂਰੀ ਸਮਝਿਆ। ਗੁਰੂ ਗੋਬਿੰਦ ਸਿੰਘ ਜੀ ਨੇ ਇਸ ਵਰਤੋਂ ਨੂੰ ਹੋਰ ਵੀ ਵਧੀਕ ਜ਼ਰੂਰੀ ਸਮਝਿਆ ਤੇ ਵਧੇਰੇ ਪੈਮਾਨੇ ਤੇ ਵੀ ਇਸ ਦੀ ਵਰਤੋਂ ਲੋੜੀਂਦੀ ਸਮਝੀ। ਸਿੱਖਾਂ ਨੂੰ ਵੀ ਇਹ ਸ਼ਕਤੀ ਪ੍ਰਦਾਨ ਕਰਨੀ ਜ਼ਰੂਰੀ ਸਮਝੀ। ਭਗਤੀ ਤੇ ਸ਼ਕਤੀ ਪਰਮਾਤਮਾ ਦੀ ਹੀ ਸੀ। ਅੰਮ੍ਰਿਤ ਪਾਨ ਕਰਨਾ ਪਰਮਾਤਮਾ ਅੱਗੇ ਆਪਣੀ ਲੋੜ ਪ੍ਰਗਟ ਕਰਨਾ ਹੈ ਕਿ ਤੇਰੇ ਕਾਰਜ ਨੂੰ ਸਾਧਣ ਲਈ 'ਸੰਤਾ ਮਾਨਉ ਦੂਤਾ ਡਾਨਉ'[1] ਤੇ 'ਧਰਮ ਚਲਾਵਨ ਸੰਤ ਉਬਾਰਨ ॥ ਦੁਸਟ ਸਭਨ ਕੋ ਮੂਲ ਉਪਾਰਨ' ॥[2] ਲਈ ਭੁਜਾ ਬਲ ਦੀ ਲੋੜ ਹੈ, ਸਾਨੂੰ ਇਹ ਸ਼ਕਤੀ ਪ੍ਰਦਾਨ ਕਰ।

ਪਰ ਸ਼ਕਤੀ ਕਿਸੇ ਪਾਸ ਰਹਿੰਦੀ ਉੱਨਾ ਤੀਕ ਹੀ ਹੈ ਜਿੰਨਾ ਤੀਕ ਭਗਤੀ ਰਹਿੰਦੀ ਹੈ। ਕੇਵਲ ਭਗਤੀ ਹੀ ਸਾਨੂੰ ਸ਼ਕਤੀ-ਦਾਤਾ ਨਾਲ ਜੋੜੀ ਰੱਖਦੀ ਹੈ ਤੇ ਕੇਵਲ ਇਸੇ ਭਗਤੀ ਦੀ ਤਾਰ ਰਾਹੀਂ ਸਾਨੂੰ ਸ਼ਕਤੀ ਪ੍ਰਾਪਤ ਹੁੰਦੀ ਹੈ।

ਅੰਮ੍ਰਿਤ ਦੀਆਂ ਸਾਰੀਆਂ ਸ਼ਰਤਾਂ (ਰਹਿਤ, ਕੁਰਹਿਤ) ਨਿਭਾ ਸਕਣਾ ਵੀ ਤੇ ਭਗਤੀ ਦਾ ਹੀ ਰੂਪ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਭਰੋਸਾ ਦਿਵਾਉਂਦਿਆਂ ਹੋਇਆਂ

---

੧. ਰਾਮਕਲੀ ਕਬੀਰ ਜੀ, ਪੰਨਾ ੯੬੯
੨. ਬਚਿਤ੍ਰ ਨਾਟਕ, ਪੰਨਾ ਪ੭-ਪ੮

ਕਿਹਾ ਹੈ ਕਿ ਜੇ ਤੁਸੀਂ ਇਹ ਅੰਮ੍ਰਿਤ-ਭਗਤੀ ਨਿਭਾਉਗੇ ਤਾਂ 'ਸਾਰਾ ਤੇਜ' ਮੈਂ ਤੁਹਾਨੂੰ ਦੇਵਾਂਗਾ। ਸਿਮਰਨ, ਨਿਤਨੇਮ ਤੇ ਮਨ ਦੀ ਪਵਿੱਤਰਤਾ ਹੀ ਅੰਮ੍ਰਿਤ ਦੀਆਂ ਸ਼ਰਤਾਂ ਹਨ, ਇਹ ਭਗਤੀ ਹਨ ਤੇ 'ਤੇਜ' ਇਸ ਭਗਤੀ ਦਾ ਕੁਦਰਤੀ ਫਲ ਹੈ।

ਇਸ 'ਤੇਜ' ਦੀ ਵਰਤੋਂ ਸਿਖ ਨੇ ਸਦਾ ਉਸੇ ਆਤਮਕ ਮੰਤਵ ਲਈ ਕਰਨੀ ਹੈ, ਜਿਸ ਲਈ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਦੀ ਵਰਤੋਂ ਦੀ ਆਗਿਆ ਦਿੱਤੀ ਹੈ। ਉਹ ਮੰਤਵ ਹੈ:

**ਧਰਮ ਚਲਾਵਨ ਸੰਤ ਉਬਾਰਨ॥**
**ਦੁਸਟ ਸਭਨ ਕੋ ਮੂਲ ਉਪਾਰਨ॥੪੩॥** *(ਬਚਿਤ੍ਰ ਨਾਟਕ, ਪੰਨਾ ੫੭-੫੮)*

ਇਹ ਸ਼ਕਤੀ ਸਿਖ ਨੂੰ ਪ੍ਰਾਪਤ ਤਦ ਤੀਕ ਹੀ ਰਹਿ ਸਕਦੀ ਹੈ ਜਦ ਤੀਕ ਉਹ ਭਗਤੀ ਕਰਦਾ ਹੈ।

ਇਹ ਠੀਕ ਹੈ ਕਿ ਆਤਮਕ ਸ਼ਕਤੀ ਹੀ ਸਭ ਤੋਂ ਮਹਾਨ ਸ਼ਕਤੀ ਹੈ, ਪਰ ਹਰ ਸ਼ਕਤੀ ਦਾ ਪ੍ਰਗਟਾਅ ਤੇ ਕੇਵਲ ਇੰਦ੍ਰਿਆਂ ਰਾਹੀਂ ਹੀ ਹੋ ਸਕਦਾ ਹੈ। ਬਿਜਲੀ ਨੂੰ ਜਿਸ ਰੂਪ ਵਿਚ ਮਰਜ਼ੀ ਹੈ ਵਰਤ ਲਓ, ਖ਼ਾਸ ਯੰਤਰ ਰਾਹੀਂ ਹੀ ਉਹ ਵਰਤੋਂ ਹੋ ਸਕੇਗੀ। ਆਤਮਕ ਸ਼ਕਤੀ ਸਭ ਇੰਦ੍ਰਿਆਂ ਵਿਚੋਂ ਪ੍ਰਗਟ ਹੋ ਸਕਦੀ ਹੈ ਤੇ ਹਰ ਪ੍ਰਗਟਾਅ ਵਿਚ ਉਹ ਆਤਮਕ ਹੀ ਰਹੇਗੀ।

## ੫. ਸਾਰ

(੧) ਸਿਮਰਨ ਨਿਰੋਲ ਇਕ ਲੋਕ-ਮਨੋਵਿਗਿਆਨ ਦੇ ਅਨੁਸਾਰ ਦਾ ਸਾਧਨ ਹੈ। ਸਾਰੇ ਸੰਸਾਰ ਵਿਚ ਲੋਕਾਂ ਦਾ ਸਿਮਰਨ ਜਾਂ ਸ਼ਬਦ-ਸ਼ਕਤੀ ਵਿਚ ਪੂਰਨ ਵਿਸ਼ਵਾਸ ਹੈ। ਕੇਵਲ ਆਮ ਆਦਮੀ ਨੂੰ ਇਸ ਦਾ ਆਤਮਕ ਪੱਖ ਇੰਨਾ ਸਮਝ ਨਹੀਂ ਹੈ।

(੨) ਸਿਮਰਨ ਨਾਲ ਪਰਮਾਤਮਾ ਦੀ ਸ਼ਕਤੀ ਨੂੰ ਹਰਕਤ ਵਿਚ ਲਿਆਂਦਾ ਜਾ ਸਕਦਾ ਹੈ ਤੇ ਉਹ ਸ਼ਕਤੀ ਭਗਤ ਵੱਲ ਤੁਰਨੀ ਸ਼ੁਰੂ ਹੋ ਜਾਂਦੀ ਹੈ। ਭਗਤ ਸਦਾ ਹੀ ਸ਼ਕਤੀਵਾਨ ਹੁੰਦਾ ਹੈ।

(੩) ਭਗਤ ਦੀ ਸ਼ਕਤੀ ਸਦਾ ਆਤਮਕ ਹੁੰਦੀ ਹੈ ਤੇ ਉਹ ਪਰਮਾਤਮਾ ਦੇ ਸੌਂਪੇ ਕਰਤੱਵ ਨੂੰ ਪੂਰਨ ਕਰਨ ਲਈ ਉਸ ਸ਼ਕਤੀ ਦਾ ਲੋੜੀਂਦਾ ਪ੍ਰਯੋਗ ਕਰਦਾ ਹੈ। ਹਰ ਭਗਤ ਦੇ ਜ਼ਿੰਮੇ ਪਰਮਾਤਮਾ ਨੇ ਕੋਈ ਮੰਤਵ ਲਾਇਆ ਹੈ। ਹਰ ਗੁਰੂ ਦੇ ਜ਼ਿੰਮੇ ਕਿਸੇ ਮੰਤਵ ਸਾਧਨਾ ਦਾ ਕੰਮ ਹੈ।

(੪) ਸ਼ਕਤੀ ਦੀ ਵਰਤੋਂ ਕੇਵਲ ਇੰਦ੍ਰਿਆਂ ਰਾਹੀਂ ਹੀ ਹੁੰਦੀ ਹੈ ਤੇ ਲੋੜ ਅਨੁਸਾਰ ਗੁਰੂ ਉਸ ਸ਼ਕਤੀ ਨੂੰ ਵਰਤੋਂ ਵਿਚ ਲਿਆਉਂਦਾ ਹੈ। ਆਤਮਾ ਦਾ ਸਾਰਾ ਚਮਤਕਾਰ ਪ੍ਰਕਿਰਤੀ ਰਾਹੀਂ ਹੁੰਦਾ ਹੈ।

(੫) ਸੋ ਭਗਤੀ ਤੇ ਸ਼ਕਤੀ ਇਕੋ ਹੀ ਚੀਜ਼ ਦੇ ਦੋ ਪੱਖ ਹਨ ਜਾਂ ਕਾਰਨ ਤੇ ਕਾਰਜ ਰੂਪ ਵਿਚ ਹਨ। ਇਸ ਲਈ ਸਿਖ ਧਰਮ ਦੇ ਸਾਰੇ ਵਿਕਾਸ ਨੂੰ ਕਿਸੇ ਹੈਰਾਨੀ ਨਾਲ ਵੇਖਣਾ ਉਚਿਤ ਨਹੀਂ।

(੬) ਹੁਣ ਵੀ ਸਿੱਖਾਂ ਸਾਹਮਣੇ ਮੰਤਵ ਉਹ ਹੀ ਹੈ ਪਰ ਉਸ ਦੀ ਸਿੱਧੀ ਲਈ ਉਨ੍ਹਾਂ ਨੂੰ ਸ਼ਕਤੀ ਵੀ ਉਨੇ ਤੀਕ ਹੀ ਮਿਲ ਸਕਦੀ ਹੈ ਜਿੰਨੇ ਤੀਕ ਉਹ ਭਗਤ ਵੀ ਹਨ।

**੧੦**

# ਅੰਮ੍ਰਿਤ : ਪ੍ਰਬੁੱਧ ਭਾਰਤ

## ੧. ਗੁਰੂ : ਮਹਾਨਤਾ ਤੇ ਕਰਤੱਵ

ਸਿਖ ਧਰਮ ਨੇ ਸਾਰੇ ਵਿਸ਼ਾਲ ਭਾਰਤ 'ਤੇ ਬੜਾ ਡੂੰਘਾ ਪ੍ਰਭਾਵ ਪਾਇਆ ਹੈ। ਸਿਖ ਇਤਿਹਾਸ ਨੇ ਵਰਤਮਾਨ ਭਾਰਤ ਦਾ ਮੂੰਹ ਮੱਥਾ ਘੜਨ ਵਿਚ ਬੜਾ ਹਿੱਸਾ ਪਾਇਆ ਹੈ। ਹੋਰ ਮਹਾਨ ਪੁਰਸ਼ਾਂ ਨੇ ਭਾਰਤ ਨੂੰ ਜਾਗਰਤੀ ਵਿਚ ਲਿਆਉਣ ਲਈ ਨਿਰਸੰਦੇਹ ਕੰਮ ਕੀਤਾ ਹੈ ਪਰ ਪੰਜਾਬ ਦੇ ਸਿਖ-ਗੁਰੂਆਂ ਤੇ ਮਹਾਰਾਜਾ ਰਣਜੀਤ ਸਿੰਘ ਨੇ ਵੀ ਇਸ ਲਈ ਬੜਾ ਕੰਮ ਕੀਤਾ ਹੈ।

ਗੁਰੂ ਦੇ ਵਿਅਕਤੀਤਵ ਬਿਨਾਂ ਸਿਖ ਧਰਮ ਦੀ ਕਲਪਨਾ ਹੀ ਨਹੀਂ ਕੀਤੀ ਜਾ ਸਕਦੀ, ਭਾਵੇਂ ਸੰਸਾਰਿਕ ਜੀਵਨ ਦੇ ਆਦਰਸ਼ਕ ਨਿਭਾਅ ਦਾ ਵਰਣਨ ਹੋਵੇ ਤੇ ਭਾਵੇਂ ਪਰਮਾਰਥ ਦਾ, ਭਾਵੇਂ ਇਸ ਲੋਕ ਦਾ ਜੀਵਨ ਹੋਵੇ ਤੇ ਭਾਵੇਂ ਪਰਲੋਕ ਦਾ, ਭਾਵੇਂ ਮੀਰੀ ਦਾ ਜੀਵਨ ਹੋਵੇ ਤੇ ਭਾਵੇਂ ਪੀਰੀ ਦਾ, ਭਾਵੇਂ ਸਿਪਾਹੀ ਦਾ ਹੋਵੇ ਤੇ ਭਾਵੇਂ ਸੰਤ ਦਾ। ਗੁਰੂ ਤੋਂ ਬਿਨਾਂ ਸਿਖ ਦੀ ਕਲਪਨਾ ਹੀ ਅਸੰਭਵ ਹੈ:

**ਦੋਵੈ ਥਾਵ ਰਖੇ ਗੁਰ ਸੂਰੇ ॥**
**ਹਲਤ ਪਲਤ ਪਾਰਬ੍ਰਹਮਿ ਸਵਾਰੇ ਕਾਰਜ ਹੋਏ ਸਗਲੇ ਪੂਰੇ ॥੧॥ਰਹਾਉ॥**
**ਹਰਿ ਹਰਿ ਨਾਮੁ ਜਪਤ ਸੁਖ ਸਹਜੇ ਮਜਨੁ ਹੋਵਤ ਸਾਧੂ ਧੂਰੇ ॥**
**ਆਵਣ ਜਾਣ ਰਹੇ ਥਿਤਿ ਪਾਈ ਜਨਮ ਮਰਣ ਕੇ ਮਿਟੇ ਬਿਸੂਰੇ ॥੧॥**
**ਭ੍ਰਮ ਭੈ ਤਰੇ ਛੁਟੇ ਭੈ ਜਮ ਕੇ ਘਟਿ ਘਟਿ ਏਕੁ ਰਹਿਆ ਭਰਪੂਰੇ ॥**
**ਨਾਨਕ ਸਰਣਿ ਪਰਿਓ ਦੁਖ ਭੰਜਨ ਅੰਤਰਿ ਬਾਹਰਿ ਪੇਖਿ ਹਜੂਰੇ ॥੨॥੨੨॥੧੦੮॥**

*(ਬਿਲਾਵਲੁ ਮ: ੫, ਪੰਨਾ ੮੨੫-੨੬)*

ਇਸ ਸ਼ਬਦ ਦੇ ਪਾਠ ਤੋਂ ਇਹ ਸਿਧਾਂਤ ਸਪਸ਼ਟ ਹੁੰਦੇ ਹਨ:

(੧) ਜੇ ਇਸ ਸੰਸਾਰ ਵਿਚ ਸਾਡਾ ਜੀਵਨ ਨੇਕ ਤੇ ਚੰਗਾ ਹੋਵੇਗਾ ਤਾਂ ਅਗਲਾ ਜੀਵਨ ਆਪਣੇ ਆਪ ਹੀ ਨੇਕ ਤੇ ਚੰਗਾ ਹੋਵੇਗਾ। ਜੇ ਇਸੇ ਤਰ੍ਹਾਂ ਉੱਨਤੀ ਹੁੰਦੀ ਜਾਏ ਤਾਂ ਆਪਣੇ ਆਪ ਇਕ ਦਿਨ ਪਰਮਾਤਮਾ ਦੀ ਦਰਗਾਹ ਵਿਚ ਥਾਂ ਪ੍ਰਾਪਤ ਹੋਵੇਗੀ।

(੨) ਨੇਕ ਤੇ ਚੰਗੇ ਜੀਵਨ ਦਾ ਮਿਆਰ ਇਹ ਹੈ ਕਿ ਉਸ ਜੀਵਨ ਵਿਚ 'ਭਰਮ' ਤੇ 'ਭੈ' ਨਹੀਂ ਹੁੰਦੇ। 'ਭਰਮ' ਦਾ ਭਾਵ ਅਗਿਆਨਤਾ ਹੈ ਤੇ ਅਗਿਆਨਤਾ ਇਹ ਹੈ ਕਿ ਪਰਮਾਤਮਾ ਦੀ ਹਸਤੀ ਬਾਰੇ ਸੰਸਾ ਹੋਣਾ ਤੇ ਉਸ ਦੇ ਰੂਪ ਤੇ ਨਾਮ ਬਾਰੇ

ਅਵਿਸ਼ਵਾਸ ਹੋਣਾ। 'ਭੈ' ਪਾਪ ਦਾ ਸੂਚਕ ਹੈ ਤੇ ਪਾਪ ਅਗਿਆਨਤਾ ਵਿਚ ਹੀ ਸੰਭਵ ਹੈ। ਦੁਖ ਪਾਪ ਦਾ ਸਾਥੀ ਹੈ। ਪਾਪ ਹੀ ਮਨੁੱਖ ਨੂੰ ਅਪੂਰਨ ਰੱਖਦਾ ਹੈ। ਜੇ ਅਗਿਆਨ ਤੇ ਪਾਪ ਮਿਟ ਜਾਣ ਤਾਂ ਮਨੁੱਖ ਦਾ ਜੀਵਨ 'ਕਾਰਜ' ਪੂਰਨ ਹੋ ਜਾਂਦਾ ਹੈ, ਉਸ ਨੂੰ 'ਥਿਤਿ' ਪ੍ਰਾਪਤ ਹੁੰਦੀ ਹੈ ਤੇ 'ਛੂਟੇ ਭੈ ਜਮ ਕੇ'। ਆਵਾਗਵਨ ਮਨੁੱਖੀ ਅਪੂਰਨਤਾ ਦਾ ਹੀ ਚਿੰਨ੍ਹ ਹੈ।

(੩) ਇਹ ਸਾਰਾ ਕੰਮ ਗੁਰੂ ਹੀ ਕਰਦਾ ਹੈ। ਗੁਰੂ ਹੀ ਇਸ ਸੰਸਾਰ ਦਾ ਜੀਵਨ ਸੁਧਾਰਦਾ ਹੈ ਤੇ ਗੁਰੂ ਹੀ ਇਸ ਤਰ੍ਹਾਂ ਅਗਲਾ ਜੀਵਨ ਸੰਵਾਰਦਾ ਹੈ। ਗੁਰੂ ਸਾਡੇ ਹਰ ਪ੍ਰਕਾਰ ਦੇ ਸੰਸਾਰਿਕ ਜੀਵਨ (ਆਤਮਕ, ਧਾਰਮਕ, ਰਾਜਸੀ ਤੇ ਸਮਾਜਕ) ਨੂੰ ਸੁਧਾਰਨ ਵਾਲਾ ਹੈ ਤੇ ਇਸ ਤਰ੍ਹਾਂ ਸਾਨੂੰ 'ਪੂਰਨਤਾ' ਤੀਕ ਉੱਨਤ ਕਰਦਾ ਹੈ।

(੪) ਇਸ ਸਾਰੇ ਕਰਤੱਵ ਦੀ ਪੂਰਨਤਾ ਲਈ ਗੁਰੂ 'ਬਾਣੀ-ਚਾਨਣ' ਰਾਹੀਂ ਮਨੁੱਖ ਵਿਚ ਹਰ ਪੱਖ ਤੋਂ ਆਦਰਸ਼ਕ ਜੀਵਨ ਲਈ ਤੀਬਰ ਇੱਛਾ ਤੇ ਤੜਪ ਪੈਦਾ ਕਰਦਾ ਹੈ। 'ਆਦਰਸ਼ਕ ਜੀਵਨ ਲਈ ਤੜਪ'—'ਨਾਮ' ਦਾ ਇਕ ਅਰਥ ਹੈ "ਹਰਿ ਹਰਿ ਨਾਮੁ ਜਪਤ ਸੁਖ ਸਹਜੇ, ਮਜਨੁ ਹੋਵਤ ਸਾਧੂ ਧੂਰੇ॥"—'ਗੁਰੂ ਦੀ ਸੰਗਤ' (ਮਜਨ ਸਾਧੂ ਧੂਰੇ) ਨਾਲ 'ਨਾਮ' (ਆਦਰਸ਼ਕ ਜੀਵਨ ਲਈ ਲੋਚਾ) ਪ੍ਰਾਪਤ ਹੁੰਦਾ ਹੈ ਤੇ 'ਨਾਮ' ਨਾਲ 'ਸੁਖ ਸਹਜ' (ਨਾ ਨਾਸ਼ ਹੋਣ ਵਾਲਾ ਸੁਖ) ਪ੍ਰਾਪਤ ਹੁੰਦਾ ਹੈ।

(੫) ਗੁਰੂ ਪਾਸੋਂ ਇਹ ਸਾਰਾ ਯਤਨ ਪਰਮਾਤਮਾ ਆਪ ਕਰਾਉਂਦਾ ਹੈ ਜਾਂ ਗੁਰੂ ਰੂਪ ਵਿਚ ਸਾਰਾ ਕਰਤੱਵ ਆਪ ਹੀ ਕਰਦਾ ਹੈ ਕਿਉਂਕਿ ਪਰਮਾਤਮਾ ਦੀ ਪਹਿਲੀ ਲੋਚਾ ਮਨੁੱਖ ਦਾ ਕਲਿਆਣ ਹੀ ਹੈ।

> **ਪਰਮੇਸਰਿ ਦਿਤਾ ਬੰਨਾ॥ ਦੁਖ ਰੋਗ ਕਾ ਡੇਰਾ ਭੰਨਾ॥**
> **ਅਨਦ ਕਰਹਿ ਨਰ ਨਾਰੀ॥ ਹਰਿ ਹਰਿ ਪ੍ਰਭਿ ਕਿਰਪਾ ਧਾਰੀ॥੧॥**
> **ਸੰਤਹੁ ਸੁਖੁ ਹੋਆ ਸਭ ਥਾਈ॥**
> **ਪਾਰਬ੍ਰਹਮੁ ਪੂਰਨ ਪਰਮੇਸਰੁ ਰਵਿ ਰਹਿਆ ਸਭਨੀ ਜਾਈ॥ਰਹਾਉ॥**
> **ਧੁਰ ਕੀ ਬਾਣੀ ਆਈ॥ ਤਿਨਿ ਸਗਲੀ ਚਿੰਤ ਮਿਟਾਈ॥**
> **ਦਇਆਲ ਪੁਰਖ ਮਿਹਰਵਾਨਾ॥ ਹਰਿ ਨਾਨਕ ਸਾਚੁ ਵਖਾਨਾ॥੨॥੧੩॥੭੭॥**
> *(ਸੋਰਠਿ ਮ: ੫, ਪੰਨਾ ੬੨੮)*

## ੨. ਦੇਸ਼ ਦੀ ਗਿਰਾਵਟ : (ਆਤਮਕ, ਰਾਜਸੀ, ਸਮਾਜਕ)

ਦੇਸ਼ ਦੀ ਸਾਰੀ ਦਸ਼ਾ ਨੂੰ ਵੇਖ ਕੇ ਗੁਰੂ ਨਾਨਕ ਸਾਹਿਬ ਨੇ ਦੇਸ਼ ਤੇ ਜਾਤੀ ਦੇ ਪਤਨ (fall) ਦਾ ਪੂਰਾ ਅਨੁਮਾਨ ਲਾਇਆ। ਉਨ੍ਹਾਂ ਰਾਜਿਆਂ ਦੀ ਦਸ਼ਾ ਵੇਖੀ, ਪਰਜਾ ਦੀ ਦਸ਼ਾ ਵੇਖੀ, ਪਰਜਾ ਦੇ ਹਰ ਅੰਗ ਬ੍ਰਾਹਮਣਾਂ, ਖੱਤਰੀਆਂ, ਜੋਗੀਆਂ, ਜੈਨੀਆਂ, ਮੁਸਲਮਾਨਾਂ ਦੀ ਦਸ਼ਾ ਵੇਖੀ। ਹਾਕਮ ਜਾਤੀ ਦੀ ਦਸ਼ਾ ਵੀ ਵੇਖੀ ਤੇ ਪਰਾਧੀਨ ਕੌਮ ਦੀ ਦਸ਼ਾ ਵੀ ਵੇਖੀ। ਕੌਮੀ ਜ਼ਮੀਰ ਦੀ ਦਸ਼ਾ ਵੇਖੀ, ਕੌਮੀ ਗ਼ੈਰਤ ਤੇ ਸ੍ਵੈ-ਮਾਣ ਦੀ ਦਸ਼ਾ ਵੇਖੀ, ਸ਼ਰਮ ਧਰਮ ਦੋਹਾਂ ਦਾ ਅਲੋਪ ਹੋਣਾ ਵੇਖਿਆ, ਦੇਸ਼ ਵਿਚ ਪਸਰਿਆ ਪਾਖੰਡ ਵੇਖਿਆ, ਦੇਸ਼ ਦੇ ਧਰਮ-ਅਸਥਾਨਾਂ ਦੀ ਦੁਰਦਸ਼ਾ ਵੇਖੀ ਤੇ ਇਹ ਸਿੱਟੇ ਕੱਢੇ :

(੧) ਰਾਜੇ

੧. ਲਬੁ ਪਾਪੁ ਦੁਇ ਰਾਜਾ ਮਹਿਤਾ ਕੂੜੁ ਹੋਆ ਸਿਕਦਾਰੁ ॥
ਕਾਮੁ ਨੇਬੁ ਸਦਿ ਪੁਛੀਐ ਬਹਿ ਬਹਿ ਕਰੇ ਬੀਚਾਰੁ ॥
*(ਵਾਰ ਆਸਾ ਮ: ੧, ਪੰਨਾ ੪੬੮-੬੯)*

੨. ਰਾਜੇ ਸੀਹ ਮੁਕਦਮ ਕੁਤੇ ॥ *(ਵਾਰ ਮਲਾਰ ਮ: ੧, ਪੰਨਾ ੧੨੮੮)*

੩. ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ ॥
*(ਵਾਰ ਮਾਝ ਮ: ੧, ਪੰਨਾ ੧੪੫)*

(੨) ਪਰਜਾ

੧. ਜੇ ਜੀਵੈ ਪਤਿ ਲਥੀ ਜਾਇ ॥ ਸਭੁ ਹਰਾਮੁ ਜੇਤਾ ਕਿਛੁ ਖਾਇ ॥
*(ਵਾਰ ਮਾਝ ਮ: ੧, ਪੰਨਾ ੧੪੨)*

੨. ਅੰਧੀ ਰਯਤਿ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰੁ ॥
*(ਵਾਰ ਆਸਾ ਮ: ੧, ਪੰਨਾ ੪੬੯)*

*(ੳ) ਬ੍ਰਾਹਮਣ*

੧. ਗਿਆਨੀ ਨਚਹਿ ਵਾਜੇ ਵਾਵਹਿ ਰੂਪ ਕਰਹਿ ਸੀਗਾਰੁ ॥
ਊਚੇ ਕੂਕਹਿ ਵਾਦਾ ਗਾਵਹਿ ਜੋਧਾ ਕਾ ਵੀਚਾਰੁ ॥
ਮੂਰਖ ਪੰਡਿਤ ਹਿਕਮਤਿ ਹੁਜਤਿ ਸੰਜੈ ਕਰਹਿ ਪਿਆਰੁ ॥
ਧਰਮੀ ਧਰਮੁ ਕਰਹਿ ਗਾਵਾਵਹਿ ਮੰਗਹਿ ਮੋਖ ਦੁਆਰੁ ॥
ਜਤੀ ਸਦਾਵਹਿ ਜੁਗਤਿ ਨ ਜਾਣਹਿ ਛਡਿ ਬਹਹਿ ਘਰ ਬਾਰੁ ॥
*(ਵਾਰ ਆਸਾ ਮ: ੧, ਪੰਨਾ ੪੬੯)*

੨. ਸਿਲ ਪੂਜਸਿ ਬਗੁਲ ਸਮਾਧੰ ॥ *(ਵਾਰ ਆਸਾ ਮ: ੧, ਪੰਨਾ ੪੭੦)*

੩. ਛੁਰੀ ਵਗਾਇਨਿ ਤਿਨ ਗਲਿ ਤਾਗ ॥ *(ਵਾਰ ਆਸਾ ਮ: ੧, ਪੰਨਾ ੪੭੧)*

*(ਅ) ਖੱਤਰੀ (ਕਸ਼ੱਤਰੀ)*

ਖਤ੍ਰੀਆ ਤ ਧਰਮੁ ਛੋਡਿਆ ਮਲੇਛ ਭਾਖਿਆ ਗਹੀ ॥
ਸ੍ਰਿਸਟਿ ਸਭ ਇਕ ਵਰਨ ਹੋਈ ਧਰਮ ਕੀ ਗਤਿ ਰਹੀ ॥੩॥
*(ਧਨਾਸਰੀ ਮ: ੧, ਪੰਨਾ ੬੬੩)*

*(ੲ) ਜੋਗੀ*

੧. ਜੋਗੀ ਸੁੰਨਿ ਧਿਆਵਨਿ੍ ਜੇਤੇ ਅਲਖ ਨਾਮੁ ਕਰਤਾਰੁ ॥
ਸੂਖਮ ਮੂਰਤਿ ਨਾਮੁ ਨਿਰੰਜਨ ਕਾਇਆ ਕਾ ਆਕਾਰੁ ॥
*(ਵਾਰ ਆਸਾ ਮ: ੧, ਪੰਨਾ ੪੬੫-੬੬)*

੨. ਕਾਲੁ ਨਾਹੀ ਜੋਗੁ ਨਾਹੀ ਨਾਹੀ ਸਤ ਕਾ ਢਬੁ ॥
ਥਾਨਸਟ ਜਗ ਭਰਿਸਟ ਹੋਏ ਡੂਬਤਾ ਇਵ ਜਗੁ ॥੧॥
ਕਲ ਮਹਿ ਰਾਮ ਨਾਮੁ ਸਾਰੁ ॥
ਅਖੀ ਤ ਮੀਟਹਿ ਨਾਕ ਪਕੜਹਿ ਠਗਣ ਕਉ ਸੰਸਾਰੁ ॥੧॥ਰਹਾਉ॥
ਆਂਟ ਸੇਤੀ ਨਾਕੁ ਪਕੜਹਿ ਸੂਝਤੇ ਤਿਨਿ ਲੋਅ ॥
ਮਗਰ ਪਾਛੈ ਕਛੁ ਨ ਸੂਝੈ ਏਹੁ ਪਦਮੁ ਅਲੋਅ ॥੨॥

*(ਧਨਾਸਰੀ ਮ: ੧, ਪੰਨਾ ੬੬੨-੬੩)*

*(ਸ) ਜੈਨੀ*

ਸਿਰੁ ਖੋਹਾਇ ਪੀਅਹਿ ਮਲਵਾਣੀ ਜੂਠਾ ਮੰਗਿ ਮੰਗਿ ਖਾਹੀ ॥
ਫੋਲਿ ਫਦੀਹਤਿ ਮੁਹਿ ਲੈਨਿ ਭੜਾਸਾ ਪਾਣੀ ਦੇਖਿ ਸਗਾਹੀ ॥
ਭੇਡਾ ਵਾਗੀ ਸਿਰੁ ਖੋਹਾਇਨਿ ਭਰੀਅਨਿ ਹਥ ਸੁਆਹੀ ॥
ਮਾਊ ਪੀਊ ਕਿਰਤੁ ਗਵਾਇਨਿ ਟਬਰ ਰੋਵਨ ਧਾਹੀ ॥.....
ਨਾ ਓਇ ਜੋਗੀ ਨਾ ਓਇ ਜੰਗਮ ਨਾ ਓਇ ਕਾਜੀ ਮੁਲਾ ॥

*(ਵਾਰ ਮਾਝ ਮ: ੧, ਪੰਨਾ ੧੪੯-੫੦)*

*(ਹ) ਮੁਸਲਮਾਨ*

੧. ਮੁਸਲਮਾਣੁ ਕਹਾਵਣੁ ਮੁਸਕਲੁ ਜਾ ਹੋਇ ਤਾ ਮੁਸਲਮਾਣੁ ਕਹਾਵੈ ॥
*(ਵਾਰ ਮਾਝ ਮ: ੧, ਪੰਨਾ ੧੪੧)*

੨. ਮਾਣਸ ਖਾਣੇ ਕਰਹਿ ਨਿਵਾਜ ॥ *(ਵਾਰ ਆਸਾ ਮ: ੧, ਪੰਨਾ ੪੭੧)*

## ੩. ਕੌਮੀ ਗਿਰਾਵਟ

੧. ਘਰਿ ਘਰਿ ਮੀਆ, ਸਭਨਾਂ ਜੀਆਂ, ਬੋਲੀ ਅਵਰ ਤੁਮਾਰੀ ॥੬॥
*(ਬਸੰਤੁ ਹਿੰਡੋਲੁ ਮ: ੧, ਪੰਨਾ ੧੧੯੧)*

੨. ਗਊ ਬਿਰਾਹਮਣ ਕਉ ਕਰੁ ਲਾਵਹੁ ਗੋਬਰਿ ਤਰਣੁ ਨ ਜਾਈ ॥
ਧੋਤੀ ਟਿਕਾ ਤੈ ਜਪਮਾਲੀ ਧਾਨੁ ਮਲੇਛਾਂ ਖਾਈ ॥
ਅੰਤਰਿ ਪੂਜਾ ਪੜਹਿ ਕਤੇਬਾ ਸੰਜਮੁ ਤੁਰਕਾ ਭਾਈ ॥
*(ਵਾਰ ਆਸਾ ਮ: ੧, ਪੰਨਾ ੪੭੧)*

੩. ਨੀਲ ਵਸਤ੍ਰ ਪਹਿਰਿ ਹੋਵਹਿ ਪਰਵਾਣੁ ॥
ਮਲੇਛ ਧਾਨੁ ਲੇ ਪੂਜਹਿ ਪੁਰਾਣੁ ॥ *(ਵਾਰ ਆਸਾ ਮ: ੧, ਪੰਨਾ ੪੭੨)*

੪. ਅਭਾਖਿਆ ਕਾ ਕੁਠਾ ਬਕਰਾ ਖਾਣਾ ॥ *(ਵਾਰ ਆਸਾ ਮ: ੧, ਪੰਨਾ ੪੭੨)*

੫. ਕੂੜੀ ਰਾਸਿ ਕੂੜਾ ਵਾਪਾਰੁ ॥ ਕੂੜੁ ਬੋਲਿ ਕਰਹਿ ਆਹਾਰੁ ॥
*(ਵਾਰ ਆਸਾ ਮ: ੧, ਪੰਨਾ ੪੭੧)*

੬. ਸਰਮ ਧਰਮ ਕਾ ਡੇਰਾ ਦੂਰਿ ॥ *(ਵਾਰ ਆਸਾ ਮ: ੧, ਪੰਨਾ ੪੭੧)*

੭. ਕਾਜੀਆ ਬਾਮਣਾ ਕੀ ਗਲ ਥਕੀ ਅਗਦੁ ਪੜੈ ਸੈਤਾਨੁ ਵੇ ਲਾਲੋ ॥

*(ਤਿਲੰਗ ਮ: ੧, ਪੰਨਾ ੭੨੨)*

੮. ਥਾਨਸਟ ਜਗ ਭਰਿਸਟ ਹੋਏ ਡੂਬਤਾ ਇਵ ਜਗੁ ॥੧॥

*(ਧਨਾਸਰੀ ਮ: ੧, ਪੰਨਾ ੬੬੩)*

੯. ਦੇਵਲ ਦੇਵਤਿਆ ਕਰੁ ਲਾਗਾ ਐਸੀ ਕੀਰਤਿ ਚਾਲੀ ॥੫॥

*(ਬਸੰਤੁ ਹਿੰਡੋਲੁ ਮ: ੧, ਪੰਨਾ ੧੧੯੧)*

੧੦. ਕੂਜਾ ਬਾਂਗ ਨਿਵਾਜ ਮੁਸਲਾ ਨੀਲ ਰੂਪ ਬਨਵਾਰੀ ॥

*(ਬਸੰਤੁ ਹਿੰਡੋਲੁ ਮ: ੧, ਪੰਨਾ ੧੧੯੧)*

ਇਹ ਸਾਰੀ ਦਸ਼ਾ ਪ੍ਰਗਟ ਇਹ ਕਰਦੀ ਹੈ ਕਿ ਭਾਰਤ-ਵਾਸੀ ਆਪਣੀ ਆਤਮਕ ਉੱਚਤਾ, ਹਿਰਦੇ ਦੀ ਪਵਿੱਤਰਤਾ, ਆਚਰਨ ਦਾ ਜ਼ਬਤ, ਨਿਰਭੈਤਾ, ਸਭਿਆਚਾਰ ਦਾ ਮਾਣ ਤੇ ਆਪਣੀ ਸੁਤੰਤਰ ਹਸਤੀ ਦੀ ਸੂਝ ਗਵਾ ਬੈਠੇ ਸਨ। ਉਨ੍ਹਾਂ ਦੇ ਦਿਮਾਗ਼ ਉਤੇ ਡਰ ਦਾ ਕਬਜ਼ਾ ਸੀ, ਹਿਰਦੇ ਮਨ ਉਤੇ ਲਾਲਚ ਦਾ ਰਾਜ ਸੀ। ਇਸ ਡਰ ਤੇ ਲਾਲਚ ਕਰਕੇ ਉਹ ਹਾਕਮਾਂ ਦੀ ਹਰ ਨਾਜਾਇਜ਼ ਗੱਲ ਵੀ ਸਵੀਕਾਰ ਕਰੀ ਜਾਂ ਰਹੇ ਸਨ। ਕਰ ਤੇ ਜਜ਼ੀਏ ਦੇ ਰਹੇ ਸਨ, ਆਪਣੀ ਬੋਲੀ ਦਾ ਤਿਆਗ ਕਰ ਰਹੇ ਸਨ ਤੇ ਗ਼ੈਰ-ਬੋਲੀ ਅਪਣਾਅ ਰਹੇ ਸਨ, ਆਪਣੀ ਪੁਸ਼ਾਕ ਦੀ ਕੋਈ ਮਹਾਨਤਾ ਉਨ੍ਹਾਂ ਨੂੰ ਦਿਸਦੀ ਨਹੀਂ ਸੀ, ਆਪਣੀਆਂ ਧਾਰਮਕ ਪੁਸਤਕਾਂ ਲੁਕ ਛਿਪ ਕੇ ਹੀ ਪੜ੍ਹਦੇ ਸਨ, ਹਾਕਮਾਂ ਦੀਆਂ ਧਾਰਮਕ ਪੁਸਤਕਾਂ ਵਿਚੋਂ ਹਵਾਲੇ ਦੇਣੇ, ਵਧੇਰੇ ਮਾਣ ਤੇ ਵਿਦਵਤਾ ਦੀ ਗੱਲ ਸਮਝੀ ਜਾਂਦੀ ਸੀ। ਆਪਣੇ ਸਤਿਕਾਰ ਦੇ ਸ਼ਬਦ ਹਾਕਮਾਂ ਦੇ ਐਸੇ ਸ਼ਬਦਾਂ ਨਾਲ ਬਦਲੇ ਜਾ ਰਹੇ ਸਨ। ਜਥੇਬੰਦ ਜੀਵਨ ਨਾਂ ਨੂੰ ਵੀ ਨਹੀਂ ਸੀ, ਕੋਈ ਜੁਰਅਤ ਦਲੇਰੀ ਰਹੀ ਨਹੀਂ ਸੀ। ਸਦੀਆਂ ਤੋਂ ਤੁਰੇ ਆ ਰਹੇ ਸਭਿਆਚਾਰ—ਕੇਸ਼, ਪਗੜੀ, ਸਿੰਘ ਨਾਂ—ਦਾ ਤਿਆਗ ਕੀਤਾ ਜਾ ਰਿਹਾ ਸੀ। ਆਪਣੇ ਤਰੀਕੇ ਨਾਲ ਮਾਸ ਤੀਕ ਬਣਾਣਾ ਛੱਡਿਆ ਜਾ ਰਿਹਾ ਸੀ। ਨੀਚ-ਊਚ ਦਾ ਭੇਦ ਵਧ ਰਿਹਾ ਸੀ।

ਹਾਕਮ ਨਸ਼ੇ ਵਿਚ ਸਨ। ਪੜ੍ਹੇ-ਲਿਖੇ ਹਿੰਦੂ ਉਨ੍ਹਾਂ ਦੇ ਨਾਲ ਰਲ ਕੇ ਆਪਣੀ ਜਾਤੀ 'ਤੇ ਹਰ ਪ੍ਰਕਾਰ ਦਾ ਜ਼ੁਲਮ ਢਾਉਂਦੇ ਤੇ ਉਹ ਸਾਰੇ ਕੁਕਰਮ ਕਰਦੇ ਜੋ ਹਾਕਮ ਕਰਦੇ ਸਨ। ਨਸ਼ੇ ਦੀ ਵਰਤੋਂ ਅਤੇ ਵੇਸਵਾ-ਗਮਨ ਆਮ ਹੋ ਰਹੇ ਸਨ। ਰਿਸ਼ਵਤ ਤੇ ਅਨਿਆਂ ਆਮ ਸੀ। ਹਾਕਮ ਜ਼ਾਲਮ ਸਨ ਤੇ ਪਰਜਾ ਆਤਮਕ ਤੇ ਆਚਰਨਕ ਤੌਰ 'ਤੇ ਇੰਨੀ ਨਿਰਬਲ ਹੋ ਚੁੱਕੀ ਸੀ ਕਿ ਉਹ ਜ਼ੁਲਮ ਦੇ ਵਿਰੁੱਧ ਆਵਾਜ਼ ਨਹੀਂ ਸੀ ਉਠਾਂਦੀ। ਧਾਰਮਕ ਆਗੂ ਸੰਸਾਰ ਨੂੰ ਤਿਆਗ ਰਹੇ ਸਨ ਜਾਂ ਹਾਕਮ ਸ਼੍ਰੇਣੀ ਨਾਲ ਮਿਲ ਕੇ ਤੱਤਿਆਂ ਨੂੰ ਹੋਰ ਤਾਣ ਦੇ ਆਹਰੇ ਲੱਗੇ ਹੋਏ ਸਨ। ਭੈ ਨੇ ਸਾਰੀ ਕੌਮ ਨੂੰ ਮੁਰਦਾ ਕਰ ਦਿੱਤਾ ਸੀ।

## ੪. ਜਾਗਰਤੀ (ਭੈ-ਤਿਆਗ ਤੇ ਜਥੇਬੰਦੀ)

ਗੁਰੂ ਨਾਨਕ ਸਾਹਿਬ ਉਠੇ ਤੇ ਉਨ੍ਹਾਂ ਲਲਕਾਰ ਮਾਰੀ :

ਜਉ ਤਉ ਪ੍ਰੇਮ ਖੇਲਣ ਕਾ ਚਾਉ ॥
ਸਿਰੁ ਧਰਿ ਤਲੀ ਗਲੀ ਮੇਰੀ ਆਉ ॥

ਇਤੁ ਮਾਰਗਿ ਪੈਰੁ ਧਰੀਜੈ ॥
ਸਿਰੁ ਦੀਜੈ ਕਾਣਿ ਨ ਕੀਜੈ ॥੨੦॥ *(ਵਾਰਾਂ ਤੇ ਵਧੀਕ ਮ: ੧, ਪੰਨਾ ੧੪੧੨)*

ਉਹ ਬਾਬਰ ਸਾਹਮਣੇ ਡਟ ਗਏ, ਭਾਗੋ ਸਾਹਮਣੇ ਡਟ ਗਏ, ਚੋਰਾਂ ਧਾੜਵੀਆਂ ਸਾਹਮਣੇ ਡਟ ਗਏ, ਜ਼ਾਲਮ ਤੇ ਫੋਕੇ 'ਧਰਮ' ਸਾਹਮਣੇ ਡਟ ਗਏ। ਨਿਰਭੈਤਾ ਤੇ ਆਤਮਕ ਉੱਚਤਾ ਦਾ ਕੁਝ ਕੁਝ ਸਵਾਦ ਕੌਮ ਨੂੰ ਆਉਣ ਲੱਗਾ। ਗੁਰੂ ਅੰਗਦ ਸਾਹਿਬ 'ਹਮਾਯੂੰ' ਸਾਹਮਣੇ ਡਟ ਗਏ। ਗੁਰੂ ਅਮਰਦਾਸ ਜੀ 'ਅਕਬਰ' ਦੇ ਰਾਸ਼ਟਰ ਤੇ ਐਸ਼ਵਰਜ ਤੋਂ ਅਪ੍ਰਭਾਵਤ ਰਹੇ। ਗੁਰੂ ਰਾਮਦਾਸ ਜੀ ਨੇ ਅਕਬਰ ਦੇ ਦਰਬਾਰ ਵਿਚ ਵੀ ਸਾਬਤ ਕਰ ਦਿੱਤਾ ਕਿ ਆਚਰਣ-ਹੀਣ ਬ੍ਰਾਹਮਣ ਵਿਦਵਤਾ ਵਿਚ ਵੀ ਫੋਕੇ ਹਨ। ਗੁਰੂ ਅਰਜਨ ਸਾਹਿਬ ਸ਼ਹਿਨਸ਼ਾਹ ਦੀ ਮਰਜ਼ੀ ਵਿਰੁਧ ਵਗੇ। ਗੁਰੂ ਹਰਿਗੋਬਿੰਦ ਸਾਹਿਬ ਨੇ ਆਪਣਾ ਰਾਜ-ਤਖ਼ਤ ਹੀ ਕਾਇਮ ਕਰ ਲਿਆ। ਗੁਰੂ ਹਰਿਰਾਇ ਸਾਹਿਬ ਜੀ ਸ਼ਾਹੀ ਫ਼ੌਜ ਨੂੰ ਠੱਲ੍ਹਣ ਤੇ ਰੋਕਣ ਦੀ ਦਲੇਰੀ ਕਰ ਗਏ। ਗੁਰੂ ਹਰਿਕ੍ਰਿਸ਼ਨ ਜੀ ਨੇ ਸ਼ਾਹੀ ਸੱਦੇ ਤੇ ਸੰਮਨ ਨੂੰ ਤੁੱਛ ਤੇ ਹੇਚ ਕਰ ਦਿੱਤਾ। ਗੁਰੂ ਤੇਗ ਬਹਾਦਰ ਨੇ ਦਲ੍ਹੀਜ ਤੇ ਠੀਕਰ ਭੰਨ ਦਿੱਤਾ। ਗੁਰੂ ਗੋਬਿੰਦ ਸਿੰਘ ਜੀ ਨੇ ਅੰਮ੍ਰਿਤ ਦੇ ਚਿੰਨ੍ਹ-ਕੱਕਾਰ ਦੇ ਕੇ ਕੌਮ ਦੀ ਪੁਨਰ ਉਸਾਰੀ ਪੂਰਨ ਕਰ ਦਿੱਤੀ।

'ਕੱਕਾਰ' ਅਸਲ ਵਿਚ ਇਕ ਸਤਿਆਗ੍ਰਹਿ ਹਨ, ਇਹ ਆਪਣੇ ਸਭਿਆਚਾਰ (Culture) ਦੀ ਮਹਾਨਤਾ ਤੋਂ ਜਾਣੂ ਹੋਣ ਦਾ ਉਪਰਾਲਾ ਹਨ। ਇਹ ਆਤਮਕ ਅੰਦੋਲਨ ਹਨ। ਇਹ ਜਾਗਰਤੀ ਦੀ ਆਵਾਜ਼ ਹਨ।

(੧) 'ਕੱਕਾਰ' ਜਥੇਬੰਦ ਹੋਣ ਲਈ ਬੜਾ ਮਨੋਵਿਗਿਆਨਕ ਤੇ ਵਿਗਿਆਨਕ ਸਾਧਨ ਹਨ। ਇਹ ਸਿੱਧੀ ਸਾਦੀ ਫ਼ੌਜੀ ਵਰਦੀ ਹਨ। ਕੌਮ ਭੈ-ਭੀਤ ਇਸੇ ਲਈ ਸੀ ਕਿ ਉਸ ਵਿਚ ਜਥੇਬੰਦੀ ਬਿਲਕੁਲ ਨਹੀਂ ਸੀ, ਘੋੜ-ਸਵਾਰੀ ਨਹੀਂ ਸੀ, ਸ਼ਸਤਰ ਵਿੱਦਿਆ ਨਹੀਂ ਸੀ। ਕੱਕਾਰ ਹਕੂਮਤ ਵਲੋਂ ਐਸੀਆਂ ਲੱਗੀਆਂ ਪਾਬੰਦੀਆਂ ਦੇ ਵਿਰੁੱਧ ਆਵਾਜ਼ ਹੈ। ਸਿੱਖਾਂ ਦਾਅਵਾ ਕੀਤਾ ਕਿ ਅਸੀਂ ਫ਼ੌਜੀ ਪਹਿਰਾਵਾ ਰੱਖਾਂਗੇ, ਸ਼ਸਤਰ ਧਾਰਨ ਕਰਾਂਗੇ, ਘੋੜ-ਸਵਾਰੀ ਕਰਾਂਗੇ, ਜਿਸਮਾਨੀ ਪਰੇਡ ਕਵੈਦ ਕਰਾਂਗੇ। ਅਸੀਂ ਹਕੂਮਤ ਦੇ ਐਸੇ ਅਨਿਆਈ ਕਾਨੂੰਨਾਂ ਨੂੰ ਤੋੜਨ ਦਾ ਪ੍ਰਣ ਕਰਦੇ ਹਾਂ। ਕੇਸ ਦਾਹੜੀ ਦਾ ਕਟਾਣਾ ਪਰਾਧੀਨਤਾ ਦਾ ਬੜਾ ਵੱਡਾ ਚਿੰਨ੍ਹ ਸੀ (ਹੁਣ ਤੇ ਫ਼ੈਸ਼ਨ ਹੈ), ਪਗੜੀ ਕਿਸੇ ਗੁਲਾਮ ਨੂੰ ਬੰਨ੍ਹਣ ਦੀ ਆਗਿਆ ਨਹੀਂ ਹੋ ਸਕਦੀ ਸੀ; ਇਹ ਰਾਜਿਆਂ, ਹਾਕਮਾਂ ਤੇ ਮੁਸਲਮਾਨਾਂ ਦਾ ਪਹਿਰਾਵਾ ਸੀ। ਸਿੱਖਾਂ ਦਾਅਵਾ ਕੀਤਾ ਕਿ ਅਸੀਂ ਕੇਸ, ਦਾਹੜੀ, ਮੁੱਛ ਰੱਖਾਂਗੇ ਅਤੇ ਦਸਤਾਰ ਸਜਾਵਾਂਗੇ। ਸ਼ਸਤਰ ਵਿੱਦਿਆ, ਕੇਸ, ਦਾਹੜੀ, ਮੁੱਛ ਤੇ ਦਸਤਾਰ ਸਾਰੇ ਸਾਡੇ ਮੂਲ ਸਭਿਆਚਾਰ ਦੇ ਉੱਤਮ ਭਾਗ ਸਨ। ਸਿੱਖਾਂ ਕੋਈ ਨਵੀਂ ਗੱਲ ਨਹੀਂ ਕੀਤੀ, ਕੇਵਲ ਆਪਣੇ ਪੁਰਾਤਨ ਸਭਿਆਚਾਰ ਨੂੰ ਅਪਣਾਇਆ ਹੈ ਤੇ ਉਸ ਨੂੰ ਸਦਾ ਸਜੀਵ ਰੱਖਣ ਦਾ ਉਪਰਾਲਾ ਕੀਤਾ ਹੈ।

ਨਾਂਵਾਂ ਨਾਲ ਸਿੰਘ ਲਾਣਾ ਵੀ ਕੋਈ ਨਵੀਂ ਕਾਢ ਨਹੀਂ ਸੀ, ਕੇਵਲ ਪੁਰਾਤਨ ਮਹਾਨਤਾ ਨੂੰ ਅਪਨਾਣਾ ਸੀ। 'ਝਟਕਾ' ਕੋਈ ਨਵੀਂ ਕਾਢ ਨਹੀਂ ਸੀ, ਆਪਣੇ ਦੇਸ਼ ਦੇ ਮੂਲ ਢੰਗ ਨੂੰ ਅਪਣਾਇਆ ਸੀ।

ਗੁਰੂ ਗੋਬਿੰਦ ਸਿੰਘ ਜੀ ਨੇ ਸਾਰਾ ਪੁਰਾਤਨ ਸਾਹਿਤ ਮੁੜ ਸੁਰਜੀਤ ਕੀਤਾ।

ਪੁਰਾਣਾਂ ਦੀਆਂ ਕਥਾਵਾਂ ਮੁੜ ਆਮ ਸਮਝੀ ਜਾਣ ਵਾਲੀ ਬੋਲੀ ਵਿਚ ਲਿਖਵਾਈਆਂ। ਗੀਤਾ ਦਾ ਆਪ ਤਰਜਮਾ ਕੀਤਾ। ਚੰਡੀ-ਚਰਿਤ੍ਰ ਪੁਰਾਣਾਂ ਵਿਚੋਂ ਲੈ ਕੇ ਕੌਮ ਵਿਚ ਉਤਸ਼ਾਹ ਪੈਦਾ ਕੀਤਾ।

ਇਹ ਸਭ ਕੁਝ ਐਸੀ ਬੋਲੀ ਵਿਚ ਲਿਖਿਆ ਕਿ ਸਾਰੇ ਦੇਸ਼ ਵਿਚ ਸਮਝਿਆ ਜਾ ਸਕੇ। ਇਹ ਸਭ ਕੁਝ ਸਮਾਜਕ ਤੇ ਰਾਜਸੀ ਕਰਤੱਵ ਕੀਤੇ ਪਰ 'ਖਾਲਸਾ' ਆਤਮਕ ਦਸ਼ਾ, ਉਨ੍ਹਾਂ ਦਾ ਆਦਰਸ਼ ਸੀ ਕਿਉਂਕਿ ਇਹ ਨਿਰਭੈਤਾ ਤਦ ਹੀ ਕਾਇਮ ਰਹਿ ਸਕਦੀ ਸੀ, ਜੇ ਆਤਮਾ ਦੀ ਪਵਿੱਤਰਤਾ ਕਾਇਮ ਰਹੇ। ਆਤਮਾ ਦੀ ਪਵਿੱਤਰਤਾ 'ਅੰਮ੍ਰਿਤ' ਹੈ। ਅੰਮ੍ਰਿਤ ਹੀ ਭਾਰਤ ਨੂੰ ਪ੍ਰਬੋਧ ਕਰਨ ਦਾ ਸਫਲ ਯਤਨ ਹੈ। ਪ੍ਰਬੁੱਧ ਦਾ ਭਾਵ ਆਤਮਕ ਜਾਗਰਤੀ ਹੈ ਤੇ ਆਮ ਜਾਗਰਤੀ ਦਾ ਭਾਵ ਸਮਾਜਕ ਤੇ ਰਾਜਸੀ ਜਾਗਰਤੀ ਹੈ।

## ੫. ਅੰਮ੍ਰਿਤ (ਆਤਮਕ ਜਾਗਰਤੀ, ਪ੍ਰਬੋਧ)

ਆਚਰਨ ਤੇ ਖ਼ੁਸ਼ੀ ਇਕੱਠੇ ਹੀ ਰਹਿ ਸਕਦੇ ਹਨ। ਆਚਰਨ ਇਕ ਜ਼ਬਤ (Discipline) ਦਾ ਨਾਂ ਹੈ। ਜ਼ਬਤ ਤੋਂ ਭਾਵ ਸਮੁੱਚੀ ਸ਼ਖ਼ਸੀਅਤ ਦਾ ਜ਼ਬਤ ਹੈ। ਸ਼ਖ਼ਸੀਅਤ ਵਿਚ ਮਨੁੱਖ ਦੇ ਬੌਧਿਕ, ਮਾਨਸਕ ਤੇ ਮਨੋਵਿਗਿਆਨਕ ਪੱਖ ਸ਼ਾਮਲ ਹਨ। ਸ਼ਖ਼ਸੀਅਤ ਦਾ ਪ੍ਰਗਟਾਅ ਜ਼ਾਤੀ, ਸਮਾਜਕ ਤੇ ਰਾਜਸੀ ਖੇਤਰਾਂ ਵਿਚ ਹੁੰਦਾ ਹੈ। ਹਰ ਖੇਤਰ ਦੇ ਪੱਖ ਵਿਚ ਸ਼ਖ਼ਸੀਅਤ ਨੂੰ ਸਾਂਵਾਂ ਪੱਧਰਾ ਰੱਖ ਸਕਣਾ ਹੀ ਸ੍ਰੇਸ਼ਟ ਆਚਰਨ ਦਾ ਕਮਾਲ ਹੈ। ਖੰਡੇ ਦਾ ਅੰਮ੍ਰਿਤ ਸਿੱਖਾਂ ਲਈ ਐਸੀ ਸ਼ਖ਼ਸੀਅਤ ਉਪਜਾਣ ਦੀ ਜ਼ਾਮਨੀ ਲੈਂਦਾ ਹੈ। ਜੇ ਤੁਸੀਂ ਸੰਜੀਦਗੀ ਨਾਲ ਹੇਠ-ਦਿੱਤੀਆਂ ਗੱਲਾਂ 'ਤੇ ਵਿਚਾਰ ਕਰੋ, ਤਾਂ ਅਵੱਸ਼ ਇਹ ਦਾਅਵਾ ਸਾਰਥਕ ਦਿਸੇਗਾ:

(੧) ਅੰਮ੍ਰਿਤ, ਆਦਰਸ਼ਕ ਆਚਰਨ ਲਈ ਮਨੁੱਖ ਦੇ ਧੁਰ ਅੰਦਰੋਂ ਉਪਜੀ ਉਮੰਗ ਦੀ ਪੂਰਤੀ ਦਾ ਸੋਹਣਾ ਮਨੋਵਿਗਿਆਨਕ ਸਾਧਨ ਹੈ।

(੨) ਅੰਮ੍ਰਿਤ ਛਕਣ ਲਈ ਤਿਆਰ ਹੋਣਾ ਮਨੁੱਖ ਦੀ ਆਪਣੇ ਆਪ ਨਾਲ ਇਕ ਨਵਾਂ ਪ੍ਰਣ ਕਰਨ ਦੀ ਸ੍ਰੇਸ਼ਟ ਘੜੀ ਹੈ ਜਦੋਂ ਮਨੁੱਖ ਦੀਆਂ ਉੱਤਮ ਬਿਰਤੀਆਂ ਦੀ ਉਸ ਦੀਆਂ ਘਟੀਆ ਬਿਰਤੀਆਂ 'ਤੇ ਜਿੱਤ ਹੁੰਦੀ ਹੈ।

(੩) ਅੰਮ੍ਰਿਤ ਛਕਣਾ ਇਹ ਐਲਾਨ ਕਰਨ ਦੇ ਤੁੱਲ ਹੈ ਕਿ ਮੇਰੇ ਪਾਸੋਂ ਘੱਟ ਘੱਟ ਇਸ ਆਚਰਨਕ ਪੱਧਰ ਦੀ ਆਸ ਰੱਖੀ ਜਾ ਸਕਦੀ ਹੈ। ਜਦ ਇਹ ਐਲਾਨ ਕਰ ਦਿੱਤਾ ਜਾਏ ਤਾਂ ਅਵੱਸ਼ ਇਸ ਦੀ ਪੂਰਤੀ ਲਈ ਯਤਨ ਕਰਨਾ ਪੈਂਦਾ ਹੈ।

(੪) ਅੰਮ੍ਰਿਤ ਬਾਹਰਲੇ ਜ਼ਬਤ ਨੂੰ ਪਰਵਾਨ ਕਰਨ ਲਈ ਆਪਣੇ ਮਨ ਦੀ ਰਜ਼ਾਮੰਦੀ ਪ੍ਰਾਪਤ ਕਰਨੀ ਹੈ ਤੇ ਇਹ ਪੂਰਨ ਸਚਾਈ ਹੈ ਕਿ ਸਾਡੇ 'ਤੇ ਆਪਣਾ ਹੀ ਲਾਗੂ ਕੀਤਾ ਜ਼ਬਤ ਘੱਟ ਸਫਲ ਹੋ ਸਕਦਾ ਹੈ ਪਰ ਬਾਹਰਲੀ ਸ਼ਕਤੀ ਦਾ ਜ਼ਬਤ ਸਾਨੂੰ ਵਧੇਰੇ ਸਫਲਤਾ ਦੇ ਨੇੜੇ ਲੈ ਜਾ ਸਕਦਾ ਹੈ।

(੫) ਅੰਮ੍ਰਿਤ ਦੀਆਂ ਸ਼ਰਤਾਂ ਸਾਡੇ ਸਾਹਮਣੇ ਆਪਣੇ ਵਤੀਰੇ ਦੇ ਪਰਖਣ ਲਈ ਇਕ ਸਦੀਵੀ ਪੂਰਨ ਮਿਆਰ ਹਨ। ਅਸੀਂ ਹਰ ਘੜੀ ਆਪਣੇ ਆਚਰਨ ਨੂੰ ਇਸ ਮਿਆਰ ਅਨੁਸਾਰ ਪਰਖ ਸਕਦੇ ਹਾਂ।

(੬) ਅੰਮ੍ਰਿਤ ਦੇ ਮਿਆਰ ਨੂੰ ਨਿਭਾਣਾ ਕੁਦਰਤੀ ਹੈ ਪਰ ਉਸ ਦੀਆਂ ਸ਼ਰਤਾਂ ਦਾ ਉਲੰਘਣ ਕਰਨ ਲਈ ਵਿਸ਼ੇਸ਼ ਉਪਰਾਲੇ ਦੀ ਲੋੜ ਹੈ। ਅੰਮ੍ਰਿਤ ਮਨੁੱਖ ਦਾ ਕੁਦਰਤੀ ਧਰਮ ਹੈ।

(੭) ਮਨੁੱਖ ਸਮਾਜ ਵਿਚ ਹੀ ਆਚਰਨ ਨੂੰ ਪੱਕਿਆਂ ਕਰ ਸਕਦਾ ਹੈ ਤੇ ਆਚਰਨ ਦੀ ਲੋੜ ਵੀ ਸੋਹਣਾ ਸਮਾਜਕ ਜੀਵਨ ਬਤੀਤ ਕਰਨ ਲਈ ਹੀ ਹੈ। ਅੰਮ੍ਰਿਤ ਦੀਆਂ ਸ਼ਰਤਾਂ ਸੋਹਣੇ ਸਮਾਜਕ ਜੀਵਨ ਦੀਆਂ ਜ਼ਾਮਨ ਹਨ।

(੮) ਅੰਮ੍ਰਿਤ ਦੀਆਂ ਸ਼ਰਤਾਂ ਨਿਡਰ ਰਾਜਸੀ ਜੀਵਨ ਦੀਆਂ ਜ਼ਾਮਨ ਹਨ। ਸੋਹਣਾ ਸਮਾਜਕ ਜੀਵਨ ਸੋਹਣੇ ਰਾਜਸੀ ਪ੍ਰਬੰਧ ਵਿਚ ਹੀ ਸੰਭਵ ਹੈ।

(੯) ਨਿਤਨੇਮ—ਕਿਸੇ ਆਦਰਸ਼ਕ ਪ੍ਰੇਰਨਾ ਵਾਲੀ ਬਾਣੀ ਦਾ—ਰੋਜ਼ਾਨਾ ਜੀਵਨ ਲਈ ਨਿਤ ਨਵੀਂ ਨਰੋਈ ਪ੍ਰੇਰਨਾ ਹੈ ਤੇ ਅੰਮ੍ਰਿਤ ਇਸ ਪ੍ਰੇਰਨਾ ਲਈ ਪ੍ਰੇਰਨਾ ਹੈ।

(੧੦) ਅੰਮ੍ਰਿਤ ਸਾਦਾ ਸਰਲ ਜੀਵਨ-ਢੰਗ ਦਾ ਨਾਂ ਹੈ ਤੇ ਸਾਦਗੀ ਤੇ ਸਰਲਤਾ ਸਦੀਵੀ ਸੁਖ ਦੇ ਜ਼ਾਮਨ ਹਨ।

(੧੧) ਅੰਮ੍ਰਿਤ ਆਪਣੇ ਆਪ ਨੂੰ ਇਕ ਆਦਰਸ਼ਕ ਸ਼ਖ਼ਸੀਅਤ ਦੇ ਚਿਤਰ 'ਤੇ ਢਾਲਣਾ ਹੈ। ਉਹ ਸ਼ਖ਼ਸੀਅਤ ਗੁਰੂ ਗੋਬਿੰਦ ਸਿੰਘ ਦੀ ਹੈ। ਅੰਮ੍ਰਿਤ ਆਪਣੇ ਆਪ ਨੂੰ ਇਕ ਵੱਡੇ ਭਾਈਚਾਰੇ ਦਾ ਮੈਂਬਰ ਬਣਾਣਾ ਹੈ, ਇਹ ਭਾਈਚਾਰਾ ਪੰਥ ਦਾ ਹੈ।

ਅੰਮ੍ਰਿਤ ਦੀ ਮਹਾਨਤਾ ਸਾਡੀ ਸ਼ਖ਼ਸੀਅਤ ਦੇ ਭਾਵਕ ਪੱਖ ਨੇ ਅਨੁਭਵ ਕਰਨੀ ਹੈ, ਕੇਵਲ ਬੌਧਿਕ ਪੱਖ ਨੇ ਨਹੀਂ। ਸੋ ਇਸ ਦੀ ਮਹਾਨਤਾ ਜਾਣਨ ਲਈ ਭਾਵੁਕਤਾ ਤੇ ਕਲਪਨਾ ਨੂੰ ਵਰਤੋਂ ਵਿਚ ਲਿਆਓ। ਭੂਤ ਤੇ ਭਵਿੱਖ ਨੂੰ ਵੀ ਆਪਣੇ ਕਲਪਨਾ ਦੇ ਕਲਾਵੇ ਵਿਚ ਰੱਖੋ। ਅੰਮ੍ਰਿਤ ਨਾਲ ਜੋ ਆਚਰਨ ਉਪਜਿਆ, ਉਸ ਨੇ ਪਿਛੇ ਕਮਾਲ ਕੀਤਾ ਹੈ, ਅਗੋਂ ਕਰੇਗਾ। ਹੁਣ ਕਿਉਂ ਨਹੀਂ ਕਰ ਸਕਦਾ ?

'ਅੰਮ੍ਰਿਤ' ਆਤਮਾ ਦੀ ਜਾਗ ਹੈ। ਇਹ ਸਾਡਾ ਸਭਿਆਚਾਰ ਹੈ। ਇਸ ਵਿਚ ਮਿਠਾਸ ਹੈ ਤੇ ਦ੍ਰਿੜ੍ਹਤਾ ਹੈ। ਪਤਾਸੇ ਤੇ ਖੰਡਾ ਇਸ ਮਿਠਾਸ ਤੇ ਦ੍ਰਿੜ੍ਹਤਾ ਦੇ ਸੂਚਕ ਹਨ। ਮਿਠਾਸ ਵਤੀਰੇ ਵਿਚ ਹੁੰਦੀ ਹੈ, ਬੋਲ-ਚਾਲ ਵਿਚ ਹੁੰਦੀ ਹੈ, ਵਿਚਾਰ ਆਚਾਰ ਵਿਚ ਹੁੰਦੀ ਹੈ। ਦ੍ਰਿੜ੍ਹਤਾ ਭਰਮ ਸੰਸੇ ਤੋਂ ਪਾਕ ਹੋਣ ਨਾਲ ਆਂਦੀ ਹੈ; ਦ੍ਰਿੜ੍ਹ ਵਿਸ਼ਵਾਸ ਹੁੰਦਾ ਹੈ ਕਿ ਅਸਲੀਅਤ ਕੀ ਹੈ ? ਪਰਮਾਤਮਾ ਦੀ ਹੋਂਦ ਤੇ ਰੂਪ, ਆਤਮਾ ਦੀ ਕਲਿਆਣ ਦੀ ਸੰਭਵਤਾ ਤੇ ਰੂਪ ਬਾਰੇ ਦ੍ਰਿੜ੍ਹ ਵਿਸ਼ਵਾਸ। ਫਿਰ ਇਹ ਦ੍ਰਿੜ੍ਹ ਵਿਸ਼ਵਾਸ ਕਿ ਕੇਵਲ ਗੁਰੂ ਹੀ ਜੁਗਤੀ ਦਿੰਦਾ ਹੈ ਤੇ ਸਮਝ ਦਿੰਦਾ ਹੈ, ਇਸ ਦ੍ਰਿੜ੍ਹਤਾ ਲਈ। ਦ੍ਰਿੜ੍ਹਤਾ ਸਦੀਵੀ ਕੀਮਤਾਂ ਦਾ ਵਿਸ਼ਵਾਸੀ ਹੋਣ ਵਿਚ ਹੈ, ਸੱਚ ਦੀ ਜਿੱਤ ਦਾ ਵਿਸ਼ਵਾਸੀ ਹੋਣ ਵਿਚ ਹੈ।

'ਅੰਮ੍ਰਿਤ' ਆਪ ਇਕ ਚਿੰਨ੍ਹ ਹੈ, ਇਹ ਚਿੰਨ੍ਹ ਹੈ ਸਾਰੀ ਬਾਣੀ ਦੇ ਸਾਰ ਦਾ। ਇਹ ਚਿੰਨ੍ਹ ਹੈ 'ਗੁਰ ਪ੍ਰਸਾਦਿ' ਦਾ। 'ਗੁਰ' ਆਪ ਪਰਮਾਤਮਾ ਹੈ ਤੇ 'ਪ੍ਰਸਾਦਿ' ਉਸ ਦੀ ਕਿਰਪਾ। ਇਹ ਚਿੰਨ੍ਹ ਹੈ ਸਤਿ-ਚਿਤ-ਆਨੰਦ ਦਾ। ਇਹ ਚਿੰਨ੍ਹ ਹੈ ਅੱਖਾਂ ਵਿਚ ਪਰਾਧੀਨਤਾ ਦੇ ਨਾਸ਼ ਦਾ, ਦਿਮਾਗ਼ ਵਿਚੋਂ ਪਰਾਧੀਨਤਾ ਤੇ ਭੈ ਦੇ ਨਾਸ਼ ਦਾ, ਮਨ ਵਿਚੋਂ ਭੈ ਤੇ ਗ਼ੁਲਾਮੀ ਦੇ ਨਾਸ਼ ਦਾ। ਇਹ ਚਿੰਨ੍ਹ ਹੈ ਪੁਨਰ ਜਨਮ ਦਾ, ਆਤਮਾ ਅੰਮ੍ਰਿਤ ਵਿਚ ਇਸ਼ਨਾਨ ਕਰਦੀ ਹੈ ਤੇ ਸਾਰੀ ਮੈਲ ਲਾਹ ਦਿੰਦੀ ਹੈ। ਇਹ ਚਿੰਨ੍ਹ ਹੈ ਹਉਮੈ

ਦੇ ਨਾਸ਼ ਦਾ ਤੇ ਭਰਾਤਰੀ-ਭਾਵ ਦੇ ਉਤਪੰਨ ਹੋਣ ਦਾ। ਇਹ ਜਾਤ, ਵਰਨ, ਆਸ਼ਰਮ, ਗ਼ਰੀਬੀ-ਅਮੀਰੀ ਦੀ ਮੈਲ ਨੂੰ ਧੋਣ ਦਾ ਚਿੰਨ੍ਹ ਹੈ। ਅੰਮ੍ਰਿਤ ਚਿੰਨ੍ਹ ਹੈ ਅੰਮ੍ਰਿਤ-ਦਾਤਾ ਦੇ ਇਨ੍ਹਾਂ ਵਿਚਾਰਾਂ ਨੂੰ ਅੰਮ੍ਰਿਤਧਾਰੀ ਦੀ ਆਤਮਾ ਵਿਚ ਪ੍ਰਕਾਸ਼ਣ ਦਾ :

(੧) ਸ੍ਵੈ-ਪ੍ਰੇਰਨਾ

ਦੇਹ ਸਿਵਾ ਬਰ ਮੋਹਿ ਇਹੈ ਸੁਭ ਕਰਮਨ ਤੇ ਕਬਹੂ ਨ ਟਰੋਂ ॥
ਨ ਡਰੋਂ ਅਰਿ ਸੋ ਜਬ ਜਾਇ ਲਰੋਂ ਨਿਸਚੈ ਕਰ ਅਪਨੀ ਜੀਤ ਕਰੋਂ ॥
ਅਰੁ ਸਿਖ ਹੋਂ ਅਪਨੇ ਹੀ ਮਨ ਕੌ ਇਹ ਲਾਲਚ ਹਉ ਗੁਨ ਤਉ ਉਚਰੋਂ ॥
ਜਬ ਆਵ ਕੀ ਅਉਧ ਨਿਦਾਨ ਬਨੈ ਅਤ ਹੀ ਰਨ ਮੈਂ ਤਬ ਜੂਝ ਮਰੋਂ ॥੨੩੧॥

*(ਚੰਡੀ ਚਰਿਤ੍ਰ, ਉਕਤ ਬਿਲਾਸ, ਪੰਨਾ ੯੯)*

(੨) ਜਥੇਬੰਦੀ

ਜੁਧ ਜਿਤੇ ਇਨਹੀ ਕੇ ਪ੍ਰਸਾਦਿ
ਇਨਹੀ ਕੇ ਪ੍ਰਸਾਦਿ ਸੁ ਦਾਨ ਕਰੇ ॥
ਅਘ ਅਉਘ ਟਰੇ ਇਨਹੀ ਕੇ ਪ੍ਰਸਾਦਿ
ਇਨਹੀ ਕੀ ਕ੍ਰਿਪਾ ਫੁਨ ਧਾਮ ਭਰੇ ॥
ਇਨਹੀ ਕੇ ਪ੍ਰਸਾਦਿ ਸੁ ਬਿਦਿਆ ਲਈ
ਇਨਹੀ ਕੀ ਕ੍ਰਿਪਾ ਸਭ ਸਤ੍ਰੁ ਮਰੇ ॥
ਇਨਹੀ ਕੀ ਕ੍ਰਿਪਾ ਕੇ ਸਜੇ ਹਮ ਹੈ
ਨਹੀ ਮੋ ਸੇ ਗਰੀਬ ਕਰੋਰ ਪਰੇ ॥੨॥ *(ਦਸਮ ਗ੍ਰੰਥ, ਪੰਨਾ ੭੧੬-੧੭)*

(੩) ਮਨੁੱਖਤਾ ਤੇ ਧਰਮ

ਦੇਹਰਾ ਮਸੀਤ ਸੋਈ ਪੂਜਾ ਔ ਨਿਮਾਜ ਓਈ,
ਮਾਨਸ ਸਬੈ ਏਕ ਪੈ ਅਨੇਕ ਕੌ ਭ੍ਰਮਾਉ ਹੈ ॥
ਦੇਵਤਾ ਅਦੇਵ ਜਛ ਗੰਧ੍ਰਬ ਤੁਰਕ ਹਿੰਦੂ,
ਨਿਆਰੇ ਨਿਆਰੇ ਦੇਸਨ ਕੇ ਭੇਸ ਕੋ ਪ੍ਰਭਾਉ ਹੈ ॥
ਏਕੈ ਨੈਨ ਏਕੈ ਕਾਨ ਏਕੈ ਦੇਹ ਏਕੈ ਬਾਨ,
ਖਾਕ ਬਾਦ ਆਤਿਸ ਔ ਆਬ ਕੋ ਰਲਾਉ ਹੈ ॥
ਅਲਹ ਅਭੇਖ ਸੋਈ ਪੁਰਾਨ ਔ ਕੁਰਾਨ ਓਈ,
ਏਕ ਹੀ ਸਰੂਪ ਸਬੈ ਏਕ ਹੀ ਬਨਾਉ ਹੈ ॥੧੬॥੮੬॥

*(ਅਕਾਲ ਉਸਤਤਿ, ਪੰਨਾ ੧੯)*

(੪) ਮਨੁੱਖ ਤੇ ਪਰਮਾਤਮਾ

ਜੈਸੇ ਏਕ ਆਗ ਤੇ ਕਨੂਕਾ ਕੋਟ ਆਗ ਉਠੇ,
ਨਿਆਰੇ ਨਿਆਰੇ ਹੁਇ ਕੈ ਫੇਰਿ ਆਗ ਮੈ ਮਿਲਾਹਿਗੇ ॥

ਜੈਸੇ ਏਕ ਧੂਰ ਤੇ ਅਨੇਕ ਧੂਰ ਪੂਰਤ ਹੈ,
ਧੂਰ ਕੇ ਕਨੂੰਕਾ ਫੇਰ ਧੂਰ ਹੀ ਸਮਾਹਿਗੇ॥
ਜੈਸੇ ਏਕ ਨਦ ਤੇ ਤਰੰਗ ਕੋਟ ਉਪਜਤ ਹੈ,
ਪਾਨ ਕੇ ਤਰੰਗ ਸਬੈ ਪਾਨ ਹੀ ਕਹਾਹਿਗੇ॥
ਤੈਸੇ ਬਿਸ੍ਵ ਰੂਪ ਤੇ ਅਭੂਤ ਭੂਤ ਪ੍ਰਗਟ ਹੋਇ,
ਤਾਹੀ ਤੇ ਉਪਜ ਸਬੈ ਤਾਹੀ ਮੈ ਸਮਾਹਿਗੇ॥੧੭॥੮੭॥

*(ਅਕਾਲ ਉਸਤਤਿ, ਪੰਨਾ ੧੯-੨੦)*

ਇੰਨੀ ਆਤਮਕ ਤੇ ਮਾਨਸਕ ਵਿਸ਼ਾਲਤਾ ਹੈ ਅੰਮ੍ਰਿਤ ਦੇ ਪ੍ਰਬੋਧ ਵਿਚ। ਅੰਮ੍ਰਿਤ ਇਕ ਰਸਮ ਨਹੀਂ ਹੈ ਸਗੋਂ ਸਾਰੀ ਮਨੁੱਖਤਾ ਨਾਲ ਸਾਂਝ ਹੈ, ਸਾਰੀ ਮਨੁੱਖਤਾ ਦੀ ਬਰਾਬਰੀ ਨੂੰ ਸਵੀਕਾਰ ਕਰਨਾ ਹੈ, ਸਾਰੇ ਧਰਮਾਂ ਦੀ ਮਹਾਨਤਾ ਨੂੰ ਆਪਣੇ ਧਰਮ ਜਿੰਨਾ ਮਹਾਨ ਪਰਵਾਨ ਕਰਨਾ ਹੈ, ਸਾਰੇ ਧਰਮ ਗ੍ਰੰਥਾਂ ਦਾ ਪੂਰਨ ਸਤਿਕਾਰ ਹੈ, ਸਾਰੇ ਮਹਾਂ-ਪੁਰਸ਼ਾਂ ਨੂੰ ਇਕੋ ਜੋਤ ਦਾ ਪ੍ਰਕਾਸ਼ ਤਸਲੀਮ ਕਰਨਾ ਹੈ। ਅੰਮ੍ਰਿਤ ਵਿਸ਼ਾਲ ਰੱਬੀ ਦਰਸ਼ਨ ਹੈ, ਅੰਮ੍ਰਿਤ ਗੁਰੂ ਗੋਬਿੰਦ ਸਿੰਘ ਦਾ ਰੂਪ ਬਣਨ ਲਈ ਤੱਤਪਰ ਹੋਣਾ ਹੈ। ਅੰਮ੍ਰਿਤ ਗੁਰੂ ਗੋਬਿੰਦ ਸਿੰਘ ਜੀ ਦੀ ਆਤਮਾ ਹੈ ਤੇ ਗੁਰੂ ਗੋਬਿੰਦ ਸਿੰਘ ਪਰਮਾਤਮਾ ਦੀ ਆਤਮਾ ਹੈ।

**੧੧**

# ਨਾਨਕ : ਗੁਰ-ਪਰਮੇਸ਼ਰ

## ੧. ਗੁਰੂ ਕੀ ਹੈ ?

ਦੀਵਾ ਬਲੈ ਅੰਧੇਰਾ ਜਾਇ ॥
ਬੇਦ ਪਾਠ ਮਤਿ ਪਾਪਾ ਖਾਇ ॥
ਉਗਵੈ ਸੂਰੁ ਨ ਜਾਪੈ ਚੰਦੁ ॥
ਜਹ ਗਿਆਨ ਪ੍ਰਗਾਸੁ, ਅਗਿਆਨੁ ਮਿਟੰਤੁ ॥
ਬੇਦ ਪਾਠ ਸੰਸਾਰ ਕੀ ਕਾਰ ॥
ਪੜ੍ਹਿ ਪੜ੍ਹਿ ਪੰਡਿਤ ਕਰਹਿ ਬੀਚਾਰ ॥
ਬਿਨੁ ਬੂਝੇ ਸਭ ਹੋਇ ਖੁਆਰ ॥
ਨਾਨਕ ਗੁਰਮੁਖਿ ਉਤਰਸਿ ਪਾਰਿ ॥੧॥

*(ਵਾਰ ਸੂਹੀ ਮ: ੧, ਪੰਨਾ ੭੯੧)*

ਜਦੋਂ ਕਈ ਵਾਰੀ ਸਾਡੇ ਵਿਚ ਅਕਲ ਦੀ ਬੇਚੈਨੀ ਸਾਨੂੰ ਪ੍ਰੇਸ਼ਾਨ ਕਰਦੀ ਹੈ ਤਾਂ ਅਸੀਂ ਖਿਝ ਕੇ ਆਖਦੇ ਹਾਂ ਕਿ ਗੁਰੂ ਸਾਹਿਬਾਨ ਨੇ ਇਹ ਕੀ ਕੀਤਾ ? ਸਾਰੀ ਬਾਣੀ ਕਵਿਤਾ ਵਿਚ ਲਿਖ ਦਿਤੀ; ਨਾ ਕੋਈ ਸਪਸ਼ਟ ਪਤਾ ਲੱਗਦਾ ਹੈ ਕਿ ਪਰਮਾਤਮਾ ਕੀ ਹੈ ? ਨਾ ਕੋਈ ਸਪਸ਼ਟ ਪਤਾ ਲਗਦਾ ਹੈ ਕਿ ਗੁਰੂ ਕੀ ਹੈ ? ਨਾ ਕੋਈ ਸਪਸ਼ਟ ਪਤਾ ਲੱਗਦਾ ਹੈ ਕਿ ਨਾਮ ਕੀ ਹੈ ? ਤੇ ਨਾ ਹੀ ਸਪਸ਼ਟ ਪਤਾ ਲੱਗਦਾ ਹੈ ਕਿ ਸਿਮਰਨ ਕੀ ਹੈ ਤੇ ਕਿਵੇਂ ਕਰੀਦਾ ਹੈ ? ਸਾਡੀ ਕਈ ਵਾਰੀ ਫਿਰ ਇਹ ਇੱਛਾ ਆਣ ਬਣਦੀ ਹੈ ਕਿ ਚੰਗਾ ਹੁੰਦਾ ਜੇ ਗੁਰੂ ਸਾਹਿਬ ਆਪਣੇ ਵਿਚਾਰ ਵਾਰਤਕ ਵਿਚ ਲਿਖਦੇ ਤੇ ਸਿੱਧਾ ਨਿਰਣਾ ਕਰ ਦਿੰਦੇ। ਜਿਵੇਂ ਦਰਸ਼ਨ (Philosophy) ਦੀਆਂ ਪੁਸਤਕਾਂ ਵਿਚ ਕੀਤਾ ਹੁੰਦਾ ਹੈ ਕਿ ਪਰਮਾਤਮਾ ਇਹ ਹੈ, ਗੁਰੂ ਇਹ ਹੈ, ਨਾਮ ਇਹ ਹੈ ਤੇ ਸਿਮਰਨ ਇਵੇਂ ਹੁੰਦਾ ਹੈ। ਪਰ ਗੱਲ ਇਹ ਹੈ ਕਿ ਗੁਰੂ ਸਾਹਿਬ ਤਾਂ ਭਗਤੀ, ਗਿਆਨ ਤੇ ਕਰਮ ਦਾ ਸੰਜੋਗ ਕਰ ਰਹੇ ਸਨ; ਨਾ ਕੇਵਲ ਗਿਆਨ ਦੇ ਰਹੇ ਸਨ ਕਿ ਦਰਸ਼ਨ-ਰੂਪ ਤੇ ਦਾਰਸ਼ਨਿਕ ਬੋਲੀ ਵਿਚ ਆਪਣੇ ਵਿਚਾਰ ਪ੍ਰਗਟ ਕਰਦੇ, ਨਾ ਕੇਵਲ ਕਰਮ-ਮਾਰਗ ਦੱਸ ਰਹੇ ਸਨ ਤਾਂ ਜੁ ਕੇਵਲ ਹੁਕਮ ਤੇ ਹਦੈਤਾਂ ਲਹੂ-ਰੱਤ ਹੀਣ ਸਪਸ਼ਟ ਵਾਰਤਕ ਵਿਚ ਲਿਖ ਦਿੰਦੇ। ਉਹ ਕਿਸੇ ਪਾਸੇ ਵੀ ਉਲਾਰ ਨਹੀਂ ਸਨ। ਪਰ ਪਰਧਾਨਗੀ ਉਹ ਭਗਤੀ ਦੀ ਸਵੀਕਾਰ ਕਰਦੇ ਸਨ। ਭਗਤੀ ਮਨ ਦੀ ਅਵਸਥਾ ਹੈ, ਇਕ ਬੜੀ ਲੰਮੀ ਘਾਲ ਮਗਰੋਂ, ਉਤਪੰਨ ਕੀਤੀ ਅਵਸਥਾ, ਪਵਿੱਤਰ ਨਿਰਮਲ ਤੇ ਸੁੰਦਰ ਅਵਸਥਾ—ਤੇ

ਬੁੱਧੀ ਤੇ ਬਲ ਜਿਸ ਦੇ ਅਧੀਨ ਹੋ ਕੇ ਵਿਚਰਦੇ ਹਨ, ਤਿਆਗੇ ਨਹੀਂ ਜਾਂਦੇ। ਭਗਤੀ ਜਜ਼ਬਿਆਂ ਦਾ ਸਿਧਾਇਆ ਹੋਇਆ ਨਿਰਮਲ ਵੇਗ ਹੈ। ਇਸ ਨੇ ਬਲ ਤੇ ਬੁੱਧੀ ਨੂੰ ਪ੍ਰਯੋਗ ਵਿਚ ਲਿਆਣਾ ਹੈ। ਗੁਰੂ ਗ੍ਰੰਥ ਸਾਹਿਬ ਵਿਚੋਂ ਸਪਸ਼ਟਤਾ ਉਸ ਨੂੰ ਪ੍ਰਾਪਤ ਹੋ ਸਕਦੀ ਹੈ ਜਿਸ ਦਾ ਮਨ, ਇਸ ਨੂੰ ਵਿਚਾਰ ਵਿਚਾਰ ਕੇ ਨਿਰਮਲ ਹੋ ਜਾਵੇ। ਕਿਸੇ ਵੀ ਵਿਸ਼ੇ, ਮਜ਼ਮੂਨ ਦੀ ਸਮਝ ਉਸ ਨੂੰ ਆ ਸਕਦੀ ਹੈ, ਜੋ ਉਸ ਮਜ਼ਮੂਨ ਨੂੰ ਪਿਆਰ ਕਰੇ, ਉਸ ਪੁਸਤਕ ਦਾ ਸਤਿਕਾਰ ਕਰੇ ਜਿਸ ਵਿਚ ਉਹ ਮਜ਼ਮੂਨ ਲਿਖਿਆ ਹੈ। ਮਨ ਵਿਚ ਹੁਲਾਰੇ ਤੇ ਜਜ਼ਬਿਆਂ ਦਾ ਸੰਚਾਰ ਤੇ ਸੁਧਾਰ ਕੇਵਲ ਕਵਿਤਾ ਹੀ ਕਰ ਸਕਦੀ ਹੈ। ਇਹ 'ਖਸਮ ਕੀ ਬਾਣੀ' ਹੈ, ਇਵੇਂ ਹੀ ਆਈ ਹੈ। ਪਰਮਾਤਮਾ ਮਨੁੱਖ ਨੂੰ ਪਿਆਰ ਕਰਦਾ ਹੈ, ਪਿਆਰ ਵਿਚ ਉਹ ਇਵੇਂ ਹੀ ਬੋਲਦਾ ਹੈ ਜਿਵੇਂ ਉਹ ਗੁਰੂ ਗ੍ਰੰਥ ਸਾਹਿਬ ਵਿਚ ਬੋਲਿਆ। ਕੇਵਲ ਕਵਿਤਾ ਹੀ ਆਤਮਾ ਤੀਕ ਪਹੁੰਚ ਸਕਦੀ ਹੈ ਤੇ ਉਹ ਭੀ ਆਪਣੀ ਮਾਤ-ਬੋਲੀ ਵਿਚ। ਸਾਨੂੰ ਨਾ ਪਤਾ ਲੱਗੇ ਤਾਂ ਵੱਖਰੀ ਗੱਲ ਹੈ ਪਰ ਗੁਰੂ ਸਾਹਿਬ ਨੇ ਸੈਂਕੜੇ ਵਾਰੀ ਸਪਸ਼ਟ ਦੱਸਿਆ ਹੈ ਕਿ ਨਾਮ ਉਹ ਮਨ ਦੀ ਦਸ਼ਾ ਹੈ, ਜਿਹੜੀ ਮਨੁੱਖ ਦੀ ਉਸ ਤਰ੍ਹਾਂ ਸਹਾਇਤਾ ਕਰਦੀ ਹੈ ਜਿਵੇਂ ਡੁਬਦੇ ਨੂੰ ਬੇੜੀ ਮਿਲ ਜਾਂਦੀ ਹੈ, ਬੁਝਦੇ ਦੀਵੇ ਨੂੰ ਤੇਲ ਮਿਲ ਜਾਂਦਾ ਹੈ, ਅੱਗ ਨੂੰ ਪਾਣੀ ਮਿਲ ਜਾਂਦਾ ਹੈ, ਬੱਚੇ ਨੂੰ ਮਾਂ ਦਾ ਦੁੱਧ ਮਿਲ ਜਾਂਦਾ ਹੈ, ਭਿਆਨਕ ਜੰਗ ਵਿਚ ਸਾਥੀ ਮਿਲ ਜਾਂਦਾ ਹੈ, ਭੁੱਖੇ ਨੂੰ ਭੋਜਨ ਮਿਲ ਜਾਂਦਾ ਹੈ, ਸੜਦੀ ਫ਼ਸਲ ਨੂੰ ਮੀਂਹ ਮਿਲ ਜਾਂਦਾ ਹੈ, ਆਦਿ (ਵੇਖੋ ਮਾਲੀ ਗਉੜਾ ਮ: ੫, ਪੰਨਾ ੯੮੬) ਤੇ ਨਾਮ ਕਿਵੇਂ ਜਪੀਦਾ ਹੈ? ਸੈਂਕੜੇ ਵਾਰੀ ਗੁਰੂ ਗ੍ਰੰਥ ਸਾਹਿਬ ਵਿਚ ਦੱਸਿਆ ਹੈ ਕਿ ਨਾਮ ਉਸ ਤਰ੍ਹਾਂ ਜਪੀਦਾ ਹੈ ਜਾਂ ਪਰਮਾਤਮਾ ਨੂੰ ਉਸ ਤਰ੍ਹਾਂ ਯਾਦ ਕਰੀਦਾ ਹੈ ਤੇ ਰੱਖੀਦਾ ਹੈ ਜਿਵੇਂ ਮਾਂ ਪੁੱਤ ਨੂੰ ਕਰਦੀ ਹੈ, ਜਿਵੇਂ ਪਤਨੀ ਪਤੀ ਨੂੰ ਕਰਦੀ ਹੈ ਤੇ ਜਿਵੇਂ ਮਛਲੀ ਪਾਣੀ ਨੂੰ, ਚਕਵੀ ਸੂਰਜ ਨੂੰ, ਕਮਲ ਜਲ ਨੂੰ, ਗਊ ਬਛੜੇ ਨੂੰ, ਮੋਰ ਬੱਦਲ ਨੂੰ। ਸਭ ਕੁਝ ਸਪਸ਼ਟ ਹੁੰਦਾ ਚਲਾ ਜਾਂਦਾ ਹੈ ਜੇ ਮਨ ਲਾਲੀ ਪਕੜੇ (ਲਾਲੋ ਲਾਲ)। ਮਨ ਲਾਲੀ ਪਕੜਦਾ ਹੈ ਜੇ ਲਾਲ ਹੋਇਆਂ ਦੇ ਬਚਨ ਪੜ੍ਹੀਏ ਤੇ ਇਸ ਤਰ੍ਹਾਂ ਉਨ੍ਹਾਂ ਦੇ ਦਰਸ਼ਨ ਕਰੀਏ। ਭਗਤੀ ਤਾਂ ਖ਼ੂਨ ਦੀ ਹਰਕਤ ਹੈ, ਇਹ ਨਾ ਮਿੱਝ ਹੈ, ਨਾ ਹੱਡੀਆਂ ਹਨ। ਇਸੇ ਤਰ੍ਹਾਂ ਗੁਰੂ ਕੀ ਹੈ? ਇਸ ਦਾ ਵੀ ਬਿਆਨ ਗੁਰੂ ਗ੍ਰੰਥ ਸਾਹਿਬ ਵਿਚ ਪੂਰਾ ਸਪਸ਼ਟ ਹੈ ਪਰ ਪੂਰੀ ਸਮਝ ਕਿਸੇ ਨੂੰ ਵੀ ਤਦ ਹੀ ਆ ਸਕਦੀ ਹੈ ਜਦ ਉਹ ਆਪ ਪੂਰਨ ਹੋ ਜਾਏ। ਜਦੋਂ ਗਿਆਨ, ਗਿਆਨ-ਵਸਤੂ ਤੇ ਗਿਆਨੀ ਅਭੇਦ ਹੋ ਜਾਂਦੇ ਹਨ, ਤਦ ਪੂਰਨ ਪ੍ਰਕਾਸ਼ ਹੁੰਦਾ ਹੈ। ਜਦੋਂ ਸਿਖ ਨੂੰ ਸਮਝ ਆ ਜਾਂਦੀ ਹੈ ਕਿ ਗੁਰੂ ਕੀ ਹੈ, ਤਦੋਂ ਉਹ ਆਪ ਗੁਰੂ ਬਣ ਚੁੱਕਾ ਹੁੰਦਾ ਹੈ। ਆਓ! ਬਾਣੀ ਦੇ ਅਸਗਾਹ ਸਾਗਰ ਨੂੰ ਦੋ ਚਾਰ ਥਾਵਾਂ 'ਤੇ ਚਖ ਕੇ ਵੇਖੀਏ ਤੇ ਇਹ ਅਨੁਭਵ ਕਰਨ ਦਾ ਯਤਨ ਕਰੀਏ ਕਿ ਗੁਰੂ ਕੀ ਹੈ?

੧. ਗੁਰਮੁਖਿ ਨਾਦੰ, ਗੁਰਮੁਖਿ ਵੇਦੰ, ਗੁਰਮੁਖਿ ਰਹਿਆ ਸਮਾਈ॥
ਗੁਰੁ ਈਸਰੁ, ਗੁਰੁ ਗੋਰਖੁ ਬਰਮਾ, ਗੁਰੁ ਪਾਰਬਤੀ ਮਾਈ॥

*(ਜਪੁ, ਪੰਨਾ ੨)*

੨. ਗੁਰੁ ਦਾਤਾ, ਗੁਰੁ ਹਿਵੈ ਘਰੁ, ਗੁਰੁ ਦੀਪਕੁ ਤਿਹ ਲੋਇ॥

*(ਵਾਰ ਮਾਝ ਮ: ੧, ਪੰਨਾ ੧੩੭)*

੩. ਗੁਰੁ ਸਾਗਰੁ ਰਤਨੀ ਭਰਪੂਰੇ ॥ ਅੰਮ੍ਰਿਤੁ ਸੰਤ ਚੁਗਹਿ ਨਹੀ ਦੂਰੇ ॥
ਹਰਿ ਰਸੁ ਚੋਗ ਚੁਗਹਿ ਪ੍ਰਭ ਭਾਵੈ ॥ ਸਰਵਰ ਮਹਿ ਹੰਸੁ ਪ੍ਰਾਨਪਤਿ ਪਾਵੈ ॥੧॥

(ਧਨਾਸਰੀ ਮ: ੧, ਪੰਨਾ ੬੮੫)

੪. ਨਿਰਮਲ ਨਾਮੁ ਸੁਧਾ ਪਰਪੂਰਨ ਸਬਦ ਤਰੰਗ ਪ੍ਰਗਟਿਤ ਦਿਨ ਆਗਰੁ ॥
ਗਹਿਰ ਗੰਭੀਰੁ ਅਥਾਹੁ ਅਤਿ ਬਡ ਸੁਭਰੁ ਸਦਾ ਸਭ ਬਿਧਿ ਰਤਨਾਗਰੁ ॥
ਸੰਤ ਮਰਾਲ ਕਰਹਿ ਕੰਤੂਹਲ ਤਿਨ ਜਮ ਤ੍ਰਾਸ ਮਿਟਿਓ ਦੁਖ ਕਾਗਰੁ ॥
ਕਲਜੁਗ ਦੁਰਤ ਦੂਰਿ ਕਰਬੇ ਕਉ ਦਰਸਨੁ ਗੁਰੂ ਸਗਲ ਸੁਖ ਸਾਗਰੁ ॥੪॥

(ਮਥੁਰਾ, ਪੰਨਾ ੧੪੦੪)

੫. ਛਿਅ ਘਰ ਛਿਅ ਗੁਰ ਛਿਅ ਉਪਦੇਸ ॥ ਗੁਰੁ ਗੁਰੁ ਏਕੋ ਵੇਸ ਅਨੇਕ ॥੧॥
ਬਾਬਾ ਜੈ ਘਰਿ ਕਰਤੇ ਕੀਰਤਿ ਹੋਇ ॥ ਸੋ ਘਰੁ ਰਾਖੁ ਵਡਾਈ ਤੋਇ ॥੧॥ਰਹਾਉ॥
ਵਿਸੁਏ ਚਸਿਆ ਘੜੀਆ ਪਹਰਾ, ਥਿਤੀ ਵਾਰੀ ਮਾਹੁ ਹੋਆ ॥
ਸੂਰਜੁ ਏਕੋ, ਰੁਤਿ ਅਨੇਕ ॥ ਨਾਨਕ ਕਰਤੇ ਕੇ ਕੇਤੇ ਵੇਸ ॥੨॥੨॥

(ਰਾਗੁ ਆਸਾ ਮ: ੧, ਪੰਨਾ ੧੨-੧੩)

ਗੁਰੂ ਜੀਵਨ ਦਾ ਸੰਗੀਤ (ਨਾਦ) ਹੈ, ਗੁਰੂ ਜੀਵਨ ਦੀ ਰੌਸ਼ਨੀ (ਵੇਦ) ਹੈ, ਗੁਰੂ ਜੀਵਨ ਦਾ ਜੀਵਨ ਹੈ, ਗੁਰੂ ਜੀਵਨ ਨੂੰ ਕਾਇਮ ਰੱਖਣ ਵਾਲਾ (ਈਸਰੁ—Sustainer) ਹੈ, ਗੁਰੂ ਜੀਵਨ ਨੂੰ ਮੁੜ ਸੁਰਜੀਤ ਕਰਨ ਵਾਲਾ ਤੇ ਨਵਾਂ ਨਿਰੋਆ ਰੱਖਣ ਵਾਲਾ (ਗੋਰਖੁ) ਹੈ ਤੇ ਗੁਰੂ ਤੋਂ ਹੀ ਜੀਵਨ ਦੀ ਉਤਪਤੀ (ਬਰਮਾ) ਹੈ, ਗੁਰੂ ਹੀ ਜੀਵਨ ਦੀ ਅਤਿ ਚਮਕੀਲੀ ਮਾਇਆ ਵੀ ਹੈ। ਗੁਰੂ ਸਭ ਕੁਝ ਦੇਣ ਵਾਲਾ (ਦਾਤਾ) ਹੈ, ਗੁਰੂ ਸ਼ਾਂਤੀ ਦਾ ਸਾਗਰ (ਹਿਵੈ-ਘਰੁ) ਹੈ ਤੇ ਸਾਰੇ ਸੰਸਾਰ ਲਈ ਪ੍ਰਕਾਸ਼ ਹੈ। ਗੁਰੂ ਰਤਨਾਂ ਦਾ ਭੰਡਾਰ ਹੈ ਤੇ ਸਿੱਖਾਂ ਦੇ ਜੀਵਨ ਦਾ ਆਸਰਾ ਹੈ, ਸਿੱਖਾਂ ਨੂੰ ਉਥੋਂ ਹੀ ਖ਼ੁਰਾਕ ਪ੍ਰਾਪਤ ਹੁੰਦੀ ਹੈ। ਗੁਰੂ ਪਰਮਾਤਮਾ ਦਾ ਇਕ ਵਿਸ਼ੇਸ਼ ਰੂਪ ਤੇ ਅਵਸਥਾ ਹੈ। ਪਰਮਾਤਮਾ ਦੀਆਂ ਕਈ ਅਵਸਥਾਵਾਂ ਤੇ ਪ੍ਰਗਟਾਅ ਹਨ, ਜਿਵੇਂ ਸੂਰਜ ਦੇ।

## ੨. ਗੁਰੂ ਨਾਨਕ ਕੀ ਸੀ ?

ਗੁਰੂ ਪਰਮੇਸ਼ਰ ਹੈ ਭਾਵੇਂ ਉਸ ਦਾ ਕੇਵਲ ਇਕ ਪੱਖ ਤੇ ਰੂਪ ਹੈ। ਮਨੁੱਖ ਦੀ ਸਦਾ ਹੀ ਲਾਲਸਾ ਰਹੀ ਹੈ ਕਿ ਉਹ ਪਰਮਾਤਮਾ ਨੂੰ ਪਰਤੱਖ ਦੇਖੇ ਪਰ ਮਨੁੱਖ ਹੋਣ ਵਿਚ ਨੁਕਸ ਇਹ ਹੈ ਕਿ ਜਦੋਂ ਪਰਮਾਤਮਾ ਇਸ ਦੇ ਆਪਣੇ ਰੂਪ ਵਿਚ ਇਸ ਦੇ ਸਾਹਮਣੇ ਖੜੋਤਾ ਹੁੰਦਾ ਹੈ ਤਾਂ ਇਸ ਨੂੰ ਉਸ ਦੀ ਪਹਿਚਾਨ ਨਹੀਂ ਆਂਦੀ। ਜੇ ਕਿਧਰੇ ਥੋੜ੍ਹੀ ਜਿੰਨੀ ਪਹਿਚਾਨ ਦਾ ਝਾਵਲਾ ਪੈਂਦਾ ਹੈ ਤਾਂ ਫਿਰ ਮਨੁੱਖ ਭਰਮ ਵਿਚ ਪੈ ਜਾਂਦਾ ਹੈ। ਪਰਮਾਤਮਾ ਗੁਰੂ ਰੂਪ ਵਿਚ ਮਨੁੱਖ ਦੇ ਸਾਹਮਣੇ ਆ ਖੜੋਂਦਾ ਹੈ। ਗੁਰੂ ਨਾਨਕ ਜੀ ਦੇ ਰੂਪ ਵਿਚ ਵੀ ਮਨੁੱਖ ਦੇ ਸਾਹਮਣੇ ਆ ਖੜੋਤਾ ਤੇ ਗੁਰੂ ਨਾਨਕ ਸਾਹਿਬ ਨੇ ਮਾਰੂ ਰਾਗ ਵਿਚ ਦੱਸਿਆ ਹੈ ਕਿ ਮਨੁੱਖ ਨੇ ਮੈਨੂੰ ਕਿਵੇਂ ਪਛਾਣਿਆ ਤੇ ਇਹ ਵੀ ਦੱਸਿਆ ਹੈ ਕਿ ਮੈਂ ਕੀ ਸਾਂ :

ਕੋਈ ਆਖੈ ਭੂਤਨਾ ਕੋ ਕਹੈ ਬੇਤਾਲਾ ॥
ਕੋਈ ਆਖੈ ਆਦਮੀ ਨਾਨਕੁ ਵੇਚਾਰਾ ॥੧॥

ਭਇਆ ਦਿਵਾਨਾ ਸਾਹ ਕਾ ਨਾਨਕੁ ਬਉਰਾਨਾ ॥
ਹਉ ਹਰਿ ਬਿਨੁ ਅਵਰੁ ਨ ਜਾਨਾ ॥੧॥ਰਹਾਉ॥ *(ਮਾਰੂ ਮ: ੧, ਪੰਨਾ ੯੯੧)*

ਲੋਕਾਂ ਨੇ ਗੁਰੂ ਸਾਹਿਬ ਵੱਲ ਤਿੰਨ ਦ੍ਰਿਸ਼ਟੀਕੋਣ ਬਣਾਏ। ਕਈਆਂ ਦਾ ਵਿਚਾਰ ਸੀ ਕਿ (ਗੁਰੂ) ਨਾਨਕ ਭੂਤਨਾ ਹੈ, ਸ਼ੈਤਾਨ ਹੈ, ਬਹੁਤ ਸ਼ਰਾਰਤੀ ਜੀਵ ਹੈ; ਕਈਆਂ ਦਾ ਵਿਚਾਰ ਸੀ ਕਿ ਉਹ ਪੂਰੀ ਹੋਸ਼-ਸੁਰਤ ਵਿਚ ਨਹੀਂ ਰਹਿੰਦਾ, ਉਸ ਦੀ ਸੁਰਤ ਵਿਚ ਨੁਕਸ ਹੈ ਤੇ ਕਈਆਂ ਦਾ ਵਿਚਾਰ ਸੀ ਕਿ ਉਸ ਵਿਚ ਕੋਈ ਵਿਸ਼ੇਸ਼ਤਾ ਨਹੀਂ, ਸਾਧਾਰਨ ਮਨੁੱਖ ਹੈ, ਸੁਹਿਰਦ-ਸੁੱਚੇ ਦਿਲ ਦਾ ਮਨੁੱਖ ਜਿਸ ਵਿਚ ਮਨੁੱਖਤਾ ਲਈ ਹਮਦਰਦੀ ਹੈ। ਭੂਤਨਾ ਉਹ ਲੋਕ ਕਹਿੰਦੇ ਸਨ ਜਿਨ੍ਹਾਂ ਦੇ ਧਾਰਮਕ ਪਖੰਡ ਦਾ ਗੁਰੂ ਸਾਹਿਬ ਵਿਰੋਧ ਕਰਦੇ ਸਨ ਕਿਉਂਕਿ ਉਨ੍ਹਾਂ ਦਾ ਵਿਚਾਰ ਸੀ ਕਿ (ਗੁਰੂ) ਨਾਨਕ ਦੇ ਹਿਰਦੇ ਵਿਚ ਧਰਮ ਦਾ ਸਤਿਕਾਰ ਨਹੀਂ ਤੇ ਧਰਮ ਤੋਂ ਉਨ੍ਹਾਂ ਦਾ ਭਾਵ ਉਹ ਰਸਮਾਂ ਤੇ ਚਿੰਨ੍ਹ ਸਨ ਜਿਨ੍ਹਾਂ ਦੇ ਆਤਮਕ ਅਰਥਾਂ ਤੋਂ ਉਹ ਅਣਜਾਣ ਹੋ ਚੁਕੇ ਸਨ ਤੇ ਇਸ ਪ੍ਰਕਾਰ ਦੇ ਜੀਵਨ ਤੋਂ ਸੱਖਣੇ ਧਰਮ ਦਾ ਵਿਰੋਧ ਕਰਨ ਵਾਲਾ ਆਦਮੀ ਸ਼ੈਤਾਨ ਕਿਹਾ ਜਾਂਦਾ ਹੈ ਤੇ ਸ਼ੈਤਾਨ ਹੀ ਵੱਡਾ ਭੂਤਨਾ ਹੈ। ਭੂਤਨਾ ਉਹ ਹੈ ਜੋ ਦੂਜਿਆਂ ਨੂੰ ਦੁੱਖ ਕਲੇਸ਼ ਵਿਚ ਪਾਵੇ। ਕੁਝ ਲੋਕੀ ਉਨ੍ਹਾਂ ਨੂੰ ਬੇਤਾਲਾ ਕਹਿੰਦੇ। ਬੇਤਾਲਾ ਉਹ ਹੈ ਜੋ ਆਪਣੀ ਗ਼ੈਰ-ਦੁਨਿਆਵੀ ਜਾਂ 'ਬੇ-ਸਮਝ' ਹਰਕਤਾਂ ਨਾਲ ਆਪਣੇ ਆਪ ਨੂੰ ਦੁਖ ਵਿਚ ਪਾਵੇ ਜਿਵੇਂ ਡਾਢੇ ਨਾਲ ਮੱਥਾ ਲਾ ਬਹੇ, ਆਪਣੀ ਬਣੀ ਬਣਾਈ ਕਮਾਈ ਦੇ ਵਸੀਲੇ ਨੂੰ ਲੱਤ ਮਾਰ ਦਏ, ਘਰ ਦਾ ਧਨ ਬਾਹਰ ਲੁਟਾਂਦਾ ਫਿਰੇ, ਰਾਜ ਤੇ ਰਾਜਿਆਂ ਦੀ ਵਿਰੋਧਤਾ ਸਹੇੜਦਾ ਫਿਰੇ, ਹਜੂਮ ਦੇ ਵਿਰੁੱਧ ਅਤੇ ਉਨ੍ਹਾਂ ਦੇ ਜਜ਼ਬਾਤ ਦੇ ਵਿਰੁੱਧ ਹਰਕਤ ਕਰ ਕੇ ਆਪਣੀ ਜਾਨ ਖ਼ਤਰੇ ਵਿਚ ਪਾ ਲਏ, ਗ਼ੈਰ-ਦੇਸ਼ ਵਿਚ ਉਨ੍ਹਾਂ ਦੇ ਧਰਮ-ਅਸਥਾਨ ਤੇ ਉਨ੍ਹਾਂ ਨਾਲ ਮੱਥਾ ਲਾ ਬਹੇ, ਕਾਤਲਾਂ, ਕੋਹੜਿਆਂ ਤੇ ਚੋਰਾਂ ਦੇ ਘਰ ਜਾ ਵੜੇ, ਜਾਦੂਗਰਾਂ ਨਾਲ ਵੈਰ ਸਹੇੜ ਲਏ—ਬੱਸ ਉਹ ਕੁਝ ਕਰੇ ਜੋ 'ਸਿਆਣੇ' ਨਹੀਂ ਕਰਦੇ। ਕਈ ਲੋਕ ਕਹਿੰਦੇ (ਗੁਰੂ) ਨਾਨਕ ਆਦਮੀ ਹੈ। ਆਦਮੀ ਦੀ ਪਹਿਚਾਨ ਇਹ ਹੈ ਕਿ ਉਹ ਹੋਰਾਂ ਨੂੰ ਵੀ ਆਦਮੀ ਸਮਝਦਾ ਹੈ, ਆਪਣਾ ਰੂਪ। ਇਸ ਲਈ ਉਹ ਉਨ੍ਹਾਂ ਦੀ ਸੁਤੰਤਰਤਾ ਲਈ ਯਤਨ ਕਰਦਾ ਹੈ। ਉਹ ਮਨੁੱਖ ਦੀ ਬਰਾਬਰੀ ਵਿਚ ਵਿਸ਼ਵਾਸ ਰੱਖਦਾ ਹੈ, ਉਹ ਮਰਦ ਤੇ ਇਸਤ੍ਰੀ ਦੀ ਬਰਾਬਰੀ ਵਿਚ ਵਿਸ਼ਵਾਸ ਰੱਖਦਾ ਹੈ, ਉਹ ਅਮੀਰ ਤੇ ਗ਼ਰੀਬ ਦੀ ਬਰਾਬਰੀ ਵਿਚ ਵਿਸ਼ਵਾਸ ਰੱਖਦਾ ਹੈ, ਉਹ ਧਰਤੀ ਤੇ ਪਉਣ-ਪਾਣੀ ਸਭ ਦੀ ਸਾਂਝ ਮੰਨਦਾ ਹੈ, ਪਰਮਾਤਮਾ ਦੀਆਂ ਦਾਤਾਂ 'ਤੇ ਕਿਸੇ ਇਕ ਦਾ ਕਬਜ਼ਾ ਨਹੀਂ ਸਵੀਕਾਰ ਕਰਦਾ, ਉਹ ਪੜ੍ਹੇ-ਅਨਪੜ੍ਹੇ ਨੂੰ ਹੋਰ ਪੱਖਾਂ ਵਿਚ ਬਰਾਬਰ ਸਮਝਦਾ ਹੈ, ਉਹ ਸਰਬ ਮਨੁੱਖਤਾ ਦੀ ਸਾਂਝ ਨੂੰ ਸਵੀਕਾਰ ਕਰਦਾ ਹੈ, ਉਹ ਸਾਰੀਆਂ ਮਨੁੱਖੀ ਬੋਲੀਆਂ ਦੀ ਪੂਰੀ ਕੀਮਤ ਪਾਂਦਾ ਹੈ, ਉਹ ਹਰ ਸਭਿਅਤਾ ਤੇ ਸਭਿਆਚਾਰ ਨੂੰ ਸਨਮਾਨਦਾ ਹੈ। ਬੱਸ ਆਦਮੀ ਉਹ ਹੈ ਜੋ ਸਭ ਨੂੰ ਆਦਮੀ ਸਮਝਦਾ ਹੈ ਪਰ ਉਸ ਦੇ ਸਮਕਾਲੀ ਤਾਂ ਵਰਨਾਂ ਦੀ ਵੰਡ ਤੇ ਹਰ ਵਰਨ ਵਿਚ ਸ਼੍ਰੇਣੀ-ਵੰਡ ਤੇ ਜਿਨਸੀ-ਵੰਡ ਵਿਚ ਹੀ ਸੋਚਣਾ ਜਾਣਦੇ ਸਨ। ਇਸ ਲਈ (ਗੁਰੂ) ਨਾਨਕ ਉਨ੍ਹਾਂ ਤੋਂ ਕਿਵੇਂ ਪਛਾਣਿਆ ਜਾ ਸਕਦਾ ਸੀ।

ਹੁਣ ਤੀਕ ਵੀ ਉਨ੍ਹਾਂ ਨੂੰ ਪਛਾਣਿਆ ਨਹੀਂ ਜਾ ਸਕਿਆ ਪਰ ਅਗਿਆਨਤਾ

ਉਨੀ ਪ੍ਰਬਲ ਨਹੀਂ ਰਹੀ ਜਿੰਨੀ ਉਸ ਦੇ ਸਮਕਾਲੀਆਂ ਦੀ ਸੀ। ਗੁਰੂ ਦੀ ਪਹਿਚਾਨ ਦਾ ਅਰਥ ਇਕ ਜਜ਼ਬਾਤੀ ਰੰਗ ਹੈ, ਇਕ ਜਜ਼ਬਾਤੀ ਦਸ਼ਾ ਹੈ ਮਨ ਦੀ, ਕੇਵਲ ਬੌਧਿਕ ਪ੍ਰਸ਼ੰਸਾ ਨਹੀਂ ਹੈ। ਜਿਨ੍ਹਾਂ ਵਿਚਾਰਾਂ ਨੇ (ਗੁਰੂ) ਨਾਨਕ ਨੂੰ ਉਪਰਲੇ ਲਕਬ ਦਿਵਾਏ, ਉਹ ਇਹ ਸਨ:

(ੳ) ਭ੍ਰੂਤਨਾ

ਪੜਿ ਪੜਿ ਗਡੀ ਲਦੀਅਹਿ ਪੜਿ ਪੜਿ ਭਰੀਅਹਿ ਸਾਥ ॥
ਪੜਿ ਪੜਿ ਬੇੜੀ ਪਾਈਐ ਪੜਿ ਪੜਿ ਗਡੀਅਹਿ ਖਾਤ ॥
ਪੜੀਅਹਿ ਜੇਤੇ ਬਰਸ ਬਰਸ ਪੜੀਅਹਿ ਜੇਤੇ ਮਾਸ ॥
ਪੜੀਐ ਜੇਤੀ ਆਰਜਾ ਪੜੀਅਹਿ ਜੇਤੇ ਸਾਸ ॥
ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ ॥੧॥

ਮ: ੧ ॥ ਲਿਖਿ ਲਿਖਿ ਪੜਿਆ ॥ ਤੇਤਾ ਕੜਿਆ ॥
ਬਹੁ ਤੀਰਥ ਭਵਿਆ ॥ ਤੇਤੋ ਲਵਿਆ ॥
ਬਹੁ ਭੇਖ ਕੀਆ ਦੇਹੀ ਦੁਖੁ ਦੀਆ ॥
ਸਹੁ ਵੇ ਜੀਆ ਅਪਣਾ ਕੀਆ ॥
ਅੰਨੁ ਨ ਖਾਇਆ ਸਾਦੁ ਗਵਾਇਆ ॥
ਬਹੁ ਦੁਖੁ ਪਾਇਆ ਦੂਜਾ ਭਾਇਆ ॥
ਬਸਤ੍ਰ ਨ ਪਹਿਰੈ ॥ ਅਹਿਨਿਸਿ ਕਹਰੈ ॥
ਮੋਨਿ ਵਿਗੂਤਾ ॥ ਕਿਉ ਜਾਗੈ ਗੁਰ ਬਿਨੁ ਸੂਤਾ ॥
ਪਗ ਉਪੇਤਾਣਾ ॥ ਅਪਣਾ ਕੀਆ ਕਮਾਣਾ ॥
ਅਲੁ ਮਲੁ ਖਾਈ ਸਿਰਿ ਛਾਈ ਪਾਈ ॥
ਮੂਰਖਿ ਅੰਧੈ ਪਤਿ ਗਵਾਈ ॥
ਵਿਣੁ ਨਾਵੈ ਕਿਛੁ ਥਾਇ ਨ ਪਾਈ ॥
ਰਹੈ ਬੇਬਾਣੀ ਮੜੀ ਮਸਾਣੀ ॥
ਅੰਧੁ ਨ ਜਾਣੈ ਫਿਰਿ ਪਛੁਤਾਣੀ ॥ *(ਵਾਰ ਆਸਾ ਮ: ੧, ਪੰਨਾ ੪੬੭)*

ਕੋਈ ਰਹਿ ਗਿਆ ਹੈ ਅਖੌਤੀ ਧਰਮ, ਜਿਹੜਾ ਇਸ ਸਲੋਕ ਦੀ ਮਾਰ ਵਿਚ ਨਹੀਂ ਆ ਗਿਆ? ਫਿਰ ਪੜ੍ਹਨੇ ਚਾਹੀਦੇ ਹਨ, ਆਸਾ ਦੀ ਵਾਰ ਦੇ ਇਹ ਸਲੋਕ:

੧. ਪੜਿ ਪੁਸਤਕ ਸੰਧਿਆ ਬਾਦੰ ॥ ਸਿਲ ਪੂਜਸਿ ਬਗੁਲ ਸਮਾਧੰ ॥
ਮੁਖਿ ਝੂਠ ਬਿਭੂਖਣ ਸਾਰੰ ॥..... *(ਵਾਰ ਆਸਾ ਮ: ੧, ਪੰਨਾ ੪੭੦)*

੨. ਤਗੁ ਨ ਇੰਦ੍ਰੀ ਤਗੁ ਨ ਨਾਰੀ ॥ ਭਲਕੇ ਥੁਕ ਪਵੈ ਨਿਤ ਦਾੜੀ ॥
ਤਗੁ ਨ ਪੈਰੀ ਤਗੁ ਨ ਹਥੀ ॥ ਤਗੁ ਨ ਜਿਹਵਾ ਤਗੁ ਨ ਅਖੀ ॥
ਵੇਤਗਾ ਆਪੇ ਵਤੈ ॥ ਵਟਿ ਧਾਗੇ ਅਵਰਾ ਘਤੈ ॥
*(ਵਾਰ ਆਸਾ ਮ: ੧, ਪੰਨਾ ੪੭੧)*

੩. ਮਾਣਸ ਖਾਣੇ ਕਰਹਿ ਨਿਵਾਜ ॥
ਛੁਰੀ ਵਗਾਇਨਿ ਤਿਨ ਗਲਿ ਤਾਗ ॥

ਤਿਨ ਘਰਿ ਬ੍ਰਹਮਣ ਪੂਰਹਿ ਨਾਦ ॥
ਓਨ੍ਾ ਭਿ ਆਵਹਿ ਓਈ ਸਾਦ ॥
ਕੂੜੀ ਰਾਸਿ ਕੂੜਾ ਵਾਪਾਰੁ ॥.....
ਮਥੈ ਟਿਕਾ ਤੇੜਿ ਧੋਤੀ ਕਖਾਈ ॥
ਹਥਿ ਛੁਰੀ ਜਗਤ ਕਾਸਾਈ ॥
ਨੀਲ ਵਸਤ੍ਰ ਪਹਿਰਿ ਹੋਵਹਿ ਪਰਵਾਣੁ ॥
ਮਲੇਛ ਧਾਨੁ ਲੇ ਪੂਜਹਿ ਪੁਰਾਣੁ ॥
ਅਭਾਖਿਆ ਕਾ ਕੁਠਾ ਬਕਰਾ ਖਾਣਾ ॥ *(ਵਾਰ ਆਸਾ ਮ: ੧, ਪੰਨਾ ੪੭੧)*

੪. ਜੇ ਮੋਹਾਕਾ ਘਰੁ ਮੁਹੈ ਘਰੁ ਮੁਹਿ ਪਿਤਰੀ ਦੇਇ ॥
ਅਗੈ ਵਸਤੁ ਸਿਞਾਣੀਐ ਪਿਤਰੀ ਚੋਰ ਕਰੇਇ ॥
*(ਵਾਰ ਆਸਾ ਮ: ੧, ਪੰਨਾ ੪੭੨)*

੫. ਸਭੋ ਸੂਤਕੁ ਭਰਮੁ ਹੈ ਦੂਜੈ ਲਗੈ ਜਾਇ ॥
*(ਵਾਰ ਆਸਾ ਮ: ੧, ਪੰਨਾ ੪੭੨)*

ਸੱਖਣੇ ਧਰਮ ਨੂੰ ਕਿਸੇ ਨੇ ਇੰਨੇ ਤਕੜੇ ਹੱਥ ਨਹੀਂ ਸਨ ਪਾਏ ਤੇ ਕੁਦਰਤੀ ਉਨ੍ਹਾਂ ਨੂੰ ਦਰਦ ਹੋਣਾ ਸੀ ਜਿਨ੍ਹਾਂ ਦੇ ਜੀਵਨ ਦਾ ਆਧਾਰ ਇਹ ਸੱਖਣਾ ਧਰਮ ਹੀ ਸੀ, ਨਾ ਕਿ ਆਪਣੀ ਭਰਪੂਰ ਸ਼ਖ਼ਸੀਅਤ। ਸ਼ੈਤਾਨਾਂ ਨੇ ਗੁਰੂ ਨਾਨਕ ਨੂੰ ਸ਼ੈਤਾਨ ਕਿਹਾ, ਭੂਤਨਿਆਂ ਨੇ ਗੁਰੂ ਨਾਨਕ ਨੂੰ ਭੂਤਨਾ ਕਿਹਾ ਤੇ ਗੁਰੂ ਨਾਨਕ ਨੇ ਉਨ੍ਹਾਂ ਤੋਂ ਕੇਵਲ ਇਹ ਬਦਲਾ ਲਿਆ ਤੇ ਆਗਿਆ ਕੀਤੀ ਕਿ ਰਹਿੰਦੀ ਦੁਨੀਆ ਤੀਕ ਸਿਖ ਆਸਾ ਦੀ ਵਾਰ ਦਾ ਕੀਰਤਨ ਕਰਿਆ ਕਰਨ, ਤਾਂ ਜੁ ਉਨ੍ਹਾਂ ਨੂੰ ਭੂਤਨੇ ਤੇ ਦੇਵਤੇ ਦਾ ਫ਼ਰਕ ਪਤਾ ਲੱਗੇ। ਸਮਝਣਾ ਚਾਹੀਦਾ ਹੈ ਕਿ ਸਾਰੀਆਂ ਵਾਰਾਂ ਵਿਚੋਂ ਆਸਾ ਦੀ ਵਾਰ ਕਿਉਂ ਰੋਜ਼ਾਨਾ ਕੀਰਤਨ ਲਈ ਮੁਕੱਰਰ ਹੈ। ਥੱਲੇ-ਦਿੱਤੀਆਂ ਗੱਲਾਂ ਵੀ ਇਸੇ ਵਿਚਾਰ ਅਧੀਨ ਹੀ ਹਨ।

(ਅ) ਬੇਤਾਲਾ

ਰਾਜਸੀ ਜ਼ਾਲਮਾਂ ਤੇ ਸਮਾਜ-ਵਿਰੋਧੀਆਂ ਨੇ (ਗੁਰੂ) ਨਾਨਕ ਨੂੰ ਬੇਤਾਲਾ ਕਿਹਾ, ਜਿਨ੍ਹਾਂ ਦੀਆਂ ਹਰਕਤਾਂ ਨੂੰ ਗੁਰੂ ਨਾਨਕ ਨੇ ਇਸ ਤਰ੍ਹਾਂ ਨੰਗਿਆਂ ਕੀਤਾ ਤੇ ਜਿਨ੍ਹਾਂ ਨੂੰ ਉਨ੍ਹਾਂ ਨੇ ਵੰਗਾਰਿਆ :

੧. ਕੂੜੁ ਰਾਜਾ ਕੂੜੁ ਪਰਜਾ ਕੂੜੁ ਸਭੁ ਸੰਸਾਰੁ ॥
ਕੂੜੁ ਮੰਡਪ ਕੂੜੁ ਮਾੜੀ ਕੂੜੁ ਬੈਸਣਹਾਰੁ ॥
ਕੂੜਿ ਕੂੜੈ ਨੇਹੁ ਲਗਾ ਵਿਸਰਿਆ ਕਰਤਾਰੁ ॥
*(ਵਾਰ ਆਸਾ ਮ: ੧, ਪੰਨਾ ੪੬੮)*

੨. ਸਚਿ ਕਾਲੁ, ਕੂੜੁ ਵਰਤਿਆ, ਕਲਿ ਕਾਲਖ ਬੇਤਾਲ ॥
ਬੀਉ ਬੀਜਿ ਪਤਿ ਲੈ ਗਏ, ਅਬ ਕਿਉ ਉਗਵੈ ਦਾਲਿ ॥
*(ਵਾਰ ਆਸਾ ਮ: ੧, ਪੰਨਾ ੪੬੮)*

੩. ਲਬੁ ਪਾਪੁ ਦੁਇ ਰਾਜਾ ਮਹਤਾ ਕੂੜੁ ਹੋਆ ਸਿਕਦਾਰੁ ॥
ਕਾਮੁ ਨੇਬੁ ਸਦਿ ਪੁਛੀਐ ਬਹਿ ਬਹਿ ਕਰੇ ਬੀਚਾਰੁ ॥
ਅੰਧੀ ਰਯਤਿ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰੁ ॥
(ਵਾਰ ਆਸਾ ਮ: ੧, ਪੰਨਾ ੪੬੮-੬੯)

੪. ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ ॥
ਪਾਪ ਕੀ ਜੰਞ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ ॥
ਸਰਮੁ ਧਰਮੁ ਦੁਇ ਛਪਿ ਖਲੋਏ ਕੂੜੁ ਫਿਰੈ ਪਰਧਾਨੁ ਵੇ ਲਾਲੋ ॥
(ਤਿਲੰਗ ਮ: ੧, ਪੰਨਾ ੭੨੨)

੫. ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨੁ ਡਰਾਇਆ ॥
ਆਪੈ ਦੋਸੁ ਨ ਦੇਈ ਕਰਤਾ ਜਮੁ ਕਰਿ ਮੁਗਲੁ ਚੜਾਇਆ ॥.....
ਰਤਨ ਵਿਗਾੜਿ ਵਿਗੋਏ ਕੁਤੀਂ ਮੁਇਆ ਸਾਰ ਨ ਕਾਈ ॥
(ਆਸਾ ਮ: ੧, ਪੰਨਾ ੩੬੦)

੬. ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ ॥
ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ ॥
ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ ॥
ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥
ਭੰਡਹੁ ਹੀ ਭੰਡੁ ਊਪਜੈ ਭੰਡੈ ਬਾਝੁ ਨ ਕੋਇ ॥
ਨਾਨਕ ਭੰਡੈ ਬਾਹਰਾ ਏਕੋ ਸਚਾ ਸੋਇ ॥ (ਵਾਰ ਆਸਾ ਮ: ੧, ਪੰਨਾ ੪੭੩)

ਬਸੰਤ ਰਾਗ ਵਿਚੋਂ ਚਉਪਦੇ ਤੇ ਵਾਰ ਮਲਾਰ ਵਿਚੋਂ ਗੁਰੂ ਨਾਨਕ ਸਾਹਿਬ ਦੇ ਸਲੋਕ ਵੀ ਨਾਲ ਪੜ੍ਹਨੇ ਚਾਹੀਦੇ ਹਨ। ਇਨ੍ਹਾਂ ਕਰਕੇ ਗੁਰੂ ਨਾਨਕ ਉਸ ਵੇਲੇ ਮਨੁੱਖ ਤੋਂ ਪਹਿਚਾਨਿਆ ਨਹੀਂ ਗਿਆ।

ਫਿਰ ਹੁਣ ਜਿਹੜੇ ਦਾਅਵਾ ਕਰਦੇ ਹਨ ਕਿ ਉਨ੍ਹਾਂ ਗੁਰੂ ਨਾਨਕ ਨੂੰ ਉਪਰਲੇ ਦਿੱਤੇ ਸਲੋਕਾਂ ਤੋਂ ਪਹਿਚਾਨ ਲਿਆ, ਉਹ ਕਹਿੰਦੇ ਹਨ ਕਿ ਗੁਰੂ ਨਾਨਕ ਪਹਿਲਾਂ ਧਰਮ-ਸੁਧਾਰਕ ਸੀ, ਪਖੰਡ ਵਿਰੋਧੀ, ਪੋਲੀਟੀਕਲ ਕ੍ਰਾਂਤੀਕਾਰੀ ਮਨੁੱਖ ਸੀ, ਸਾਮਵਾਦੀ ਸੀ, ਸਮਾਜਵਾਦੀ ਸੀ, ਮਾਨਵਤਾ ਦਾ ਪੁਜਾਰੀ ਸੀ, ਆਦਿ। ਇਸੇ ਆਧਾਰ 'ਤੇ ਫਿਰ ਸਮਝਦੇ ਹਨ ਕਿ ਗੁਰੂ ਨਾਨਕ ਦਾ ਧਰਮ ਪੋਲੀਟੀਕਲ ਹੈ, ਇਥੇ ਰਾਜ ਤੇ ਧਰਮ ਇਕੱਠੇ ਹੀ ਰਹਿ ਸਕਦੇ ਹਨ, ਗੁਰੂ ਨਾਨਕ ਦਾ ਧਰਮ ਕਮਿਊਨਿਜ਼ਮ ਹੈ। ਇਨ੍ਹਾਂ ਦਾ ਦਾਅਵਾ ਹੈ ਕਿ ਇਨ੍ਹਾਂ ਗੁਰੂ ਨਾਨਕ ਨੂੰ ਪਹਿਚਾਨ ਲਿਆ ਹੈ ਤੇ ਇਸ 'ਤੇ ਲੜ ਰਹੇ ਹਨ ਕਿ ਗੁਰਦੁਆਰੇ ਵਿਚ ਧਰਮ ਵੀ ਰਹੇ ਤੇ ਪਾਲੇਟਿਕਸ ਵੀ। ਪਰ ਇਹ ਤੇ ਤਾਂ ਹੋਵੇ ਜੇ ਗੁਰੂ ਨਾਨਕ ਨੇ ਆਪਣੀ ਪਹਿਚਾਨ ਆਪ ਨਾ ਕਰਾਈ ਹੋਵੇ। ਉਹ ਤੇ ਕਹਿੰਦੇ ਹਨ :

ਭਇਆ ਦਿਵਾਨਾ ਸਾਹ ਕਾ ਨਾਨਕੁ ਬਉਰਾਨਾ ॥
ਹਉ ਹਰਿ ਬਿਨੁ ਅਵਰੁ ਨ ਜਾਨਾ ॥੧॥ (ਮਾਰੂ ਮ: ੧, ਪੰਨਾ ੯੯੧)

ਅੱਗੇ ਇਸ ਸ਼ਬਦ ਵਿਚ ਉਨ੍ਹਾਂ ਵਿਸਥਾਰ ਵੀ ਕੀਤਾ ਹੈ ਕਿ 'ਦਿਵਾਨਾ' ਕਿਹੋ ਜਿਹਾ ਹੁੰਦਾ ਹੈ? (ਵੇਖੋ ਪੰਨਾ ੮੯੧)। 'ਦਿਵਾਨਾ' ਉਹ ਹੁੰਦਾ ਹੈ ਜੋ ਕਿਸੇ ਮਨੋਰਥ

ਦੀ ਪ੍ਰਾਪਤੀ ਲਈ ਸਾਰੀ ਸ਼ਕਤੀ ਲਾ ਦੇਵੇ ਤੇ ਉਸ ਦੇ ਜਜ਼ਬੇ ਵਿਚ ਕੇਵਲ ਉਹ ਮਨੋਰਥ ਹੀ ਚੱਲੇ। ਉਹ ਹੋਰ ਸਭ ਕੁਝ ਕਰਦਿਆਂ ਵੀ ਕੇਵਲ ਮਨੋਰਥ ਨੂੰ ਹੀ ਮਹਾਨਤਾ ਦੇਵੇ। ਸੋ ਗੁਰੂ ਨਾਨਕ ਤੇ 'ਸਾਹ ਦਾ ਬਉਰਾਨਾ' ਹੈ ਤੇ 'ਦਿਵਾਨਾ' ਹੈ। ਉਹ ਭਗਤ ਹੈ, ਗੁਰੂ ਹੈ, ਪ੍ਰਕਾਸ਼ ਹੈ। ਉਹ ਪਹਿਲਾਂ 'ਸਾਹ ਦਾ ਬਉਰਾਨਾ ਤੇ ਦਿਵਾਨਾ' ਤੇ ਮਗਰੋਂ ਕੁਝ ਹੋਰ ਹੈ ਜੋ ਉਸ 'ਬਉਰਾਨਗੀ ਤੇ ਦਿਵਾਨਗੀ' ਵਿਚ ਸਹਿਜ ਸੁਭਾਅ ਹੋ ਗਿਆ। ਸਿਖ ਧਰਮ ਪਾਲੇਟਿਕਸ ਆਦਿ ਨੂੰ ਤਿਲਾਂਜਲੀ ਨਹੀਂ ਦਿੰਦਾ ਪਰ ਧਰਮ ਨੂੰ ਕਦੇ ਇਸ ਦੇ ਅਧੀਨ ਨਹੀਂ ਕਰਦਾ ਤੇ ਧਰਮ ਦੀ ਸੁਰੱਖਸ਼ਤਾ ਲਈ ਇਸ ਦੀ ਓਟ ਜ਼ਰੂਰੀ ਨਹੀਂ ਸਮਝਦਾ। ਧਰਮ ਸਭ ਚੀਜ਼ਾਂ ਦਾ ਆਸਰਾ ਹੈ ਪਰ ਧਰਮ ਕਿਸੇ ਹੋਰ ਚੀਜ਼ ਦੇ ਆਸਰੇ ਨਹੀਂ, ਉਹ ਆਪਣਾ ਆਸਰਾ ਆਪ ਹੈ। ਉੱਚ-ਆਚਰਨ ਆਪਣੇ ਆਪ ਵਿਚ ਸਮਰੱਥ ਚੀਜ਼ ਹੈ, ਉਸ ਨਾਲ ਸਾਰੀਆਂ ਸ਼ਕਤੀਆਂ ਪ੍ਰਾਪਤ ਹੋ ਜਾਂਦੀਆਂ ਹਨ ਪਰ ਉਸ ਨੂੰ ਕਿਸੇ ਵਿਸ਼ੇਸ਼ ਸ਼ਕਤੀ ਦੇ ਸਹਾਰੇ ਦੀ ਲੋੜ ਨਹੀਂ ਹੈ। ਉਹ ਧਰਮ ਹੀ ਕੀ ਹੈ ਜਿਸ ਨੂੰ ਕਿਸੇ ਹੋਰ ਆਸਰੇ ਦੀ ਲੋੜ ਹੈ। ਭਗਤੀ ਸਾਧਨ ਵੀ ਹੈ ਤੇ ਮੰਤਵ ਵੀ।

ਧਰਮ ਕੇਵਲ ਪਰਮਾਤਮਾ ਦਾ ਮੁਥਾਜ ਹੈ, ਉਸ ਦੇ ਪਿਆਰ ਦਾ ਮੁਥਾਜ ਹੈ, ਹੋਰ ਕਿਸੇ ਸ਼ਕਤੀ ਦਾ ਮੁਥਾਜ ਨਹੀਂ। ਗੁਰੂ ਨਾਨਕ ਵੀ 'ਸ਼ਾਹ' ਦਾ ਹੱਥ-ਬੱਧਾ ਗੁਲਾਮ ਹੈ:

> ਮੁਲ ਖਰੀਦੀ ਲਾਲਾ ਗੋਲਾ ਮੇਰਾ ਨਾਉ ਸਭਾਗਾ ॥
> ਗੁਰ ਕੀ ਬਚਨੀ ਹਾਟਿ ਬਿਕਾਨਾ ਜਿਤੁ ਲਾਇਆ ਤਿਤੁ ਲਾਗਾ ॥੧॥
> ਤੇਰੇ ਲਾਲੇ ਕਿਆ ਚਤੁਰਾਈ ॥
> ਸਾਹਿਬ ਕਾ ਹੁਕਮੁ ਨ ਕਰਣਾ ਜਾਈ ॥੧॥ਰਹਾਉ॥
> ਮਾ ਲਾਲੀ ਪਿਉ ਲਾਲਾ ਮੇਰਾ ਹਉ ਲਾਲੇ ਕਾ ਜਾਇਆ ॥
> ਲਾਲੀ ਨਾਚੈ ਲਾਲਾ ਗਾਵੈ ਭਗਤਿ ਕਰਉ ਤੇਰੀ ਰਾਇਆ ॥੨॥
> ਪੀਅਹਿ ਤ ਪਾਣੀ ਆਣੀ ਮੀਰਾ ਖਾਹਿ ਤ ਪੀਸਣ ਜਾਉ ॥
> ਪਖਾ ਫੇਰੀ ਪੈਰ ਮਲੋਵਾ ਜਪਤ ਰਹਾ ਤੇਰਾ ਨਾਉ ॥੩॥
> ਲੂਣ ਹਰਾਮੀ ਨਾਨਕੁ ਲਾਲਾ ਬਖਸਿਹਿ ਤੁਧੁ ਵਡਿਆਈ ॥
> ਆਦਿ ਜੁਗਾਦਿ ਦਇਆਪਤਿ ਦਾਤਾ ਤੁਧੁ ਵਿਣੁ ਮੁਕਤਿ ਨ ਪਾਈ ॥੪॥੬॥
>
> *(ਮਾਰੂ ਮ: ੧, ਪੰਨਾ ੯੯੧)*

ਸੋ ਗੁਰੂ ਨਾਨਕ ਨੂੰ ਹਾਲੀ ਵੀ ਸਮਝਣ ਦੀ ਲੋੜ ਹੈ? ਨਹੀਂ, ਨਹੀਂ, 'ਗੁਰੂ' ਕੀ ਹੈ? ਇਹ ਹੀ ਸਮਝਣ ਦੀ ਲੋੜ ਹੈ। ਗੁਰੂ ਗ੍ਰੰਥ ਸਾਹਿਬ ਵਿਚ ਸਮਝਾਇਆ ਹੀ ਇਹ ਹੈ ਕਿ ਗੁਰੂ ਕੀ ਹੈ?

## ੩. ਗੁਰੂ ਤੇ ਸਿਖ

ਗੁਰੂ ਤੇ ਸਿਖ ਦਾ ਜੋ ਸੰਬੰਧ ਹੈ ਉਸ ਨੂੰ ਗੁਰੂ ਨਾਨਕ ਸਾਹਿਬ ਨੇ ਸੂਹੀ ਰਾਗ ਦੇ ਇਕ ਛੰਦ 'ਭਰਿ ਜੋਬਨਿ ਮੈ ਮਤ ਪੇਈਅੜੈ ਘਰਿ ਪਾਹੁਣੀ ਬਲਿਰਾਮ ਜੀਉ' (ਪੰਨਾ ੭੬੩) ਵਿਚ ਸਪਸ਼ਟ ਕੀਤਾ ਹੈ ਤੇ 'ਸਿਧ ਗੋਸਟਿ' ਵਿਚ ਦੱਸਿਆ ਹੈ ਕਿ 'ਸਤਿਗੁਰ ਕੈ ਜਨਮੇ ਗਵਨੁ ਮਿਟਾਇਆ' (੯੪੦)। ਗੁਰੂ ਨੇ ਸਿਖ ਨੂੰ ਪਰਮਾਤਮਾ

ਮਿਲਾਪ ਤੀਕ ਲੈ ਜਾਣਾ ਹੈ। ਸਿਖ ਨੇ ਸਤਿਗੁਰੂ ਦੇ ਘਰ ਹੀ ਜਨਮ ਲੈਣਾ ਹੈ। ਜਦੋਂ ਉਹ ਗੁਰੂ ਦੀ ਸ਼ਰਨ ਆਉਂਦਾ ਹੈ ਤੇ ਉਸ ਦੀ ਸਿਖਿਆ 'ਤੇ ਤੁਰਦਾ ਹੈ ਤਾਂ ਉਹ ਗੁਰੂ ਦੇ ਘਰ ਜਨਮ ਲੈਂਦਾ ਹੈ। ਜਦੋਂ ਕੋਈ ਬੱਚੀ ਸਾਡੇ ਘਰ ਜਨਮ ਲੈਂਦੀ ਹੈ ਤਾਂ ਉਸ ਦੀ ਪਰਵਰਿਸ਼, ਪੜ੍ਹਾਈ, ਸਿਖਲਾਈ ਸਾਡੇ ਜ਼ਿੰਮੇ ਹੋ ਜਾਂਦੀ ਹੈ। ਉਹ ਗੁਣਵਾਨ ਹੋ ਕੇ ਜਵਾਨ ਹੁੰਦੀ ਹੈ ਅਤੇ ਸੁੰਦਰ। ਫਿਰ ਮਾਤਾ ਪਿਤਾ ਉਸ ਲਈ ਵਰ ਢੂੰਡਦੇ ਹਨ। ਉਨ੍ਹਾਂ ਦਾ ਯਤਨ ਹੁੰਦਾ ਹੈ ਕਿ ਅਤਿ ਸੁੰਦਰ ਵਰ ਘਰ ਪ੍ਰਾਪਤ ਹੋਵੇ। ਫਿਰ ਉਸ ਪਤੀ ਨਾਲ ਬੱਚੀ ਨੂੰ ਵਿਆਹ ਦਿੱਤਾ ਜਾਂਦਾ ਹੈ। ਇਸੇ ਅਲੰਕਾਰ ਨੂੰ ਗੁਰੂ ਨਾਨਕ ਸਾਹਿਬ ਨੇ ਉਪਰਲੇ ਸ਼ਬਦ ਵਿਚ ਵਰਤਿਆ ਹੈ। ਹਰ ਸਿਖ ਦੀ ਗੁਰੂ ਉਸ ਤਰ੍ਹਾਂ ਪਰਵਰਿਸ਼ ਪਾਲਣਾ ਕਰਦਾ ਹੈ ਜਿਵੇਂ ਮਾਤਾ ਪਿਤਾ ਬੱਚੀ ਦੀ ਕਰਦੇ ਹਨ। ਗੁਣਾਂ ਤੋਂ ਬਿਨਾਂ ਤੇ ਬੱਚੀ ਦਾ ਕੋਈ ਮੁੱਲ ਨਹੀਂ ਪੈਣਾ:

**ਗੁਣ ਸਾਰ ਨ ਜਾਣੀ ਭਰਮਿ ਭੁਲਾਣੀ ਜੋਬਨੁ ਬਾਦਿ ਗਵਾਇਆ॥**

*(ਸੂਹੀ ਮ: ੧ ਛੰਤ, ਪੰਨਾ ੭੬੩)*

ਬੱਚੀ ਜਵਾਨ ਹੁੰਦੀ ਹੈ ਤਾਂ ਗੁਰੂ ਉਸ ਲਈ ਵਰ ਲੱਭਦਾ ਹੈ:

**ਬਾਬਾ ਮੈ ਵਰੁ ਦੇਹਿ ਮੈ ਹਰਿ ਵਰੁ ਭਾਵੈ ਤਿਸ ਕੀ ਬਲਿਰਾਮ ਜੀਉ॥**
**ਰਵਿ ਰਹਿਆ ਜੁਗ ਚਾਰਿ ਤ੍ਰਿਭਵਣ ਬਾਣੀ ਜਿਸ ਕੀ ਬਲਿਰਾਮ ਜੀਉ॥**

*(ਸੂਹੀ ਮ: ੧ ਛੰਤ, ਪੰਨਾ ੭੬੩)*

ਤੇ ਗੁਰੂ ਸਿਖ (ਬੱਚੀ) ਲਈ ਵਰ ਲੱਭਦਾ ਹੈ, ਪਰਮਾਤਮਾ:

**ਬਾਬਾ ਲਗਨੁ ਗਣਾਇ ਹੰਭੀ ਵੰਞਾ ਸਾਹੁਰੈ ਬਲਿਰਾਮ ਜੀਉ॥**

*(ਸੂਹੀ ਮ: ੧ ਛੰਤ, ਪੰਨਾ ੭੬੩)*

ਗੁਰੂ ਸਿਖ ਦਾ ਪਰਮਾਤਮਾ ਨਾਲ ਵਿਆਹ ਕਰ ਦਿੰਦਾ ਹੈ, ਫਿਰ ਮਾਇਆ ਦਾ ਸਿਖ 'ਤੇ ਕੋਈ ਪ੍ਰਭਾਵ ਨਹੀਂ ਰਹਿ ਜਾਂਦਾ:

**ਮਾਇ ਨਿਰਾਸੀ ਰੋਇ, ਵਿਛੁੰਨੀ, ਬਾਲੀ ਬਾਲੈ ਹੇਤੈ॥**

*(ਸੂਹੀ ਮ: ੧ ਛੰਤ, ਪੰਨਾ ੭੬੩)*

ਸਿਖ ਤੇ ਪਰਮਾਤਮਾ (ਬਾਲੀ ਤੇ ਬਾਲਾ) ਦੀ ਆਪੋ ਵਿਚ ਬਣ ਆਈ ਹੈ, ਗੁਰੂ ਦੀ ਕਿਰਪਾ ਨਾਲ। ਸਿਖ ਪਰਮਾਤਮਾ ਨੂੰ ਪ੍ਰਾਪਤ ਹੁੰਦਾ ਹੈ ਤੇ ਮਾਇਆ ਦਾ ਪ੍ਰਭਾਵ ਮਿਟਦਾ ਹੈ:

**ਬਾਬੁਲਿ ਦਿਤੜੀ ਦੂਰਿ ਨਾ ਆਵੈ ਘਰਿ ਪੇਈਐ ਬਲਿਰਾਮ ਜੀਉ॥**
**ਰਹਸੀ ਵੇਖਿ ਹਦੂਰਿ ਪਿਰਿ ਰਾਵੀ ਘਰਿ ਸੋਹੀਐ ਬਲਿਰਾਮ ਜੀਉ॥**
**ਸਾਚੇ ਪਿਰ ਲੋੜੀ ਪ੍ਰੀਤਮ ਜੋੜੀ ਮਤਿ ਪੂਰੀ ਪਰਧਾਨੇ॥**
**ਸੰਜੋਗੀ ਮੇਲਾ ਥਾਨਿ ਸੁਹੇਲਾ ਗੁਣਵੰਤੀ ਗੁਰ ਗਿਆਨੇ॥**
**ਸਤੁ ਸੰਤੋਖੁ ਸਦਾ ਸਚੁ ਪਲੈ ਸਚੁ ਬੋਲੈ ਪਿਰ ਭਾਏ॥**
**ਨਾਨਕ ਵਿਛੁੜਿ ਨਾ ਦੁਖੁ ਪਾਏ ਗੁਰਮਤਿ ਅੰਕਿ ਸਮਾਏ॥੪॥੧॥**

*(ਸੂਹੀ ਮ: ੧ ਛੰਤ, ਪੰਨਾ ੭੬੪)*

ਇਸ ਉਚਤਮ ਦਸ਼ਾ ਨੂੰ ਸਿਖ ਪ੍ਰਾਪਤ ਹੁੰਦਾ ਹੈ, ਗੁਰੂ ਦੀ ਕਿਰਪਾ ਨਾਲ। ਗੁਰੂ ਇਹ ਕੁਝ ਸਿਖ ਲਈ ਕਰਦਾ ਹੈ। ਇਹ ਬਿਆਨ ਸਾਰਾ ਕਵਿਤਾ ਵਿਚ ਹੈ ਤੇ ਕਾਵਿ-ਮਈ ਹੈ, ਪਰ ਸਪਸ਼ਟ ਹੈ ਕਿ ਸਿਖ ਉਨੇ ਤੀਕ ਗੁਰੂ ਦੇ ਲੜ ਹੀ ਹੈ ਜਿੰਨੇ ਤੀਕ ਉਹ ਪਰਮਾਤਮਾ ਨਾਲ ਮਿਲ ਨਹੀਂ ਜਾਂਦਾ ਤੇ ਗੁਰੂ ਉਸ ਦੀ ਪਰਵਰਿਸ਼ ਤੇ ਸਿਖਲਾਈ ਕਰਦਾ ਹੈ। ਜਦੋਂ ਸਿਖ ਪਰਮਾਤਮਾ ਨੂੰ ਮਿਲ ਜਾਂਦਾ ਹੈ ਤਦ ਵੀ ਗੁਰੂ ਦਾ ਧੰਨਵਾਦੀ ਹੈ ਤੇ ਸਦਾ ਰਹਿੰਦਾ ਹੈ। ਗੁਰੂ ਹੀ ਤੇ ਪਰਮਾਤਮਾ ਹੈ। ਜਦੋਂ ਉਹ ਪਰਮਾਤਮਾ ਨੂੰ ਪਹੁੰਚਦਾ ਹੈ ਉਹ ਕੇਵਲ ਗੁਰੂ ਨੂੰ ਹੀ ਪਹੁੰਚਦਾ ਹੈ। ਤਾਂ ਵੀ ਸਿਖ ਦਾ ਗੁਰੂ ਲਈ ਪਿਆਰ ਉੱਨਾ ਹੀ ਰਹਿੰਦਾ ਹੈ।

## ੪. ਸਿਖ-ਗੁਰੂ

ਬੱਸ ਗੁਰੂ ਸਿਖ ਨੂੰ ਗੁਰੂ ਬਣਾ ਦਿੰਦਾ ਹੈ ਤੇ ਫਿਰ ਸਿਖ ਗੁਰੂ ਨੂੰ ਛੱਡ ਨਹੀਂ ਸਕਦਾ। ਇਸ ਅਵਸਥਾ ਨੂੰ ਗੁਰੂ ਰਾਮਦਾਸ ਜੀ ਨੇ ਸੂਹੀ ਰਾਗ ਦੀਆਂ ਅਸਟਪਦੀਆਂ (੭੫੦) ਵਿਚ ਬਿਆਨ ਕੀਤਾ ਹੈ। ਸਿਖ ਗੁਰੂ ਤੋਂ ਪਰੇ ਨਹੀਂ ਜਾਂਦਾ ਜਿਵੇਂ ਹੰਸ ਮਾਨਸਰੋਵਰ ਤੋਂ ਪਰੇ ਨਹੀਂ ਜਾਂਦਾ :

> **ਵਾਰਿ ਵਾਰਿ ਜਾਈ ਗੁਰ ਊਪਰਿ ਪੈ ਪੈਰੀ ਸੰਤ ਮਨਾਈ ॥੧੧॥**
> **ਨਾਨਕੁ ਵਿਚਾਰਾ ਭਇਆ ਦਿਵਾਨਾ ਹਰਿ ਤਉ ਦਰਸਨ ਕੈ ਤਾਈ ॥੧੨॥**
> **ਝਖੜੁ ਝਾਗੀ ਮੀਹੁ ਵਰਸੈ ਭੀ ਗੁਰੁ ਦੇਖਣ ਜਾਈ ॥੧੩॥**
> **ਸਮੁੰਦੁ ਸਾਗਰੁ ਹੋਵੈ ਬਹੁ ਖਾਰਾ ਗੁਰਸਿਖੁ ਲੰਘਿ ਗੁਰ ਪਹਿ ਜਾਈ ॥੧੪॥**
> **ਜਿਉ ਪ੍ਰਾਣੀ ਜਲ ਬਿਨੁ ਹੈ ਮਰਤਾ ਤਿਉ ਸਿਖੁ ਗੁਰ ਬਿਨੁ ਮਰਿ ਜਾਈ ॥੧੫॥**
> **ਜਿਉ ਧਰਤੀ ਸੋਭ ਕਰੇ ਜਲੁ ਬਰਸੈ ਤਿਉ ਸਿਖੁ ਗੁਰ ਮਿਲਿ ਬਿਗਸਾਈ ॥੧੬॥**
> **ਸੇਵਕ ਕਾ ਹੋਇ ਸੇਵਕੁ ਵਰਤਾ ਕਰਿ ਕਰਿ ਬਿਨਉ ਬੁਲਾਈ ॥੧੭॥**
> **ਨਾਨਕ ਕੀ ਬੇਨੰਤੀ ਹਰਿ ਪਹਿ ਗੁਰ ਮਿਲਿ ਗੁਰ ਸੁਖੁ ਪਾਈ ॥੧੮॥**
> **ਤੂ ਆਪੇ ਗੁਰ ਚੇਲਾ ਹੈ ਆਪੇ ਗੁਰ ਵਿਚੁ ਦੇ ਤੁਝਹਿ ਧਿਆਈ ॥੧੯॥.....**
> **ਜੇ ਗੁਰੁ ਝਿੜਕੇ ਤ ਮੀਠਾ ਲਾਗੈ ਜੇ ਬਖਸੇ ਤ ਗੁਰ ਵਡਿਆਈ ॥੨੫॥**
> **ਗੁਰਮੁਖਿ ਬੋਲਹਿ ਸੋ ਥਾਇ ਪਾਏ ਮਨਮੁਖਿ ਕਿਛੁ ਥਾਇ ਨ ਪਾਈ ॥੨੬॥**
> **ਪਾਲਾ ਕਕਰੁ ਵਰਫ ਵਰਸੈ ਗੁਰਸਿਖੁ ਗੁਰ ਦੇਖਣ ਜਾਈ ॥੨੭॥**
> **ਸਭੁ ਦਿਨਸੁ ਰੈਣਿ ਦੇਖਉ ਗੁਰੁ ਅਪੁਨਾ ਵਿਚਿ ਅਖੀ ਗੁਰ ਪੈਰ ਧਰਾਈ ॥੨੮॥...**
> **ਨਾਨਕ ਕਾ ਜੀਉ ਪਿੰਡੁ ਗੁਰੂ ਹੈ ਗੁਰ ਮਿਲਿ ਤ੍ਰਿਪਤਿ ਅਘਾਈ ॥੩੧॥**
> **ਨਾਨਕ ਕਾ ਪ੍ਰਭੁ ਪੂਰਿ ਰਹਿਓ ਹੈ ਜਤ ਕਤ ਤਤ ਗੋਸਾਈ ॥੩੨॥**
>
> *(ਸੂਹੀ ਮ: ੪ ਅਸਟਪਦੀਆ, ਪੰਨਾ ੭੫੭-੫੮)*

ਜੇ ਗੁਰੂ ਸਿਖ ਨੂੰ ਉਸ ਤਰ੍ਹਾਂ ਪਿਆਰ ਕਰਦਾ ਹੈ ਜਿਵੇਂ ਪਿਤਾ ਬੱਚੇ-ਬੱਚੀ ਨੂੰ ਕਰਦੇ ਹਨ ਤਾਂ ਸਿਖ ਵੀ ਗੁਰੂ ਨੂੰ ਉਵੇਂ ਹੀ ਪਿਆਰ ਕਰਦਾ ਹੈ ਜਿਵੇਂ ਪੁੱਤਰ ਪਿਤਾ ਨੂੰ; ਸਾਰਾ ਜੀਵਨ ਤੇ ਪ੍ਰਭੂ-ਮਿਲਾਪ ਤੇ ਵੀ ਇਹ ਖਿੱਚ ਘਟਦੀ ਨਹੀਂ। ਅਸਲੀਅਤ ਤਾਂ ਇਹ ਹੈ ਕਿ ਸਿਖ ਗੁਰੂ ਤੋਂ ਨਾ ਵੱਖਰੀ ਚੀਜ਼ ਹੈ, ਨਾ ਰਹੇਗਾ, 'ਆਪੇ ਗੁਰੁ ਚੇਲਾ' ਹੈ। ਇਹ ਭਾਵਕ ਤੀਬਰਤਾ ਹੀ ਗੁਰੂ ਸਿਖ ਤੇ ਸਿਖ ਗੁਰੂ ਸੰਬੰਧ ਹੈ।

## ੫. ਸਾਰ

(੧) ਗੁਰੂ ਨਾਨਕ ਸਾਹਿਬ ਦਾ ਮਾਰਗ ਭਗਤੀ ਦਾ ਮਾਰਗ ਹੈ। ਭਗਤੀ ਮਾਨਸਕ ਦਸ਼ਾ ਹੈ। ਗੁਰੂ ਗ੍ਰੰਥ ਸਾਹਿਬ ਇਸ ਦਸ਼ਾ ਦਾ ਪ੍ਰਗਟਾਅ ਹੈ। ਇਸ ਦਸ਼ਾ ਦਾ ਪ੍ਰਗਟਾਅ ਕਵਿਤਾ ਵਿਚ ਹੀ ਹੋ ਸਕਦਾ ਹੈ, ਫ਼ਿਲਾਸਫ਼ੀਆਂ ਵਿਚ ਨਹੀਂ। ਕਵਿਤਾ ਭਗਤ ਦੇ ਕਾਵਿ-ਮਨ ਨੂੰ ਸਦਾ ਹੀ ਸਪਸ਼ਟ ਹੈ। ਕਵਿਤਾ ਹੀ ਆਤਮਾ ਤੀਕ ਪੁੱਜਣ ਵਾਲੀ ਚੀਜ਼ ਹੈ।

(੨) ਗੁਰੂ ਨਾਨਕ ਸਾਹਿਬ ਧਾਰਮਕ ਆਗੂ ਵੀ ਸਨ, ਰਾਜਸੀ ਨੇਤਾ ਵੀ ਸਨ ਤੇ ਸਮਾਜ ਸੁਧਾਰਕ ਵੀ। ਪਰ ਉਹ ਸਭ ਤੋਂ ਪਹਿਲਾਂ 'ਸਾਹ ਦੇ ਦੀਵਾਨੇ' ਸਨ, ਉਹ ਭਗਤ ਸਨ। ਸਿਖ ਧਰਮ ਵੀ ਪਹਿਲਾਂ ਭਗਤੀ ਹੈ, ਨਾਮ ਧਰਮ ਹੈ, ਮਗਰੋਂ ਕੁਝ ਹੋਰ ਹੈ।

(੩) ਗੁਰੂ ਭਗਤੀ ਦਿੰਦਾ ਹੈ। ਗੁਰੂ ਤੋਂ ਬਿਨਾ ਸਿਖ ਜੀਅ ਨਹੀਂ ਸਕਦਾ ਤੇ ਜਦੋਂ ਸਿਖ ਨੂੰ ਗੁਰੂ ਦੀ ਅਸਲੀਅਤ ਸਮਝ ਆ ਜਾਏ, ਉਹ ਆਪ ਹੀ ਗੁਰੂ ਬਣ ਜਾਂਦਾ ਹੈ। ਗੁਰੂ ਆਪ ਪਰਮਾਤਮਾ ਹੀ ਹੈ। ਗੁਰੂ ਆਪ ਹੀ ਪਰਮਾਤਮਾ ਹੈ, ਆਪ ਹੀ ਸਿਖ ਹੈ ਤੇ ਆਪ ਹੀ ਸਿਖ ਨੂੰ ਚੁੱਕਣ ਵਾਲਾ ਹੈ, ਉਸ ਵਿਚ ਆਤਮਕ-ਉੱਚਤਾ ਪੈਦਾ ਕਰਦਾ ਹੈ।

(੪) ਸਿਖ ਦੀ ਆਤਮਕ ਕਲਿਆਣ ਲਈ ਸਾਧਨ ਵੀ ਗੁਰੂ ਹੈ ਤੇ ਮੰਤਵ ਵੀ ਗੁਰੂ ਹੈ। ਪਰ ਸਿਖ ਨੂੰ ਸਮੇਂ ਨਾਲ ਹੀ ਸਮਝ ਆਂਦੀ ਹੈ ਕਿ ਗੁਰੂ ਕੀ ਹੈ ?

# ੧੨

# ਪੰਥ

੧.

ਮੰਨੈ ਮਾਰਗਿ ਠਾਕ ਨ ਪਾਇ ॥
ਮੰਨੈ ਪਤਿ ਸਿਉ ਪਰਗਟੁ ਜਾਇ ॥
ਮੰਨੈ ਮਗੁ ਨ ਚਲੈ ਪੰਥੁ ॥
ਮੰਨੈ ਧਰਮ ਸੇਤੀ ਸਨਬੰਧੁ ॥ *(ਜਪੁ, ਪੰਨਾ ੩)*

ਪੰਥ ਦਾ ਅਰਥ ਹੈ ਸ਼ਾਹੀ ਰਾਹ। ਭਾਵ ਐਸੀ ਵੱਡੀ ਖੁਲ੍ਹੀ ਚੌੜੀ ਸੜਕ ਜਿਸ 'ਤੇ ਕਿਸੇ ਪੰਥੀ ਦੇ ਭੁੱਲਣ ਦੀ ਸੰਭਾਵਨਾ ਨਹੀਂ ਤੇ ਜਿਹੜੀ ਤੋੜ ਮੰਜ਼ਲ ਤੀਕ ਜਾਂਦੀ ਹੈ, ਵਿਚਾਲੇ ਹੀ ਗੁੰਮ ਨਹੀਂ ਹੋ ਜਾਂਦੀ, ਜਿਸ ਦੀ ਹਸਤੀ ਸੁਤੰਤਰ ਹੈ, ਜਿਸ ਵਿਚ ਹੋਰ ਨਿੱਕੇ ਮੋਟੇ ਰਾਹ ਆ ਮਿਲਦੇ ਹਨ ਤੇ ਖ਼ਤਮ ਹੋ ਜਾਂਦੇ ਹਨ, ਜਿਸ 'ਤੇ ਪੰਥੀ ਦੀ ਰਖਵਾਲੀ ਸਰਕਾਰ ਦੀ ਵਿਸ਼ੇਸ਼ ਜ਼ਿੰਮੇਵਾਰੀ ਹੈ, ਜਿਸ 'ਤੇ ਪੰਥੀ ਦੇ ਉਤਸ਼ਾਹ ਭਰਪੂਰ ਰਹਿਣ ਲਈ ਪੂਰਨ ਅਗਵਾਈ ਪ੍ਰਾਪਤ ਹੈ, ਜਿਸ 'ਤੇ ਮੀਲ-ਪੱਥਰ ਲੱਗੇ ਹੋਏ ਹਨ ਤੇ ਆਰਾਮ ਲਈ ਛਾਇਆਦਾਰ ਬ੍ਰਿਛ ਹਨ, ਜਿਸ 'ਤੇ ਕੁਵੇਲ ਹੋਣ ਤੇ ਸਰਾਂ ਵਿਚ ਮੁਸਾਫ਼ਰ ਟਿਕ ਸਕਦਾ ਹੈ, ਜਿਸ 'ਤੇ ਸਦਾ ਚਾਨਣ ਰੱਖਣਾ ਰਾਜੇ ਦਾ ਫ਼ਰਜ਼ ਹੈ, ਹਨੇਰੀ ਘੁੱਪ ਰਾਤ ਵਿਚ ਵੀ ਉਸ 'ਤੇ ਅਗਵਾਈ ਦਾ ਕੁਝ ਨਾ ਕੁਝ ਪ੍ਰਬੰਧ ਰਹਿੰਦਾ ਹੈ। ਪੰਥ ਥਿਰ ਰਹਿਣ ਵਾਲੀ ਚੀਜ਼ ਹੈ ਤੇ ਜਿਤਨੇ ਤੀਕ ਉਹ ਪੰਥ ਹੈ ਉਸ 'ਤੇ ਪੰਥੀ ਵੀ ਸਦਾ ਤੁਰਦੇ ਰਹਿਣਗੇ। ਫ਼ਰਕ ਇੰਨਾ ਹੈ ਕਿ ਅੱਜ ਜੋ ਪੰਥੀ ਕਿਸੇ ਪੰਥ 'ਤੇ ਪੈਂਡਾ ਮਾਰਦੇ ਆਪਣੀ ਮੰਜ਼ਲ 'ਤੇ ਪੁੱਜ ਗਏ ਹਨ ਉਹ ਮੁੜ ਉਸ ਪੰਥ 'ਤੇ ਨਹੀਂ ਆਉਣਗੇ, ਉਹ ਮੰਜ਼ਲ 'ਤੇ ਪੁੱਜੇ ਹੋਰ ਪੰਥੀਆਂ ਤੇ ਸਦੀਵੀ ਅਟੱਲ 'ਬੇਗਮਪੁਰੇ' ਵਿਚ ਮਿਲ ਜਾਣਗੇ ਪਰ ਤਾਂ ਵੀ ਪੰਥੀ ਸਦੀਵੀ ਹਨ ਕਿਉਂਕਿ ਹੋਰ ਪੰਥੀ ਉਸੇ ਰਾਹ 'ਤੇ ਆਪਣੀ ਮੰਜ਼ਲ ਤੀਕ ਪੁੱਜਣ ਲਈ ਤੁਰ ਰਹੇ ਹੋਣਗੇ ਤੇ ਤੁਰ ਪੈਣਗੇ। ਇਸ ਲਈ ਪੰਥ ਤੇ ਪੰਥੀ ਦੋਵੇਂ ਸਦੀਵੀ ਹੋ ਜਾਂਦੇ ਹਨ। ਅਸਲ ਵਿਚ ਦੋਵੇਂ ਇਕੋ ਚੀਜ਼ ਹੀ ਹਨ, ਪੰਥ ਪੰਥੀਆਂ ਲਈ ਹੈ ਤੇ ਪੰਥੀ ਪੰਥ ਲਈ ਹਨ। ਜਿਤਨੇ ਤੀਕ ਪੰਥੀ ਪੰਥ 'ਤੇ ਤੁਰ ਰਹੇ ਹਨ, ਉਨ੍ਹਾਂ ਵਿਚ ਅਦੁਤੀ ਸਾਂਝ ਰਹਿੰਦੀ ਹੈ ਤੇ ਰਹਿਣੀ ਚਾਹੀਦੀ ਹੈ। ਪਰ ਇਹ ਸਾਂਝ ਉਨ੍ਹਾਂ ਵਿਚ ਇਸ ਕਰਕੇ ਹੀ ਹੈ ਕਿ ਉਹ ਇਕ ਪੰਥ 'ਤੇ ਤੁਰ ਰਹੇ ਹਨ। ਪੰਥ ਹੀ ਉਨ੍ਹਾਂ ਦੀ ਸਾਂਝ ਜਾਂ ਜਥੇਬੰਦੀ ਦਾ ਕਾਰਨ ਹੈ। ਜਿਵੇਂ ਇਕੋ ਗੱਡੀ ਵਿਚ ਬੈਠੇ ਸਾਰੇ ਮੁਸਾਫ਼ਰਾਂ ਵਿਚ ਸਾਂਝ ਹੁੰਦੀ ਹੈ।

ਸਿਖ-ਪੰਥ ਪਰਮਾਤਮਾ ਰਾਜੇ ਦੀ ਆਪਣੀ ਸੜਕ ਹੈ ਜਿਸ 'ਤੇ ਤੁਰਨ ਵਾਲੇ ਪੰਥੀਆਂ ਦੀ ਅਗਵਾਈ ਲਈ ਤੇ ਸੜਕ ਨੂੰ ਰੌਸ਼ਨ ਰੱਖਣ ਲਈ ਉਸ ਨੇ ਗੁਰੂ ਨੂੰ ਮੁਕੱਰਰ ਕੀਤਾ ਹੋਇਆ ਹੈ। ਇਸ ਸੜਕ 'ਤੇ ਤੁਰਨ ਵਾਲਿਆਂ ਦੀ ਹਰ ਤਰ੍ਹਾਂ ਦੀ ਰਖਵਾਲੀ ਤੇ ਦੇਖ-ਭਾਲ ਗੁਰੂ ਨੇ ਕਰਨੀ ਹੈ:

> ਸਤਿਗੁਰੁ ਸਿਖ ਕੀ ਕਰੈ ਪ੍ਰਤਿਪਾਲ॥
> ਸੇਵਕ ਕਉ ਗੁਰ ਸਦਾ ਦਇਆਲ॥
> ਸਿਖ ਕੀ ਗੁਰੁ ਦੁਰਮਤਿ ਮਲੁ ਹਿਰੈ॥
> ਗੁਰ ਬਚਨੀ ਹਰਿ ਨਾਮੁ ਉਚਰੈ॥
> ਸਤਿਗੁਰੁ ਸਿਖ ਕੇ ਬੰਧਨ ਕਾਟੈ॥
> ਗੁਰ ਕਾ ਸਿਖੁ ਬਿਕਾਰ ਤੇ ਹਾਟੈ॥
> ਸਤਿਗੁਰੁ ਸਿਖ ਕਉ ਨਾਮ ਧਨੁ ਦੇਇ॥
> ਗੁਰ ਕਾ ਸਿਖੁ ਵਡਭਾਗੀ ਹੇ॥
> ਸਤਿਗੁਰੁ ਸਿਖ ਕਾ ਹਲਤੁ ਪਲਤੁ ਸਵਾਰੈ॥
> ਨਾਨਕ ਸਤਿਗੁਰੁ ਸਿਖ ਕਉ ਜੀਅ ਨਾਲਿ ਸਮਾਰੈ॥੧॥
>
> *(ਗਉੜੀ ਸੁਖਮਨੀ ਮ: ੫, ਪੰਨਾ ੨੮੬)*

ਤੇ ਗੁਰੂ ਨੇ ਹੀ ਪੰਥੀਆਂ ਲਈ:

> ਗੁਰੁ ਦਾਤਾ ਗੁਰੁ ਹਿਵੈ ਘਰੁ ਗੁਰੁ ਦੀਪਕੁ ਤਿਹ ਲੋਇ॥
>
> *(ਵਾਰ ਮਾਝ ਮ: ੧, ਪੰਨਾ ੧੩੭)*

ਹੋਣਾ ਹੈ। ਪੰਥੀਆਂ ਦੀਆਂ ਸਾਰੀਆਂ ਸਰੀਰਕ, ਮਾਨਸਕ, ਬੌਧਿਕ ਤੇ ਆਤਮਕ ਲੋੜਾਂ ਉਸ ਸ਼ਾਹੀ-ਸੜਕ 'ਤੇ ਗੁਰੂ ਨੇ ਹੀ ਪੂਰੀਆਂ ਕਰਨੀਆਂ ਹਨ ਪਰ ਮਹਾਨ ਚੀਜ਼ ਫਿਰ ਵੀ ਉਹ ਪੰਥ ਹੀ ਹੈ। ਪੰਥ ਗੁਰੂ ਨਾਲੋਂ ਵੀ ਵੱਡੀ ਚੀਜ਼ ਹੈ ਕਿਉਂਕਿ ਪੰਥ ਤੇ ਪਰਮਾਤਮਾ ਦਾ ਆਪਣਾ ਹੈ ਤੇ ਗੁਰੂ ਉਸ ਪੰਥ ਨੂੰ ਬਣਾਣ ਲਈ ਲਗਾਇਆ ਜਾਂਦਾ ਹੈ ਤੇ ਉਸ ਦੀ ਰਾਖੀ ਤੇ ਪੰਥੀਆਂ ਦੀ ਦੇਖ-ਭਾਲ ਲਈ ਉਸਨੂੰ ਸੌਂਪਣਾ ਕੀਤੀ ਜਾਂਦੀ ਹੈ। ਤਾਂ ਵੀ ਬਾਦਸ਼ਾਹ, ਪੰਥ, ਪੰਥੀ ਤੇ ਪੰਥ ਦਾ ਰਾਖਾ ਸਾਰੇ ਹੀ ਬੜੀ ਮਹਾਨਤਾ ਰੱਖਦੇ ਹਨ। ਪਰਮਾਤਮਾ ਸਭ ਤੋਂ ਵੱਡਾ ਹੈ ਜਿਸ ਵੱਲ ਪੰਥ ਲੈ ਜਾ ਰਿਹਾ ਹੈ, ਪੰਥ ਉਸ ਤੋਂ ਥੱਲੇ ਹੈ, ਪੰਥ ਦੀ ਰਖਵਾਲੀ ਵਾਲਾ ਉਸ ਤੋਂ ਥੱਲੇ ਹੈ ਤੇ ਪੰਥੀ ਉਸ ਤੋਂ ਥੱਲੇ ਹੈ ਪਰ ਪਹਿਲੀਆਂ ਤਿੰਨੇ ਚੀਜ਼ਾਂ ਹਨ ਪੰਥੀ ਦੀ ਕਲਿਆਣ ਤੇ ਸੁਖ-ਸ਼ਾਂਤੀ ਲਈ ਹੀ। ਮਨੁੱਖ ਨੇ ਆਪਣੀ ਅੰਤਮ ਸ਼ਾਂਤ-ਹੋਣੀ ਤੀਕ ਇਸ ਪੰਥ 'ਤੇ ਤੁਰ ਕੇ ਪੁੱਜਣਾ ਹੈ।

'ਪੰਥ' ਦਾ ਹੀ ਸਮਾਨ ਸ਼ਬਦ ਧਰਮ ਹੈ। ਸਿਖ ਧਰਮ ਜਾਂ ਪੰਥ ਸ਼ਾਹੀ ਮਾਰਗ ਹੈ, ਇਸ ਮਾਰਗ 'ਤੇ ਤੁਰਨ ਵਾਲਿਆਂ ਸਾਰਿਆਂ ਨੂੰ ਮਜਮੂਹੀ ਤੌਰ 'ਤੇ ਪੰਥ ਹੀ ਕਹਿ ਦਿੱਤਾ ਜਾਂਦਾ ਹੈ। ਜਿਵੇਂ ਗੱਡੀ ਵਿਚ ਬੈਠੇ ਸਾਰੇ ਮੁਸਾਫ਼ਰਾਂ ਨੂੰ ਗੱਡੀ ਹੀ ਕਹਿ ਦਿੱਤਾ ਜਾਂਦਾ ਹੈ—ਭਰੀ ਹੋਈ ਗੱਡੀ ਅੱਜ ਪੁਜੀ ਹੈ। ਪੰਥ ਤੇ ਪੰਥੀ ਨੂੰ ਸਮਾਨ ਅਰਥਾਂ ਵਿਚ ਵਰਤਿਆ ਜਾਂਦਾ ਹੈ।

ਇਹ ਸਾਰੇ ਪੰਥੀ ਜਾਂ ਸਿਖ-ਪੰਥ ਸੁਖੀ ਤਦ ਹੀ ਰਹਿ ਸਕਦਾ ਹੈ ਜੇ ਸਾਰੇ ਮੁਕੱਰਰ ਗੁਰ-ਪੰਥ ਜਾਂ ਮਾਰਗ 'ਤੇ ਤੁਰਦੇ ਰਹਿਣ। ਜੇ ਕੋਈ ਇਕ ਸਮੁੱਚੇ ਸਾਥ ਜਾਂ ਵਹੀਰ

ਵਿਚੋਂ ਨਿਕਲ ਜਾਵੇ ਤੇ ਔਝੜ ਵਿਚ ਪੈ ਜਾਵੇ ਤਾਂ ਉਹ ਜ਼ਰੂਰ ਦੁਖੀ ਹੋਵੇਗਾ। ਅਸਲ ਵਿਚ ਪੰਥ ਹੀ ਸਾਰਿਆਂ ਨੂੰ ਸਾਂਝੇ ਰੱਖਣ ਵਾਲੀ ਚੀਜ਼ ਹੈ। ਭਾਵ ਸਿੱਖਾਂ ਨੂੰ ਕੇਵਲ ਸਿੱਖੀ ਆਚਰਣ ਜਾਂ ਸਿੱਖੀ-ਆਦਰਸ਼ ਦਾ ਪਿਆਰ ਹੀ ਸੰਗਠਤ ਰੱਖ ਸਕਦਾ ਹੈ, ਕੋਈ ਰਾਜਸੀ ਜਾਂ ਸਮਾਜਕ ਜਾਂ ਤਾਲੀਮੀ ਪ੍ਰੋਗਰਾਮ ਉਨ੍ਹਾਂ ਨੂੰ ਇਕੱਠਿਆਂ ਨਹੀਂ ਰੱਖ ਸਕਦਾ। ਇਹ ਪ੍ਰੋਗਰਾਮ ਨਿੱਕੇ ਨਿੱਕੇ ਮਾਰਗ ਹਨ ਜੋ ਪੰਥ ਵਿਚ ਆ ਕੇ ਰਲਦੇ ਹਨ ਪਰ ਮਾਰਗ ਪੰਥ ਦੀ ਥਾਂ ਨਹੀਂ ਲੈ ਸਕਦੇ। ਨਿੱਕੀਆਂ ਨਦੀਆਂ ਸਾਗਰ ਵਿਚ ਆ ਕੇ ਰਲਦੀਆਂ ਹਨ ਪਰ ਕੋਈ ਨਦੀ ਸਾਗਰ ਦੀ ਥਾਂ ਨਹੀਂ ਹੈ। ਸਿਖ ਕੇਵਲ ਸਿੱਖੀ ਦੇ ਪਿਆਰ ਨਾਲ ਹੀ ਇਕੱਠੇ ਰਹਿ ਸਕਦੇ ਹਨ। ਭਾਵ ਪੰਥ ਹੀ ਪੰਥ ਨੂੰ ਇਕੱਠਾ ਰੱਖ ਸਕਦਾ ਹੈ।

ਸਿਖ ਗੁਰੂ ਸਾਹਿਬਾਨ ਨੇ ਪੰਥੀਆਂ ਨੂੰ ਇਕੋ ਪੰਥ ਤੇ ਰੱਖਣ ਲਈ ਹੋਰ ਵੀ ਕਈ ਮਨੋਵਿਗਿਆਨਕ ਤਰੀਕੇ ਵਰਤੇ ਹਨ। ਇਸ ਪੱਖ ਤੋਂ ਭਾਵ ਮਨੁੱਖ ਨੂੰ ਜਥੇਬੰਦ ਕਰਨ ਦੇ ਪੱਖ ਤੋਂ ਗੁਰ-ਇਤਿਹਾਸ ਸੰਸਾਰ ਵਿਚ ਇਕ ਮਹਾਨ ਤਜਰਬਾ ਹੈ। ਸਿੱਖਾਂ ਨੂੰ ਪੰਥ ਬਣਾਣ ਲਈ ਹਰ ਗੁਰ-ਵਿਅਕਤੀ ਨੇ ਪੂਰਾ ਯਤਨ ਕੀਤਾ ਹੈ। ਵੱਡੀਆਂ ਗੱਲਾਂ ਇਸ ਜਥੇਬੰਦੀ ਲਈ, ਆਦਰਸ਼ ਤੇ ਗੁਣਾਂ ਦੀ ਸਾਂਝ ਹੀ ਸਨ ਤੇ ਗੁਰੂ ਦੀ ਅਗਵਾਈ ਨੂੰ ਸਤਿਕਾਰ ਸਹਿਤ ਕਬੂਲ ਕਰਨਾ, ਜਿਵੇਂ ਗੱਡੀ ਵਿਚ ਬੈਠੇ ਮੁਸਾਫ਼ਰ,ਡਰਾਈਵਰ ਦੀ ਅਗਵਾਈ ਨੂੰ ਕਬੂਲਦੇ ਹਨ ਤੇ ਜਹਾਜ਼ ਵਿਚ ਬੈਠੇ,ਮਲਾਹ ਦੀ ਅਗਵਾਈ ਨੂੰ। ਗੁਰੂ ਸਾਹਿਬਾਨ ਨੇ ਪੰਥੀਆਂ ਨੂੰ ਜਥੇਬੰਦ ਰੱਖਣ ਲਈ ਆਪਣੇ ਵਿਚਾਰ ਇਸ ਪ੍ਰਕਾਰ ਪ੍ਰਗਟ ਕੀਤੇ ਹੋਏ ਹਨ। ਪੰਥ ਨੂੰ ਸਦਾ ਜਥੇਬੰਦ ਰੱਖਣ ਦਾ ਮੰਤਵ ਗੁਰੂ ਸਾਹਿਬਾਨ ਦੇ ਸਾਹਮਣੇ ਰਿਹਾ ਹੈ:

## ੨. ਮਹਾਂਵਾਕ

(ਗੁਰੂ ਨਾਨਕ ਦੇਵ ਜੀ)

ਨਾਨਕ ਸਤਿਗੁਰੁ ਐਸਾ ਜਾਣੀਐ ਜੋ ਸਭਸੈ ਲਏ ਮਿਲਾਇ ਜੀਉ ॥੧੦॥

*(ਸਿਰੀਰਾਗੁ ਮ: ੧, ਪੰਨਾ ੭੨)*

ਸਤਸੰਗਤਿ ਕੈਸੀ ਜਾਣੀਐ ॥ ਜਿਥੈ ਏਕੋ ਨਾਮੁ ਵਖਾਣੀਐ ॥
ਏਕੋ ਨਾਮੁ ਹੁਕਮੁ ਹੈ ਨਾਨਕ ਸਤਿਗੁਰਿ ਦੀਆ ਬੁਝਾਇ ਜੀਉ ॥੫॥

*(ਸਿਰੀਰਾਗੁ ਮ: ੧, ਪੰਨਾ ੭੨)*

ਗੁਣਾ ਕਾ ਹੋਵੈ ਵਾਸੁਲਾ ਕਢਿ ਵਾਸੁ ਲਈਜੈ ॥
ਜੇ ਗੁਣ ਹੋਵਨਿ ਸਾਜਨਾ ਮਿਲਿ ਸਾਝ ਕਰੀਜੈ ॥
ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗਣ ਚਲੀਐ ॥
ਪਹਿਰੇ ਪਟੰਬਰ ਕਰਿ ਅਡੰਬਰ ਆਪਣਾ ਪਿੜੁ ਮਲੀਐ ॥
ਜਿਥੈ ਜਾਇ ਬਹੀਐ ਭਲਾ ਕਹੀਐ ਝੋਲਿ ਅੰਮ੍ਰਿਤੁ ਪੀਜੈ ॥
ਗੁਣਾ ਕਾ ਹੋਵੈ ਵਾਸੁਲਾ ਕਢਿ ਵਾਸੁ ਲਈਜੈ ॥੩॥

*(ਸੂਹੀ ਮ: ੧ ਛੰਤ, ਪੰਨਾ ੭੬੫-੬੬)*

ਮੁੰਦਾ ਸੰਤੋਖੁ ਸਰਮੁ ਪਤੁ ਝੋਲੀ ਧਿਆਨ ਕੀ ਕਰਹਿ ਬਿਭੂਤਿ ॥
ਖਿੰਥਾ ਕਾਲੁ ਕੁਆਰੀ ਕਾਇਆ ਜੁਗਤਿ ਡੰਡਾ ਪਰਤੀਤਿ ॥

ਆਈ ਪੰਥੀ ਸਗਲ ਜਮਾਤੀ ਮਨਿ ਜੀਤੈ ਜਗੁ ਜੀਤੁ ॥
ਆਦੇਸੁ ਤਿਸੈ ਆਦੇਸੁ ॥
ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ ॥੨੮॥

*(ਜਪੁ ਜੀ, ਪੰਨਾ ੬)*

(ਗੁਰੂ ਅਮਰਦਾਸ ਜੀ)

ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ ਗਾਵਹੁ ਸਚੀ ਬਾਣੀ ॥
ਬਾਣੀ ਤ ਗਾਵਹੁ ਗੁਰੂ ਕੇਰੀ ਬਾਣੀਆ ਸਿਰਿ ਬਾਣੀ ॥
ਜਿਨ ਕਉ ਨਦਰਿ ਕਰਮੁ ਹੋਵੈ ਹਿਰਦੈ ਤਿਨਾ ਸਮਾਣੀ ॥
ਪੀਵਹੁ ਅੰਮ੍ਰਿਤੁ ਸਦਾ ਰਹਹੁ ਹਰਿ ਰੰਗਿ ਜਪਿਹੁ ਸਾਰਿਗਪਾਣੀ ॥
ਕਹੈ ਨਾਨਕੁ ਸਦਾ ਗਾਵਹੁ ਏਹ ਸਚੀ ਬਾਣੀ ॥੨੩॥

*(ਰਾਮਕਲੀ ਮ: ੩ ਅਨੰਦੁ, ਪੰਨਾ ੯੨੦)*

(ਗੁਰੂ ਰਾਮਦਾਸ ਜੀ)

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ
ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥
ਉਦਮੁ ਕਰੇ ਭਲਕੇ ਪਰਭਾਤੀ
ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ॥
ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ
ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥
ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ
ਬਹਦਿਆ ਉਠਦਿਆ ਹਰਿ ਨਾਮੁ ਧਿਆਵੈ ॥
ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ
ਸੋ ਗੁਰਸਿਖੁ ਗੁਰੂ ਮਨਿ ਭਾਵੈ ॥ *(ਵਾਰ ਗਉੜੀ ਮ: ੪, ਪੰਨਾ ੩੦੫-੦੬)*

(ਗੁਰੂ ਅਰਜਨ ਦੇਵ ਜੀ)

ਜੇ ਦੀਸੈ ਗੁਰ ਸਿਖੜਾ ਤਿਸੁ ਨਿਵਿ ਨਿਵਿ ਲਾਗਉ ਪਾਇ ਜੀਉ ॥
ਆਖਾ ਬਿਰਥਾ ਜੀਅ ਕੀ ਗੁਰੁ ਸਜਣੁ ਦੇਹਿ ਮਿਲਾਇ ਜੀਉ ॥
ਸੋਈ ਦਸਿ ਉਪਦੇਸੜਾ ਮੇਰਾ ਮਨੁ ਅਨਤ ਨ ਕਾਹੂ ਜਾਇ ਜੀਉ ॥

*(ਸੂਹੀ ਮ: ੫, ਗੁਣਵੰਤੀ, ਪੰਨਾ ੭੬੩)*

ਬਿਸਰਿ ਗਈ ਸਭ ਤਾਤਿ ਪਰਾਈ ॥
ਜਬ ਤੇ ਸਾਧਸੰਗਤਿ ਮੋਹਿ ਪਾਈ ॥੧॥ਰਹਾਉ॥
ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ ॥੧॥
ਜੋ ਪ੍ਰਭ ਕੀਨੋ ਸੋ ਭਲ ਮਾਨਿਓ ਏਹ ਸੁਮਤਿ ਸਾਧੂ ਤੇ ਪਾਈ ॥੨॥
ਸਭ ਮਹਿ ਰਵਿ ਰਹਿਆ ਪ੍ਰਭੁ ਏਕੈ ਪੇਖਿ ਪੇਖਿ ਨਾਨਕ ਬਿਗਸਾਈ ॥੩॥੮॥

*(ਕਾਨੜਾ ਮ: ੫, ਪੰਨਾ ੧੨੯੯)*

(ਗੁਰੂ ਤੇਗ ਬਹਾਦੁਰ ਜੀ)

ਭੈ ਕਾਹੂ ਕਉ ਦੇਤ ਨਹਿ, ਨਹਿ ਭੈ ਮਾਨਤ ਆਨਿ ॥
ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ ॥੧੬॥

*(ਸਲੋਕ ਮ: ੯, ਪੰਨਾ ੧੪੨੭)*

(ਗੁਰੂ ਗੋਬਿੰਦ ਸਿੰਘ ਜੀ)

ਮੈ ਅਪਨਾ ਸੁਤ ਤੋਹਿ ਨਿਵਾਜਾ ॥
ਪੰਥ ਪ੍ਰਚੁਰ ਕਰਬੇ ਕਹੁ ਸਾਜਾ ॥
ਜਾਹਿ ਤਹਾ ਤੈ ਧਰਮੁ ਚਲਾਇ ॥
ਕਬੁਧਿ ਕਰਨ ਤੇ ਲੋਕ ਹਟਾਇ ॥੨੯॥.....
ਯਾਹੀ ਕਾਜ ਧਰਾ ਹਮ ਜਨਮੰ ॥
ਸਮਝ ਲੇਹੁ ਸਾਧੂ ਸਭ ਮਨਮੰ ॥
ਧਰਮ ਚਲਾਵਨ ਸੰਤ ਉਬਾਰਨ ॥
ਦੁਸਟ ਸਭਨ ਕੋ ਮੂਲ ਉਪਾਰਨ ॥੪੩॥ *(ਬਚਿਤ੍ਰ ਨਾਟਕ, ਪੰਨਾ ੫੭-੫੮)*

ਦੇਹੁਰਾ ਮਸੀਤ ਸੋਈ ਪੂਜਾ ਔ ਨਿਵਾਜ ਓਈ,
ਮਾਨਸ ਸਬੈ ਏਕ ਪੈ ਅਨੇਕ ਕੋ ਭ੍ਰਮਾਉ ਹੈ ॥
ਦੇਵਤਾ ਅਦੇਵ ਜਛ ਗੰਧ੍ਰਬ ਤੁਰਕ ਹਿੰਦੂ,
ਨਿਆਰੇ ਨਿਆਰੇ ਦੇਸਨ ਕੇ ਭੇਸ ਕੋ ਪ੍ਰਭਾਉ ਹੈ ॥
ਏਕੈ ਨੈਨ ਏਕੈ ਕਾਨ ਏਕੈ ਦੇਹ ਏਕੈ ਬਾਨ,
ਖਾਕ ਬਾਦ ਆਤਿਸ ਔ ਆਬ ਕੋ ਰਲਾਉ ਹੈ ॥
ਅਲਹ ਅਭੇਖ ਸੋਈ ਪੁਰਾਨ ਔ ਕੁਰਾਨ ਓਈ,
ਏਕ ਹੀ ਸਰੂਪ ਸਬੈ ਏਕ ਹੀ ਬਨਾਉ ਹੈ ॥੧੬॥੮੬॥

*(ਅਕਾਲ ਉਸਤਤ, ਪੰਨਾ ੧੯)*

ਜੁਧ ਜਿਤੇ ਇਨਹੀ ਕੇ ਪ੍ਰਸਾਦਿ ਇਨਹੀ ਕੇ ਪ੍ਰਸਾਦਿ ਸੁ ਦਾਨ ਕਰੇ ॥
ਅਘ ਅਉਘ ਟਰੇ ਇਨਹੀ ਕੇ ਪ੍ਰਸਾਦਿ ਇਨਹੀ ਕੀ ਕ੍ਰਿਪਾ ਫੁਨਿ ਧਾਮ ਭਰੇ ॥
ਇਨਹੀ ਕੇ ਪ੍ਰਸਾਦਿ ਸੁ ਬਿਦਿਆ ਲਈ ਇਨਹੀ ਕੀ ਕ੍ਰਿਪਾ ਸਭ ਸਤ੍ਰੁ ਮਰੇ ॥
ਇਨਹੀ ਕੀ ਕ੍ਰਿਪਾ ਕੇ ਸਜੇ ਹਮ ਹੈ, ਨਹੀ ਮੋ ਸੇ ਗਰੀਬ ਕਰੋਰ ਪਰੇ ॥੨॥

*(ਦਸਮ ਗ੍ਰੰਥ, ਪੰਨਾ ੭੧੬-੧੭)*

(ਸਰਬੱਤ ਖ਼ਾਲਸਾ ਜੀ)

"ਜਹਾਂ ਜਹਾਂ ਖਾਲਸਾ ਜੀ ਸਾਹਿਬ,
ਤਹਾਂ ਤਹਾਂ ਰੱਛਿਆ ਰਿਆਇਤ, ਦੇਗ ਤੇਗ ਫਤਹ,
ਬਿਰਦ ਕੀ ਪੈਜ, ਪੰਥ ਕੀ ਜੀਤ, ਸ੍ਰੀ ਸਾਹਿਬ ਜੀ ਸਹਾਇ,
ਖਾਲਸੇ ਜੀ ਕੇ ਬੋਲ ਬਾਲੇ"..............................
"ਹੇ ਅਕਾਲ ਪੁਰਖ! ਆਪਣੇ ਪੰਥ ਦੇ ਸਦਾ ਸਹਾਈ ਦਾਤਾਰ ਜੀਓ!
ਸ੍ਰੀ ਨਨਕਾਣਾ ਸਾਹਿਬ ਤੇ ਹੋਰ ਗੁਰਦੁਆਰਿਆਂ ਗੁਰਧਾਮਾਂ ਦੇ,

**ਜਿਨ੍ਹਾਂ ਤੋਂ ਪੰਥ ਨੂੰ ਵਿਛੋੜਿਆ ਗਿਆ ਹੈ,**
**ਖੁਲ੍ਹੇ ਦਰਸ਼ਨ ਦੀਦਾਰ ਤੇ ਸੇਵਾ ਸੰਭਾਲ ਦਾ ਦਾਨ ਖਾਲਸਾ ਜੀ ਨੂੰ ਬਖਸ਼ੋ।"...**
**"ਸੇਈ ਪਿਆਰੇ ਮੇਲ, ਜਿਨ੍ਹਾਂ ਮਿਲਿਆਂ ਤੇਰਾ ਨਾਮ ਚਿਤ ਆਵੇ॥**
**ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬੱਤ ਦਾ ਭਲਾ॥"**

*(ਅਰਦਾਸ)*

ਇਨ੍ਹਾਂ ਮਹਾਂਵਾਕਾਂ ਤੋਂ ਇਹ ਪ੍ਰਗਟ ਹੁੰਦਾ ਹੈ ਕਿ ਪੰਥ ਇਕੱਠਾ ਤਦੇ ਹੀ ਰਹਿ ਸਕਦਾ ਹੈ ਜੇ ਸਾਰੇ ਸਿਖ ਤਿੰਨ ਸਾਂਝਾਂ ਪੂਰੀਆਂ ਰੱਖਣ :

(ੳ) ਆਦਰਸ਼ ਦੀ ਸਾਂਝ : ਸਾਰਿਆਂ ਦਾ ਆਦਰਸ਼ ਸਾਂਝਾ ਹੋਵੇ ਤੇ ਆਦਰਸ਼ ਪ੍ਰਭੂ-ਮਿਲਾਪ ਹੋਵੇ, ਰਾਜਸੀ ਹਕੂਕ ਆਦਿ ਨਹੀਂ। ਸਿੱਖੀ ਜਾਂ ਆਚਰਨ ਉਸਾਰੀ ਆਦਰਸ਼ ਹੋਵੇ।

(ਅ) ਪੰਥ ਦੀ ਸਾਂਝ : ਆਦਰਸ਼ ਤੀਕ ਪੁੱਜਣ ਲਈ ਸਾਰੇ ਇਕੋ ਜਹਾਜ਼ 'ਤੇ ਚੜ੍ਹਨ, ਇਕੋ ਪੰਥ ਜਾਂ ਸ਼ਾਹ-ਰਾਹ ਚੁਣਨ। ਉਹ ਗੁਰੂ ਹੈ, ਗੁਰੂ ਗ੍ਰੰਥ ਸਾਹਿਬ, ਗੁਰੂ-ਪੰਥ ਗੁਰੂ-ਗ੍ਰੰਥ ਦੇ ਅਧੀਨ ਰਹਿ ਕੇ ਹੀ ਜਥੇਬੰਦ ਰਹਿ ਸਕਦਾ ਹੈ।

(ੲ) ਪਰਸਪਰ ਸਾਂਝ : ਮੰਜ਼ਲ ਸਾਂਝੀ ਹੋਵੇ, ਸੜਕ ਜਾਂ ਪੰਥ ਵੀ ਇਕੋ ਹੋਵੇ, ਪਰ ਜੇ ਸਾਰੇ ਰਾਹੀ ਆਪੋ ਵਿਚ ਜਥੇਬੰਦ ਨਾ ਰਹਿਣ ਤਦ ਵੀ ਬਹੁਤ ਕਠਨਾਈ ਦਾ ਸਾਮ੍ਹਣਾ ਕਰਨਾ ਪਵੇਗਾ। ਪੰਥੀਆਂ ਦੇ ਪਰਸਪਰ ਮਿਲਵਰਤਣ, ਜਥੇਬੰਦੀ ਤੇ ਸਾਂਝ ਬੜੀ ਲੋੜੀਂਦੀ ਹੈ।

ਇਹ ਤਿੰਨ ਸਾਂਝਾਂ ਨਾਮ, ਗੁਰੂ ਤੇ ਮਨ ਦੀਆਂ ਸਾਂਝਾਂ ਵੀ ਕਹੀਆਂ ਜਾ ਸਕਦੀਆਂ ਹਨ। ਇਹ ਤਿੰਨੇ ਸਾਂਝਾਂ ਰਲ ਕੇ ਹੀ ਪੰਥ ਅਖਵਾਉਂਦੀਆਂ ਹਨ। ਜਿੰਨੇ ਤੀਕ ਸਾਰੇ ਸਿਖ ਇਹ ਤਿੰਨੇ ਸਾਂਝਾਂ ਰਖਦੇ ਹਨ ਉਹ ਪੰਥ ਹਨ, ਗੁਰੂ ਸਾਹਿਬਾਨ ਨੇ ੧੪੬੯ ਤੋਂ ਲਗ ਕੇ ੧੭੦੮ ਤੀਕ ਆਪ ਸਾਡੇ ਨਾਲ ਰਹਿ ਕੇ ਇਹ ਤਿੰਨੇ ਸਾਂਝਾਂ ਪੈਦਾ ਕੀਤੀਆਂ ਤੇ ਸਾਨੂੰ ਪੰਥ ਬਣਾਇਆ ਜਾਂ ਸਾਡਾ ਪੰਥ ਬਣਾਇਆ। ਹੁਣ ਵੀ ਇਹ ਤਿੰਨੇ ਸਾਂਝਾਂ ਰਹਿਣ ਨਾਲ ਪੰਥ ਰਹਿ ਸਕਦਾ ਹੈ। ਇਹਨਾਂ ਸਾਂਝਾਂ ਦਾ ਭਾਵ ਥੋੜ੍ਹੇ ਜਿਹੇ ਵਿਸਥਾਰ ਨਾਲ ਵੇਖਣ ਦਾ ਯਤਨ ਕਰਦੇ ਹਾਂ।

## ੩.

### (ੳ) ਆਦਰਸ਼ ਦੀ ਸਾਂਝ

ਗੁਰੂ ਨਾਨਕ ਸਾਹਿਬ ਦਾ ਯਤਨ ਇਕ ਫਿਰਕਾ ਬਣਾਨਾ ਨਹੀਂ ਸੀ ਸਗੋਂ ਇਕ ਖ਼ਾਸ ਪ੍ਰਕਾਰ ਦਾ ਮਨੁੱਖ ਬਣਾਨਾ ਸੀ। ਉਹ ਮਨੁੱਖ ਦੇ ਮਨ ਦੀ ਇਕ ਖ਼ਾਸ ਦਸ਼ਾ ਪੈਦਾ ਕਰਨਾ ਚਾਹੁੰਦੇ ਸਨ, ਫਿਰਕਾ ਭਾਵੇਂ ਉਸ ਦਾ ਕੋਈ ਹੋਵੇ—ਜੋਗੀ ਹੋਵੇ, ਮੁਸਲਮਾਨ ਹੋਵੇ, ਹਿੰਦੂ ਹੋਵੇ, ਵੈਸ਼ਨਵ ਹੋਵੇ, ਜੈਨੀ ਹੋਵੇ। ਮਨੁੱਖ ਇਕ ਖ਼ਾਸ ਸਦਾਚਾਰਕ ਪੱਧਰ ਵਾਲਾ ਹੋਵੇ, ਕੰਮ ਭਾਵੇਂ ਉਹ ਕੋਈ ਕਰਦਾ ਹੋਵੇ—ਹਾਲੀ ਹੋਵੇ, ਸੌਦਾਗਰ ਹੋਵੇ, ਬਾਦਸ਼ਾਹ ਹੋਵੇ। ਮਨੁੱਖ ਕਿਸੇ ਫਿਰਕੇ ਦਾ ਹੋਵੇ, ਕਿਸੇ ਪੰਥ ਦਾ ਹੋਵੇ, ਕਿਸੇ ਕਿੱਤੇ ਦਾ ਹੋਵੇ, ਗੁਰੂ ਨਾਨਕ ਤੇ ਉਸ ਵਿਚ ਇਕ ਵਿਸ਼ੇਸ਼ ਸਦਾਚਾਰਕ ਦਸ਼ਾ ਜਾਂ ਮਨੁੱਖਤਾ ਵੇਖਣਾ ਚਾਹੁੰਦੇ ਸਨ। ਜੋ ਸ਼ਬਦ ਉਨ੍ਹਾਂ ਨੇ ਜੋਗੀਆਂ ਲਈ ਸੂਹੀ ਤੇ ਰਾਮਕਲੀ ਰਾਗਾਂ ਵਿਚ ਲਿਖੇ ਹਨ, ਜੋ

ਸਲੋਕ ਉਨ੍ਹਾਂ ਮੁਸਲਮਾਨਾਂ ਲਈ ਮਾਝ ਦੀ ਵਾਰ ਵਿਚ ਤੇ ਜੋ ਸਲੋਕ ਜੈਨੀਆਂ ਲਈ ਮਾਝ ਦੀ ਵਾਰ ਵਿਚ ਤੇ ਜੋ ਸਲੋਕ ਹਿੰਦੂਆਂ ਲਈ ਆਸਾ ਦੀ ਵਾਰ ਵਿਚ ਤੇ ਜੋ ਸ਼ਬਦ ਵੈਸ਼ਨਵਾਂ ਲਈ ਰਾਗ ਆਸਾ ਵਿਚ ਤੇ ਜੋ ਸ਼ਬਦ ਵੱਖੋ ਵੱਖ ਕਿੱਤੇ ਦੇ ਲੋਕਾਂ ਲਈ ਸੋਰਠਿ ਵਿਚ ਲਿਖੇ ਹਨ, ਉਹ ਪੜ੍ਹਨ ਤੋਂ ਉਪਰਲਾ ਕਥਨ ਸਪਸ਼ਟ ਹੋ ਸਕਦਾ ਹੈ। ਇਕ ਸਦਾਚਾਰਕ ਮਿਆਰ ਮਨੁੱਖਤਾ ਦਾ ਆਦਰਸ਼ ਹੈ। ਇਹੋ ਹੀ ਸਿਖ ਦਾ ਆਦਰਸ਼ ਹੈ। ਇਸ ਆਦਰਸ਼ ਦਾ ਪਿਆਰ ਹੀ ਪੰਥ ਨੂੰ ਇਕੱਠਾ ਰੱਖ ਸਕਦਾ ਹੈ। ਭਾਵ ਇਹ ਅਨੁਭਵ ਕਿ ਅਸੀਂ ਸਾਰੇ ਇਕੋ ਮੰਜ਼ਲ ਵੱਲ ਜਾਣਾ ਚਾਹੁੰਦੇ ਹਾਂ ਤੇ ਜਾ ਰਹੇ ਹਾਂ। ਕੋਈ ਸਿਖ ਜਿਸ ਵਿਚ ਇਸ ਆਦਰਸ਼ ਦਾ ਪਿਆਰ ਹੈ ਤੇ ਇਸ ਦੀ ਪ੍ਰਾਪਤੀ ਲਈ ਯਤਨ ਕਰਦਾ ਹੈ, ਉਹ ਸਿੱਖਾਂ ਵਿਚ ਤੇ ਗ਼ੈਰ-ਸਿੱਖਾਂ ਵਿਚ ਸਦਾ ਸਤਿਕਾਰਿਆ ਜਾਂਦਾ ਹੈ। ਉਸ ਦੇ ਕੇਸ ਦਾਹੜਾ ਉਸ ਲਈ ਕਿਸੇ ਥਾਂ ਘ੍ਰਿਣਾ ਨਹੀਂ ਉਪਜਾਂਦੇ; ਜਿਵੇਂ ਕਈ ਵਾਰੀ ਗ਼ਲਤ ਤੌਰ 'ਤੇ ਕਿਹਾ ਜਾਂਦਾ ਹੈ। ਮਨੁੱਖੀ ਸਭਿਅਤਾ ਦਾ ਮਿਆਰ ਸਦਾਚਾਰ ਹੈ, ਨਾ ਕਿ ਉਸ ਦਾ ਰੂਪ। ਫਿਰ, ਜਿਉਂ ਜਿਉਂ ਕਿਸੇ ਵਿਚ ਸਦਾਚਾਰ ਪ੍ਰਵੇਸ਼ ਕਰਦਾ ਹੈ, ਉਸ ਦਾ ਰੂਪ ਆਪਣੇ ਆਪ ਹੀ ਸੁੰਦਰ ਹੁੰਦਾ ਜਾਂਦਾ ਹੈ ਤੇ ਉਸ ਦੇ ਕੇਸ ਉਸ ਦੀ ਸੁੰਦਰਤਾ ਵਿਚ ਅਨੋਖਾ ਵਾਧਾ ਕਰਦੇ ਹਨ। ਕਿਸੇ ਆਚਰਨ ਵਾਲੇ ਮਨੁੱਖ ਨੂੰ ਕਦੇ ਘਟੀਆਪਨ ਜਾਂ ਹੀਣਤਾ ਦਾ ਅਹਿਸਾਸ ਹੀ ਨਹੀਂ ਹੁੰਦਾ, ਉਸ ਨੂੰ ਆਪਣੀ ਅੰਦਰਲੀ ਸੁੰਦਰਤਾ ਦਾ ਇੰਨਾ ਭਰੋਸਾ ਹੁੰਦਾ ਹੈ। ਕੁਝ ਵਿਸਥਾਰ ਨਾਲ ਇਸ ਸਾਂਝ ਨੂੰ ਸਮਝਣ ਦੀ ਲੋੜ ਹੈ :

(੧) ਸਾਡਾ ਸਾਂਝਾ ਆਦਰਸ਼ ਸਿੱਖੀ ਹੈ ਤੇ ਸਿੱਖੀ ਇਕ ਸਦਾਚਾਰਕ ਦਸ਼ਾ ਦਾ ਨਾਂ ਹੈ। ਇਸ ਮਾਨਸਕ ਦਸ਼ਾ ਨੂੰ ਕਈ ਰਹੱਸਵਾਦੀ ਸਿਧਾਂਤਕ ਸ਼ਬਦਾਂ ਨਾਲ ਵੀ ਪ੍ਰਗਟਾਇਆ ਜਾਂਦਾ ਹੈ।

(੨) ਸਾਡੀ ਸਾਂਝ ਇਸ ਗੱਲ ਵਿਚ ਹੈ ਕਿ ਸਾਡਾ ਆਦਰਸ਼ ਆਸਤਕ ਸਦਾਚਾਰ ਹੈ।

(੩) ਸਾਡੀ ਸਾਂਝ ਇਸ ਗੱਲ ਵਿਚ ਵੀ ਹੈ ਕਿ ਇਹ ਆਸਤਕ ਸਦਾਚਾਰ ਨਾਮ ਦੇ ਆਸਰੇ ਬਣਦਾ ਹੈ ਤੇ ਸਾਡਾ ਬਾਹਰਲਾ ਰੂਪ ਤੇ ਸਾਡੇ ਧਾਰਮਕ ਵਿਸ਼ਵਾਸ ਇਸ ਆਚਰਨ ਦੀ ਉਪਜ ਲਈ ਅਤਿਅੰਤ ਸਹਾਈ ਹਨ।

(੧)

ਸਿੱਖੀ ਦੇ ਆਦਰਸ਼ਕ ਆਚਰਨਕ ਪੱਖ ਨੂੰ ਦਿਮਾਗੀ ਤੌਰ 'ਤੇ ਸਮਝਣਾ ਕੋਈ ਬਹੁਤੀ ਔਖੀ ਗੱਲ ਨਹੀਂ। ਦਇਆ, ਸੰਤੋਖ, ਜਤ, ਸਤ, ਧਰਮ ਆਦਿ ਆਮ ਸਮਝ ਵਿਚ ਆ ਸਕਣ ਵਾਲੇ ਗੁਣ ਹੀ ਸਿੱਖੀ ਸਦਾਚਾਰ ਦੇ ਥੰਮ੍ਹ ਹਨ ਤੇ ਲੋਭ, ਕ੍ਰੋਧ, ਹੰਕਾਰ ਆਦਿ ਸਾਧਾਰਨ ਔਗੁਣ ਹੀ ਸਿਖ ਲਈ ਵਰਜਿਤ ਹਨ।

(੨)

ਆਸਤਕਤਾ ਸਿਖ ਸਦਾਚਾਰ ਦੀ ਨੀਂਹ ਹੈ। ਪਰਮਾਤਮਾ ਤੇ ਆਤਮਾ ਦੀ ਹੋਂਦ ਤੋਂ ਇਨਕਾਰ ਕਰ ਕੇ ਕੋਈ ਆਦਮੀ ਸਿਖ ਨਹੀਂ ਰਹਿ ਸਕਦਾ। ਪਰਮਾਤਮਾ ਹੀ ਸਾਰੀ ਮਨੁੱਖਤਾ ਤੇ ਬ੍ਰਹਿਮੰਡ ਦੇ ਜੀਵਾਂ ਤੇ ਪ੍ਰਕਿਰਤੀ ਵਿਚ ਏਕਤਾ ਤੇ ਬਰਾਬਰੀ ਦਾ ਜ਼ਾਮਨ

ਹੈ। ਆਸਤਕ ਸਦਾਚਾਰ ਦੀਆਂ ਚੂਲਾਂ ਇਹ ਹਨ :

(੧) ਮਨੁੱਖ ਨੂੰ ਮਨੁੱਖ ਤੇ ਹੋਰ ਜੀਵਾਂ ਨਾਲ ਸਦਾਚਾਰਕ ਵਿਹਾਰ ਇਸ ਲਈ ਕਰਨਾ ਚਾਹੀਦਾ ਹੈ ਕਿ ਹਰ ਮਨੁੱਖ ਇਕ ਰੂਪ ਹੈ—ਮੈਂ ਕਪਟ, ਧੋਖਾ ਤੇ ਜਬਰ ਕੇਵਲ ਆਪਣੇ ਆਪ ਨਾਲ ਹੀ ਕਰ ਸਕਦਾ ਹਾਂ, ਹੋਰ ਕਿਸੇ ਨਾਲ ਨਹੀਂ ਕਰ ਸਕਦਾ ਕਿਉਂਕਿ ਹੋਰ ਤੇ ਕੋਈ ਹੈ ਹੀ ਨਹੀਂ।

(੨) ਸਦਾਚਾਰਕ ਗੁਣ ਮਨੁੱਖ ਦੇ ਮਿਥੇ ਹੋਏ ਮਿਆਰ ਨਹੀਂ, ਇਹ ਪ੍ਰਭੂ-ਰਜ਼ਾ ਹਨ। ਇਹ ਗੱਲ ਠੀਕ ਨਹੀਂ ਕਿ ਮਨੁੱਖ ਹੀ ਸਾਰੀਆਂ ਚੀਜ਼ਾਂ ਦਾ ਮਾਪ ਹੈ ਤੇ ਕਈ ਚੀਜ਼ਾਂ ਜੋ ਇਕ ਦੇਸ਼ ਵਿਚ ਗੁਣ ਸਮਝੀਆਂ ਜਾਂਦੀਆਂ ਹਨ, ਉਹ ਦੂਜੀ ਥਾਂ ਔਗੁਣ ਸਮਝੀਆਂ ਜਾਂਦੀਆਂ ਹਨ। ਇਹ ਗੱਲ ਸ੍ਰੇਸ਼ਟਾਚਾਰ ਜਾਂ Etiquette ਬਾਰੇ ਠੀਕ ਹੈ ਪਰ ਇਹ ਬੁਨਿਆਦੀ ਸਦਾਚਾਰਕ ਗੱਲਾਂ ਬਾਰੇ ਠੀਕ ਨਹੀਂ। ਦਿਆਨਤਦਾਰੀ, ਸਚਾਈ, ਦਇਆ, ਤਰਸ ਹਰ ਥਾਂ ਹੀ ਸਤਿਕਾਰੇ ਜਾਂਦੇ ਹਨ। ਇਨ੍ਹਾਂ ਦੇ ਸਤਿਕਾਰ ਲਈ ਕਿਸੇ ਵਿਸ਼ੇਸ਼ ਦੇਸ਼ ਜਾਂ ਕੌਮ ਦਾ ਕੋਈ ਵਿਤਕਰਾ ਸਵੀਕਾਰ ਨਹੀਂ ਕੀਤਾ ਜਾਂਦਾ। ਭਾਵ ਇਨ੍ਹਾਂ ਗੁਣਾਂ ਦੀ ਨੀਂਹ ਮਨੁੱਖਤਾ ਦੇ ਅੰਤਰ ਆਤਮੇ ਰੱਖੀ ਹੋਈ ਹੈ ਤੇ ਅੰਤਰ ਆਤਮੇ ਪਰਮਾਤਮਾ ਦਾ ਨਿਵਾਸ ਹੈ। ਇਸ ਲਈ ਇਹ ਗੁਣ ਆਸਤਕ ਗੁਣ ਹਨ, ਰੱਬ ਦੇ ਨਿਜ਼ਾਮ ਦਾ ਹਿੱਸਾ ਹਨ।

(੩) ਇਹ ਸਦਾਚਾਰਕ ਗੁਣ ਕੇਵਲ ਅਸੂਲ ਨਹੀਂ ਜਾਂ ਭਾਵਾਚਕ (Abstract Principles) ਗੁਣ ਨਹੀਂ। ਇਹ ਕਿਸੇ ਪ੍ਰਕਿਰਤਕ ਸਰੀਰ ਵਿਚ ਰੱਖੇ ਜਾਂਦੇ ਹਨ। ਪਰਮਾਤਮਾ ਦੀ ਵੀ ਇਕ ਹਸਤੀ ਹੈ ਜਿਸ ਦੀ ਮਾਲਕੀ ਤੇ ਅਧਿਕਾਰ ਪੂਰਨ ਤੌਰ 'ਤੇ ਇਨ੍ਹਾਂ ਸਦਾਚਾਰਕ ਗੁਣਾਂ 'ਤੇ ਹੈ। ਇਹ ਉਸ ਦੀ ਹਸਤੀ ਨੂੰ ਪ੍ਰਗਟਾਉਣ ਵਾਲੇ ਗੁਣ (Attributes) ਹਨ। ਇਸ ਲਈ ਮਨੁੱਖ ਨੂੰ ਇਹ ਗੁਣ ਪਰਮਾਤਮਾ ਤੋਂ ਹੀ ਪ੍ਰਾਪਤ ਹੁੰਦੇ ਹਨ।

(੪) ਜਿੰਨਾ ਕੋਈ ਮਨੁੱਖ ਪਰਮਾਤਮਾ ਨੂੰ ਪਿਆਰ ਕਰਦਾ ਹੈ ਤੇ ਜਿੰਨਾ ਉਸ ਦਾ ਸਤਿਕਾਰ ਕਰਦਾ ਹੈ (ਭਉ ਤੇ ਭਾਉ) ਉਨਾ ਹੀ ਉਸ ਉਤੇ ਇਨ੍ਹਾਂ ਗੁਣਾਂ ਦਾ ਆਵੇਸ਼ ਹੁੰਦਾ ਹੈ। ਰੱਬੀ ਡਰ ਤੇ ਰੱਬੀ ਪਿਆਰ ਮਨੁੱਖੀ ਸਦਾਚਾਰ ਦੀ ਨੀਂਹ ਹਨ।

ਇਹ ਹਨ ਆਸਤਕ ਆਚਰਨ ਦੇ ਸਾਰੇ ਪੱਖ। ਸਿਖ ਇਸ ਆਸਤਕ ਆਚਰਨ ਵਿਚ ਵਿਸ਼ਵਾਸ ਰੱਖਦਾ ਹੈ।

ਭਾਵ, ਸਿਖ ਬੁਨਿਆਦੀ ਤੌਰ 'ਤੇ ਸਮਾਜਕ ਸੁਭਾਅ ਦਾ ਵਿਸ਼ਵਾਸੀ ਹੈ। ਕਿਉਂਕਿ ਸਦਾਚਾਰਕ ਗੁਣ ਅਸਲ ਵਿਚ ਮਨੁੱਖ ਤੇ ਮਨੁੱਖ ਦੀ ਪਰਸਪਰ ਵਰਤੋਂ ਦਾ ਹੀ ਰੂਪ ਹਨ। ਆਪਣੇ ਆਪ ਵਿਚ ਇਨ੍ਹਾਂ ਗੁਣਾਂ ਦਾ ਕੋਈ ਅਰਥ ਨਹੀਂ ਜਿੰਨੇ ਤੀਕ ਇਹ ਮਨੁੱਖੀ ਕਰਮ ਵਿਚ ਪ੍ਰਗਟ ਨਹੀਂ ਹੁੰਦੇ ਤੇ ਇਨ੍ਹਾਂ ਦਾ ਵਿਸ਼ੇਸ਼ ਪ੍ਰਗਟਾਅ ਉਹ ਹੀ ਹੈ ਜਦੋਂ ਇਹ ਕਿਸੇ ਹੋਰ ਮਨੁੱਖ ਲਈ ਸੁਖਦਾਈ ਤੇ ਕਲਿਆਣਕਾਰੀ ਸਾਬਤ ਹੋਣ।

ਇਹ ਆਦਰਸ਼ ਹਰ ਸਿਖ ਨੇ ਨਿਭਾਣਾ ਹੈ। ਭਾਵ ਹਰ ਸਿਖ ਨੇ ਦੂਜੇ ਨਾਲ ਸਦਾਚਾਰਕ ਪੱਧਰ ਦਾ ਵਰਤਾਉ ਕਰਨਾ ਹੈ ਤੇ ਇਹ ਵਰਤਾਉ ਆਪਣੇ ਆਪ ਹੀ ਦੂਜੇ ਦੀ ਸਾਂਝ ਸਾਡੇ ਨਾਲ ਬਣਾਈ ਜਾਂਦਾ ਹੈ। ਜਦੋਂ ਹੀ ਸਿਖ ਹੋਰ ਸਿੱਖਾਂ ਨਾਲ ਜਾਂ ਗ਼ੈਰ ਸਿੱਖਾਂ ਨਾਲ ਰੋਜ਼ਾਨਾ ਜੀਵਨ ਵਿਚ ਇਸ ਪੱਧਰ ਤੋਂ ਗਿਰਦਾ ਹੈ, ਉਹ ਪੰਥਕ ਸਾਂਝ ਨੂੰ ਤੋੜ ਦਿੰਦਾ ਹੈ।

ਇਹ ਸਦਾਚਾਰਕ ਆਚਰਨ ਸਿਖ ਵਿਚ ਪੈਦਾ ਕਿਵੇਂ ਹੁੰਦਾ ਹੈ ? ਇਸ ਦਾ ਉੱਤਰ ਆਸਤਕ ਆਚਰਨ ਦਾ ਸਭ ਤੋਂ ਵੱਡਾ ਪੱਖ ਹੈ। ਇਹ ਉੱਤਰ ਕਿਸੇ ਰੂਪ ਵਿਚ ਉੱਪਰ ਨੰ: (੨) ਵਿਚ ਸ਼ਾਮਲ ਵੀ ਕਰ ਦਿੱਤਾ ਗਿਆ ਹੈ; ਭਾਵ ਰੱਬੀ ਪਿਆਰ ਨਾਲ ਜਿਸ ਨੂੰ ਸਿਧਾਂਤਕ ਤੌਰ 'ਤੇ ਭਗਤੀ ਕਿਹਾ ਜਾਂਦਾ ਹੈ ਜਾਂ ਨਾਮ ਸਿਮਰਨ।

ਨਾਮ ਦੇ ਅਰਥ ਕਈ ਹੋਣਗੇ ਤੇ ਸਿਮਰਨ ਦੇ ਵੀ, ਪਰ ਇਕ ਇਹ ਵੀ ਹੈ ਕਿ ਹਰ ਸਦਾਚਾਰਕ ਗੁਣ ਨਾਮ-ਪ੍ਰਗਟਾਅ ਹੈ ਤੇ ਉਹ ਹਰ ਤਰੀਕਾ ਸਿਮਰਨ ਹੈ ਜਿਸ ਨਾਲ ਇਹ ਗੁਣ ਮਨੁੱਖੀ ਸ਼ਖ਼ਸੀਅਤ ਵਿਚ ਦ੍ਰਿੜ੍ਹ ਹੁੰਦਾ ਹੈ। ਜਿਥੇ ਦਇਆ ਹੈ, ਉਥੇ ਨਾਮ ਜ਼ਰੂਰ ਹੈ; ਜਿਥੇ ਪਰਉਪਕਾਰ ਹੈ, ਉਥੇ ਨਾਮ ਜ਼ਰੂਰ ਹੈ; ਜਿਥੇ ਸੱਚ ਪਰਖਣ ਤੇ ਬੋਲਣ ਦਾ ਸਾਹਸ ਹੈ, ਉਥੇ ਨਾਮ ਜ਼ਰੂਰ ਹੈ; ਜਿਥੇ ਨਿੰਦਾ ਦਾ ਤਿਆਗ ਹੈ, ਉਥੇ ਨਾਮ ਦਾ ਪ੍ਰਕਾਸ਼ ਜ਼ਰੂਰ ਹੈ; ਜਿਥੇ ਲੋਭ ਨਹੀਂ ਹੈ, ਉਥੇ ਨਾਮ ਕਾਰਨ ਤਿਆਗ ਜ਼ਰੂਰ ਪ੍ਰਵੇਸ਼ ਕਰ ਚੁੱਕਾ ਹੈ। ਸਿਮਰਨ-ਸ੍ਵੈ-ਪੜਤਾਲ ਵੀ ਸਿਮਰਨ ਹੈ, ਨਿਤਨੇਮ ਵਿਚੋਂ ਲਈ ਜਾ ਰਹੀ ਪ੍ਰੇਰਨਾ ਵੀ ਸਿਮਰਨ ਹੈ। ਸਿਖ ਜਦੋਂ ਗੁਰੂ ਗੋਬਿੰਦ ਸਿੰਘ ਜੀ ਦੀ ਦਿੱਤੀ ਵਰਦੀ ਰੋਜ਼ ਸਜਾਂਦਾ ਹੈ ਤੇ ਉਸ ਵਿਚ ਵਰਦੀ ਨੂੰ ਕਲੰਕਤ ਨਾ ਕਰਨ ਦੀ ਪ੍ਰੇਰਨਾ ਉਪਜਦੀ ਹੈ ਤਾਂ ਉਹ ਸਿਮਰਨ ਅਵੱਸ਼ ਕਰ ਰਿਹਾ ਹੈ। ਹਰ ਸਦਾਚਾਰਕ ਗੁਣ ਨਾਮ ਦਾ ਰੂਪ ਹੈ ਤੇ ਹਰ ਉਹ ਕਾਰਨ ਜਿਸ ਨਾਲ ਕਿਸੇ ਸਦਾਚਾਰਕ ਗੁਣ 'ਤੇ ਟਿਕਣ ਦਾ ਸਾਹਸ ਮਨੁੱਖੀ ਸ਼ਖ਼ਸੀਅਤ ਵਿਚ ਉਪਜਿਆ ਹੈ, ਸਿਮਰਨ ਹੈ।

ਸਿਖ ਦੀ ਵਰਦੀ ਸਿਖ ਲਈ ਸਦਾ ਆਚਰਨ ਲਈ ਇਕ ਵੰਗਾਰ (Challenge) ਹੈ। ਇਹ ਸਿਖ ਦਾ ਆਪਣਾ ਐਲਾਨ ਹੈ ਕਿ ਮੇਰੇ ਪਾਸੋਂ ਘੱਟੋ ਘੱਟ ਇਸ ਮਿਆਰ ਦੇ ਆਚਰਨ ਦੀ ਆਸ ਰੱਖੀ ਜਾ ਸਕਦੀ ਹੈ। ਇਹ ਉਸ ਦਾ ਸ੍ਵੈ-ਪ੍ਰਣ ਹੈ ਕਿ ਮੈਂ ਇਸ ਆਸ 'ਤੇ ਪੂਰਾ ਉਤਰਾਂਗਾ। ਸਾਡੀ ਵਰਦੀ ਹੀ ਸਾਡੀ ਆਦਰਸ਼ਕ ਸਾਂਝ ਜਾਂ ਪੰਥ ਦਾ ਭੇਦ ਹੈ। ਫਿਰ ਨਿਤਨੇਮ ਕਰਨ ਵਾਲਾ ਸਿਖ ਆਚਰਨਕ ਤੌਰ 'ਤੇ ਡਿੱਗਣ ਵੇਲੇ ਸ਼ਰਮ ਖਾਂਦਾ ਹੈ, ਗੁਰਦੁਆਰੇ ਜਾਣ ਵਾਲਾ ਸਿਖ ਡਿੱਗਣ ਵੇਲੇ ਸ਼ਰਮ ਖਾਂਦਾ ਹੈ, ਅਨੰਦਪੁਰ ਦਾ ਵਾਸੀ ਅਖਵਾਣ ਵਾਲਾ ਸਿਖ ਆਚਰਨਹੀਣਤਾ ਵਿਚ ਸ਼ਰਮ ਸਮਝਦਾ ਹੈ, ਗੁਰੂ ਗੋਬਿੰਦ ਸਿੰਘ ਦਾ ਪੁੱਤਰ ਅਖਵਾਣ ਵਾਲਾ ਸਿਖ ਆਚਰਨਹੀਣਤਾ ਵਿਚ ਸ਼ਰਮ ਸਮਝਦਾ ਹੈ।

ਕੇਵਲ ਸ਼ਰਮ ਦੀ ਗੱਲ ਨਹੀਂ ਹੈ, ਨਾਮ ਮਨੁੱਖ ਦੇ ਅੰਦਰੋਂ ਸੱਟ ਮਾਰਨ ਵਾਲੀ ਇਕ ਸ਼ੈਅ ਹੈ। ਇਹ ਮਨੁੱਖ ਦਾ ਅੰਤਹਕਰਣ ਹੈ। ਆਚਰਨਕ ਗਿਰਾਵਟ ਦੇ ਵੇਲੇ ਨਾਮ ਅੰਦਰੋਂ ਇਕ ਪ੍ਰਕਾਸ਼ ਸੁੱਟਦਾ ਹੈ, ਇਹ ਗਿਰਾਵਟ ਵੱਲੋਂ ਹੱਥਾਂ ਨੂੰ ਰੋਕਦਾ ਹੈ, ਪੈਰਾਂ ਨੂੰ ਜਕੜਦਾ ਹੈ, ਅੱਖਾਂ ਨੂੰ ਮੀਟਦਾ ਹੈ। ਇਹ ਸਦਾ ਸਹਾਈ ਸਾਥੀ ਹੈ। ਨਾਮ ਹੀ ਸਾਡਾ ਪੰਥ ਹੈ। ਨਾਮ ਹੀ ਸਾਰੇ ਸੰਸਾਰ ਲਈ, ਆਦਿ ਜੁਗਾਦਿ ਤੋਂ ਪੰਥ ਰਿਹਾ ਹੈ। ਹੁਣ ਵੀ ਪੰਥ ਨੇ ਨਾਮ ਤੇ ਨਾਮ ਵਾਲੇ ਆਚਰਨ ਕਰਕੇ ਪੰਥ ਰਹਿਣਾ ਹੈ, ਹੋਰ ਪ੍ਰੋਗਰਾਮਾਂ ਕਰਕੇ ਨਹੀਂ। ਨਾਮ ਦੀ ਰੌਸ਼ਨੀ ਵਿਚ ਹੀ ਹੋਰ ਪ੍ਰੋਗਰਾਮਾਂ ਦਾ ਨਿਰਣਾ ਕਰਨਾ ਚਾਹੀਦਾ ਹੈ।

(ਅ) ਪੰਥ ਦੀ ਸਾਂਝ

ਸੰਸਾਰ ਭਰ ਦੇ ਧਰਮਾਂ ਦਾ ਤਜਰਬਾ ਇਹ ਸਾਬਤ ਕਰਦਾ ਹੈ ਕਿ ਜਿਤਨੀ ਸਮਰੱਥਾ ਕਿਸੇ ਧਰਮ ਦੇ ਅਨੁਸਾਰੀਆਂ ਨੂੰ ਇਕੱਠਾ ਰੱਖਣ ਲਈ ਧਰਮ ਦੀ ਮਹਾਨ ਪੁਸਤਕ ਵਿਚ ਹੈ ਇੰਨੀ ਹੋਰ ਕਿਸੇ ਗੱਲ ਵਿਚ ਨਹੀਂ ਹੈ। ਮੁਸਲਮਾਨਾਂ ਦੇ ਕਿੰਨੇ ਹੀ ਫਿਰਕੇ ਹਨ ਪਰ ਉਨ੍ਹਾਂ ਸਾਰਿਆਂ ਨੂੰ ਮੁਸਲਮਾਨੀ ਵਿਚ ਰੱਖਣ ਵਾਲੀ ਚੀਜ਼ ਕੁਰਾਨ ਹੈ, ਈਸਾਈਆਂ ਦੇ ਕਿੰਨੇ ਹੀ ਫਿਰਕੇ ਹਨ ਪਰ ਸਾਰਿਆਂ ਨੂੰ ਈਸਾਈ ਰੱਖਣ ਵਾਲੀ ਚੀਜ਼ ਬਾਈਬਲ ਹੈ, ਹਿੰਦੂਆਂ ਦੇ ਕਿੰਨੇ ਹੀ ਮੱਤ ਹਨ, ਛੇ ਸ਼ਾਸਤਰ ਹਨ ਪਰ ਸਾਰੇ ਸ਼ਾਸਤਰਾਂ ਨੂੰ ਇਕ ਰੂਪ ਦੇਣ ਵਾਲੀ ਚੀਜ਼ ਵੇਦ ਹੈ। ਹਰ ਫਿਰਕਾ, ਹਰ ਸ਼ਾਸਤਰ ਆਪਣੇ ਆਪ ਨੂੰ ਵੇਦ 'ਤੇ ਆਧਾਰਤ ਮੰਨਦਾ ਹੈ। ਭਾਵ, ਧਾਰਮਕ ਪੁਸਤਕ ਵਿਚ ਕਿਸੇ ਧਰਮ ਨੂੰ ਜਥੇਬੰਦ ਰੱਖਣ ਲਈ ਬੜੀ ਸਮਰੱਥਾ ਹੈ।

ਸਮੇਂ ਨਾਲ ਸਿੱਖਾਂ ਵਿਚ ਵੀ ਕਈ ਫ਼ਲਸਫ਼ੇ ਪੈਦਾ ਹੋ ਜਾਣਗੇ। ਪਰ ਜਿੰਨੇ ਤੀਕ ਉਹ ਸਾਰੇ ਫ਼ਲਸਫ਼ੇ ਆਪਣਾ ਆਧਾਰ ਗੁਰੂ ਗ੍ਰੰਥ ਸਾਹਿਬ ਨੂੰ ਰੱਖਣਗੇ, ਉਹ ਆਪੋ ਵਿਚ ਵੀ ਜਥੇਬੰਦ ਹੀ ਰਹਿਣਗੇ। ਹੁਣ ਵੀ ਸਿੱਖਾਂ ਵਿਚ ਵੇਖਣ ਨੂੰ ਕਿੰਨੇ ਹੀ ਫਿਰਕੇ ਹਨ ਪਰ ਫਿਰ ਵੀ ਉਹ ਸਾਰੇ ਸਿਖ ਹੀ ਹਨ। ਇਸ ਦਾ ਕਾਰਨ ਗੁਰੂ ਗ੍ਰੰਥ ਸਾਹਿਬ ਹੈ। ਸਿਖ ਪੰਥ 'ਤੇ ਕੇਂਦਰੀ ਸ਼ਾਸਨ ਗੁਰੂ ਗ੍ਰੰਥ ਸਾਹਿਬ ਦਾ ਹੀ ਹੈ। ਸਿੱਖਾਂ ਨੇ ਜੀਵਨ ਪੰਧ ਦਾ ਨਿਰਣਾ ਗੁਰੂ ਗ੍ਰੰਥ ਸਾਹਿਬ ਦੀ ਰੌਸ਼ਨੀ ਵਿਚ ਕਰਨਾ ਹੈ।

ਗੁਰੂ ਗ੍ਰੰਥ ਸਾਹਿਬ ਹੀ ਪੰਥਕ ਏਕਤਾ ਦੀ ਮਹਾਨ ਕੜੀ ਹੈ, ਇਸ ਦਾ ਭਾਵ ਹੇਠਲੇ ਵਿਸ਼ਵਾਸ ਹਨ:

(੧) ਪਰਮਾਤਮਾ ਦਾ ਵਿਸ਼ੇਸ਼ ਰੂਪ ਬਾਣੀ ਹੈ ਜੋ ਪਰਮਾਤਮਾ ਦੀ ਇੱਛਾ ਹੈ। ਉਸ ਦੀ ਇੱਛਾ ਹੀ ਉਸ ਨੂੰ ਨਿਰਗੁਣ ਤੋਂ ਸਰਗੁਣ ਸਰੂਪ ਵਿਚ ਲਿਆਂਦੀ ਹੈ ਤੇ ਉਸ ਦੀ ਇੱਛਾ ਹੀ ਅੱਗੇ ਸਾਰਾ ਬ੍ਰਹਿਮੰਡ ਦਾ ਪਸਾਰਾ ਬਣਾਂਦੀ ਹੈ। ਉਸ ਦੀ ਇੱਛਾ ਤੇ ਉਸ ਦੇ ਅਮਲੀ ਰੂਪ ਵਿਚ ਕੋਈ ਅੰਤਰ ਨਹੀਂ ਹੈ। ਗੁਰੂ ਗ੍ਰੰਥ ਸਾਹਿਬ ਤੇ ਹੋਰ ਧਰਮ ਪੁਸਤਕ ਉਸ ਦੀ ਇੱਛਾ ਦਾ ਉਹ ਰੂਪ ਹਨ ਜੋ ਪਰਮਾਤਮਾ ਮਨੁੱਖ ਦੀ ਹੋਣੀ (Destiny) ਚਾਹੁੰਦਾ ਹੈ। ਮਨੁੱਖ ਨੇ ਪਰਮਾਤਮਾ ਨਾਲ ਮਿਲਣਾ ਹੈ ਤੇ ਇਸ ਦਾ ਮਾਰਗ ਗੁਰੂ ਗ੍ਰੰਥ ਸਾਹਿਬ ਵਿਚ ਦੱਸਿਆ ਹੈ।

(੨) ਪਰਮਾਤਮਾ ਆਪਣੀ ਇੱਛਾ ਨੂੰ ਗੁਰੂ ਰਾਹੀਂ ਹੀ ਪ੍ਰਗਟ ਕਰਦਾ ਹੈ। ਗੁਰੂ ਵਿਚ ਉਹ ਆਪਣਾ ਆਪ ਰੱਖਦਾ ਹੈ, ਹੁਕਮ ਭੇਜਦਾ ਹੈ ਤੇ ਉਹ ਹੁਕਮ ਗੁਰੂ ਦੇ ਹਿਰਦੇ ਵਿਚੋਂ ਪ੍ਰਗਟ ਹੁੰਦਾ ਹੈ। ਗੁਰੂ ਤੇ ਪਰਮਾਤਮਾ ਵਿਚ ਕੋਈ ਭੇਦ ਨਹੀਂ ਹੈ। ਗੁਰੂ ਗ੍ਰੰਥ ਸਾਹਿਬ ਦਾ ਜ਼ਾਹਰਾ ਰੂਪ ਗੁਰੂ ਦਾ ਹਿਰਦਾ ਹੈ। ਗੁਰੂ ਬਾਣੀ ਕਰਕੇ ਹੀ ਵਿਅਕਤੀ ਰੂਪ ਵਿਚ ਪ੍ਰਦਾਨ ਸੀ ਤੇ ਉਹ ਬਾਣੀ ਉਹ ਸਦਾ ਲਈ ਸੰਸਾਰ ਨੂੰ ਪ੍ਰਦਾਨ ਕਰ ਗਿਆ।

(੩) ਗੁਰੂ ਰਾਹੀਂ ਪ੍ਰਗਟ ਹੋਈ ਇਹ ਬਾਣੀ ਸਦੀਵ ਕਾਲ, ਤ੍ਰੈਕਾਲ ਸਤਿ ਹੈ। ਇਹ ਪੂਰਨ ਹੈ, ਆਦਿ, ਮਧਿ ਤੇ ਅੰਤ ਪੂਰਨ ਹੈ। ਇਸ ਵਿਚ ਜੀਵਨ ਦੇ ਹਰ ਪੱਖ ਦੀ ਅਗਵਾਈ ਮੌਜੂਦ ਹੈ ਤੇ ਉਹ ਅਗਵਾਈ ਕਿਸੇ ਵੀ ਰੂਪ ਵਿਚ ਅਸਤਿ ਨਹੀਂ ਹੋ ਸਕਦੀ।

(੪) ਸਾਰੇ ਧਰਮ ਪੁਸਤਕ ਪਰਮਾਤਮਾ ਦੀ ਇੱਛਾ ਦਾ ਹੀ ਪ੍ਰਗਟਾਅ ਹਨ, ਪਰ

ਸਾਡੇ ਲਈ ਉਸ ਦੀ ਇੱਛਾ, ਸਾਡੀ ਬੋਲੀ ਤੇ ਸਾਡੇ ਹਾਲਾਤ ਅਨੁਸਾਰ ਗੁਰੂ ਗ੍ਰੰਥ ਸਾਹਿਬ ਵਿਚ ਹੀ ਪ੍ਰਗਟ ਹੋਈ ਹੈ। ਬੁਨਿਆਦੀ ਤੌਰ 'ਤੇ ਸਾਰੇ ਧਰਮਾਂ ਵਿਚ ਗੱਲ ਇਕੋ ਕਹੀ ਹੈ ਪਰ ਅਸੀਂ ਆਪਣੇ ਗੁਰੂ ਗ੍ਰੰਥ ਸਾਹਿਬ ਦੇ ਅਧੀਨ ਰਹਿ ਕੇ ਹੀ ਆਪਣੀ ਹੋਣੀ ਤੀਕ ਪੁੱਜ ਸਕਦੇ ਹਾਂ।

(੫) ਸਾਡੇ ਜੀਵਨ ਦੀ ਹਰ ਕਿਰਿਆ—ਆਤਮਕ ਜਾਂ ਸਮਾਜਕ—ਤੇ ਪ੍ਰਧਾਨਗੀ ਗੁਰੂ ਗ੍ਰੰਥ ਸਾਹਿਬ ਦੀ ਹੋਵੇਗੀ। ਇਹ ਪੁਲ ਹੈ ਜਿਹੜਾ ਸਾਨੂੰ ਪਰਮਾਤਮਾ ਤੀਕ ਲੈ ਜਾ ਸਕਦਾ ਹੈ। ਜੀਵਨ ਦੇ ਹਰ ਪੱਖ ਵਿਚ ਇਹ ਗੁਰੂ ਸਾਡੇ ਅਤੇ ਪਰਮਾਤਮਾ ਵਿਚ ਜ਼ਾਮਨ ਹੈ। ਸਾਡੇ ਸਾਰੇ ਪ੍ਰਣ ਇਸ ਦੇ ਸਾਹਮਣੇ ਹੋਣਗੇ, ਸਾਡੀਆਂ ਸਾਰੀਆਂ ਰਸਮਾਂ ਇਸ ਦੇ ਸਾਹਮਣੇ ਹੋਣਗੀਆਂ। ਸਾਡੀਆਂ ਜ਼ਾਤੀ ਤੇ ਪੰਥਕ ਅਰਦਾਸਾਂ ਇਸ ਦੇ ਪਾਸ ਹੋਣਗੀਆਂ। ਆਪਣੇ ਹਰ ਦੁਖ-ਸੁਖ ਵਿਚ ਅਸੀਂ ਇਸ ਦੀ ਓਟ ਵੇਖਾਂਗੇ। ਸਾਡੇ ਗੁਰਮਤੇ ਇਸ ਦੀ ਹਜ਼ੂਰੀ ਵਿਚ ਹੋਣਗੇ।

(੬) ਹਰ ਸਿਖ ਗੁਰੂ ਨਾਲ, ਜਿਸ ਵੇਲੇ ਵੀ ਚਾਹੇ, ਇਸ ਤਰ੍ਹਾਂ ਗੱਲਾਂ ਕਰ ਸਕਦਾ ਹੈ ਜਿਵੇਂ ਉਹ ਆਪਣੇ ਪਿਤਾ ਨਾਲ ਕਰ ਸਕਦਾ ਹੈ। ਇਹ ਗੁਰੂ ਹਾਜ਼ਰਾ ਹਜ਼ੂਰ ਤੇ ਜ਼ਾਹਰਾ ਜ਼ਹੂਰ ਹੈ। ਬਾਣੀ ਦਾ ਪਾਠ ਗੁਰੂ ਨਾਲ ਗੱਲਾਂ ਕਰਨ ਤੁੱਲ ਹੈ। ਰੋਜ਼ ਗੁਰੂ ਸਾਨੂੰ ਪ੍ਰੇਰਨਾ ਦਿੰਦਾ ਹੈ।

(੭) ਗੁਰੂ ਗ੍ਰੰਥ ਸਾਹਿਬ ਦਾ ਸ਼ਾਸਨ ਅਟੱਲ ਹੈ, ਜਿਵੇਂ ਸਿੱਖੀ ਅਟੱਲ ਹੈ। ਗੁਰੂ ਗ੍ਰੰਥ ਸਾਹਿਬ ਦੇ ਹੁੰਦਿਆਂ ਹੋਰ ਕੋਈ ਵਿਅਕਤੀ ਗੁਰੂ ਨਹੀਂ ਅਖਵਾ ਸਕਦਾ। ਕਿਉਂਕਿ ਗੁਰੂ ਗ੍ਰੰਥ ਸਾਹਿਬ ਸਦਾ ਲਈ ਕਾਇਮ ਹੈ ਇਸ ਲਈ ਸਿੱਖਾਂ ਵਿਚ ਹੋਰ ਦੇਹ-ਧਾਰੀ ਗੁਰੂ ਕਦੇ ਨਹੀਂ ਹੋਵੇਗਾ। ਕਿਉਂਕਿ ਹੋਰ ਕੋਈ ਵਿਅਕਤੀ ਗੁਰੂ ਨਹੀਂ ਹੋ ਸਕਦਾ, ਇਸ ਲਈ ਸਿਖ ਸਦਾ ਜਥੇਬੰਦ ਰਹਿਣਗੇ ਕਿਉਂਕਿ ਵਿਅਕਤੀ ਨਾਲ ਹੀ ਧੜੇ ਬਣਦੇ ਹਨ। ਇਹ ਧੜੇ ਗੁਰੂ ਸਾਹਿਬਾਨ ਦੇ ਸਮੇਂ ਵੀ ਬਣਦੇ ਰਹੇ ਹਨ। ਉਨ੍ਹਾਂ ਦੇ ਪੁੱਤਰ ਹੀ ਹੋਰ ਧੜਾ ਬਣਾ ਲੈਂਦੇ ਸਨ। ਹੁਣ ਸਿੱਖਾਂ ਵਿਚ ਕੋਈ ਧੜਾ ਨਹੀਂ ਹੋ ਸਕਦਾ।

(੮) ਗੁਰੂ ਦਾ ਦੁਆਰ ਹੀ ਸਿੱਖਾਂ ਦੀ ਇਕੱਤਰਤਾ ਦੀ ਥਾਂ ਹੈ ਤੇ ਹਰ ਸਿਖ ਨੂੰ ਗੁਰੂ ਦੇ ਦਰਸ਼ਨ ਰੋਜ਼ ਜ਼ਰੂਰੀ ਹਨ। ਗੁਰਦੁਆਰੇ ਪ੍ਰਧਾਨਗੀ ਗੁਰੂ ਗ੍ਰੰਥ ਸਾਹਿਬ ਦੀ ਰਹੇਗੀ ਹੋਰ ਕਿਸੇ ਦੀ ਨਹੀਂ ਹੋ ਸਕਦੀ। ਦਰਬਾਰ ਗੁਰੂ ਦਾ ਹੀ ਲੱਗ ਸਕਦਾ ਹੈ ਤੇ ਕੀਰਤਨ ਕਥਾ ਦਾ ਵਿਸ਼ੇਸ਼ ਸਰੋਤਾ ਆਪ ਗੁਰੂ ਹੈ।

**(ੲ) ਪਰਸਪਰ ਸਾਂਝ**

ਸਾਂਝ ਸਮਤਾ ਦੀ ਸੂਚਕ ਹੈ। ਇਸ ਭਾਵ ਨਾਲ ਹਉਮੈ ਅਸਮਤਾ ਦੀ ਸੂਚਕ ਹੈ ਤੇ ਹਉਮੈ ਸਾਰੇ ਧਰਮਾਂ ਅਨੁਸਾਰ ਉਹ ਵੱਡਾ ਰੋਗ ਹੈ ਜਿਹੜਾ ਮਨੁੱਖ ਨੂੰ ਆਪਣੀ ਅਸਲ ਹੋਣੀ ਤੀਕ ਪੁੱਜਣ ਨਹੀਂ ਦਿੰਦਾ। ਹਉਮੈ ਇਕ ਮਨਫ਼ੀ ਜਿਹੇ ਸੋਚਣ ਢੰਗ ਨਾਲ ਆਪਣੀ ਸੁਤੰਤਰ ਹਸਤੀ ਦਾ ਭਾਵ ਹੈ ਜਿਸ ਵਿਚ ਮਨਫ਼ੀ ਤੱਤ ਖ਼ੁਦਗਰਜ਼ੀ ਤੇ ਖ਼ੁਦ-ਪਸੰਦੀ ਦੇ ਹੁੰਦੇ ਹਨ। ਇਹ ਭਾਵ ਜਨਮ, ਜਾਤ, ਰੰਗ, ਬੂ, ਗ਼ਰੀਬੀ ਤੇ ਅਮੀਰੀ ਦੇ ਵਿਤਕਰਿਆਂ 'ਤੇ ਉਸਰਦਾ ਹੈ। ਹਰ ਧਰਮ ਇਹ ਵਿਤਕਰੇ ਘਟਾਣ ਦਾ ਯਤਨ ਕਰਦਾ ਹੈ। ਇਹ ਵਿਤਕਰੇ ਇਕ-ਰੰਗਤਾ ਤੇ ਬਰਾਬਰੀ ਪੈਦਾ ਕਰਨ ਨਾਲ ਘਟਦੇ

ਹਨ। ਸਿਖ ਧਰਮ ਨੇ ਜੋ ਵਿਗਿਆਨਕ ਤਜਰਬੇ ਇਸ ਪੱਖ ਵਿਚ ਕੀਤੇ ਹਨ ਉਹ ਬੜੇ ਸਫਲ ਰਹੇ ਹਨ। ਇਹ ਸਾਡੀ ਬਦਕਿਸਮਤੀ ਹੈ ਕਿ ਹੁਣ ਉਹ ਵਿਤਕਰੇ ਅਸੀਂ ਫਿਰ ਪੈਦਾ ਕਰ ਰਹੇ ਹਾਂ। ਜੋ ਕੰਮ ਹਰ ਇਕ ਲਈ ਧਰਮ ਨੇ ਜ਼ਰੂਰੀ ਕਰਾਰ ਦੇ ਦਿੱਤੇ ਹਨ, ਉਹ ਹਉਮੈ ਕੱਢਦੇ ਹਨ ਤੇ ਬਰਾਬਰੀ ਦਾ ਭਾਵ ਉਪਜਾਂਦੇ ਹਨ। ਹਰ ਇਕ ਸਿਖ ਨਿਮਰਤਾ ਨਾਲ ਗੁਰਦੁਆਰੇ ਆਵੇ, ਪੈਰ ਧੋਵੇ ਭਾਵੇਂ ਹੈੱਡ ਗ੍ਰੰਥੀ ਹੈ ਤੇ ਭਾਵੇਂ ਕੋਈ ਹੋਰ। ਹਰ ਸਿਖ ਨਿਮਰਤਾ ਸਹਿਤ ਮੱਥਾ ਟੇਕੇ। ਹਰ ਸਿਖ ਸੰਗਤ ਨੂੰ ਫ਼ਤਹ ਬੁਲਾਵੇ। ਹਰ ਕੋਈ ਜਿਥੇ ਕੀਰਤਨ ਅਸਥਾਨ ਅੰਦਰ ਥਾਂ ਹੈ, ਬੈਠ ਜਾਵੇ ਬਿਨਾਂ ਕਿਸੇ ਵਿਤਕਰੇ ਦੇ। ਹਰ ਕੋਈ ਅਰਦਾਸ ਵੇਲੇ ਹੱਥ ਜੋੜ ਖੜਾ ਹੋਵੇ। ਹਰ ਕੋਈ ਮੱਥਾ ਟੇਕੇ, ਹਰ ਕੋਈ ਮਹਾਰਾਜ ਦਾ ਪ੍ਰਸ਼ਾਦ ਲਵੇ ਤੇ ਅੰਦਰ ਹੋਰਾਂ ਸਾਰਿਆਂ ਨਾਲ ਇਕੋ ਦਰੀ 'ਤੇ ਬੈਠ ਕੇ ਛਕੇ। ਹਰ ਸਿਖ ਕੇਸ, ਦਾਹੜਾ ਰੱਖੇ ਤੇ ਲੋਹੇ ਦਾ ਕੜਾ ਪਾਵੇ, (ਸੋਨੇ, ਲੋਹੇ ਦਾ ਵਿਤਕਰਾ ਨਾ ਹੋਵੇ)। ਹਰ ਕਿਸੇ ਨੂੰ ਲੋਹੇ ਦੇ ਖੰਡੇ ਦਾ ਅੰਮ੍ਰਿਤ ਛਕਾਇਆ ਜਾਏ (ਕਿਸੇ ਨੂੰ ਸੋਨੇ ਦੇ ਖੰਡੇ ਦਾ ਨਹੀਂ)। ਹਰ ਅੰਮ੍ਰਿਤ ਅਭਿਲਾਖੀ ਇਕੋ ਬਾਟੇ ਵਿਚੋਂ ਅੰਮ੍ਰਿਤ ਛਕੇ। ਹਰ ਸਿਖ ਲੋਹੇ ਦੀ ਕਿਰਪਾਨ ਰੱਖੇ, ਹਰ ਸਿਖ ਲੱਕੜੀ ਦਾ ਕੰਘਾ ਰੱਖੇ, ਹਰ ਸਿਖ ਪੰਗਤ ਵਿਚ ਰਲ ਕੇ ਪ੍ਰਸ਼ਾਦ ਛਕੇ—ਇਹ ਸਾਰੇ ਮਨੋਵਿਗਿਆਨਕ ਤਰੀਕੇ ਹਨ ਜਿਹੜੇ ਹਉਮੈ ਨੂੰ ਕੱਟਦੇ ਹਨ। ਪਾਠ, ਬਾਣੀ, ਸਿਮਰਨ ਅੰਤਰ ਦੇ ਤਰੀਕੇ ਹਨ, ਇਹ ਬਾਹਰ ਲਾਈ ਦਵਾਈ ਹੈ ਜਿਹੜੀ ਅੰਤਰ ਦੀ ਜਾ ਕੇ ਪੁਸ਼ਟੀ ਕਰਦੀ ਹੈ। ਕਿਸੇ ਸਿਖ ਦਾ ਜਾਤ, ਗੋਤ ਨਹੀਂ ਹੈ। ਹਰ ਸਿਖ ਅਨੰਦਪੁਰ ਦਾ ਵਾਸੀ ਹੈ, ਹਰ ਸਿਖ ਦਾ ਪਿਤਾ ਗੁਰੂ ਗੋਬਿੰਦ ਸਿੰਘ ਹੀ ਹੈ। ਇਹ ਸਾਰੀਆਂ ਗੱਲਾਂ ਵੱਖਰਿਤ ਘਟਾਂਦੀਆਂ ਹਨ ਤੇ ਵੱਖਰਿਤ ਦਾ ਅਹਿਸਾਸ ਹੀ ਹਉਮੈ ਹੈ।

ਕਈ ਵਾਰੀ ਇਹ ਵੀ ਹੁੰਦਾ ਹੈ ਕਿ ਆਪਣੇ ਧਰਮ ਦੇ ਸਿਧਾਂਤ ਦੂਜੇ ਧਰਮ-ਸਿਧਾਂਤਾਂ ਨਾਲੋਂ ਉਚੇ ਜਾਪਣ ਲੱਗ ਪੈਂਦੇ ਹਨ, ਆਪਣੀਆਂ ਰਸਮਾਂ ਵਧੇਰੇ ਸਭਿਅਤ ਤੇ ਆਧੁਨਿਕ ਜਾਪਣ ਲੱਗ ਪੈਂਦੀਆਂ ਹਨ, ਆਪਣਾ ਧਰਮ ਵਧੇਰੇ ਵਿਗਿਆਨਕ ਜਾਪਣ ਲੱਗ ਪੈਂਦਾ ਹੈ ਤੇ ਇਸ ਤਰ੍ਹਾਂ ਇਕ ਐਸੀ ਹਉਮੈ ਉਪਜਦੀ ਹੈ ਜਿਸ ਨੇ ਸੰਸਾਰ ਵਿਚ ਇੰਨੇ ਜ਼ੁਲਮ ਢਾਹੇ ਹਨ, ਜਿੰਨੇ ਨਾਸਤਕ ਜ਼ਾਲਮਾਂ ਨੇ ਵੀ ਨਹੀਂ ਢਾਹੇ। ਇਸ ਲਈ ਸਿਖ ਧਰਮ ਨੇ ਇਸ ਹਉਮੈ ਨੂੰ ਕੱਢਣ ਦਾ ਪੂਰਾ ਯਤਨ ਕੀਤਾ ਹੈ। ਸਾਰੇ ਧਰਮਾਂ ਦਾ ਬਰਾਬਰ ਸਤਿਕਾਰ ਗੁਰੂ ਗ੍ਰੰਥ ਸਾਹਿਬ ਵਿਚ ਕੀਤਾ ਹੈ, ਹਰ ਧਰਮ ਤੇ ਸੂਬੇ ਦੇ ਭਗਤ ਦੀ ਬਾਣੀ ਨੂੰ ਬਰਾਬਰ ਸਤਿਕਾਰ ਦਿੱਤਾ ਹੈ, ਹਰ ਸੂਬੇ ਦੀ ਬੋਲੀ ਨੂੰ ਬਰਾਬਰ ਸਤਿਕਾਰ ਦਿੱਤਾ ਹੈ, ਹਰ ਸੂਬੇ ਦੇ ਰਾਗਾਂ ਨੂੰ ਬਰਾਬਰ ਸਤਿਕਾਰ ਦਿੱਤਾ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਹਰ ਦੇਸ਼ ਦੇ ਵਾਸੀ ਨੂੰ ਪੂਰਾ ਸਤਿਕਾਰ ਦਿੱਤਾ ਹੈ।

ਜਿਨਸ ਦੀ ਹਉਮੈ ਵੀ ਬੜੀ ਖ਼ਤਰਨਾਕ ਸਾਬਤ ਹੋ ਸਕਦੀ ਹੈ। ਇਸ ਲਈ ਸਿਖ ਧਰਮ ਨੇ ਇਸਤ੍ਰੀ-ਮਰਦ ਦਾ ਦਰਜਾ ਬਰਾਬਰ ਰੱਖਿਆ ਹੈ। ਹਾਕਮ ਮਹਿਕੂਮ ਦਾ ਵਿਤਕਰਾ ਘਟਾਇਆ ਹੈ। ਮੰਦਰ-ਕਲਾ ਵਿਚ ਵੀ ਹਿੰਦੂ ਤੇ ਇਸਲਾਮੀ ਕਲਾ ਦਾ ਮੇਲ ਕਰਨ ਦਾ ਯਤਨ ਕੀਤਾ ਹੈ। ਸਿਖ ਦੀ ਸ਼ਕਲ ਤੇ ਪਹਿਰਾਵਾ ਉਹ ਚੁਣਿਆ ਹੈ ਜਿਸ ਵਿਚੋਂ ਮੁਸਲਮਾਨਾਂ ਨੂੰ ਆਪਣੇ ਬਜ਼ੁਰਗਾਂ ਦਾ ਅਸਲ ਰੂਪ ਦਿਸ ਸਕੇ ਤੇ ਹਿੰਦੂਆਂ ਨੂੰ ਵੀ ਅਤੇ ਯੂਰਪ ਦੇ ਲੋਕਾਂ ਨੂੰ ਆਪਣੇ ਪਾਦਰੀ, ਸਾਇੰਸਦਾਨ ਤੇ ਮਹਾਨ ਸਾਹਿਤਕ ਕਲਾਕਾਰ ਦਾ ਝਾਵਲਾ ਪੈ ਸਕੇ। ਕੁਦਰਤ ਦਾ ਨਿਜ਼ਾਮ ਹਉਮੈ ਦਾ ਵਿਰੋਧੀ ਹੈ, ਉਹ

ਸਭ ਨੂੰ ਕੇਸ ਦਾਹੜਾ ਪ੍ਰਦਾਨ ਕਰਦਾ ਹੈ।

ਸੋ ਪਰਸਪਰ ਸਾਂਝ ਪੈਦਾ ਕਰਨ ਲਈ ਇਹ ਗੱਲਾਂ ਬੜੀਆਂ ਸਹਾਇਕ ਹਨ:

(੧) ਸਿਖ ਧਰਮ ਦੇ ਚਿੰਨ੍ਹ ਤੇ ਧਾਰਮਕ ਸ੍ਰੇਸ਼ਟਾਚਾਰ (Etiquette)।

(੨) ਲੰਗਰ ਤੇ ਸੇਵਾ ਭਾਵ।

(੩) ਸਾਡੀ ਅਰਦਾਸ।

ਸਾਡੇ ਚਿੰਨ੍ਹ ਤੇ ਧਾਰਮਕ ਸ੍ਰੇਸ਼ਟਾਚਾਰ ਜਿਵੇਂ ਹਉਮੈ ਨੂੰ ਨਾਸ਼ ਕਰਦੇ ਹਨ ਤੇ ਪਰਸਪਰ ਸਾਂਝ ਤੇ ਬਰਾਬਰੀ ਪੈਦਾ ਕਰਦੇ ਹਨ, ਇਸ ਦਾ ਵਿਸਥਾਰ ਉੱਪਰ ਕੀਤਾ ਗਿਆ ਹੈ, ਲੰਗਰ ਤੇ ਸੇਵਾ ਬਿਨਾਂ ਕਿਸੇ ਵਿਤਕਰੇ ਦੇ ਜਿਵੇਂ ਹਉਮੈ ਨਾਸ਼ ਕਰ ਸਕਦੇ ਹਨ, ਇਹ ਸਪਸ਼ਟ ਹੀ ਹੈ। ਪਰ ਅਰਦਾਸ ਸਿੱਖਾਂ ਵਿਚ ਸਾਂਝ ਪੈਦਾ ਕਰਨ ਵਾਲਾ ਇਕ ਬੜਾ ਹੀ ਵੱਡਾ ਕਾਰਨ ਹੈ, ਇਸ ਦੀ ਮਹਾਨਤਾ ਨੂੰ ਕੁਝ ਖੋਲ੍ਹਣ ਦੀ ਲੋੜ ਹੈ।

ਅਰਦਾਸ ਵਿਚ ਇਕ ਮਨੋਵਿਗਿਆਨਕ ਸਿਧਾਂਤ ਇਹ ਵੀ ਜਾਪਦਾ ਹੈ ਕਿ ਮਨੁੱਖ ਵਿਚ ਸੂੱਛ, ਪਵਿੱਤਰ ਹਉਮੈ ਦੀ ਪੂਰਤੀ ਕੀਤੀ ਜਾਏ ਤਾਂ ਜੁ ਉਹ ਹਉਮੈ ਵਿਗੜ ਕੇ ਕਰੂਪ ਤੇ ਕੋਝੇ ਵਹਿਣਾਂ ਵਿਚੋਂ ਨਾ ਨਿਕਲੇ। ਹਰ ਮਨੁੱਖ ਵਿਚ ਨਿਰਮਲ ਹੰਕਾਰ ਦਾ ਅੰਸ਼ ਹੈ ਜਿਸ ਨੂੰ ਅਸੀਂ ਮਾਣ ਕਹਿੰਦੇ ਹਾਂ। ਇਸ ਮਾਣ ਦੀ ਤ੍ਰਿਪਤੀ ਵੀ ਮਨੁੱਖ ਨੂੰ ਮਾਨਸਕ ਤੌਰ 'ਤੇ ਉਲਾਰ ਹੋਣ ਤੋਂ ਬਚਾਂਦੀ ਹੈ। ਮਾਨਸਕ ਤੌਰ 'ਤੇ ਉਲਾਰ ਮਨੁੱਖ ਵਿਚ ਹੰਕਾਰ ਕੋਝ ਪੈਦਾ ਕਰਦਾ ਹੈ। ਗੁਰੂ ਸਾਡੇ ਹਨ, ਸਾਡਾ ਇਕ ਭਗਉਤੀ-ਰੂਪ ਅਕਾਲ ਪੁਰਖ ਵੀ ਹੈ, ਸਾਡੇ ਵਿਚੋਂ ਹਰ ਇਕ ਦੀ ਉਪਜ ਸ਼ਹੀਦਾਂ ਤੇ ਭਗਤਾਂ ਵਿਚੋਂ ਹੈ—ਇਹ ਸ਼ਹੀਦ ਸਾਡੇ ਹਨ, ਸਾਡੇ ਗੁਰਦੁਆਰੇ, ਚਵਰ, ਤਖ਼ਤ ਹਰ ਇਕ ਦੀ ਮਾਲਕੀ ਹਨ, ਸਾਂਝੇ ਹਨ। ਹਰ ਸਿਖ ਅਮੀਰ ਹੈ, ਉਸ ਦਾ ਇਤਨਾ ਵੱਡਾ ਵਿਰਸਾ ਤੇ ਜਾਇਦਾਦ ਹੈ। ਸਾਰੀ ਮਨੁੱਖਤਾ ਹੀ ਸਾਂਝੀ ਹੈ ਜਿਸ ਦੇ ਭਲੇ ਲਈ ਅਸੀਂ ਰੋਜ਼ ਅਰਦਾਸ ਕਰਦੇ ਹਾਂ।

ਸਰਬੱਤ ਖ਼ਾਲਸਾ ਜੀ ਨਾਲ ਅਰਦਾਸ ਰੋਜ਼ ਸਾਡੀਆਂ ਸ਼ੁਭ ਇਛਾਵਾਂ ਦਾ ਵਟਾਂਦਰਾ ਕਰਦੀ ਹੈ। ਅਸੀਂ ਰੋਜ਼, ਗੁਰੂ ਦੀ ਰਾਹੀਂ ਗੁਰੂ ਗ੍ਰੰਥ ਸਾਹਿਬ ਜੀ ਦੀ ਰਾਹੀਂ ਹਰ ਸਿਖ ਨੂੰ ਮਿਲਦੇ ਹਾਂ, ਉਸ ਨਾਲ ਗੱਲਾਂ ਕਰਦੇ ਹਾਂ, ਰੋਜ਼ ਅਸੀਂ ਰਲ ਕੇ ਆਪਣੇ ਆਦਰਸ਼ਕ ਪ੍ਰਣ ਨਿਭਾਣ ਲਈ ਸ੍ਵੈ-ਪ੍ਰੇਰਨਾ ਲੈਂਦੇ ਹਾਂ। ਹਰ ਸਿਖ ਹਰ ਸਿਖ ਨੂੰ ਰੋਜ਼ ਮਿਲਦਾ ਹੈ। ਇਹ ਕਿੰਨੀ ਵੱਡੀ ਗੱਲ ਹੈ, ਹਰ ਸਿਖ ਹਰ ਸਿਖ ਨਾਲ ਮਿਲ ਕੇ ਰੋਜ਼ ਗੁਰੂ ਨੂੰ ਕਹਿੰਦਾ ਹੈ ਕਿ ਸਾਨੂੰ ਸਿੱਖੀ ਸੁਆਸਾਂ ਤੀਕ ਬਖ਼ਸ਼, ਸਿੱਖੀ ਸਿਦਕ ਸਾਡਾ ਕਾਇਮ ਰੱਖ, ਸਾਨੂੰ ਨਰੋਈ ਬੁੱਧੀ ਬਖ਼ਸ਼। ਅਰਦਾਸ ਰਾਹੀਂ ਅਸੀਂ ਰੋਜ਼ ਮਿਲਦੇ ਹਾਂ ਤੇ ਇਹ ਸਾਡੀ ਜਥੇਬੰਦੀ ਨੂੰ ਪੱਕਿਆਂ ਕਰਦੀ ਹੈ।

ਹਰ ਸਿਖ ਨੂੰ ਚਿੰਨ੍ਹ ਪੂਰੇ ਰੱਖਣੇ ਬਣਦੇ ਹਨ, ਗੁਰਦੁਆਰੇ ਸੰਗਤ ਵਿਚ ਹਾਜ਼ਰ ਹੋਣਾ ਬਣਦਾ ਹੈ, ਲੰਗਰ ਵਿਚ ਪੰਗਤ ਵਿਚ ਬੈਠਣਾ ਬਣਦਾ ਹੈ ਤੇ ਰੋਜ਼ ਅਰਦਾਸ ਕਰਨੀ ਬਣਦੀ ਹੈ। ਇਹ ਸਾਡੀ ਸਾਂਝ ਨੂੰ ਵਧਾਂਦੇ ਹਨ ਤੇ ਸਾਡੀ ਸ਼ਖ਼ਸੀਅਤ ਵਿਚ ਅਨੋਖੀ ਸੁਸ਼ੀਲ ਤਬਦੀਲੀ ਪੈਦਾ ਕਰਦੇ ਹਨ। ਸਿਖ ਨੇ ਹਰ ਸਮੇਂ ਸਿਖਣਾ ਹੈ ਤੇ ਇਹ ਚੀਜ਼ਾਂ ਉਸ ਦੀ ਸਿਖਲਾਈ ਦਾ ਹਿੱਸਾ ਹਨ।

ਭਾਗ ਚੌਥਾ

# ਸਿਖ ਧਰਮ ਦਾ ਜੀਵਨ ਪੱਖ

## ੧੩

# ਸੇਵਾ—ਕਰਮ ਜਾਂ ਆਚਰਨ

'ਸੇਵਾ' ਸਿਖ ਧਰਮ ਦਾ ਇਕ ਸਿਧਾਂਤਕ ਸ਼ਬਦ ਹੈ। ਧਰਮ ਵਿਚ ਸਿਧਾਂਤਕ ਸ਼ਬਦ ਦੇ ਅਰਥ ਬੜੇ ਵਿਸ਼ਾਲ ਤੇ ਅੰਤਰਮੁਖੀ ਹੁੰਦੇ ਹਨ ਪਰ ਸਮੇਂ ਦੇ ਗੇੜ ਨਾਲ ਉਹ ਕੇਵਲ ਤੰਗ ਤੇ ਬਾਹਰਮੁਖੀ ਰਹਿ ਜਾਂਦੇ ਹਨ। ਇਥੇ ਤਬਦੀਲੀ ਨੂੰ ਅਸੀਂ ਆਚਰਨ ਤੋਂ ਕਰਮ-ਕਾਂਡ ਤੀਕ ਪੁੱਜਣਾ ਕਹਿੰਦੇ ਹਾਂ। ਚਿੰਨ੍ਹ ਧਰਮ ਦਾ ਜ਼ਰੂਰੀ ਅੰਗ ਹਨ, ਪਰ ਚਿੰਨ੍ਹਾਂ ਦੇ ਅਰਥ ਅਤਿ ਵਿਸ਼ਾਲ ਤੇ ਅੰਤਰਮੁਖੀ ਹਨ, ਪਰ ਸਮੇਂ ਨਾਲ ਕੇਵਲ ਬਾਹਰਮੁਖੀ ਸ਼ਰ੍ਹਾ ਦੇ ਰੂਪ ਵਿਚ ਚਿੰਨ੍ਹ ਰਹਿ ਜਾਂਦੇ ਹਨ ਤੇ ਝਗੜਿਆਂ ਦਾ ਕਾਰਨ ਬਣਨ ਲੱਗਦੇ ਹਨ। 'ਜਪੁ' ਤੇ 'ਸਿਮਰਨ' ਸ਼ਬਦਾਂ ਦੇ ਅਰਥ ਵੀ ਹੁਣ, ਜਿਨ੍ਹਾਂ ਅਰਥਾਂ ਵਿਚ ਇਹ ਸ਼ਬਦ ਵਰਤੇ ਜਾਂਦੇ ਹਨ, ਨਾਲੋਂ ਬਹੁਤ ਵਿਸ਼ਾਲ ਤੇ ਅੰਤਰਮੁਖੀ ਸਨ ਪਰ ਹੁਣ ਤੰਗ ਤੇ ਬਾਹਰਲੇ ਕਰਮ-ਕਾਂਡ ਵਾਲੇ ਹੁੰਦੇ ਜਾ ਰਹੇ ਹਨ। ਸਾਰੇ ਧਰਮਾਂ ਵਿਚ ਸਮੇਂ ਨਾਲ ਕੇਵਲ ਕਰਮ-ਕਾਂਡ ਪ੍ਰਧਾਨ ਹੋ ਜਾਂਦਾ ਹੈ ਤੇ ਸਿਧਾਂਤਕ ਸ਼ਬਦਾਂ ਦਾ ਸਹੀ ਅਰਥ ਲੋਪ ਹੋ ਜਾਂਦਾ ਹੈ। ਸਿਧਾਂਤਕ ਸ਼ਬਦਾਂ ਵਿਚ ਚੌੜੇ ਤੇ ਅੰਦਰੂਨੀ ਆਚਰਨ ਦੀ ਮਹਾਨਤਾ ਦਰਸਾਉਣ ਵਾਲੇ ਅਰਥ ਜਗਾਈ ਰੱਖਣਾ ਹੀ ਕਿਸੇ ਧਰਮ ਨੂੰ ਨਿਤ-ਨਵਾਂ ਰੱਖਣ ਦੇ ਤੁੱਲ ਹੈ ਤੇ ਕਿਸੇ ਧਰਮ ਨੂੰ ਸਦੀਵੀ ਜੀਵਨ ਦੀ ਪ੍ਰੇਰਨਾ ਬਣਾਉਣ ਦਾ ਸਾਧਨ ਹੈ। 'ਸੇਵਾ' ਅੱਖਰ ਦੇ ਚੌੜੇ ਤੇ ਅੰਦਰੂਨੀ ਆਚਰਨ ਨਾਲ ਸੰਬੰਧਤ ਅਰਥ ਕੀ ਹਨ ? ਇਸ ਗੱਲ ਨੂੰ ਦਰਸਾਣਾ ਇਸ ਲੇਖ ਦਾ ਵਿਸ਼ਾ ਹੈ।

ਬੜੇ ਚੰਗੇ ਭਾਗਾਂ ਦੀ ਗੱਲ ਹੈ ਕਿ ਗੁਰੂ ਸਾਹਿਬਾਨ ਆਪ ਬਾਣੀ ਵਿਚ ਵਰਤੇ ਸਿਧਾਂਤਕ ਸ਼ਬਦਾਂ ਦੇ ਅਰਥ ਵੀ ਕਰ ਕੇ ਦੱਸਦੇ ਰਹੇ ਹਨ। ਸਗੋਂ ਬੁਨਿਆਦੀ ਬਾਣੀ ਸਾਰੀ ਗੁਰੂ ਨਾਨਕ ਸਾਹਿਬ ਨੇ ਦੇ ਦਿੱਤੀ ਸੀ, ਬਾਕੀ ਗੁਰੂ ਸਾਹਿਬਾਨ ਗੁਰੂ ਨਾਨਕ ਸਾਹਿਬ ਦੇ ਦਿੱਤੇ ਵਿਚਾਰਾਂ ਦਾ ਸਪਸ਼ਟੀਕਰਨ ਤੇ ਵਿਆਖਿਆ ਕਰਦੇ ਰਹੇ ਹਨ। ਜਿਸ ਤਰ੍ਹਾਂ ਕਿ ਭਾਈ ਗੁਰਦਾਸ ਜੀ ਇਕ ਹੋਰ ਪੱਧਰ 'ਤੇ ਇਹੋ ਕਾਜ ਕਰਦੇ ਰਹੇ ਹਨ। ਪਰ ਆਮ ਕਰਕੇ ਗੁਰੂ ਗ੍ਰੰਥ ਸਾਹਿਬ ਵਿਚ ਆਏ ਹਰ ਸ਼ਬਦ ਵਿਚ ਸਿਖ ਧਰਮ ਦੀ ਪੂਰੀ ਫ਼ਿਲਾਸਫ਼ੀ ਜਾਂ ਵਿਚਾਰ ਪੂਰਨ ਰੂਪ ਵਿਚ, ਪਰ ਬੜੇ ਸੰਕੋਚਵੇਂ ਢੰਗ ਵਿਚ ਦਿੱਤੀ ਹੈ। ਹੋਰ ਸ਼ਬਦਾਂ ਵਿਚ ਉਨ੍ਹਾਂ ਵਿਚਾਰਾਂ ਨੂੰ ਸਪਸ਼ਟ ਕੀਤਾ ਹੈ। ਗੁਰੂ ਨਾਨਕ ਸਾਹਿਬ ਆਪ ਵੀ ਕਿਧਰੇ ਕੇਵਲ ਇਕ ਸਿਧਾਂਤਕ ਸ਼ਬਦ ਵਰਤਦੇ ਹਨ ਤੇ ਕਿਧਰੇ ਉਸ ਸ਼ਬਦ ਦੀ ਪੂਰੀ ਵਿਆਖਿਆ ਕਰ ਦਿੰਦੇ ਹਨ। 'ਸੇਵਾ' ਸ਼ਬਦ ਉਨ੍ਹਾਂ ਕਈ ਥਾਈਂ ਵਰਤਿਆ ਹੈ :

**ਵਿਚਿ ਦੁਨੀਆ ਸੇਵ ਕਮਾਈਐ ॥**
**ਤਾ ਦਰਗਹ ਬੈਸਣੁ ਪਾਈਐ ॥**
**ਕਹੁ ਨਾਨਕ ਬਾਹ ਲੁਡਾਈਐ ॥੪॥੩੩॥** *(ਸਿਰੀਰਾਗੁ ਮ: ੧, ਪੰਨਾ ੨੬)*

ਤੇ ਕਈ ਥਾਈਂ ਇਸ ਸ਼ਬਦ ਦੀ ਪੂਰੀ ਵਿਆਖਿਆ ਵੀ ਕੀਤੀ ਹੈ, ਭਾਵ ਇਸ ਸ਼ਬਦ ਦੇ ਵਿਸ਼ਾਲ ਤੇ ਅੰਤਰਮੁਖੀ ਜੀਵਨ ਨਾਲ ਸੰਬੰਧਤ ਅਰਥ ਦੱਸੇ ਹਨ, ਜਿਵੇਂ :

> **ਸੇਵ ਕੀਤੀ ਸੰਤੋਖੀਈ ਜਿਨ੍ਹੀ ਸਚੋ ਸਚੁ ਧਿਆਇਆ ॥**
> **ਓਨ੍ਹੀ ਮੰਦੈ ਪੈਰੁ ਨ ਰਖਿਓ ਕਰਿ ਸੁਕ੍ਰਿਤੁ ਧਰਮੁ ਕਮਾਇਆ ॥**
> **ਓਨ੍ਹੀ ਦੁਨੀਆ ਤੋੜੇ ਬੰਧਨਾ ਅੰਨੁ ਪਾਣੀ ਥੋੜਾ ਖਾਇਆ ॥**
> **ਤੂੰ ਬਖਸੀਸੀ ਅਗਲਾ ਨਿਤ ਦੇਵਹਿ ਚੜਹਿ ਸਵਾਇਆ ॥**
> **ਵਡਿਆਈ ਵਡਾ ਪਾਇਆ ॥੭॥**

*(ਵਾਰ ਆਸਾ ਮ: ੧, ਪੰਨਾ ੪੬੬-੬੭)*

ਇਹ ਪਉੜੀ ਵਾਰ ਆਸਾ ਦੀ ਸਤਵੀਂ ਪਉੜੀ ਹੈ ਤੇ 'ਹਉ' ਤੇ 'ਹਉਮੈ' ਦੇ ਸਲੋਕਾਂ ਨਾਲ ਲੱਗੀ ਹੋਈ ਹੈ। 'ਸੇਵ' ਸ਼ਬਦ ਨੂੰ ਹੀ ਮੁੱਖ ਰੱਖਦਿਆਂ 'ਹਉਮੈ' ਦੇ ਅਰਥ ਵੀ ਠੀਕ ਸਮਝ ਆ ਸਕਦੇ ਹਨ ਤੇ 'ਵਡਿਆਈ' ਕਰਨ ਦੇ ਅਰਥ ਵੀ ਸੇਵਾ ਸ਼ਬਦ ਨੂੰ ਸਾਹਮਣੇ ਰੱਖ ਕੇ ਹੀ ਆ ਸਕਦੇ ਹਨ। ਸਗੋਂ 'ਵੱਡੇ ਨੂੰ ਪਾਉਣ' ਦਾ ਕੀ ਅਰਥ ਹੈ ? ਉਹ ਵੀ 'ਸੇਵਾ' ਦੇ ਸ਼ਬਦ ਨਾਲ ਹੀ ਸੰਬੰਧਤ ਹੈ। 'ਹਉਮੈ' ਇਕ ਜੀਵਨ-ਜਾਚ ਹੈ ਜਿਸ ਦਾ ਕੇਂਦਰ ਇਹ ਹੈ ਕਿ ਮੈਂ ਆਪਣੇ ਆਪ ਨੂੰ ਹਰ ਹੀਲੇ—ਧੱਕਾ ਕਰ ਕੇ, ਦੂਜੇ ਨੂੰ ਦੁਖਾ ਕੇ, ਦੂਜੇ ਦਾ ਹੱਕ ਮਾਰ ਕੇ, ਸੁਰੱਖਸ਼ਤ ਰੱਖਣਾ ਹੈ, ਸ੍ਵੈ-ਰੱਖਸ਼ਤਾ ਦੀ ਅੰਧਾ-ਧੁੰਦ ਲਗਨ ਹੀ ਹਉਮੈ ਹੈ ਤੇ ਇਸੇ 'ਲਗਨ' ਦੇ ਨਿਕਲਣ ਵਾਲੇ ਸਿੱਟਿਆਂ ਦਾ ਤੇ ਇਸ ਲਗਨ ਦੇ ਅਧੀਨ ਜੋ ਕੁਝ ਮਨੁੱਖੀ ਵਤੀਰਾ (ਦੂਜਿਆਂ ਨਾਲ ਵਰਤਣ) ਹੁੰਦਾ ਹੈ, ਉਹ ਬਿਆਨ ਕੀਤੇ ਹਨ। (ਆਸਾ ਦੀ ਵਾਰ ਵਿਚ ਪੂਰਾ ਵਿਸਥਾਰ ਦਿੱਤਾ ਹੈ ਕਿ ਹਉਮੈ ਦੀ ਰੁਚੀ ਮਨੁੱਖ ਵਿਚ ਕਿਸ ਤਰ੍ਹਾਂ ਕੰਮ ਕਰਦੀ ਹੈ ਤੇ ਕਦੋਂ ਹਉਮੈ ਧਾਰਮਕ ਹੁੰਦੀ, ਕਦੋਂ ਰਾਜਸੀ, ਕਦੋਂ ਜਾਤੀ ਤੇ ਕਦੋਂ ਕੌਮੀ ਆਦਿ)। 'ਸੇਵਾ' ਅਸਲ ਵਿਚ ਹਉਮੈ ਦੇ ਉਲਟ ਦੀ ਅਵਸਥਾ ਹੈ। ਸੇਵਾ, ਆਪਾ-ਵੰਡਣਾ ਹੈ, ਖ਼ੁਦਗਰਜ਼ੀ ਤੋਂ ਉੱਚਾ ਉਠਣਾ ਹੈ। ਸੇਵਾ ਕਿਸ ਹੱਦ ਤੀਕ ਦੇਸ਼, ਮਨੁੱਖ ਜਾਂ ਜਾਤੀ ਦੀ ਕੀਤੀ ਜਾ ਸਕਦੀ ਹੈ, ਇਸ ਦਾ ਅਨੁਮਾਨ ਗੁਰੂ ਅਰਜਨ ਸਾਹਿਬ, ਗੁਰੂ ਤੇਗ ਬਹਾਦਰ ਸਾਹਿਬ ਤੇ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਤੋਂ ਲਾਇਆ ਜਾ ਸਕਦਾ ਹੈ ਜਾਂ ਇਕ ਹੋਰ ਦ੍ਰਿਸ਼ਟੀਕੋਣ ਤੋਂ ਗੁਰੂ ਨਾਨਕ ਸਾਹਿਬ ਦੇ ਜੀਵਨ ਤੋਂ ਲਾਇਆ ਜਾ ਸਕਦਾ ਹੈ, ਜਾਂ ਇਕ ਹੋਰ ਦ੍ਰਿਸ਼ਟੀਕੋਣ ਤੋਂ ਗੁਰੂ ਅੰਗਦ ਸਾਹਿਬ, ਗੁਰੂ ਅਮਰਦਾਸ ਤੇ ਗੁਰੂ ਰਾਮਦਾਸ ਜੀ ਦੇ ਜੀਵਨ ਤੋਂ ਲਾਇਆ ਜਾ ਸਕਦਾ ਹੈ। ਸੇਵਾ ਉਹ ਕਰਦਾ ਹੈ ਜਿਹੜਾ ਕੇਵਲ ਆਪਣੇ ਆਪ ਨੂੰ ਕੇਂਦਰ ਨਹੀਂ ਰੱਖਦਾ, ਆਪਣੇ ਹਰ ਅਮਲ ਦਾ। ਕਿਸੇ ਅਮਲ ਨੂੰ ਮੁੜ ਮੁੜ ਕਰੀ ਜਾਣਾ, ਬਰਤਨ ਸਾਫ਼ ਕਰੀ ਜਾਣਾ, ਲੰਗਰ ਵਿਚ ਹੋਰ ਸੇਵਾ ਕਰੀ ਜਾਣਾ, ਪੱਖਾ ਕਰੀ ਜਾਣਾ, ਕਿਸੇ ਪੱਧਰ 'ਤੇ ਆ ਕੇ ਕੇਵਲ ਇਕ ਪਖੰਡ ਹੀ ਰਹਿ ਜਾਵੇਗਾ, ਜੇ ਨਾਲ ਅੰਤਰਮੁਖੀ ਇਕ ਤਬਦੀਲੀ ਸੋਚਣ-ਢੰਗ ਤੇ ਜੀਵਨ-ਚੱਜ ਜਾਂ ਆਚਾਰ ਦੀ ਨਹੀਂ ਆ ਰਹੀ। ਸਗੋਂ ਗੁਰੂ ਨਾਨਕ ਸਾਹਿਬ ਤਾਂ ਉੱਪਰ-ਦਿੱਤੀ ਪਉੜੀ ਵਿਚ ਕਹਿ ਹੀ ਇਹ ਰਹੇ ਹਨ ਕਿ ਸੇਵਾ ਅਸਲ ਵਿਚ ਕਰਦਾ ਹੀ ਉਹ ਹੈ ਜਿਸ ਵਿਚ ਇਹ ਗੁਣ ਜਾਂ ਸੇਵਾ ਦੇ ਅਮਲ ਨਾਲ ਪ੍ਰਵੇਸ਼ ਕਰ ਰਹੇ ਹਨ ਜਿਵੇਂ ਗੁਰੂ ਸਾਹਿਬ ਕਹਿੰਦੇ ਹਨ ਕਿ 'ਨਿਮਾਜ' ਅਸਲ ਵਿਚ ਉਹ ਪੜ੍ਹਦਾ ਹੈ ਜਿਸ ਵਿਚ ਇਹ ਗੁਣ ਹਨ :

ਪੰਜਿ ਨਿਵਾਜਾ ਵਖਤ ਪੰਜਿ ਪੰਜਾ ਪੰਜੇ ਨਾਉ ॥
ਪਹਿਲਾ ਸਚੁ ਹਲਾਲ ਦੁਇ ਤੀਜਾ ਖੈਰ ਖੁਦਾਇ ॥
ਚਉਥੀ ਨੀਅਤਿ ਰਾਸਿ ਮਨੁ ਪੰਜਵੀ ਸਿਫਤਿ ਸਨਾਇ ॥

*(ਵਾਰ ਮਾਝ ਮਹਲਾ ੧, ਪੰਨਾ ੧੪੧)*

'ਸੂਤਕ' ਉਸ ਦਾ ਮੁਕੰਮਲ ਹੈ ਜਿਸ ਵਿਚ ਇਹ ਔਗੁਣ ਨਹੀਂ, ਜਾਂ ਉਲਟ ਗੁਣ ਹਨ :

ਮਨ ਕਾ ਸੂਤਕੁ ਲੋਭੁ ਹੈ ਜਿਹਵਾ ਸੂਤਕੁ ਕੂੜੁ ॥
ਅਖੀ ਸੂਤਕੁ ਵੇਖਣਾ ਪਰ ਤ੍ਰਿਅ ਪਰ ਧਨ ਰੂਪੁ ॥
ਕੰਨੀ ਸੂਤਕੁ ਕੰਨਿ ਪੈ ਲਾਇਤਬਾਰੀ ਖਾਹਿ ॥
ਨਾਨਕ ਹੰਸਾ ਆਦਮੀ ਬਧੇ ਜਮ ਪੁਰਿ ਜਾਹਿ ॥੨॥

*(ਵਾਰ ਆਸਾ ਮ: ੧, ਪੰਨਾ ੪੭੨)*

'ਯੋਗ' ਉਸ ਦਾ ਮੁਕੰਮਲ ਹੈ ਜਿਸ ਵਿਚ ਇਹ ਗੁਣ ਹਨ :

ਮੁੰਦਾ ਸੰਤੋਖੁ ਸਰਮੁ ਪਤੁ ਝੋਲੀ ਧਿਆਨ ਕੀ ਕਰਹਿ ਬਿਭੂਤਿ ॥ *(ਜਪੁ, ਪੰਨਾ ੬)*

(ਇਨ੍ਹਾਂ ਬੰਦਾਂ ਵਿਚ ਅਸਲ ਮਨੁੱਖੀ ਆਚਰਨ ਦੇ ਗੁਣ ਇਕੋ ਹੀ ਦੱਸੇ ਹਨ ਭਾਵੇਂ ਮਨੁੱਖ ਮੁਸਲਮਾਨ ਹੈ, ਭਾਵੇਂ ਹਿੰਦੂ ਤੇ ਭਾਵੇਂ ਯੋਗੀ ਹੈ।)

ਇਸੇ ਤਰ੍ਹਾਂ 'ਸੇਵਾ' ਉਹ ਹੀ ਕਰਦਾ ਹੈ ਜਿਸ ਵਿਚ ਇਹ ਗੁਣ ਹਨ ਜਾਂ ਸੇਵਾ ਨਾਲ ਪੈਦਾ ਹੋ ਰਹੇ ਹਨ। ਸ੍ਵੈ-ਪੜਤਾਲ ਜ਼ਰੂਰੀ ਹੈ—'ਸੰਤੋਖ', 'ਸਚੋ ਸਚ ਧਿਆਣਾ', 'ਮੰਦੈ ਪੈਰੁ ਨ ਰਖਣਾ', 'ਸੁਕ੍ਰਿਤ ਕਰਨੀ', 'ਧਰਮ ਕਮਾਣਾ', 'ਦੁਨੀਆ ਦੇ ਬੰਧਨ ਤੋੜਨਾ', 'ਅੰਨ ਪਾਣੀ ਥੋੜਾ ਖਾਣਾ', ਇਹ ਸਾਰੇ ਵਿਚਾਰ ਤਿੰਨ ਪੱਖਾਂ ਹੇਠ ਆਉਂਦੇ ਹਨ। 'ਸਚੋ ਸਚੁ ਧਿਆਉਣਾ', 'ਬਖਸੀਸੀ ਅਗਲਾ' ਤੇ 'ਵਡਾ ਪਾਇਆ', ਇਹ ਤਿੰਨੇ ਵਿਚਾਰ ਇਕ ਸ਼੍ਰੇਣੀ ਦੇ ਹਨ ਜਿਹੜੇ ਬੁਨਿਆਦੀ ਹਨ, ਜਿਸ ਵਿਚੋਂ, ਸੇਵਾ ਦੀ ਰੁਚੀ ਪੈਦਾ ਹੁੰਦੀ ਹੈ। 'ਬਖਸੀਸੀ ਅਗਲਾ' ਤੇ 'ਦੇਵਹਿ ਚੜਹਿ ਸਵਾਇਆ' ਪਹਿਲਾ ਬੁਨਿਆਦੀ ਪੱਧਰ ਹੈ ਜਿਸ ਤੋਂ ਸੇਵਾ ਦੀ ਰੁਚੀ ਉਪਜਦੀ ਹੈ। ਭਾਵ ਇਹ ਵਿਚਾਰ ਕਿ ਜੋ ਵੀ ਸਮਰੱਥਾ ਮੇਰੇ ਵਿਚ ਹੈ—ਦਿਮਾਗ਼ੀ, ਜਿਸਮਾਨੀ, ਧਨ-ਦੌਲਤ ਜਾਂ ਹੋਰ ਕੋਈ ਸ਼ਕਤੀ, ਇਹ ਮੈਨੂੰ ਪ੍ਰਭੂ ਤੋਂ ਪ੍ਰਾਪਤ ਹੈ, ਉਸ ਦੀ ਬਖ਼ਸ਼ਸ਼ ਹੈ ਤੇ ਇਸ ਵਿਚੋਂ ਵੰਡ ਦੇਣਾ (ਬਖ਼ਸ਼ਸ਼ ਕਰਨਾ) ਹੀ ਮੇਰਾ ਮੂਲ ਮੰਤਵ ਹੋਣਾ ਹੈ। ਇਸ ਤਰ੍ਹਾਂ ਸੋਚਣਾ ਹੀ 'ਸਚੋ ਸਚੁ ਧਿਆਇਆ' ਹੈ ਤੇ ਇਸੇ ਵਿਚਾਰ ਤੇ ਅਮਲ ਰਾਹੀਂ ਹੀ 'ਵਡਾ ਪਾਇਆ' ਹੈ ਤੇ ਇਸ ਤਰ੍ਹਾਂ ਆਪਾ-ਵੰਡਣਾ ਹੀ ਵਡਿਆਈ ਕਰਨ ਤੁੱਲ ਹੈ। ਪਰ ਇਸ ਵਿਚਾਰ ਨੂੰ ਕਿ ਸਭ ਕੁਝ ਮੈਨੂੰ ਉਸ ਦੀ ਬਖ਼ਸ਼ਸ਼ ਦੁਆਰਾ ਪ੍ਰਾਪਤ ਹੈ ਤੇ ਇਸ ਵਿਚੋਂ ਵੰਡਣਾ ਹੀ ਮੇਰਾ ਧਰਮ ਹੈ, ਅਮਲ ਵਿਚ ਕਿਵੇਂ ਲਿਆਂਦਾ ਜਾ ਸਕਦਾ ਹੈ। ਇਸ ਸਾਧਨ ਦੀ ਸ਼੍ਰੇਣੀ ਵਿਚ ਪੈਂਦੇ ਹਨ ਇਹ ਵਾਕ-ਅੰਸ਼—'ਸੰਤੋਖੀ ਹੋਣਾ', 'ਧਰਮੁ ਕਮਾਣਾ', 'ਅੰਨੁ ਪਾਣੀ ਥੋੜਾ ਖਾਣਾ', ਭਾਵ ਜਿੰਨਾ ਚਿਰ ਤੀਕ ਮੇਰੀਆਂ ਆਪਣੀਆਂ ਲੋੜਾਂ (ਅੰਨ ਪਾਣੀ ਦੀਆਂ) ਪੂਰੀਆਂ ਨਹੀਂ ਹੁੰਦੀਆਂ, ਇੰਨੇ ਤੀਕ ਵੰਡਣ ਲਈ ਜਾਂ ਸੇਵਾ ਲਈ ਮੈਂ ਕੀ ਦੇਵਾਂਗਾ ? ਤਾਂ ਤੇ ਆਪਣੀਆਂ ਲੋੜਾਂ ਨੂੰ ਸੰਕੋਚ ਸਕਣਾ ਹੀ 'ਸੇਵਕ' ਦੇ ਆਚਰਨ ਦਾ ਇਕ ਅਤਿ ਜ਼ਰੂਰੀ ਪੱਖ ਹੈ। ਪਰ 'ਸੰਤੋਖ' ਇਕ ਐਸਾ ਵਿਸ਼ਾਲ ਅਰਥਾਂ ਵਾਲਾ ਸ਼ਬਦ ਹੈ ਕਿ ਇਸ ਵਿਚ ਪੂਰੇ ਉਸ ਅਵਸਥਾ ਦੇ ਅਰਥ

ਹਨ ਜਿਸ ਨੂੰ 'ਸਹਿਜ' ਕਿਹਾ ਹੋਇਆ ਹੈ। ਅੱਖਾਂ ਵਿਚ, ਕੰਨਾਂ ਵਿਚ, ਹੱਥਾਂ ਵਿਚ, ਪੈਰਾਂ ਵਿਚ, ਜੀਭ ਵਿਚ (ਵੇਖੋ ਅਨੰਦੁ ਸਾਹਿਬ), ਵਿਚਾਰਾਂ ਵਿਚ, ਜਜ਼ਬਿਆਂ ਵਿਚ ਸੰਕੋਚ ਤੇ ਸਹਿਜ ਨੂੰ ਹੀ 'ਸੰਤੋਖ' ਸ਼ਬਦ ਨਾਲ ਬਿਆਨ ਕੀਤਾ ਜਾ ਸਕਦਾ ਹੈ। ਸੰਤੋਖ ਕੇਵਲ ਖਾਣ ਪੀਣ ਦਾ ਹੀ ਸੰਤੋਖ ਨਹੀਂ। ਇਸੇ ਪਉੜੀ ਵਿਚ ਤੀਜਾ ਪੱਖ ਵੀ ਹੈ ਕਿ ਜੋ ਕੁਝ ਮੈਂ ਵੰਡਣਾ ਹੈ ਉਸ ਦੀ ਪ੍ਰਾਪਤੀ ਵੀ ਮੈਂ ਜ਼ਰੂਰ ਸ਼ੁਭ ਤੇ ਧਰਮ ਦੇ ਤਰੀਕਿਆਂ ਨਾਲ ਕੀਤੀ ਹੋਵੇ, ਨਹੀਂ ਤੇ 'ਵੰਡ ਦੇਣਾ' ਵੀ ਕੋਈ ਸੇਵਾ ਨਹੀਂ ਹੋਵੇਗੀ। 'ਸੁਕ੍ਰਿਤ' ਨਾਲ ਧਨ ਪੈਦਾ ਕੀਤਾ ਹੋਵੇ ਜੋ ਸੇਵਾ ਵਿਚ ਵਰਤਿਆ ਜਾ ਰਿਹਾ ਹੈ, 'ਮੰਦੈ ਪੈਰੁ ਨ ਰਖਿਓ' ਹੋਏ, ਤਦ ਹੀ ਆਪਣੀ ਕਮਾਈ ਸੇਵਾ ਵਿਚ ਸਫਲ ਹੋ ਸਕਦੀ ਹੈ। 'ਦੁਨੀਆ ਤੋੜੇ ਬੰਧਨਾ' ਮਨੁੱਖ ਦੀ ਇਕ ਅਵਸਥਾ ਹੈ ਆਪਾ ਵੰਡਣ ਦੀ। ਸੋ ਇਸ ਤਰ੍ਹਾਂ 'ਸੇਵਾ' ਇਕ ਅੰਦਰੂਨੀ ਆਚਰਨ ਜਾਂ ਮਾਨਸਕ ਅਵਸਥਾ ਦਾ ਬਾਹਰਲਾ ਚਿੰਨ੍ਹ ਹੈ। ਜੇ ਚਿੰਨ੍ਹ ਧਾਰਨ ਵੀ ਕੀਤੀ ਰੱਖਿਆ ਜਾਏ ਪਰ ਅੰਦਰ ਉਹ ਆਚਰਨ ਨਾ ਟਿਕੇ ਤੇ ਨਾ ਹੀ ਉਸ ਲਈ ਲਗਨ ਪੈਦਾ ਹੋਵੇ ਸਗੋਂ ਉਸ ਚਿੰਨ੍ਹ ਦੀ ਆੜ ਵਿਚ ਕਈ ਕੁਕਰਮ ਤੇ ਕੁਸੱਤ ਕਰ ਲਏ ਜਾਣ (ਐਸਾ ਕਰਨਾ ਸਹਿਲ ਹੋ ਜਾਂਦਾ ਹੈ) ਤਾਂ ਸੇਵਾ ਸੇਵਾ ਨਹੀਂ। ਸੇਵਾ ਇਕ ਅੰਦਰੂਨੀ ਆਚਰਨ ਦਾ ਬਾਹਰਲਾ ਪ੍ਰਗਟਾਵਾ ਹੈ, ਕੇਵਲ ਇਕ ਕਰਮ ਨਹੀਂ, ਭਾਵੇਂ ਕਰਮ ਵੀ ਹੈ। ਸੇਵਾ ਆਪਣੇ ਆਪ ਵਿਚ ਇਕ ਮੁਕੰਮਲ ਤਰੀਕਾ ਹੈ, ਆਤਮਕ ਉੱਚਤਾ ਪ੍ਰਾਪਤ ਕਰਨ ਦਾ। ਕੇਵਲ ਸੇਵਾ ਦੇ ਜ਼ੋਰ 'ਤੇ ਗੁਰੂ ਅੰਗਦ, ਗੁਰੂ ਅਮਰਦਾਸ ਤੇ ਗੁਰੂ ਰਾਮਦਾਸ ਜੀ ਗੁਰਿਆਈ ਪ੍ਰਾਪਤ ਕਰ ਗਏ, ਪਰ ਉਹ 'ਸੇਵਾ' ਵਿਸ਼ਾਲ ਤੇ ਅੰਤਰਮੁਖੀ ਅਰਥਾਂ ਵਾਲੀ ਸੀ।

ਸੇਵਾ ਦੇ ਸੰਬੰਧ ਵਿਚ ਗੁਰੂ ਅੰਗਦ ਸਾਹਿਬ ਦੇ ਤਜਰਬੇ ਨੂੰ ਖ਼ਾਸ ਵਿਸ਼ੇਸ਼ਤਾ ਪ੍ਰਾਪਤ ਹੈ, ਇਹ ਗੱਲ ਇਸ ਤੋਂ ਹੀ ਪ੍ਰਗਟ ਹੈ ਕਿ 'ਆਸਾ ਦੀ ਵਾਰ' ਵਰਗੀ ਵਿਸ਼ੇਸ਼ ਤੌਰ 'ਤੇ ਸਿਖ ਸਪਿਰਟ ਨੂੰ ਦਰਸਾਣ ਵਾਲੀ ਬਾਣੀ ਵਿਚ ਆਪ ਦੇ ਹੀ ਅੱਠ ਸਲੋਕ ਸ਼ਾਮਲ ਕੀਤੇ ਹਨ ਜਿਹੜੇ 'ਸੇਵਕ' ਤੇ 'ਆਸ਼ਕ' ਨੂੰ ਇਕ ਪੱਧਰ 'ਤੇ ਲਿਆ ਕੇ 'ਸੇਵਕ' ਦੇ ਸਹੀ ਆਚਰਨ ਨੂੰ ਪ੍ਰਗਟ ਕਰਦੇ ਹਨ। ਇਕ ਤਰ੍ਹਾਂ ਉਹ ਸਲੋਕ ਗੁਰੂ ਨਾਨਕ ਸਾਹਿਬ ਦੇ ਦਿਤੇ ਉੱਪਰ-ਦਿੱਤੀ ਪਉੜੀ ਵਿਚ ਦੱਸੇ ਸਿਧਾਂਤ ਦੀ ਵਿਆਖਿਆ ਹਨ। ਗੁਰੂ ਅੰਗਦ ਸਾਹਿਬ ਦੇ ਇਹ ਸਲੋਕ ਆਸਾ ਦੀ ਵਾਰ ਦੀਆਂ ਆਖਰੀ ਪਉੜੀਆਂ ਨਾਲ ਜੋੜੇ ਗਏ ਹਨ। ਉਨ੍ਹਾਂ ਦੇ ਆਧਾਰ ਤੇ 'ਸੇਵਕ' ਦਾ ਆਚਰਨ ਵੇਖਦੇ ਹਾਂ। ਗੁਰੂ ਨਾਨਕ ਸਾਹਿਬ ਦੇ ਸੁਝਾਵਾਂ ਨੂੰ ਹੋਰ ਵਿਆਖਿਆਇਆ ਹੈ।

ਗੁਰੂ ਅੰਗਦ ਸਾਹਿਬ ਨੇ 'ਸੇਵਕ' ਲਈ 'ਚਾਕਰ' ਸ਼ਬਦ ਵਰਤਿਆ ਹੈ ਤੇ ਜਿਸ ਦੀ ਸੇਵਾ ਕਰਨੀ ਹੈ ਉਸ ਲਈ 'ਖਸਮ', ਤੇ ਆਦਰਸ਼ ਇਹ ਰੱਖਿਆ ਹੈ ਕਿ ਆਦਰਸ਼ਕ ਸੇਵਕ ਜਾਂ ਚਾਕਰ ਉਹ ਹੈ ਜੋ ਸਮਾਂ ਪਾ ਕੇ ਬਿਲਕੁਲ ਆਪਣੇ 'ਖਸਮ' ਵਰਗਾ ਹੋ ਨਿਬੜਦਾ ਹੈ:

**ਏਹ ਕਿਨੇਹੀ ਚਾਕਰੀ ਜਿਤੁ ਭਉ ਖਸਮ ਨ ਜਾਇ ॥**
**ਨਾਨਕ ਸੇਵਕੁ ਕਾਢੀਐ ਜਿ ਸੇਤੀ ਖਸਮ ਸਮਾਇ ॥੨॥**

*(ਵਾਰ ਆਸਾ ਮ: ੧, ਪੰਨਾ ੪੭੫)*

ਇਸ ਸਲੋਕ ਅਨੁਸਾਰ ਤੇ 'ਸੇਵਾ' ਦਾ ਅਰਥ ਵੀ ਬਦਲ ਜਾਂਦਾ ਹੈ, 'ਸੇਵਾ' ਦਾ ਅਰਥ ਹੈ 'ਸਮਝਣ ਦਾ ਯਤਨ'। ਜਦੋਂ ਕੋਈ ਕਿਸੇ ਨੂੰ ਸਮਝ ਜਾਂਦਾ ਹੈ ਤਾਂ ਉਸ ਦਾ 'ਭਉ' ਵੀ ਮਿਟ ਜਾਂਦਾ ਹੈ, ਸਗੋਂ ਨੇੜਤਾ ਤੇ ਪਿਆਰ ਅਰੰਭ ਹੁੰਦਾ ਹੈ। ਜਿਉਂ

ਜਿਉਂ ਨੇੜਤਾ ਵਧਦੀ ਹੈ, ਦੋਵੇਂ ਇਕ ਰੂਪ ਹੋ ਜਾਂਦੇ ਹਨ। ਗੁਰੂ ਦੀ ਸੇਵਾ ਦਾ ਭਾਵ ਗੁਰੂ ਦੀ ਬਾਣੀ ਨੂੰ ਸਮਝਣਾ ਹੈ, ਉਸ ਨਾਲ ਇਕ-ਜੋਤ ਹੋਣ ਦਾ ਯਤਨ ਹੈ। ਗੁਰੂ ਨਾਲ ਇਕ ਹੋਣ ਦਾ ਜਤਨ 'ਸੇਵਾ' ਹੈ। ਕੌਣ ਗੁਰੂ ਨਾਲ ਇਕ-ਰੂਪ ਹੁੰਦਾ ਹੈ, ਜਿਸ ਵਿਚ ਪਹਿਲਾਂ ਦੱਸੇ (ਸੰਤੋਖ, ਸੁਕ੍ਰਿਤ, ਧਰਮ, ਮੰਦੈ ਪੈਰੁ ਨ ਰਖਣਾ) ਗੁਣ ਪੈਦਾ ਹੁੰਦੇ ਹਨ। ਸਗੋਂ 'ਖਸਮ' ਜਾਂ ਗੁਰੂ ਦਾ ਅਰਥ ਹੀ ਉਹ 'ਸੱਚਾ' ਹੈ ਜਿਸ ਵਿਚ ਕੋਈ ਆਪਣੇ ਆਪ ਨੂੰ ਢਾਲਣ ਦਾ ਯਤਨ ਕਰ ਰਿਹਾ ਹੈ। ਗੁਰੂ ਉਹ 'ਸੱਚਾ' ਜਾਂ 'ਨਮੂਨਾ' ਹੈ ਜਿਸ ਵਿਚ ਸੇਵਕ ਆਪਣੇ ਆਪ ਨੂੰ ਢਾਲਦਾ ਹੈ।

ਗੁਰੂ ਨੂੰ ਕਿਵੇਂ 'ਸੱਚਾ' (Mould) ਸਮਝਿਆ ਜਾ ਸਕਦਾ ਹੈ, ਆਪਣਾ ਆਪ ਉਸ ਵਿਚ ਢਾਲਣ ਦਾ ਕੀ ਅਰਥ ਹੈ ? ਇਹ ਫਿਰ ਇਕ ਆਚਰਨ ਦਾ ਵਰਣਨ ਹੈ। ਗੁਰੂ ਅੰਗਦ ਸਾਹਿਬ ਦੇ ਤਜਰਬੇ ਤੋਂ ਇਹ ਗੱਲਾਂ ਸਪੱਸ਼ਟ ਹੁੰਦੀਆਂ ਹਨ :

(੧) 'ਸੇਵਕ' ਤੇ 'ਆਸ਼ਕ' ਦਾ ਯਤਨ ਇਕੋ ਹੈ ਤੇ ਉਹ ਜਿਸ ਪੱਧਰ ਤੀਕ ਪੁੱਜ ਸਕਦੇ ਹਨ ਉਹ ਵੀ ਇਕੋ ਹੈ, 'ਸੇਤੀ ਖਸਮ ਸਮਾਇ'। 'ਸੇਤੀ ਖਸਮ ਸਮਾਇ' ਵੀ ਸੰਸਾਰ ਵਿਚੋਂ ਨਿਕਲ ਜਾਣਾ ਨਹੀਂ ਸਗੋਂ ਉਹ ਆਚਰਨ ਹੈ ਜਿਸ ਨੂੰ ਰੱਬੀ ਆਚਰਨ ਕਿਹਾ ਜਾਂਦਾ ਹੈ, ਉਹ ਕਰਮ ਹਨ ਜਿਹੜੇ 'ਨੇੜੇ' ਲੈ ਜਾਂਦੇ ਹਨ। 'ਸੇਵਕ' ਤੇ 'ਆਸ਼ਕ' ਇਕੋ ਚੀਜ਼ ਹਨ।

(੨) 'ਸੇਵਕ' ਜਾਂ 'ਆਸ਼ਕ' ਉਹ ਹੈ ਜਿਸ ਦਾ ਵਿਸ਼ਵਾਸ ਆਪਣੇ 'ਖਸਮ' ਵਿਚ ਦ੍ਰਿੜ੍ਹ ਹੈ। ਕਦੇ ਉਸ ਦਾ ਮਨ ਡੋਲੇ ਨਾ। ਉਸ ਨੇ ਆਪਣਾ ਨਮੂਨਾ ਚੁਣ ਲਿਆ ਹੈ ਜਿਸ 'ਤੇ ਉਸ ਨੇ ਆਪਣਾ ਜੀਵਨ ਢਾਲਣਾ ਹੈ ਜਾਂ ਜਿਸ ਵਰਗਾ ਉਸ ਨੇ ਬਣਨਾ ਹੈ :

**ਏਹ ਕਿਨੇਹੀ ਆਸਕੀ ਦੂਜੈ ਲਗੈ ਜਾਇ ॥** *(ਵਾਰ ਆਸਾ ਮ: ੧, ਪੰਨਾ ੪੭੪)*

ਸਗੋਂ ਉਹ ਸਦਾ ਹੀ ਉਸ ਨਮੂਨੇ (ਗੁਰੂ—ਖਸਮ) ਵਿਚ ਦ੍ਰਿੜ੍ਹ ਹੈ, 'ਸਦ ਹੀ ਰਹੈ ਸਮਾਇ'।

(੩) 'ਆਸ਼ਕ' ਜਾਂ 'ਪ੍ਰੇਮੀ' ਦਾ ਸਦਾ ਹੀ ਕਰਤੱਵ 'ਦੇਣਾ' ਹੈ, ਲੈਣਾ ਨਹੀਂ; ਕੁਰਬਾਨੀ ਹੈ ਉਸ ਦਾ ਆਚਰਨ, ਉਹ 'ਲੇਖੈ' ਨਹੀਂ ਵਰਤਦਾ। ਉਸ ਦਾ ਕੋਈ ਹਿਸਾਬ ਨਹੀਂ ਹੈ ਖਸਮ ਨਾਲ। ਉਸ ਨੇ ਸਦਾ ਕੁਝ ਦੇਣਾ ਹੈ ਤੇ 'ਲੇਖਾ' ਨਹੀਂ ਕਰਨਾ। ਸੋ 'ਸੇਵਕ' ਦਾ ਆਚਰਨ ਹੈ, 'ਕਰਮ ਕਰਤ ਹੋਵੈ ਨਿਹਕਰਮ'।[1] ਇਹ ਗੱਲ ਇਕ ਅੰਦਰਲੀ ਅਵਸਥਾ ਹੈ, ਬਾਹਰਲੇ ਅਮਲ ਨਾਲ ਸੰਬੰਧਤ ਨਹੀਂ।

(੪) 'ਆਸ਼ਕ' ਜਾਂ 'ਚਾਕਰ' ਨੇ ਸੇਵਾ ਕਰਨੀ ਹੈ ਤੇ ਫਲ ਦੀ ਆਸ ਨਹੀਂ ਰੱਖਣੀ, ਸਗੋਂ 'ਸੇਵਕ' ਲਈ ਇਸ ਤਰ੍ਹਾਂ ਦੇ ਸਾਰੇ ਰਵੱਈਏ ਗਲਤ ਹਨ :

**ਚੰਗੈ ਚੰਗਾ ਕਰਿ ਮੰਨੇ ਮੰਦੈ ਮੰਦਾ ਹੋਇ ॥** *(ਵਾਰ ਆਸਾ ਮ: ੧, ਪੰਨਾ ੪੭੪)*

**ਸਲਾਮੁ ਜਬਾਬੁ ਦੋਵੈ ਕਰੇ ॥** *(ਵਾਰ ਆਸਾ ਮ: ੧, ਪੰਨਾ ੪੭੪)*

ਉਸ ਦਾ ਆਚਰਨ ਹੈ :

**ਆਪੁ ਗਵਾਇ ਸੇਵਾ ਕਰੇ ਤਾਂ ਕਿਛੁ ਪਾਏ ਮਾਨੁ ॥** *(ਵਾਰ ਆਸਾ ਮ: ੧, ਪੰਨਾ ੪੭੪)*

'ਹਉਮੈ' ਦਾ ਨਾਸ਼ ਹੀ 'ਸੇਵਾ' ਦਾ ਆਚਰਨ ਹੈ।

---

੧. ਗਉੜੀ ਸੁਖਮਨੀ ਮ: ੫, ਪੰਨਾ ੨੭੪

(੫) 'ਸੇਵਕ' ਦੀ ਪਹਿਲੀ ਗੱਲ ਹੀ 'ਮਨ' ਤੋਂ ਥੋੜ੍ਹ-ਚਿਰੀ ਮਾਇਆ (ਵਡਾਰੂ) ਦਾ ਤਿਆਗ ਹੈ, ਇਹ ਉਹ ਹੀ ਆਚਰਨ ਹੈ ਜਿਸ ਨੂੰ ਗੁਰੂ ਨਾਨਕ ਸਾਹਿਬ ਨੇ 'ਸੰਤੋਖ' ਕਿਹਾ ਹੈ :

**ਨਾਲਿ ਇਆਣੇ ਦੋਸਤੀ ਵਡਾਰੂ ਸਿਉ ਨੇਹੁ ॥**
**ਪਾਣੀ ਅੰਦਰਿ ਲੀਕ ਜਿਉ ਤਿਸ ਦਾ ਥਾਉ ਨ ਥੇਹੁ ॥੪॥**

*(ਵਾਰ ਆਸਾ ਮ: ੧, ਪੰਨਾ ੪੭੪)*

(੬) 'ਸੇਵਕ' ਉਹ ਹੈ ਜਿਸ ਲਈ ਚੰਗਿਆਈ ਕਰਨਾ ਜਾਂ ਸੇਵਾ ਕਰਨਾ 'ਸਹਿਜ' ਦੀ ਅਵਸਥਾ ਤੀਕ ਕੁਦਰਤੀ ਹੋ ਜਾਏ। ਇਹ ਨਹੀਂ ਕਿ ਕਦੇ ਕਦੇ ਉਹ ਦਾਨ ਪੁੰਨ ਤੇ ਸੇਵਾ ਕਰ ਦਏ ਤੇ ਕਦੇ ਸਖ਼ਤ ਦਿਲ ਹੋ ਜਾਏ। ਇਹ ਨਹੀਂ ਹੋਣਾ ਚਾਹੀਦਾ ਕਿ :

**ਜੇ ਇਕ ਅਧ ਚੰਗੀ ਕਰੇ, ਦੂਜੀ ਭੀ ਵੇਰਾਸਿ ॥੫॥**

*(ਵਾਰ ਆਸਾ ਮ: ੧, ਪੰਨਾ ੪੭੪)*

ਸਗੋਂ 'ਬ੍ਰਹਮ ਗਿਆਨੀ' ਹੈ 'ਸੇਵਕ' ਤੇ ਉਸ ਦਾ ਕਰਤੱਵ ਹੈ 'ਪਰਉਪਕਾਰ ਉਮਾਹਾ'।

(੭) ਇਸ ਤਰ੍ਹਾਂ ਦਾ ਆਚਰਨ ਕੇਵਲ ਐਸੇ ਲੋਕਾਂ ਦਾ ਹੋ ਸਕਦਾ ਹੈ ਜਿਨ੍ਹਾਂ ਵਿਚ 'ਬਿਬੇਕਤਾ' ਆ ਗਈ ਹੋਵੇ। 'ਬਿਬੇਕਤਾ' ਹੈ :

**ਮੰਦਾ ਮੂਲਿ ਨ ਕੀਚਈ ਦੇ ਲੰਮੀ ਨਦਰਿ ਨਿਹਾਲੀਐ ॥**

*(ਵਾਰ ਆਸਾ ਮ: ੧, ਪੰਨਾ ੪੭੪)*

ਕੇਵਲ ਤੰਗ-ਨਜ਼ਰ ਆਦਮੀ ਹੀ ਪਾਪ ਜਾਂ ਬੁਰਾਈ ਕਰ ਸਕਦਾ ਹੈ; ਭਾਵ 'ਮੰਦੇ ਪੈਰ' ਰੱਖਦਾ ਹੈ ਤੇ 'ਸੁਕ੍ਰਿਤ' ਦੇ ਉਲਟ ਕਰਤੱਵ ਕਰਦਾ ਹੈ। ਜਿਸ ਨੂੰ ਸਮਝ ਹੈ 'ਮੰਦੇ ਪੈਰ ਰਖਣ' ਨਾਲ ਤੇ ਮੰਦ-ਕ੍ਰਿਤ ਨਾਲ ਕੇਵਲ 'ਮਾਇਆ' ਪ੍ਰਾਪਤ ਹੁੰਦੀ ਹੈ ਤੇ ਉਹ ਆਪ ਥੋੜ੍ਹ-ਚਿਰੀ (ਵਡਾਰੂ) ਹੈ, ਤਾਂ ਉਹ ਕਿਉਂ ਪਾਪ ਕਮਾਵੇ, ਇਹ ਬਿਬੇਕ ਹੈ। ਸੇਵਕ ਇਕ ਬਿਬੇਕੀ-ਮੱਤ-ਪਰਗਾਸ ਵਾਲਾ ਮਨੁੱਖ ਹੁੰਦਾ ਹੈ।

ਸੋ 'ਸੇਵਾ' ਕੇਵਲ ਬਾਹਰਲਾ ਕਰਮ ਨਹੀਂ ਹੈ, ਅੰਦਰਲਾ ਆਚਰਨ ਵੀ ਹੈ। ਅੰਦਰਲਾ ਆਚਰਨ ਬਾਹਰਲੇ ਕਰਮ ਨਾਲੋਂ ਵੱਧ ਜ਼ਰੂਰੀ ਹੈ। ਜਿੰਨੇ ਤੀਕ ਮਾਨਸਕ ਅਵਸਥਾ ਸੇਵਕ ਦੀ ਨਹੀਂ ਹੈ, ਸੇਵਾ ਵੀ ਕੋਈ ਅਰਥ ਨਹੀਂ ਰੱਖਦੀ। ਸੇਵਾ ਤੇ ਇਕ ਮੁਕੰਮਲ 'ਸੇਤੀ ਖਸਮ ਸਮਾਇ' ਦਾ ਤਰੀਕਾ ਹੈ। ਇਹ ਤੇ ਸਾਰਾ ਸਿਖ ਧਰਮ ਹੀ ਹੈ। ਨਾਮ, ਦਾਨ ਤੇ ਇਸ਼ਨਾਨ, ਤਿੰਨੇ 'ਸੇਵਾ' ਸ਼ਬਦ ਵਿਚ ਸ਼ਾਮਲ ਹਨ ਜੇ 'ਸੇਵਾ' ਦਾ ਅਰਥ ਆਚਰਨ ਵੀ ਹੋਵੇ। ਉਹ ਆਚਰਨ ਕਿਵੇਂ ਪ੍ਰਾਪਤ ਹੁੰਦਾ ਹੈ ? ਬਿਬੇਕਤਾ ਨਾਲ, 'ਐਸੀ ਬੁਧ ਕਰੇ ਪਰਗਾਸਾ' ਸੇਵਾ ਦੀ ਹੁੰਦੀ ਹੈ, ਇਸ ਤੇ ਬੁੱਧ ਪਰਗਾਸ ਹੋਣੀ ਚਾਹੀਦੀ ਹੈ। ਕਿਵੇਂ ?

**ਪੋਥੀ ਪੁਰਾਣ ਕਮਾਈਐ ॥**
**ਭਉ ਵਟੀ ਇਤੁ ਤਨਿ ਪਾਈਐ ॥**
**ਸਚੁ ਬੂਝਣੁ ਆਣਿ ਜਲਾਈਐ ॥੨॥**
**ਇਹੁ ਤੇਲੁ ਦੀਵਾ ਇਉ ਜਲੈ ॥**
**ਕਰਿ ਚਾਨਣੁ ਸਾਹਿਬ ਤਉ ਮਿਲੈ ॥੧॥ਰਹਾਉ॥** *(ਸਿਰੀਰਾਗੁ ਮ: ੧, ਪੰਨਾ ੨੫)*

੧੪

# ਨਾਮ ਤੇ ਸਦਾਚਾਰ

## ੧. ਭਾਰਤੀ ਜੀਵਨ ਦੀ ਸਮੱਸਿਆ

ਭਾਰਤੀ ਜੀਵਨ ਸੁਤੰਤਰਤਾ ਪ੍ਰਾਪਤੀ ਮਗਰੋਂ ਹਰ ਪੱਖ ਵਿਚ ਹੌਲੀ ਹੌਲੀ ਉੱਨਤੀ ਤਾਂ ਅਵੱਸ਼ ਕਰ ਰਿਹਾ ਹੈ, ਪਰ ਇਸ ਉੱਨਤੀ ਦੇ ਬਾਵਜੂਦ ਇਕ ਸਹਿਮ ਜਿਹਾ ਭਾਰਤੀ ਜੀਵਨ 'ਤੇ ਸਦਾ ਛਾਇਆ ਰਹਿੰਦਾ ਹੈ। ਤੇ ਕਦੇ ਕਦੇ ਉਹ ਸਹਿਮ ਅਸਲੀਅਤ ਵਿਚ ਬਦਲ ਕੇ ਆਪਣਾ ਵਿਕਰਾਲ ਭਿਅੰਕਰ ਰੂਪ ਦਿਖਾ ਕੇ ਸਾਨੂੰ ਦੱਸ ਦਿੰਦਾ ਹੈ ਕਿ ਸਾਡਾ ਭਵਿੱਖ, ਜਿੰਨੇ ਤੀਕ ਵਿਸ਼ੇਸ਼ ਸੁਧਾਰ ਨਹੀਂ ਹੁੰਦਾ, ਜ਼ਰੂਰ ਹੀ ਸੰਦੇਹ-ਭਰਪੂਰ ਹੈ। ਉਹ ਸਹਿਮ ਹੈ, ਧਾਰਮਕ ਫਿਰਕਾ-ਪ੍ਰਸਤੀ ਦਾ ਭੜਕ ਪੈਣਾ। ਕਈ ਧਾਰਮਕ ਸੰਪ੍ਰਦਾਵਾਂ ਭਾਰਤ ਵਿਚ ਰਹਿ ਰਹੀਆਂ ਹਨ ਤੇ ਉਹ ਇਕ ਦੂਜੇ ਨੂੰ ਆਪਣੇ ਹਿੱਤਾਂ ਦਾ ਵਿਰੋਧੀ ਸਮਝਦੀਆਂ ਹਨ। ਤੇ ਕਦੇ ਹਿੰਦੂ ਮੁਸਲਮਾਨ ਇਕ ਥਾਂ ਟਕਰਾਅ ਜਾਂਦੇ ਹਨ ਤੇ ਕਦੇ ਦੂਜੀ ਥਾਂ 'ਤੇ। ਕਿਤੇ ਹਿੰਦੂ ਦੀ ਸਿੱਖਾਂ 'ਤੇ ਬੇਇਤਬਾਰੀ ਹੈ ਤੇ ਕਿਤੇ ਸਿੱਖਾਂ ਦੀ ਹਿੰਦੂਆਂ 'ਤੇ। ਸਮੱਸਿਆ ਇਹ ਜ਼ਰੂਰ ਹੈ ਤੇ ਇਸ ਸਮੱਸਿਆ ਤੋਂ ਅਵੇਸਲਾ ਹੋਣਾ ਹਾਨੀਕਾਰਕ ਹੈ। ਇਸ ਦਾ ਕੋਈ ਨਾ ਕੋਈ ਹੱਲ ਅਵੱਸ਼ ਲੱਭਣਾ ਪਏਗਾ।

ਗੁਰੂ ਨਾਨਕ ਸਾਹਿਬ ਨੇ ਇਸ ਸਮੱਸਿਆ ਦਾ ਵਿਸ਼ਲੇਸ਼ਣ ਵੀ ਕੀਤਾ ਸੀ ਤੇ ਇਸ ਦਾ ਭਰੋਸੇਯੋਗ ਹੱਲ ਵੀ ਦੱਸਿਆ ਸੀ। ਆਪ ਦੇ ਧਾਰਮਕ ਸਮੱਸਿਆ ਦੇ ਵਿਸ਼ਲੇਸ਼ਣ ਵਿਚ ਜ਼ਰੂਰੀ ਤੱਤ ਇਹ ਜਾਪਦੇ ਹਨ :

(ੳ) ਧਰਮ ਜੀਵਨ ਦੀ ਬੁਨਿਆਦੀ ਅਸਲੀਅਤ ਹੈ। ਇਹ ਕਿਸੇ ਹਾਲਤ ਵਿਚ ਵੀ ਜੀਵਨ ਤੋਂ ਵੱਖ ਨਹੀਂ ਕੀਤਾ ਜਾ ਸਕਦਾ। ਜੀਵਨ-ਜਾਚ ਹੀ ਧਰਮ ਹੈ, ਤੇ ਜਿੰਨੇ ਤੀਕ ਜੀਵਨ ਹੈ, ਉਨੇ ਤੀਕ ਹਰ ਵਿਅਕਤੀ ਦਾ ਕੋਈ ਨਾ ਕੋਈ ਆਸਤਕ ਨਾਸਤਕ ਧਰਮ ਵੀ ਅਵੱਸ਼ ਰਹੇਗਾ। ਸਹੀ ਧਰਮਾਂ ਨੇ (ਤੇ ਸਾਰੇ ਸਮੂਹੀ ਧਰਮ ਸਹੀ ਹਨ) ਮਨੁੱਖ ਨੂੰ ਆਦਰਸ਼ਕ ਜੀਵਨ ਜੀਉਣ ਦੀ ਪ੍ਰੇਰਨਾ ਦਿੱਤੀ ਹੈ। ਪਰ ਵਿਅਕਤੀਗਤ ਧਰਮ ਮਨੁੱਖ ਵਿਚ ਆਪ-ਹੁਦਰਾਪਨ ਪੈਦਾ ਕਰਦਾ ਹੈ ਤੇ ਉਸ ਨੂੰ ਕਈ ਵਾਰੀ ਗ਼ਲਤ ਕੀਮਤਾਂ ਦਾ ਧਾਰਨੀ ਬਣਾ ਦਿੰਦਾ ਹੈ। ਇਸ ਲਈ ਧਰਮ ਦੀ ਮਹਾਨਤਾ ਤੋਂ ਮੁੱਖ ਮੋੜਨਾ ਹਾਨੀਕਾਰਕ ਅਣਗਹਿਲੀ ਹੈ। ਇਸ ਦੀ ਅਸਲੀਅਤ ਤੇ ਇਸ ਦੀ ਮਹਾਨਤਾ ਨੂੰ ਸਵੀਕਾਰ ਕਰਨਾ ਹੀ ਜੀਵਨ ਵਿਚ ਯਥਾਰਥਵਾਦੀ ਦ੍ਰਿਸ਼ਟੀ ਦਾ ਸੂਚਕ ਹੈ। ਦੂਜੇ, ਇਹ ਪ੍ਰਚਾਰ ਵੀ ਹਾਨੀਕਾਰਕ ਹੈ ਕਿ ਧਰਮ ਹਰ ਵਿਅਕਤੀ ਦੀ ਜ਼ਾਤੀ ਚੀਜ਼ ਹੈ।

ਧਰਮ ਵਿਅਕਤੀਗਤ ਚੀਜ਼ ਨਹੀਂ ਹੈ, ਇਸ ਦੀਆਂ ਪ੍ਰਵਾਨ ਕੀਤੀਆਂ ਜੀਵਨ-ਕੀਮਤਾਂ ਵਿਅਕਤੀਗਤ ਨਹੀਂ ਹਨ। ਧਰਮ ਸਮੂਹਕ ਹੈ ਤੇ ਸਮਾਜਕ ਉੱਨਤੀ ਵਾਸਤੇ ਹੈ, ਇਸ ਦੀਆਂ ਕੀਮਤਾਂ ਸਮੂਹਕ ਤੇ ਸਮਾਜਕ ਹਿਤਾਂ ਦੀ ਰਾਖੀ ਕਰਨ ਲਈ ਹਨ। ਇਸ ਲਈ ਇਹ ਪ੍ਰਚਾਰ ਦੇਸ਼ ਨਾਲ ਧ੍ਰੋਹ ਹੈ ਕਿ ਧਰਮ ਹਰ ਪੁਰਸ਼ ਦੀ ਜ਼ਾਤੀ ਚੀਜ਼ ਹੈ, ਸਗੋਂ ਜ਼ੋਰ ਤੇ ਇਸ ਗੱਲ 'ਤੇ ਚਾਹੀਦਾ ਹੈ ਕਿ ਸਾਰੇ ਸੰਸਾਰ ਦਾ ਇਕ ਸਰਬ-ਸਾਂਝਾ ਧਰਮ ਹੈ ਜਿਸ ਦੀਆਂ ਕੀਮਤਾਂ ਤੋਂ ਕਿਸੇ ਵਿਅਕਤੀ ਨੂੰ, ਕਰਤੱਵ ਵਿਚ ਨਿਭਾਣ ਵੇਲੇ ਅਵੇਸਲਾ ਨਹੀਂ ਹੋਣਾ ਚਾਹੀਦਾ।

(ਅ) ਦੂਜੀ ਜ਼ਰੂਰੀ ਗੱਲ ਇਹ ਹੈ ਕਿ ਧਰਮ ਜਿਥੇ ਇਕ ਬੜਾ ਲਾਭਦਾਇਕ ਹਥਿਆਰ ਹੈ, ਉਥੇ ਇਸ ਦੀ ਗ਼ਲਤ ਵਰਤੋਂ ਮਨੁੱਖਤਾ ਦੇ ਨਾਸ਼ ਦਾ ਕਾਰਨ ਵੀ ਬਣ ਸਕਦੀ ਹੈ। ਇਹ ਗੱਲ ਤਦ ਹੁੰਦੀ ਹੈ ਜਦੋਂ ਸਰਬ-ਸਾਂਝਾ ਧਰਮ ਭੁੱਲ ਜਾਂਦਾ ਹੈ ਤੇ ਧਾਰਮਕ ਜਥੇਬੰਦੀਆਂ ਜੀਵਨ ਦੇ ਸਾਧਨ ਦੀ ਥਾਂ ਮੰਤਵ ਦਾ ਰੂਪ ਧਾਰਨ ਕਰ ਲੈਂਦੀਆਂ ਹਨ। ਗੁਰੂ ਨਾਨਕ ਸਾਹਿਬ ਅਨੁਸਾਰ 'ਧਾਰਮਕ ਨਿਮਰਤਾ' ਜਿੰਨੀ ਸੁਖਾਵੀਂ ਵਸਤੂ ਕੋਈ ਨਹੀਂ ਤੇ 'ਧਾਰਮਕ ਹਉਮੈ' ਵਰਗੀ ਦੁਖਦਾਇਕ ਵਸਤੂ ਕੋਈ ਨਹੀਂ। 'ਧਾਰਮਕ ਨਿਮਰਤਾ' ਦਾ ਭਾਵ ਇਹ ਹੈ ਕਿ ਹਰ ਇਕ ਨੂੰ ਆਪਣਾ ਧਰਮ ਮੁਬਾਰਕ ਹੈ ਤੇ ਸਾਰੇ ਧਰਮ ਸਤਿਕਾਰਯੋਗ ਹਨ ਤੇ 'ਧਾਰਮਕ ਹਉਮੈ' ਦਾ ਭਾਵ ਹੈ ਕਿ ਮੇਰਾ ਧਰਮ ਹੀ ਕਲਿਆਣ ਦਾ ਸਹੀ ਮਾਰਗ ਹੈ ਤੇ ਬਾਕੀ ਸਾਰੇ ਧਰਮ 'ਭੁਲੜ ਧਰਮ' ਹਨ। ਜਿਸ ਕੌਮ ਦੇ ਜੀਵਨ ਵਿਚੋਂ 'ਧਾਰਮਕ ਸਹਿਵਾਸ' ਦੀ ਇਹ ਚੂਲ ਖਿਸਕ ਜਾਂਦੀ ਹੈ, ਉਥੋਂ ਦੀਆਂ ਰਾਜਸੀ ਪਾਰਟੀਆਂ ਵੀ ਇਵੇਂ ਹੀ ਸੋਚਦੀਆਂ ਹਨ ਕਿਉਂਕਿ ਰਾਜਸੀ ਪਾਰਟੀਆਂ ਵਿਚ ਵੀ ਲੋਕ ਤਾਂ ਉਹ ਹੀ ਹਨ ਜਿਨ੍ਹਾਂ ਦਾ ਕੋਈ ਨਾ ਕੋਈ ਧਰਮ ਵੀ ਹੈ।

(ੲ) ਪਰ ਜਦੋਂ ਧਰਮ ਜਾਂ ਧਾਰਮਕ ਸੰਸਥਾਵਾਂ ਕੌਮੀ ਸੰਕਟ ਤੇ ਦੁਖ ਦਾ ਕਾਰਨ ਵੀ ਬਣ ਜਾਣ, ਉਦੋਂ ਵੀ ਇਹ ਸੋਚਣਾ ਕਿ ਧਰਮ ਨੂੰ ਜੀਵਨ ਵਿਚੋਂ ਕੱਢ ਦਿੱਤਾ ਜਾਏ ਤਾਂ ਜੀਵਨ ਸੁਖੀ ਹੋ ਸਕਦਾ ਹੈ, ਭੁੱਲ ਹੈ,ਧਰਮ ਜੀਵਨ ਵਿਚੋਂ ਕੱਢਿਆ ਹੀ ਨਹੀਂ ਜਾ ਸਕਦਾ, ਕੱਢ ਕਿਵੇਂ ਦਿਤਾ ਜਾਏ ?

ਤਾਂ ਤੇ ਇਲਾਜ ਇਹੋ ਹੀ ਹੈ ਕਿ ਧਾਰਮਕ ਸਹਿਵਾਸ ਦੀ ਜਾਚ ਸਿਖੀ ਜਾਏ। ਗੁਰੂ ਨਾਨਕ ਸਾਹਿਬ ਨੇ ਇਹ ਜਾਚ ਸਿਖਾਈ ਹੈ ਤੇ ਉਹ ਜਾਚ ਅੱਜ ਵੀ ਸਾਡੇ ਲਈ ਲਾਭਦਾਇਕ ਹੈ। ਤੇ ਉਹ ਜਾਚ ਹੀ ਹੁਣ ਵੀ ਭਾਰਤੀ ਜੀਵਨ-ਸਮੱਸਿਆ ਦਾ ਹੱਲ ਹੈ।

## ੨. ਭਾਰਤੀ ਜੀਵਨ ਦੀ ਸਮੱਸਿਆ ਦਾ ਹੱਲ

ਗੁਰੂ ਨਾਨਕ ਸਾਹਿਬ ਨੇ ਧਾਰਮਕ ਸਮੱਸਿਆ ਦਾ ਜੋ ਹੱਲ ਦੱਸਿਆ, ਉਸ ਦੇ ਤਿੰਨ ਅੰਗ ਹਨ:

(੧) ਹਰ ਵਿਅਕਤੀ ਲਈ ਆਪਣੇ ਧਰਮ ਪੁਸਤਕਾਂ ਤੋਂ ਛੁਟ ਹੋਰ ਧਰਮਾਂ ਦਾ ਅਧਿਐਨ ਬੜਾ ਜ਼ਰੂਰੀ ਹੈ।

(੨) ਸਾਰੇ ਧਰਮਾਂ ਦੇ ਸਾਂਝੇ ਤੱਤਾਂ ਨੂੰ ਲੱਭਣਾ ਜ਼ਰੂਰੀ ਹੈ।

(੩) ਉਹਨਾਂ ਸਾਂਝੇ ਤੱਤਾਂ ਦੇ ਸਾਂਝੇ ਆਧਾਰ ਦਾ ਸਹੀ ਰੂਪ ਸਮਝਣਾ ਜ਼ਰੂਰੀ ਹੈ। ਗੁਰੂ ਸਾਹਿਬ ਦੇ ਦੱਸੇ ਹੱਲ ਨੂੰ ਕੁਝ ਵਿਸਥਾਰ ਨਾਲ ਸਮਝਣ ਦੀ ਲੋੜ ਹੈ:

ਦੂਜੇ ਧਰਮਾਂ ਦੀ ਅਸਲੀਅਤ ਦਾ ਅਗਿਆਨ ਹੀ ਸਾਡੇ ਮਨ ਵਿਚ ਉਨ੍ਹਾਂ ਦਾ ਸਤਿਕਾਰ ਕਾਇਮ ਨਹੀਂ ਹੋਣ ਦਿੰਦਾ। ਦੂਜੀਆਂ ਸੰਪ੍ਰਦਾਵਾਂ ਦੀ ਬਾਣੀ ਦਾ ਗਿਆਨ ਨਾ ਹੋਣਾ, ਸਾਡੇ ਮਨ ਵਿਚ ਉਨ੍ਹਾਂ ਲਈ ਅਸਤਿਕਾਰ ਦੀ ਭਾਵਨਾ ਪੈਦਾ ਕਰ ਦਿੰਦਾ ਹੈ।

ਗੁਰੂ ਨਾਨਕ ਸਾਹਿਬ ਨੇ ਇਕ ਸੰਜੋਗਾਤਮਕ (Synthetic) ਧਰਮ ਗ੍ਰੰਥ ਦਾ ਵਿਚਾਰ ਸੰਸਾਰ ਨੂੰ ਦਿੱਤਾ। ਆਪ ਨੇ ਇਸ ਮੰਤਵ ਸਿੱਧੀ ਲਈ ਦੋ ਗੱਲਾਂ ਦਾ ਧਿਆਨ ਰੱਖਿਆ।

ਪਹਿਲੀ ਇਹ ਹੈ ਕਿ ਆਪਣੇ ਧਰਮ ਵਿਚ ਪੱਖਪਾਤ ਤੇ ਸੰਪ੍ਰਦਾਈ ਰੁਚੀਆਂ ਨੂੰ ਦਾਖ਼ਲ ਨਹੀਂ ਹੋਣ ਦਿੱਤਾ। ਇਹ ਇਸ ਤਰ੍ਹਾਂ ਹੋਇਆ ਕਿ ਆਪ ਨੇ ਕਿਸੇ ਸ਼ਰ੍ਹਾ ਦਾ ਪ੍ਰਚਾਰ ਨਹੀਂ ਕੀਤਾ। ਸਗੋਂ ਸਰਬ ਪ੍ਰਵਾਣਿਤ ਅਸੂਲਾਂ ਦਾ ਹੀ ਪ੍ਰਚਾਰ ਕੀਤਾ, ਜਿਸ ਨੂੰ ਸੱਚ ਕਹਿੰਦੇ ਹਨ। ਸਾਰੇ ਗੁਰੂ ਗ੍ਰੰਥ ਸਾਹਿਬ ਵਿਚ ਇਕ ਸਤਰ ਵੀ ਕਿਸੇ ਭੇਖ ਦੇ ਧਾਰਨ ਲਈ ਨਹੀਂ ਹੈ ਤੇ ਕਿਸੇ ਸ਼ਰ੍ਹਾ ਦੀ ਪ੍ਰੋੜ੍ਹਤਾ ਵਿਚ ਨਹੀਂ ਹੈ। ਕੋਈ ਵੀ ਸਤਰ ਗੁਰੂ ਗ੍ਰੰਥ ਸਾਹਿਬ ਵਿਚੋਂ ਕਿਸੇ ਧਰਮ ਦੇ ਅਨੁਸਾਰੀ ਦਾ ਦਿਲ ਨਹੀਂ ਦੁਖਾ ਸਕਦੀ, ਭੇਖ ਦਾ ਖੰਡਨ ਹੈ, ਪਰ ਕਿਸੇ ਵਿਸ਼ੇਸ਼ ਸ਼ਰ੍ਹਾ 'ਤੇ ਹਮਲਾ ਨਹੀਂ ਹੈ।

ਦੂਜੀ ਗੱਲ ਆਪ ਨੇ ਇਹ ਕੀਤੀ ਕਿ ਆਪ ਹੋਰ ਧਰਮਾਂ ਦੇ ਮਹਾਂ ਪੁਰਸ਼ਾਂ ਦੀ ਬਾਣੀ ਪੜ੍ਹਦੇ ਤੇ ਸਦਾ ਲਈ ਸਿੱਖਾਂ ਨੂੰ ਸੁਤੇ-ਸਿਧ ਤਾਕੀਦ ਹੋ ਗਈ ਕਿ ਉਹ ਵੀ ਹੋਰ ਮਹਾਂ ਪੁਰਸ਼ਾਂ ਦੇ ਵਿਚਾਰ ਪੜ੍ਹਨ। ਸੰਸਾਰ ਵਿਚ ਇਹ ਅਨੋਖਾ ਹੀ ਤਜਰਬਾ ਹੈ—ਸੰਸਾਰ ਦੇ ਧਰਮ-ਇਤਿਹਾਸ ਵਿਚ ਇਸ ਦੀ ਕੋਈ ਮਿਸਾਲ ਨਹੀਂ ਹੈ ਕਿ ਸਾਰੇ ਸਿਖ ਸਵੇਰੇ ਉਠਦੇ ਹਨ ਤੇ ਹਿੰਦੁਸਤਾਨ ਭਰ ਦੇ ਸਾਰੇ ਮਹਾਂ ਪੁਰਸ਼ਾਂ ਨੂੰ ਮੱਥਾ ਟੇਕਦੇ ਹਨ। ਗੁਰੂ ਗ੍ਰੰਥ ਸਾਹਿਬ ਵਿਚ ਉਨ੍ਹਾਂ ਦੀ ਬਾਣੀ ਸ਼ਾਮਲ ਹੈ ਤੇ ਸਿਖ ਜਿਥੇ ਆਪਣੇ ਗੁਰੂਆਂ ਦਾ ਸਤਿਕਾਰ ਕਰਦੇ ਹਨ, ਉਥੇ ਉਹ ਫ਼ਰੀਦ (ਮੁਸਲਮਾਨ), ਰਾਮਾਨੰਦ ਤੇ ਜੈ ਦੇਵ (ਬ੍ਰਾਹਮਣ) ਦਾ ਸਤਿਕਾਰ ਕਰਦੇ ਹਨ ਤੇ ਕਬੀਰ, ਰਵਿਦਾਸ ਤੇ ਨਾਮਦੇਵ (ਅਛੂਤ ਜਾਤ) ਦਾ ਸਤਿਕਾਰ ਵੀ ਕਰਦੇ ਹਨ।

ਸਾਰੇ ਹਿੰਦੁਸਤਾਨ ਦੇ ਹਰ ਸੂਬੇ ਤੇ ਹਰ ਫ਼ਿਰਕੇ ਦੇ ਪ੍ਰਤੀਨਿਧ ਜੇ ਇਕ ਥਾਂ ਇਕੱਠੇ ਹੋਣ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਾਰਾ ਪਾਠ ਕੀਤਾ ਜਾਏ, ਹਰ ਫ਼ਿਰਕੇ ਨੂੰ ਇਸ ਵਿਚ ਅਪਣੱਤ ਦਿਸ ਪਵੇਗੀ। ਹਰ ਰਾਗ ਵਿਚ ਜਿਥੇ ਸਿਖ ਗੁਰੂ ਸਾਹਿਬਾਨ ਦੀ ਬਾਣੀ ਪੜ੍ਹੀ ਜਾਏਗੀ ਉਥੇ ਨਾਲ ਹੀ ਫ਼ਰੀਦ ਜੀ ਦੀ ਪੜ੍ਹੀ ਜਾਏਗੀ ਤੇ ਕੋਈ ਮੁਸਲਮਾਨ ਅਸ਼ਾਂਤ ਕਿਉਂ ਹੋਵੇਗਾ। ਜੇ ਫ਼ਰੀਦ ਜੀ ਦੀ ਪੜ੍ਹੀ ਜਾਏਗੀ, ਤਾਂ ਕਬੀਰ ਜੀ ਦੀ ਵੀ ਪੜ੍ਹੀ ਜਾਏਗੀ ਤੇ ਕੋਈ ਵੀ ਯੂ.ਪੀ. ਦਾ ਵਾਸੀ ਸੰਤੁਸ਼ਟ ਹੋਵੇਗਾ ਤੇ ਜਿਥੇ ਕਬੀਰ ਜੀ ਦੀ ਪੜ੍ਹੀ ਜਾਏਗੀ ਨਾਲ ਹੀ ਨਾਮਦੇਵ ਜੀ ਦੀ ਪੜ੍ਹੀ ਜਾਏਗੀ ਤੇ ਕਿਸੇ ਵੀ ਮਹਾਂਰਾਸ਼ਟਰ ਦੇ ਵਾਸੀ ਨੂੰ ਖ਼ੁਸ਼ੀ ਹੋਵੇਗੀ ਤੇ ਇਸ ਤਰ੍ਹਾਂ ਬੰਗਾਲ, ਸਿੰਧ ਤੇ ਹੋਰ ਪ੍ਰਦੇਸਾਂ ਦੇ ਮਹਾਂ ਪੁਰਸ਼ਾਂ ਦੀ ਬਾਣੀ ਪੜ੍ਹੀ ਜਾਏਗੀ ਤੇ ਕੀ ਸਾਰੇ ਪ੍ਰਦੇਸ਼ਾਂ ਦੇ ਲੋਕਾਂ ਵਿਚ ਸਿੱਖਾਂ ਨਾਲ ਪਿਆਰ ਨਾ ਉਪਜੇਗਾ ? ਤੇ ਕੀ ਸਿੱਖਾਂ ਵਿਚ ਇਨ੍ਹਾਂ ਪ੍ਰਦੇਸ਼ਾਂ ਦੇ ਲੋਕਾਂ ਨਾਲ ਪਿਆਰ ਨਹੀਂ ਉਪਜੇਗਾ ? ਗੁਰੂ ਨਾਨਕ ਸਾਹਿਬ ਦਾ ਇਹ ਸੰਜੋਗਾਤਮਕ ਧਰਮ ਗ੍ਰੰਥ ਦਾ ਤਜਰਬਾ ਕਮਾਲ ਹੈ। ਭਾਰਤ ਦੇ ਸਾਰੇ ਲੋਕਾਂ ਵਿਚੋਂ ਇਸੇ ਲਈ ਕੇਵਲ ਸਿਖ

ਹੀ ਸਭ ਤੋਂ ਘੱਟ ਫ਼ਿਰਕੂ ਜਾਂ ਫ਼ਿਰਕਾ-ਪ੍ਰਸਤ ਹੋ ਸਕਦੇ ਹਨ, ਤੇ ਹਨ।

ਦਰਬਾਰ ਸਾਹਿਬ ਵਿਚ ਕੀਰਤਨ ਹੋ ਰਿਹਾ ਹੋਵੇ। ਜਦੋਂ ਇਹ ਸ਼ਬਦ ਪੜ੍ਹਿਆ ਜਾ ਰਿਹਾ ਹੋਵੇ:

**ਬੋਲੈ ਸੇਖ ਫਰੀਦੁ ਪਿਆਰੇ ਅਲਹ ਲਗੇ ॥**
**ਇਹੁ ਤਨੁ ਹੋਸੀ ਖਾਕ ਨਿਮਾਣੀ ਗੋਰ ਘਰੇ ॥੧॥** *(ਆਸਾ ਫ਼ਰੀਦ, ਪੰਨਾ ੪੮੮)*

ਜਾਂ ਇਹ ਤੁਕ ਪੜ੍ਹੀ ਜਾ ਰਹੀ ਹੋਵੇ:

**ਤੇਰੀ ਪਨਹ ਖੁਦਾਇ ਤੂ ਬਖਸੰਦਗੀ ॥**
**ਸੇਖ ਫਰੀਦੈ ਖੈਰੁ ਦੀਜੈ ਬੰਦਗੀ ॥੪॥੧॥** *(ਆਸਾ ਫ਼ਰੀਦ, ਪੰਨਾ ੪੮੮)*

ਤਾਂ ਕਿਸ ਮੁਸਲਮਾਨ ਦੇ ਹਿਰਦੇ ਵਿਚ ਸਿੱਖਾਂ ਲਈ ਸਤਿਕਾਰ ਨਹੀਂ ਪੈਦਾ ਹੋਵੇਗਾ ਤੇ ਸਿਖ ਤਾਂ ਫ਼ਰੀਦ ਜੀ ਦਾ ਨਿਰਾਦਰ ਕਰ ਹੀ ਨਹੀਂ ਸਕਦਾ।

ਜਾਂ ਨਾਮਦੇਵ ਜੀ ਦੀ ਇਹ ਸਤਰ ਗਾਈ ਜਾ ਰਹੀ ਹੋਵੇ:

**ਈਭੈ ਬੀਠਲੁ ਊਭੈ ਬੀਠਲੁ, ਬੀਠਲ ਬਿਨੁ ਸੰਸਾਰੁ ਨਹੀ ॥**
**ਥਾਨ ਥਨੰਤਰਿ ਨਾਮਾ ਪ੍ਰਣਵੈ, ਪੂਰਿ ਰਹਿਓ ਤੂੰ ਸਰਬ ਮਹੀ ॥੪॥੨॥**
*(ਆਸਾ ਨਾਮਦੇਵ, ਪੰਨਾ ੪੮੫)*

ਤਾਂ ਹਰ ਮਹਾਂਰਾਸ਼ਟਰੀ ਦੇ ਮਨ ਵਿਚ ਖ਼ੁਸ਼ੀ ਹੋਵੇਗੀ ਤੇ ਉਹ ਸਿੱਖਾਂ ਦੇ ਨੇੜੇ ਹੋਵੇਗਾ ਤੇ ਸਮੁੱਚੇ ਗੁਰੂ ਗ੍ਰੰਥ ਸਾਹਿਬ ਲਈ ਉਸ ਦੇ ਹਿਰਦੇ ਵਿਚ ਸਤਿਕਾਰ ਜਾਗੇਗਾ।

ਗੁਰੂ ਨਾਨਕ ਸਾਹਿਬ ਨੇ ਹੋਰ ਸੰਜੋਗਾਤਮਕ ਤੇ ਸਭਿਆਚਾਰਕ ਸਾਧਨ ਵੀ ਵਰਤੇ ਹਨ। ਜਿਵੇਂ ਸਾਰੇ ਭਾਰਤੀ ਪ੍ਰਦੇਸ਼ਾਂ ਦੇ ਰਾਗਾਂ ਨੂੰ ਗਾਇਨ ਕਰਨਾ, ਸਾਰੀਆਂ ਭਾਰਤੀ (ਸਣੇ ਫ਼ਾਰਸੀ ਦੇ) ਬੋਲੀਆਂ ਦੀ ਸ਼ਬਦਾਵਲੀ ਦੀ ਵਰਤੋਂ ਕਰਨੀ ਆਦਿ ਤੇ ਇਹਨਾਂ ਸੰਜੋਗਾਤਮਕ, ਧਾਰਮਕ ਤੇ ਸਭਿਆਚਾਰਕ ਸਾਧਨਾਂ ਰਾਹੀਂ ਹੀ ਭਾਰਤ ਦੀ ਧਾਰਮਕ ਸਮੱਸਿਆ ਦਾ ਹੱਲ ਹੋ ਸਕਦਾ ਹੈ।

(੨)

ਭਾਰਤੀ ਤੇ ਗ਼ੈਰ-ਭਾਰਤੀ ਸਾਰੇ ਧਰਮਾਂ ਵਿਚ ਗੁਰੂ ਨਾਨਕ ਸਾਹਿਬ ਨੇ ਬੁਨਿਆਦੀ ਆਦਰਸ਼ਕ ਕੀਮਤਾਂ ਦੀ ਹੋਂਦ ਨੂੰ ਮੰਨਿਆ ਹੈ ਜਾਂ ਦ੍ਰਿੜ੍ਹ ਕਰਾਣ ਦਾ ਯਤਨ ਕੀਤਾ ਹੈ। ਆਪ ਤਬਲੀਗ ਜਾਂ ਸ਼ੁੱਧੀ ਵਿਚ ਵਿਸ਼ਵਾਸ ਨਹੀਂ ਸਨ ਰਖਦੇ। ਕਿਸੇ ਮੁਸਲਮਾਨ ਨੂੰ ਕਦੇ ਇਹ ਪ੍ਰੇਰਨਾ ਨਹੀਂ ਦਿੱਤੀ ਕਿ ਉਹ ਆਪ ਨੂੰ ਗੁਰੂ ਮੰਨ ਲਏ ਤੇ ਸਿਖ ਸਜ ਜਾਏ। ਮੁਸਲਮਾਨ ਬਣਨ ਦੀ ਪ੍ਰੇਰਨਾ ਦਿੱਤੀ ਹੈ, ਜਿਵੇਂ:

**ਮਿਹਰ ਮਸੀਤਿ, ਸਿਦਕੁ ਮੁਸਲਾ, ਹਕੁ ਹਲਾਲੁ ਕੁਰਾਣੁ ॥**
**ਸਰਮ ਸੁੰਨਤਿ, ਸੀਲੁ ਰੋਜਾ, ਹੋਹੁ ਮੁਸਲਮਾਣੁ ॥**
**ਕਰਣੀ ਕਾਬਾ, ਸਚੁ ਪੀਰੁ ਕਲਮਾ ਕਰਮ ਨਿਵਾਜ ॥**
**ਤਸਬੀ ਸਾ ਤਿਸੁ ਭਾਵਸੀ, ਨਾਨਕ ਰਖੈ ਲਾਜ ॥੧॥**
*(ਵਾਰ ਮਾਝ ਮ: ੧, ਪੰਨਾ ੧੪੦)*

ਆਪ ਨੇ ਕਿਸੇ ਯੋਗੀ ਜਾਂ ਸੰਨਿਆਸੀ ਨੂੰ ਸਿਖ ਬਣ ਜਾਣ ਲਈ ਨਹੀਂ ਕਿਹਾ, ਸਗੋਂ ਉਸ ਨੂੰ ਇਕ ਸੱਚਾ ਯੋਗੀ ਬਣਨ ਲਈ ਹੀ ਪ੍ਰੇਰਿਆ ਹੈ, ਜਿਵੇਂ :

ਮੁੰਦਾ ਸੰਤੋਖੁ ਸਰਮੁ ਪਤੁ ਝੋਲੀ ਧਿਆਨ ਕੀ ਕਰਹਿ ਬਿਭੂਤਿ ॥
ਖਿੰਥਾ ਕਾਲੁ ਕੁਆਰੀ ਕਾਇਆ ਜੁਗਤਿ ਡੰਡਾ ਪਰਤੀਤਿ ॥
ਆਈ ਪੰਥੀ ਸਗਲ ਜਮਾਤੀ ਮਨਿ ਜੀਤੈ ਜਗੁ ਜੀਤੁ ॥ *(ਜਪੁ, ਪੰਨਾ ੬)*

ਤੇ ਹਰ ਹਿੰਦੂ ਨੂੰ ਸੱਚਾ ਜਨੇਊ ਪਾਉਣ ਦੀ ਪ੍ਰੇਰਨਾ ਦਿੱਤੀ ਹੈ ਪਰ ਸਿਖ ਬਣਨ ਲਈ ਨਹੀਂ ਕਿਹਾ, ਜਿਵੇਂ :

ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ ॥
ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ ॥ *(ਵਾਰ ਆਸਾ ਮ: ੧, ਪੰਨਾ ੪੭੧)*

ਤੇ ਹਰ ਧੰਦਾ ਕਰਨ ਵਾਲੇ ਨੂੰ ਇਹ ਹੀ ਕਿਹਾ :

ਮਨੁ ਹਾਲੀ ਕਿਰਸਾਣੀ ਕਰਣੀ ਸਰਮੁ ਪਾਣੀ ਤਨੁ ਖੇਤੁ ॥
ਨਾਮੁ ਬੀਜੁ ਸੰਤੋਖੁ ਸੁਹਾਗਾ ਰਖੁ ਗਰੀਬੀ ਵੇਸੁ ॥
ਭਾਉ ਕਰਮ ਕਰਿ ਜੰਮਸੀ ਸੇ ਘਰ ਭਾਗਠ ਦੇਖੁ ॥੧॥
ਬਾਬਾ ਮਾਇਆ ਸਾਥਿ ਨ ਹੋਇ ॥
ਇਨਿ ਮਾਇਆ ਜਗੁ ਮੋਹਿਆ ਵਿਰਲਾ ਬੂਝੈ ਕੋਇ ॥ਰਹਾਉ॥
ਹਾਣੁ ਹਟੁ ਕਰਿ ਆਰਜਾ ਸਚੁ ਨਾਮੁ ਕਰਿ ਵਥੁ ॥
ਸੁਰਤਿ ਸੋਚ ਕਰਿ ਭਾਂਡਸਾਲ ਤਿਸੁ ਵਿਚਿ ਤਿਸ ਨੋ ਰਖੁ ॥
ਵਣਜਾਰਿਆ ਸਿਉ ਵਣਜੁ ਕਰਿ ਲੈ ਲਾਹਾ ਮਨ ਹਸੁ ॥੨॥
ਸੁਣਿ ਸਾਸਤ ਸਉਦਾਗਰੀ ਸਤੁ ਘੋੜੇ ਲੈ ਚਲੁ ॥
ਖਰਚੁ ਬੰਨੁ ਚੰਗਿਆਈਆ ਮਤੁ ਮਨ ਜਾਣਹਿ ਕਲੁ ॥
ਨਿਰੰਕਾਰ ਕੈ ਦੇਸਿ ਜਾਹਿ ਤਾ ਸੁਖਿ ਲਹਹਿ ਮਹਲੁ ॥੩॥
ਲਾਇ ਚਿਤੁ ਕਰਿ ਚਾਕਰੀ ਮੰਨਿ ਨਾਮੁ ਕਰਿ ਕੰਮੁ ॥
ਬੰਨੁ ਬਦੀਆ ਕਰਿ ਧਾਵਣੀ ਤਾ ਕੋ ਆਖੈ ਧੰਨੁ ॥
ਨਾਨਕ ਵੇਖੈ ਨਦਰਿ ਕਰਿ ਚੜੈ ਚਵਗਣ ਵੰਨੁ ॥੪॥੨॥
*(ਸੋਰਠਿ ਮ: ੧, ਪੰਨਾ ੫੯੫-੯੬)*

ਸੋ ਗੁਰੂ ਨਾਨਕ ਸਾਹਿਬ ਨੇ ਭਾਰਤੀ ਧਾਰਮਕ ਸੰਪ੍ਰਦਾਵਾਂ ਦਾ ਜੋ ਹੱਲ ਦੱਸਿਆ, ਉਹ ਇਹ ਹੈ ਕਿ ਤਬਲੀਗ਼, ਸ਼ੁੱਧੀ ਤੇ Conversions ਨਾ ਹੋਣ। ਇਹ ਦੂਜੇ ਧਰਮਾਂ ਦਾ ਨਿਰਾਦਰ ਹੈ ਕਿ ਤੁਹਾਡਾ ਧਰਮ ਵੱਧ ਕਲਿਆਣਕਾਰੀ ਹੈ ਤੇ ਦੂਜੇ ਧਰਮ ਨਹੀਂ। ਇਹ ਸ਼ੁੱਧੀ ਧਾਰਮਕ ਖਿੱਚੋਤਾਣ ਦਾ ਕਾਰਨ ਹੈ। ਹਰ ਧਰਮ ਦੇ ਅਨੁਯਾਈ ਨੂੰ ਉਸਦੇ ਧਰਮ ਵਿਚ ਦ੍ਰਿੜ੍ਹ ਰਹਿਣ ਦੀ ਪ੍ਰੇਰਨਾ ਦਿੱਤੀ ਜਾਏ। ਇਨਸਾਨੀ ਸਦਾਚਾਰ ਦੇ ਇਹ ਗੁਣ (ਸਤ, ਸੰਤੋਖ, ਦਇਆ) ਜਿਨ੍ਹਾਂ ਵੱਲ ਸੰਕੇਤ ਉੱਪਰ-ਦਿੱਤੇ ਗੁਰਵਾਕਾਂ ਵਿਚ ਕੀਤਾ ਹੈ, ਹੀ ਸਰਬ-ਸਾਂਝੇ ਧਰਮ ਦੇ ਮੁੱਖ ਨਿਯਮ ਹਨ। ਇਹ ਧਰਮ ਹੀ ਦ੍ਰਿੜ੍ਹ ਕਰਨਾ ਕਰਾਣਾ ਚਾਹੀਦਾ ਹੈ ਤੇ ਡਰ ਜਾਂ ਲਾਲਚ ਅਧੀਨ ਕੋਈ ਧਰਮ ਤਬਦੀਲੀ ਨਹੀਂ ਹੋਣੀ ਚਾਹੀਦੀ।

ਗੁਰੂ ਨਾਨਕ ਸਾਹਿਬ ਦਾ ਵਿਚਾਰ ਸੀ ਕਿ ਸਦਾਚਾਰ ਕਿਸੇ ਹੋਰ ਵਿਸ਼ਵਾਸ ਆਸਰੇ ਹੀ ਕਾਇਮ ਰਹਿ ਸਕਦਾ ਹੈ ਤੇ ਉਹ ਪਰਮਾਤਮਾ ਦੀ ਹਸਤੀ ਦਾ ਵਿਸ਼ਵਾਸ ਹੈ। ਪਰ ਹਰ ਧਰਮ ਵਿਚ ਪਰਮਾਤਮਾ ਦੀ ਹਸਤੀ ਦੇ ਸਰੂਪ ਬਾਰੇ ਬੜਾ ਮੱਤਭੇਦ ਹੈ। ਗੁਰੂ ਨਾਨਕ ਸਾਹਿਬ ਨੇ ਕਿਹਾ ਕਿ ਪਰਮਾਤਮਾ ਦੀ ਹੋਂਦ ਦਾ ਵਿਸ਼ਵਾਸ ਜ਼ਰੂਰੀ ਹੈ, ਨਾ ਕਿ ਉਸ ਦੇ ਸਰੂਪ ਬਾਰੇ ਸਰਬ-ਸੰਮਤੀ ਦੀ ਲੋੜ ਹੈ। ਹਰ ਧਰਮ ਵਿਚ ਸਾਂਝੀ ਚੀਜ਼ ਮੌਜੂਦ ਹੈ। ਭਾਵ, ਹਰ ਧਰਮ ਵਿਚ ਪਰਮਾਤਮਾ ਦੀ ਹੋਂਦ ਦਾ ਵਿਸ਼ਵਾਸ ਮੌਜੂਦ ਹੈ, ਪਰਮਾਤਮਾ ਦੇ ਸਰੂਪ ਦੇ ਝਗੜੇ ਵਿਚ ਪੈਣ ਦੀ ਲੋੜ ਨਹੀਂ ਹੈ। ਪਰਮਾਤਮਾ ਦੀ ਹੋਂਦ ਦੇ ਵਿਸ਼ਵਾਸ ਨੂੰ ਆਪ ਨੇ 'ਨਾਮ' ਕਿਹਾ ਤੇ ਨਾਮ ਦੇ ਸਿਮਰਨ ਦੁਆਰਾ ਉਹ ਵਿਸ਼ਵਾਸ ਪੱਕਾ ਹੁੰਦਾ ਜਾਂਦਾ ਹੈ ਤੇ ਹੌਲੀ ਹੌਲੀ ਜੀਵਨ ਦੀ ਹਰ ਹਰਕਤ ਤੇ ਜ਼ਿੰਦਗੀ ਦੇ ਹਰ ਅਮਲ 'ਤੇ ਉਸ ਅਹਿਸਾਸ (ਪਰਮਾਤਮਾ ਦੀ ਹੋਂਦ ਦੇ ਵਿਸ਼ਵਾਸ) ਦੀ ਮੋਹਰ ਲੱਗਣੀ ਸ਼ੁਰੂ ਹੋ ਜਾਂਦੀ ਹੈ। Idea of God (ਨਾਮ) 'ਤੇ ਜ਼ੋਰ ਹੈ ਨਾ ਕਿ Form of God (ਪਰਮਾਤਮਾ) 'ਤੇ ਜ਼ੋਰ ਦਿੱਤਾ ਹੈ। ਸਗੋਂ ਗੁਰੂ ਨਾਨਕ ਦੇਵ ਜੀ ਨੇ ਜ਼ੋਰ ਦੇਣਾ ਸ਼ੁਰੂ ਕਰ ਦਿਤਾ ਕਿ ਉਹ ਨਿਰੰਕਾਰ ਹੈ।

ਪਰ ਫਿਰ ਇਕ ਝਗੜਾ ਬਾਕੀ ਰਹਿ ਗਿਆ ਕਿ ਨਾਮ ਤੇ ਹੋਇਆ ਪਰ ਉਹ 'ਨਾਮ' ਕੀ ਹੋਵੇ। 'ਨਾਮ' ਤੇ 'ਭਾਵ' ਜੋ ਇਸਲਾਮ ਵਿਚ ਹਨ, ਉਹ ਦੂਜੇ ਬਹੁਤੇ ਧਰਮਾਂ ਨੂੰ ਵੀ ਪਰਵਾਨ ਹਨ ਜਾਂ ਜੋ ਹਿੰਦੂ ਧਰਮ ਵਿਚ ਹਨ, ਉਹ ਹੀ ਹੋਰ ਧਰਮਾਂ ਨੂੰ ਬਿਨਾਂ ਝਿਜਕ ਦੇ ਪਰਵਾਨ ਹੋ ਸਕਦੇ ਹਨ, ਪਰ ਤਦ ਕੁਝ ਇਕ ਪਰਮਾਤਮਾ ਦੇ ਨਾਵਾਂ 'ਤੇ ਇਕ ਧਰਮ ਵਿਚ ਜ਼ੋਰ ਹੈ ਤੇ ਕੁਝ ਇਕ 'ਤੇ ਦੂਜੇ ਧਰਮਾਂ ਵਿਚ ਜ਼ੋਰ ਹੈ। ਪਰ ਇਕ ਨਾਮ ਗੁਰੂ ਨਾਨਕ ਸਾਹਿਬ ਨੇ ਤਜਵੀਜ਼ ਕੀਤਾ ਜਿਸ 'ਤੇ ਸੰਸਾਰ ਦੇ ਸਾਰੇ ਧਰਮਾਂ ਵਿਚ ਇਕੋ ਜਿੰਨਾ ਜ਼ੋਰ ਹੈ ਤੇ ਕੋਈ ਧਰਮ ਉਸ ਸਰਬ-ਸਾਂਝੇ 'ਨਾਮ' ਤੋਂ ਖੁਣਸ ਨਹੀਂ ਖਾ ਸਕਦਾ। ਉਹ ਸਰਬ-ਸਾਂਝਾ ਨਾਮ 'ਸਤਿ ਹੈ, ਸਚਾਈ; 'ਸਚਾਈ' ਜੋ ਤਿੰਨ ਕਾਲ ਇਕ-ਰਸ ਰਹਿੰਦੀ ਹੈ।

ਪਰਮਾਤਮਾ ਦੇ ਸਰੂਪ ਨਿਸਚਿਤ ਕਰਨ ਨਾਲੋਂ ਪਰਮਾਤਮਾ ਦੀ ਹੋਂਦ ਦਾ ਅਹਿਸਾਸ ਤੇ ਵਿਸ਼ਵਾਸ ਵਡੇਰੀ ਚੀਜ਼ ਹੈ, ਵਿਚਾਰ (Idea) ਨਾਸ਼ ਹੋਣ ਵਾਲੀ ਚੀਜ਼ ਨਹੀਂ। ਹਰ ਚੀਜ਼ ਦੀ ਵਿਅਕਤੀਗਤ ਹੋਂਦ ਨਾਲੋਂ ਉਸ ਦੀ ਮਹਾਨਤਾ ਦਾ ਵਿਸ਼ਵਾਸ ਤੇ ਵਿਚਾਰ ਜ਼ਰੂਰੀ ਹੈ। ਵਿਚਾਰ ਅਬਿਨਾਸ਼ੀ ਚੀਜ਼ ਹੈ ਪਰ ਵਿਅਕਤੀ ਅਬਿਨਾਸ਼ੀ ਨਹੀਂ ਹੈ। ਸੱਚੇ ਪੁਰਸ਼ ਦੀ ਸਰੀਰਕ ਹੋਂਦ ਨਾਲੋਂ 'ਸਚਾਈ' ਦਾ ਵਿਚਾਰ ਵੱਧ ਸਥਿਰ ਚੀਜ਼ ਹੈ। ਮੇਰਾ ਵਿਚਾਰ ਹੈ ਕਿ ਹੇਠਲੀਆਂ ਤੁਕਾਂ ਦਾ ਇਹੋ ਭਾਵ ਹੈ ਕਿ ਨਾਮ (Idea of God) ਪਰਮਾਤਮਾ (Form of God) ਨਾਲੋਂ ਉਚੇਰੀ ਚੀਜ਼ ਹੈ:

**ਵਡਾ ਸਾਹਿਬੁ ਊਚਾ ਥਾਉ ॥**
**ਊਚੇ ਉਪਰਿ ਊਚਾ ਨਾਉ ॥** *(ਜਪੁ, ਪੰਨਾ ੫)*

'ਪਰਮਾਤਮਾ' ਉੱਚਾ ਹੈ ਪਰ ਪਰਮਾਤਮਾ ਨਾਲੋਂ ਵੀ ਉੱਚਾ ਨਾਮ ਹੈ; ਤੇ:

**ਵਡਾ ਸਾਹਿਬੁ ਵਡੀ ਨਾਈ ॥** *(ਜਪੁ, ਪੰਨਾ ੫)*

ਤੇ—

**ਸਾਚਾ ਸਾਹਿਬੁ ਸਾਚੁ ਨਾਇ॥** *(ਜਪੁ, ਪੰਨਾ ੨)*

'ਨਾਮ' ਕਰਕੇ ਹੀ ਪਰਮਾਤਮਾ ਵੱਡਾ ਹੈ ਤੇ 'ਨਾਮ' ਹੀ ਉਸ ਦੀ ਮਹਾਨਤਾ ਹੈ।

ਸਾਰੇ ਭਗਤਾਂ ਨੂੰ ਕੇਵਲ ਨਾਮ ਉਤੇ ਸੰਤੋਖ ਕਰਨਾ ਪਿਆ। ਡਾ: ਬਲਬੀਰ ਸਿੰਘ ਨੇ ਪੁਸਤਕ *ਕਲਮ ਦੀ ਕਰਾਮਾਤ* ਵਿਚ 'ਮੂਸਾ' ਤੇ 'ਅਬੀਦਾ' ਆਦਿ ਦਾ ਵਰਣਨ ਕੀਤਾ ਹੈ ਜੋ ਇਹ ਜਾਣਨਾ ਚਾਹੁੰਦੇ ਸਨ ਕਿ 'ਨਾਮ' ਤੋਂ ਅੱਗੇ ਕੀ ਹੈ ? ਪਰ ਪਰਮਾਤਮਾ ਨੇ ਆਪ ਉਨ੍ਹਾਂ ਨੂੰ ਦੱਸਿਆ ਕਿ 'ਨਾਮ' ਨਾਲ ਹੀ ਸ਼ਾਂਤੀ ਕਰਨ। ਇਸ ਤੋਂ ਅੱਗੇ ਕੀ ਹੈ:

**ਸਾਲਾਹੀ ਸਾਲਾਹਿ ਏਤੀ ਸੁਰਤਿ ਨ ਪਾਈਆ॥**
**ਨਦੀਆ ਅਤੇ ਵਾਹ ਪਵਹਿ ਸਮੁੰਦਿ ਨਾ ਜਾਣੀਅਹਿ॥** *(ਜਪੁ, ਪੰਨਾ ੫)*

ਤੇ—

**ਏਵਡੁ ਊਚਾ ਹੋਵੈ ਕੋਇ॥ ਤਿਸੁ ਊਚੇ ਕਉ ਜਾਣੈ ਸੋਇ॥** *(ਜਪੁ, ਪੰਨਾ ੫)*

ਇਸ ਵਾਸਤੇ ਸਰਬ-ਸਾਂਝੀ ਚੀਜ਼ ਸਾਰੇ ਧਰਮਾਂ ਵਿਚ 'ਨਾਮ' ਹੈ, ਪਰਮਾਤਮਾ ਦੀ ਹੋਂਦ ਦਾ ਵਿਸ਼ਵਾਸ, ਤੇ ਸਰਬ-ਸਾਂਝੇ ਪਰਮਾਤਮਾ ਲਈ ਨਾਮ ਜਾਂ ਸੰਗਿਆ 'ਸਤਿ' ਹੈ।

ਗੁਰੂ ਗ੍ਰੰਥ ਸਾਹਿਬ ਵਿਚ ਅਨੇਕ ਨਾਮ ਹੋਰ ਵੀ ਦੱਸੇ ਹੋਏ ਹਨ ਤੇ ਉਹ ਵੀ ਬਹੁਤ ਕਰਕੇ ਸਾਂਝੇ ਹਨ ਤੇ 'ਕਰਮ ਨਾਮ' ਹਨ, ਕਿਉਂਕਿ ਪਰਮਾਤਮਾ ਦਾ ਕਰਤਾ ਹੋਣਾ ਵੀ, ਸਾਰੇ ਧਰਮਾਂ ਨੇ ਮੰਨਿਆ ਹੋਇਆ ਹੈ। ਕਈ ਸੰਪ੍ਰਦਾਵਾਂ ਵਿਚ 'ਕਰਤਾ' ਹੋਣ ਬਾਰੇ ਝਗੜਾ ਹੈ, ਜਿਹੜੀਆਂ ਸੰਪ੍ਰਦਾਵਾਂ ਪੁਰਸ਼ ਤੇ ਪ੍ਰਕ੍ਰਿਤ ਦੇ ਦ੍ਵੈਤ ਨੂੰ ਅਨਾਦੀ ਮੰਨਦੀਆਂ ਹਨ—ਪਰ ਆਮ 'ਕਰਤਾ' ਦਾ ਵਿਸ਼ੇਸ਼ਣ ਪਰਮਾਤਮਾ ਲਈ ਸਰਬ ਪਰਵਾਨ ਵੀ ਹੈ।

## ੧੫

# ਪੜ੍ਹਿਆ

ਜਬ ਲੇਖਾ ਦੇਵਹਿ ਬੀਰਾ ਤਉ ਪੜਿਆ ॥੧॥

*(ਰਾਗੁ ਆਸਾ ਮ: ੧ ਪਟੀ, ਪੰਨਾ ੪੩੨)*

ਙੰਙੈ ਙਿਆਨੁ ਬੂਝੈ ਜੇ ਕੋਈ ਪੜਿਆ ਪੰਡਿਤੁ ਸੋਈ ॥

*(ਰਾਗੁ ਆਸਾ ਮ: ੧ ਪਟੀ, ਪੰਨਾ ੪੩੨)*

ਪਾਧਾ ਗੁਰਮੁਖਿ ਆਖੀਐ ਚਾਟੜਿਆ ਮਤਿ ਦੇਇ ॥
ਨਾਮੁ ਸਮਾਲਹੁ ਨਾਮੁ ਸੰਗਰਹੁ ਲਾਹਾ ਜਗ ਮਹਿ ਲੇਇ ॥
ਸਚੀ ਪਟੀ ਸਚੁ ਮਨਿ ਪੜੀਐ ਸਬਦੁ ਸੁ ਸਾਰੁ ॥
ਨਾਨਕ ਸੋ ਪੜਿਆ ਸੋ ਪੰਡਿਤੁ ਬੀਨਾ ਜਿਸੁ ਰਾਮ ਨਾਮੁ ਗਲਿ ਹਾਰੁ ॥੫੪॥੧॥

*(ਰਾਮਕਲੀ ਮ: ੧ ਦਖਣੀ ਓਅੰਕਾਰੁ, ਪੰਨਾ ੯੩੮)*

ਇਨ੍ਹਾਂ ਮਹਾਂਵਾਕਾਂ ਵਿਚ 'ਪੜਿਆ' ਅੱਖਰ ਦਾ ਅਰਥ ਹੈ 'ਪੜ੍ਹਿਆ ਹੋਇਆ' ਤੇ ਇਨ੍ਹਾਂ ਬਾਣੀਆਂ 'ਪਟੀ' ਤੇ 'ਓਅੰਕਾਰ' ਵਿਚ ਸਾਰੀ ਵਿਚਾਰ ਇਹ ਹੈ ਕਿ ਸਹੀ ਅਰਥਾਂ ਵਿਚ 'ਪੜ੍ਹਿਆ ਹੋਇਆ' ਕੌਣ ਹੈ ? ਜਿਵੇਂ ਉੱਪਰ ਤੁਕਾਂ ਵਿਚ ਦੱਸਿਆ ਗਿਆ ਹੈ ਕਿ 'ਪਟੀ' ਬਾਣੀ ਰਾਗ ਆਸਾ ਵਿਚ ਹੈ ਤੇ 'ਓਅੰਕਾਰ' ਰਾਗ ਰਾਮਕਲੀ ਵਿਚ ਲਿਖਿਆ ਹੈ—ਕੋਈ ਵੀ ਵਿਦਿਆਰਥੀ ਇਨ੍ਹਾਂ ਰਾਗਾਂ ਵਿਚੋਂ ਇਹ ਬਾਣੀਆਂ ਲੱਭ ਕੇ ਧਿਆਨ ਨਾਲ ਪਾਠ-ਵਿਚਾਰ ਕਰੇ ਤਾਂ ਉਹ ਸਫਲ ਵਿਦਿਆਰਥੀ ਹੋ ਸਕਦਾ ਹੈ। ਇਸ਼ਾਰੇ ਮਾਤਰ, ਇਨ੍ਹਾਂ ਬਾਣੀਆਂ ਵਿਚ ਜੋ ਵਿੱਦਿਆ ਤੇ ਵਿੱਦਿਆ-ਮੰਤਵ ਦੇ ਬੁਨਿਆਦੀ ਅਸੂਲ ਦੱਸੇ ਹਨ ਉਨ੍ਹਾਂ ਦਾ ਬਿਆਨ ਇਸ ਪ੍ਰਕਾਰ ਹੋ ਸਕਦਾ ਹੈ:

(ੳ) ਵਿੱਦਿਆ ਇਕ ਜ਼ਰੂਰੀ ਸਾਧਨ ਹੈ, ਪਰ ਆਪਣੇ ਆਪ ਵਿਚ ਕੋਈ ਮੰਤਵ ਨਹੀਂ, ਨਾ ਹੀ ਕੋਈ ਪ੍ਰਾਪਤੀ ਹੈ। ਵਿੱਦਿਆ ਆਚਰਨ-ਭੂਸ਼ਣ ਘੜਨ ਵਿਚ ਸਹਾਇਕ ਹੈ:

ਜਤੁ ਪਾਹਾਰਾ ਧੀਰਜੁ ਸੁਨਿਆਰੁ ॥
ਅਹਰਣਿ ਮਤਿ ਵੇਦੁ ਹਥੀਆਰੁ ॥ *(ਜਪੁ, ਪੰਨਾ ੮)*

ਪਰ ਆਪਣੇ ਆਪ ਵਿਚ ਕੋਈ ਵੱਡੀ ਪ੍ਰਾਪਤੀ ਨਹੀਂ:

ਪੜਿ ਪੜਿ ਗਡੀ ਲਦੀਅਹਿ ਪੜਿ ਪੜਿ ਭਰੀਅਹਿ ਸਾਥ ॥.....
ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ ॥੧॥

*(ਵਾਰ ਆਸਾ ਮ: ੧, ਪੰਨਾ ੪੬੭)*

ਵਿੱਦਿਆ ਸਾਧਨ ਹੈ, ਮੰਤਵ ਨਹੀਂ।

(ਅ) ਪੜ੍ਹਿਆ ਉਹ ਸਮਝਣਾ ਚਾਹੀਦਾ ਹੈ ਜੋ ਵਿੱਦਿਆ ਰਾਹੀਂ ਦੂਰ-ਦ੍ਰਿਸ਼ਟੀ ਪ੍ਰਾਪਤ ਕਰ ਕੇ ਸਦੀਵਤਾ ਤੇ ਸਥਿਰਤਾ ਵਾਲੀਆਂ ਕੀਮਤਾਂ ਨੂੰ ਅਪਣਾਂਦਾ ਹੈ। ਤੇ ਥੋੜ੍ਹ-ਚਿਰੀਆਂ ਚੀਜ਼ਾਂ ਦਾ ਕੇਵਲ ਯੋਗ ਮੁੱਲ ਤੇ ਇਨ੍ਹਾਂ ਦੇ ਟਾਕਰੇ 'ਤੇ ਆਚਰਨ, ਅਮਲ ਤੇ ਪਰਮਾਤਮਾ ਦਾ ਯੋਗ ਮੁੱਲ ਸਮਝਣਾ ਹੀ ਪੜ੍ਹੇ ਹੋਏ ਦਾ ਚਿੰਨ੍ਹ ਹੈ। ਪੜ੍ਹਿਆ ਹੋਇਆ ਨੀਤੀ ਨਾਲੋਂ ਵਧੇਰੇ ਅਸੂਲ ਦਾ ਧਾਰਨੀ ਹੁੰਦਾ ਹੈ:

**ਥਿਰੁ ਨਾਰਾਇਣੁ ਥਿਰੁ ਗੁਰੂ ਥਿਰੁ ਸਾਚਾ ਬੀਚਾਰੁ ॥**

*(ਰਾਮਕਲੀ ਮ: ੧ ਦਖਣੀ ਓਅੰਕਾਰ, ਪੰਨਾ ੯੩੪)*

(ੲ) ਪੜ੍ਹਿਆ ਹੋਇਆ ਉਹ ਹੀ ਸਮਝਣਾ ਚਾਹੀਦਾ ਹੈ ਜਿਹੜਾ ਸੁਰਖ-ਰੂ ਹੋ ਕੇ ਸੰਸਾਰ ਵਿਚੋਂ ਤੁਰਦਾ ਹੈ। ਜੋ ਕਰਮ ਨੂੰ ਇੰਨੀ ਮਹਾਨਤਾ ਨਹੀਂ ਦਿੰਦਾ ਜਿੰਨੀ ਕਰਮ ਦੇ ਪ੍ਰਤਿਕਰਮ ਨੂੰ ਦਿੰਦਾ ਹੈ। ਪ੍ਰਤਿਕਰਮ ਜੋ ਸਾਡੇ ਮਨ, ਬੁੱਧੀ ਤੇ ਆਤਮਾ 'ਤੇ ਹੋਣਾ ਹੈ ਉਸ ਨੇ ਸਾਡੀ ਕਿਰਤ ਢਾਲਣੀ ਹੈ। ਬਿਬੇਕਤਾ ਪੜ੍ਹੇ ਹੋਏ ਦਾ ਗੁਣ ਹੈ:

**ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ ॥**

*(ਆਸਾ ਮ: ੧ ਪਟੀ, ਪੰਨਾ ੪੩੩)*

**ਤਿਸ ਦਾ ਦੀਆ ਸਭਨੀ ਲੀਆ ਕਰਮੀ ਕਰਮੀ ਹੁਕਮੁ ਪਇਆ ॥੨੨॥**

*(ਆਸਾ ਮ: ੧ ਪਟੀ, ਪੰਨਾ ੪੩੩)*

(ਸ) ਪੜ੍ਹਿਆ ਹੋਇਆ ਉਹ ਹੈ ਜਿਸ ਵਿਚ ਕੇਵਲ ਕਿਤਾਬੀ ਸੂਝ ਜਾਂ ਪੰਡਤਾਈ ਹੀ ਨਹੀਂ ਸਗੋਂ ਆਪਣੀ ਜੀਵਨ ਦੀ ਸਿਆਣਪ ਵੀ ਹੈ। ਪੰਡਤਾਈ ਜਾਂ ਵਿਦਵਤਾ ਕੋਈ ਮਹਾਨ ਚੀਜ਼ ਨਹੀਂ ਸਗੋਂ ਉਸ ਦੇ ਰਾਹੀਂ ਪ੍ਰਾਪਤ ਕੀਤੀ ਸੂਝ-ਸਿਆਣਪ ਮਹਾਨ ਚੀਜ਼ ਹੈ। ਗਿਆਨ ਵੱਡੀ ਚੀਜ਼ ਨਹੀਂ, ਗਿਆਨਵਾਨ ਵਤੀਰਾ ਵਡੇਰੀ ਚੀਜ਼ ਹੈ। ਵਿੱਦਿਆ ਨੇ ਅਮਲੀ ਜੀਵਨ ਜੀਣ ਦੀ ਸ਼ਕਤੀ, ਸਮਰੱਥਾ ਤੇ ਸੂਝ ਦੇਣੀ ਹੈ। 'ਓਅੰਕਾਰੁ' ਵਿਚੋਂ ਅਮਲੀ ਜੀਵਨ-ਸਿਆਣਪ ਦੇ ਨਮੂਨੇ ਵੇਖੋ:

੧. **ਰੋਸੁ ਨ ਕੀਜੈ ਅੰਮ੍ਰਿਤੁ ਪੀਜੈ ਰਹਣੁ ਨਹੀ ਸੰਸਾਰੇ ॥** *(ਪੰਨਾ ੯੩੧)*

੨. **ਲਾਹੇ ਕਾਰਣਿ ਆਇਆ ਜਗਿ ॥**
**ਹੋਇ ਮਜੂਰੁ ਗਇਆ ਠਗਾਇ ਠਗਿ ॥** *(ਪੰਨਾ ੯੩੧)*

੩. **ਆਥਿ ਸੈਲ ਨੀਚ ਘਰਿ ਹੋਇ ॥**
**ਆਥਿ ਦੇਖਿ ਨਿਵੈ ਜਿਸੁ ਦੋਇ ॥** *(ਪੰਨਾ ੯੩੧)*

੪. **ਕਾਮੁ ਕ੍ਰੋਧੁ ਕਾਇਆ ਕਉ ਗਾਲੈ ॥**
**ਜਿਉ ਕੰਚਨ ਸੋਹਾਗਾ ਢਾਲੈ ॥** *(ਪੰਨਾ ੯੩੨)*

੫. **ਟੂਟੈ ਨੇਹੁ ਕਿ ਬੋਲਹਿ ਸਹੀ ॥**
**ਟੂਟੈ ਬਾਹ ਦੁਹੂ ਦਿਸ ਗਹੀ ॥**
**ਟੂਟਿ ਪਰੀਤਿ ਗਈ ਬੁਰ ਬੋਲਿ ॥**
**ਦੁਰਮਤਿ ਪਰਹਰਿ ਛਾਡੀ ਢੋਲਿ ॥**

ਟੂਟੇ ਗੰਠਿ ਪੜੈ ਵੀਚਾਰਿ ॥
ਗੁਰ ਸਬਦੀ ਘਰਿ ਕਾਰਜੁ ਸਾਰਿ ॥ (ਪੰਨਾ ੯੩੩)

੬. ਥਿਰੁ ਨਾਰਾਇਣੁ, ਥਿਰੁ ਗੁਰੂ, ਥਿਰੁ ਸਾਚਾ ਬੀਚਾਰੁ ॥ (ਪੰਨਾ ੯੩੪)

੭ ਪਾਪੁ ਬੁਰਾ, ਪਾਪੀ, ਕਉ ਪਿਆਰਾ ॥ (ਪੰਨਾ ੯੩੫)

੮. ਤਿਨ ਹੀ ਜੈਸੀ ਥੀ ਰਹਾਂ ਜਪਿ ਜਪਿ ਰਿਦੈ ਮੁਰਾਰਿ ॥ (ਪੰਨਾ ੬੩੬)

੯. ਚਾਕਰੁ ਕਹੀਐ ਖਸਮ ਕਾ ਸਉਹੇ ਉਤਰ ਦੇਇ ॥ (ਪੰਨਾ ੯੩੬)

੧੦. ਨਾਨਕ ਸੋ ਪੜਿਆ ਸੋ ਪੰਡਿਤੁ ਬੀਨਾ,
ਜਿਸੁ ਰਾਮ ਨਾਮੁ ਗਲਿ ਹਾਰੁ ॥੫੪॥੧॥ (ਪੰਨਾ ੯੩੮)

ਇਹੋ ਜਿਹਾ ਵਿਦਿਆਰਥੀ ਤੇ ਵਿਦਵਾਨ ਕਿਵੇਂ ਬਣ ਸਕੀਦਾ ਹੈ ? ਇਸ ਦਾ ਉੱਤਰ ਗੁਰੂ ਨਾਨਕ ਸਾਹਿਬ ਦਾ ਜੀਵਨ ਦਿੰਦਾ ਹੈ। ਗੁਰੂ ਨਾਨਕ ਸਾਹਿਬ ਸਾਰਾ ਜੀਵਨ ਵਿਦਿਆਰਥੀ ਵੀ ਰਹੇ।

(ੳ) ਆਮ ਸਾਹਿਤ ਦੇ ਨਾਲ ਨਾਲ ਗੰਭੀਰ ਪੁਸਤਕਾਂ ਪੜ੍ਹਨ ਤੇ ਵਿਚਾਰਨ ਦੀ ਆਦਤ ਪਾਣ ਨਾਲ ਗੰਭੀਰ ਲੋਕਾਂ ਪਾਸੋਂ ਗੰਭੀਰ ਲੈਕਚਰ-ਵਿਚਾਰ ਸੁਣਨ ਨਾਲ। 'ਵੇਦ ਹਥਿਆਰੁ' ਹੈ—ਗੰਭੀਰ ਅਧਿਐਨ। ਕੇਵਲ ਤਰਲ ਤੇ ਸਰਲ ਚੀਜ਼ਾਂ ਹੀ ਪੜ੍ਹਨੀਆਂ ਕਾਫ਼ੀ ਨਹੀਂ। ਸਿਖ ਵਿਦਿਆਰਥੀ ਨੂੰ ਗੁਰੂ ਗ੍ਰੰਥ ਸਾਹਿਬ ਤੇ ਭਾਰਤੀ ਦਰਸ਼ਨ ਦੀ ਸੂਝ ਜ਼ਰੂਰੀ ਹੈ।

(ਅ) ਖੁੱਲ੍ਹਾ ਚੌੜਾ ਭ੍ਰਮਣ ਗਿਆਨ ਵਿਚ ਵਾਧਾ ਕਰਦਾ ਹੈ। ਉਹ ਸਾਰਾ ਜੀਵਨ ਸਫ਼ਰ ਵਿਚ ਰਹੇ। ਕੁਦਰਤ ਦੇਖੀ, ਰੰਗ ਬਰੰਗ ਦੇ ਲੋਕੀ ਦੇਖੇ। ਸ਼ਾਇਦ ਕਿਸੇ ਨੂੰ ਪਰਮਾਤਮਾ ਦੀ ਹੋਂਦ ਦਾ ਵਿਸ਼ਵਾਸ ਆਉਣਾ ਵੀ ਕਠਨ ਹੈ ਜੇ ਉਸ ਦਾ ਭ੍ਰਮਣ ਚੌੜਾ ਲੰਮਾ ਨਹੀਂ। ਕੁਦਰਤ ਵਿਚ ਕਾਦਰ ਹੈ।

(ੲ) ਹਰ ਪ੍ਰਕਾਰ ਦੇ ਲੋਕਾਂ ਨੂੰ ਮਿਲਣਾ ਤੇ ਉਨ੍ਹਾਂ ਨਾਲ ਲੰਮੀ ਚੌੜੀ ਹਮਦਰਦੀ ਰੱਖਣੀ। ਸੰਗਤ ਵਿਚ ਸਾਰੇ ਹੀ ਚੰਗੇ ਨਹੀਂ ਹੁੰਦੇ ਪਰ ਸਾਰੇ ਸੰਗਤ ਵਿਚ ਚੰਗੇ ਬਣ ਸਕਦੇ ਹਨ। ਮਨੁੱਖ ਦਾ ਅਧਿਐਨ ਹੀ ਮਨੁੱਖ ਲਈ ਯੋਗ ਪੜ੍ਹਾਈ ਹੈ।

(ਸ) ਲੋੜੀਂਦੀ ਥਾਂ 'ਤੇ ਤਰਕ ਕਰਨਾ ਜ਼ਰੂਰੀ ਹੈ। ਸਪੱਸ਼ਟਤਾ ਲਈ ਪ੍ਰਸ਼ਨ-ਉੱਤਰ ਜ਼ਰੂਰੀ ਹੈ। ਹਰ ਚੀਜ਼ ਦਾ ਬੌਧਿਕ ਤੇ Rational ਪੱਖ ਲੈਣਾ ਜ਼ਰੂਰੀ ਹੈ। ਪਰ ਅਗਮ ਦੀਆਂ ਬਾਤਾਂ ਲਈ ਗੁਰੂ ਦੀ ਜੋਤਿ ਦਾ ਵਿਸ਼ਵਾਸੀ ਹੋਣਾ ਉਸ ਤੋਂ ਵੀ ਵੱਧ ਜ਼ਰੂਰੀ ਹੈ।

# ੧੬

# ਸਿਖ ਧਰਮ ਤੇ ਸਭਿਆਚਾਰ

੧.

ਪੰਜਾਬੀ ਸਭਿਆਚਾਰ 'ਤੇ ਨਵੀਂ ਰੰਗਣ ਕਿਵੇਂ ਆਈ ਹੈ, ਜੋ ਕੁਝ ਇਹ ਹੁਣ ਹੈ, ਉਹ ਕੁਝ ਇਹ ਕਿਵੇਂ ਬਣਿਆ ਹੈ ? ਇਹ ਸਪੱਸ਼ਟ ਹੈ ਕਿ ਜੋ ਵੀ ਆਧੁਨਿਕ ਪੰਜਾਬ ਹੈ, ਇਹ ਸਿਖ ਗੁਰੂ ਸਾਹਿਬਾਨ ਦਾ ਬਣਾਇਆ ਹੋਇਆ ਹੈ। ੧੪੬੯ ਈ: ਤੋਂ ਪਹਿਲਾਂ ਪੰਜਾਬ ਦਾ ਬਾਕੀ ਦੇ ਭਾਰਤ ਨਾਲੋਂ ਕੋਈ ਵੱਖਰਾ ਇਤਿਹਾਸ ਨਹੀਂ ਸੀ ਤੇ ਸਮੁੱਚੇ ਭਾਰਤ ਵਿਚ ਪੰਜਾਬ ਦੀ ਕੋਈ ਵਿਸ਼ੇਸ਼ ਥਾਂ ਨਹੀਂ ਸੀ। ਇਹ ਬਾਕੀ ਸੂਬਿਆਂ ਵਰਗਾ ਇਕ ਸੂਬਾ ਸੀ, ਇਸ ਦੀ ਵਿਸ਼ੇਸ਼ਤਾ ਕੋਈ ਨਹੀਂ ਸੀ, ਸਗੋਂ ਇਹ ਕਈਆਂ ਹਾਲਤਾਂ ਵਿਚ ਘਟੀਆ ਸਮਝਿਆ ਜਾਂਦਾ ਸੀ ਤੇ ਇਹ ਟਿੱਕਾ ਇਸ ਦੇ ਮੱਥੇ 'ਤੇ ਸੀ ਕਿ ਬਿਦੇਸ਼ੀ ਜਰਵਾਣੇ ਪੰਜਾਬ ਨੂੰ ਟੱਪ ਕੇ ਹੀ ਹਿੰਦੁਸਤਾਨ ਦੀ ਇੱਜ਼ਤ ਨੂੰ ਰੋਲਣ ਲਈ ਵਧਦੇ ਸਨ ਤੇ ਇਹ ਉਨ੍ਹਾਂ ਨੂੰ ਠੱਲ੍ਹ ਨਹੀਂ ਸੀ ਪਾ ਸਕਿਆ।

ਇਹੋ ਜਿਹਾ ਸੀ ਕੁਝ ਪੰਜਾਬ, ਪਰ ਗੁਰੂ ਨਾਨਕ ਦੇਵ ਜੀ ਤੋਂ ਮਗਰੋਂ ਬਿਲਕੁਲ ਵੱਖਰਾ ਪੰਜਾਬੀ ਇਤਿਹਾਸ ਅਰੰਭ ਹੁੰਦਾ ਹੈ, ਇਸ ਦੀ ਹਸਤੀ ਵੱਖਰੀ ਬਣਦੀ ਹੈ, ਇਸ ਦਾ ਗੌਰਵ ਤੇ ਸਤਿਕਾਰ ਵਧਦਾ ਹੈ। ਇਹ ਪਰਿਵਰਤਨ ਇਸ ਦਾ ਨਵਾਂ ਸਭਿਆਚਾਰਕ ਜੀਵਨ ਉਸਰਨ ਨਾਲ ਹੁੰਦਾ ਹੈ। ਇਸ ਨਵੇਂ ਸਭਿਆਚਾਰਕ ਜੀਵਨ ਦੀ ਉਸਾਰੀ ਗੁਰੂ ਸਾਹਿਬਾਨ ਨੇ ਹੀ ਕੀਤੀ। ਗੁਰੂ ਸਾਹਿਬਾਨ ਨੇ ਇਸ ਲਈ ਦੋ ਸਾਧਨ ਵਰਤੇ। ਪਹਿਲਾ ਸਾਧਨ ਸੀ ਗੁਰਬਾਣੀ। ਗੁਰਬਾਣੀ ਵਿਚ ਉਨ੍ਹਾਂ ਆਪਣਾ ਦਰਸ਼ਨ ਤੇ ਆਪਣੇ ਨਵੇਂ ਵਿਚਾਰ ਪੇਸ਼ ਕੀਤੇ, ਜਿਨ੍ਹਾਂ ਪੰਜਾਬੀਆਂ ਨੂੰ ਪ੍ਰਭਾਵਤ ਕੀਤਾ। ਉਨ੍ਹਾਂ ਵਿਚਾਰਾਂ ਨੇ ਨਵਾਂ ਸਭਿਆਚਾਰਕ ਜੀਵਨ ਪੈਦਾ ਕੀਤਾ। ਦੂਜਾ ਸਾਧਨ ਸੀ ਗੁਰੂ ਸਾਹਿਬਾਨ ਦਾ ਜ਼ਾਤੀ ਜੀਵਨ ਤੇ ਜੀਣ-ਢੰਗ ਦੀ ਤੋਰੀ ਪਰੰਪਰਾ, ਜਿਸ ਰਾਹੀਂ ਉਨ੍ਹਾਂ ਨੇ ਲੋਕਾਂ ਦੀ ਜੀਵਨ ਉਸਾਰੀ ਲਈ ਪੰਜਾਬ ਦੀ ਧਰਤੀ 'ਤੇ ਆਪ ਅਮਲੀ ਕੰਮ ਕੀਤਾ।

ਹੁਣ ਅਸੀਂ ਇਹ ਵੇਖਦੇ ਹਾਂ ਕਿ ਇਨ੍ਹਾਂ ਦੋਹਾਂ ਸਾਧਨਾਂ ਦੀ ਵਰਤੋਂ ਨਾਲ ਪੰਜਾਬੀ ਜੀਵਨ ਵਿਚ ਗੁਰੂ ਸਾਹਿਬਾਨ ਨੇ ਕੀ ਤਬਦੀਲੀਆਂ ਉਤਪੰਨ ਕੀਤੀਆਂ ?

੨.

ਪਹਿਲਾਂ ਗੁਰਬਾਣੀ ਜਾਂ ਸਿਖ ਦਰਸ਼ਨ ਦਾ ਪੰਜਾਬੀ ਜੀਵਨ 'ਤੇ ਪਿਆ ਪ੍ਰਭਾਵ ਲੱਭਦੇ ਹਾਂ। ਠੀਕ ਗੱਲ ਇਹ ਹੈ ਕਿ ਗੁਰਬਾਣੀ ਜਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਹੀ ਸਿਖ ਜੀਵਨ ਜਾਂ ਪੰਜਾਬੀ ਜੀਵਨ ਦਾ ਆਧਾਰ ਹੈ। ਪੰਜਾਬੀ ਜੀਵਨ ਦੀਆਂ ਸਾਰੀਆਂ

ਸਭਿਆਚਾਰਕ ਕੀਮਤਾਂ ਇਸ ਰਚਨਾ ਦੇ ਦਰਸ਼ਨ ਤੇ ਇਸ ਦੇ ਸਰੂਪ 'ਤੇ ਆਧਾਰਤ ਹਨ। ਦਰਸ਼ਨ ਤੋਂ ਭਾਵ ਬਾਣੀ ਵਿਚ ਦਿੱਤੇ ਵਿਚਾਰ ਹਨ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਤੋਂ ਇਥੇ ਭਾਵ ਉਸ ਮਹਾਂ ਪੁਸਤਕ ਦਾ ਰਾਗਾਂ ਵਿਚ ਹੋਣਾ, ਉਸ ਵਿਚ ਕਈ ਭਗਤਾਂ ਦੀ ਬਾਣੀ ਹੋਣੀ ਆਦਿ ਹਨ।

ਇਥੇ ਸਾਰੇ ਗੁਰੂ ਗ੍ਰੰਥ ਸਾਹਿਬ ਦੇ ਵਿਚਾਰ ਦੱਸਣੇ ਅਸੰਭਵ ਹਨ। ਪਰ ਇਹ ਠੀਕ ਹੀ ਕਿਹਾ ਜਾਂਦਾ ਹੈ ਕਿ 'ਮੂਲ-ਮੰਤ੍ਰ' ਹੀ ਸਾਰੇ ਗੁਰੂ ਗ੍ਰੰਥ ਸਾਹਿਬ ਦਾ ਸਾਰ ਹੈ। ਅਸੀਂ ਜੇ ਮੂਲ-ਮੰਤ੍ਰ ਦੇ ਸਿਧਾਂਤਾਂ ਨੂੰ ਵੀ ਸਮਝ ਲਈਏ ਤਦ ਵੀ ਪਤਾ ਲੱਗ ਸਕਦਾ ਹੈ ਕਿ ਪੰਜਾਬੀ ਸਭਿਆਚਾਰਕ ਜੀਵਨ ਵਿਚ ਸਿਖ ਦਰਸ਼ਨ ਨੇ ਕੀ ਪਰਿਵਰਤਨ ਲਿਆਂਦਾ ਸੀ। 'ਮੂਲ-ਮੰਤ੍ਰ' ਦਾ ਇਸ ਦ੍ਰਿਸ਼ਟੀਕੋਣ ਤੋਂ ਪਾਠ ਵੇਖਦੇ ਹਾਂ:

## (ੳ) ੧ਓ (One-mindedness)

੧ਓ ਨੇ ਹੀ ਪੰਜਾਬੀ ਜੀਵਨ ਵਿਚ ਅਧਿਆਤਮਵਾਦ ਨੂੰ ਬਲਵਾਨ ਕੀਤਾ ਹੈ। ਆਸਤਕਤਾ ਤੇ ਅਧਿਆਤਮਕਤਾ ਇਕੋ ਚੀਜ਼ ਨਹੀਂ, ਅਧਿਆਤਮਕਤਾ ਉਚੇਰੀ ਤੇ ਵਡੇਰੀ ਚੀਜ਼ ਹੈ। ਆਸਤਕਤਾ ਤੇ ਕੇਵਲ ਪ੍ਰਭੂ ਦੀ ਹੋਂਦ ਦਾ ਵਿਸ਼ਵਾਸ ਹੈ ਪਰ ਅਧਿਆਤਮਕਤਾ ਇਹ ਵਿਸ਼ਵਾਸ ਹੈ ਕਿ ਪ੍ਰਭੂ ਪਰਮ-ਆਤਮਾ ਹੈ ਤੇ ਅਸੀਂ ਆਤਮਾ ਹਾਂ ਤੇ ਹਰ ਆਤਮਾ ਵਿਚ ਪਰਮ-ਆਤਮਾ ਦਾ ਹੀ ਅੰਸ਼ ਹੈ, ਤੇ ਇਸ ਲਈ ਸਾਰਾ ਬ੍ਰਹਿਮੰਡ ਇਕ ਇਕਾਈ ਹੈ, ਕਿਉਂਕਿ ਸਾਰੇ ਮਨੁੱਖਾਂ, ਜੀਵਾਂ, ਜੰਤੂਆਂ, ਬਨਸਪਤੀ ਤੇ ਧਰਤੀ ਵਿਚ ਇਕੋ ਜੋਤਿ ਹੈ। ਮਨੁੱਖ ਮਨੁੱਖ ਵਿਚ ਕੋਈ ਭੇਦ ਨਹੀਂ, ਸਗੋਂ ਮਨੁੱਖ ਤੇ ਪਸ਼ੂ-ਪੰਛੀਆਂ ਵਿਚ ਕੋਈ ਭੇਦ ਨਹੀਂ, ਮਨੁੱਖ ਤੇ ਬ੍ਰਿਛਾਂ ਵਿਚ ਕੋਈ ਭੇਦ ਨਹੀਂ। ਹਰ ਚੀਜ਼ ਵਿਚ ਆਤਮਾ ਮਹਾਨ ਚੀਜ਼ ਹੈ, ਸਰੀਰ ਮਹਾਨ ਵਸਤੂ ਨਹੀਂ।

ਇਸ ਫ਼ਲਸਫ਼ੇ ਨੇ ਪੰਜਾਬੀ ਜੀਵਨ ਵਿਚੋਂ ਜਾਤ-ਪਾਤ, ਊਚ-ਨੀਚ ਆਦਿ ਦੇ ਵਿਤਕਰੇ ਕੱਢ ਦਿਤੇ। ਪੰਜਾਬੀ ਕੀ, ਸਾਰੇ ਸੰਸਾਰ ਦੇ ਲੋਕ ਇਕੋ ਚੀਜ਼ ਹਨ, ਇਹ ਵਿਚਾਰ ਗੁਰੂ ਸਾਹਿਬਾਨ ਨੇ ਪੰਜਾਬੀ ਜੀਵਨ ਵਿਚ ਦਾਖ਼ਲ ਕੀਤਾ:

੧. **ਬਲਿਹਾਰੀ ਕੁਦਰਤਿ ਵਸਿਆ॥**
**ਤੇਰਾ ਅੰਤੁ ਨ ਜਾਈ ਲਖਿਆ॥੧॥ਰਹਾਉ॥**
**ਜਾਤਿ ਮਹਿ ਜੋਤਿ ਜੋਤਿ ਮਹਿ ਜਾਤਾ ਅਕਲ ਕਲਾ ਭਰਪੂਰਿ ਰਹਿਆ॥**
*(ਵਾਰ ਆਸਾ ਮ: ੧, ਪੰਨਾ ੪੬੯)*

੨. **ਸਭ ਮਹਿ ਜੋਤਿ ਜੋਤਿ ਹੈ ਸੋਇ॥**
**ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ॥** *(ਸੋਹਿਲਾ, ਪੰਨਾ ੧੩)*

੩. **ਹਿੰਦੂ ਤੁਰਕ ਕੋਊ ਰਾਫਜੀ ਇਮਾਮ ਸਾਫੀ,**
**ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ॥.....੧੫॥੮੫॥**
*(ਅਕਾਲ ਉਸਤਤਿ, ਪੰਨਾ ੧੯)*

੪. **ਦੇਹੁਰਾ ਮਸੀਤ ਸੋਈ ਪੂਜਾ ਔ ਨਿਵਾਜ ਓਈ,**
**ਮਾਨਸ ਸਬੈ ਏਕ ਪੈ ਅਨੇਕ ਕੋ ਭ੍ਰਮਾਉ ਹੈ॥੧੬॥੮੬॥**
*(ਅਕਾਲ ਉਸਤਤਿ, ਪੰਨਾ ੧੯)*

ਮਨੁੱਖ ਮਨੁੱਖ ਦੀ ਬਰਾਬਰੀ ਦਾ ਖ਼ਿਆਲ ਪੰਜਾਬ ਵਿਚ ਨਵੇਂ ਸਿਰੋਂ ਉਤਪੰਨ ਹੋਇਆ। ਪਹਿਲਾਂ ਭੀ ਹਿੰਦੁਸਤਾਨ ਵਿਚ ਕਈ ਵੇਰੀ ਤੇ ਕਈਂ ਥਾਈਂ ਇਹ ਆਵਾਜ਼ ਉਠੀ ਸੀ ਜਿਵੇਂ ਬੁੱਧ ਜੀ ਨੇ ਉਠਾਈ ਸੀ, ਪਰ ਇਹ ਖ਼ਤਮ ਹੋ ਗਈ। ਹਰ ਪ੍ਰਕਾਰ ਦਾ ਵਿਤਕਰਾ ਇਸ ੧ਓ ਦੀ ਇਕਾਈ ਨੇ ਪੰਜਾਬੀ ਜੀਵਨ ਵਿਚੋਂ ਕੱਢ ਦਿੱਤਾ। ਪੰਜਾਬੀਆਂ ਵਿਚ ਕਿਸੇ ਮਹਾਨ ਪੁਰਸ਼, ਭਗਤ, ਪੀਰ, ਪੈਗੰਬਰ ਵਿਰੁੱਧ ਕੋਈ ਵਿਤਕਰਾ ਨਹੀਂ, ਸਭ ਦਾ ਸਤਿਕਾਰ ਹੈ, ਪੰਜਾਬੀਆਂ ਵਿਚ ਕਿਸੇ ਬੋਲੀ ਵਿਰੁੱਧ ਵਿਤਕਰਾ ਨਹੀਂ ਹੈ, ਕਿਸੇ ਸੂਬੇ ਦੇ ਰਾਗ ਵਿਰੁੱਧ ਵਿਤਕਰਾ ਨਹੀਂ ਹੈ, ਕਿਸੇ ਪਹਿਰਾਵੇ ਵਿਰੁੱਧ ਵਿਤਕਰਾ ਨਹੀਂ ਹੈ, ਕਿਸੇ ਧਰਮ ਪੁਸਤਕ ਵਿਰੁੱਧ ਵਿਤਕਰਾ ਨਹੀਂ ਹੈ, ਕਿਸੇ ਜਾਤ ਪਾਤ ਵਿਰੁੱਧ ਵਿਤਕਰਾ ਨਹੀਂ ਹੈ, ਬਸ ਇਕਾਈ ਹੀ ਹੈ, ਸਭ ਦਾ ਇਕੋ ਜਿਹਾ ਸਤਿਕਾਰ। ਇਹ ਸਭਿਆਚਾਰਕ ਜੀਵਨ ਹੈ, ਵਿਤਕਰਾ ਨਾ ਕਰਨਾ।

ਪਰ ਇਸ ੧ਓ ਦੀ ਇਕਾਈ ਨੇ ਹੋਰ ਕਿੰਨੀਆਂ ਹੀ ਮਿੱਠੀਆਂ ਸੁਖਾਵੀਆਂ ਕੀਮਤਾਂ ਪੰਜਾਬੀ ਜੀਵਨ ਵਿਚ ਪੈਦਾ ਕੀਤੀਆਂ ਹਨ ਤੇ ਉਹ ਕੀਮਤਾਂ ਹੀ ਸਭਿਆਚਾਰਕ ਜੀਵਨ ਅਖਵਾਂਦੀਆਂ ਸਨ। ਪੰਜਾਬੀ ਇਕ ਦੇ ਪੁਜਾਰੀ ਹਨ, ਇਸ ਲਈ ਉਨ੍ਹਾਂ ਦੇ ਮਨ ਵਿਚ ਦ੍ਵੈਤ ਨਹੀਂ ਰਹਿ ਸਕਦੀ। ਇਸੇ ਲਈ ਉਹ ਜਦ ਮਿੱਤਰਤਾ ਕਰਦੇ ਹਨ, ਪੂਰਨ ਵਫ਼ਾਦਾਰ, ਭਰੋਸੇਯੋਗ ਮਿੱਤਰ ਬਣਦੇ ਹਨ, ਦੁਸ਼ਮਨ ਵੀ ਇਸੇ ਤਰ੍ਹਾਂ ਦੇ ਹੀ ਬਣਦੇ ਹਨ। ਉਨ੍ਹਾਂ ਦੀ ਵਫ਼ਾਦਾਰੀ ਪਰਖੀ ਹੋਈ ਹੈ ਕਿਉਂਕਿ ਉਨ੍ਹਾਂ ਦੇ ਮਨ ਵਿਚ ਅਦ੍ਵੈਤ ਹੈ। ਉਨ੍ਹਾਂ ਵਿਚ ਮਨ ਦੀ ਇਕਾਗਰਤਾ ਹੈ ਇਸੇ ਲਈ ਉਹ ਪੂਰਨ ਮਨ ਤੇ ਧਨ ਦੀ ਸ਼ਕਤੀ ਨਾਲ ਕੰਮ ਕਰਦੇ ਹਨ ਕਿਉਂਕਿ ਉਹ 'ਇਕ' ਦੇ ਪੁਜਾਰੀ ਹਨ। ਉਹ ਭਰੋਸੇ ਵਿਚ ਸਦਾ ਦ੍ਰਿੜ੍ਹ ਤੇ ਪੱਕੇ ਹਨ ਕਿਉਂਕਿ ਉਨ੍ਹਾਂ ਇਕ ਦੀ ਹੀ ਓਟ ਤੱਕਣੀ ਹੈ। ਉਨ੍ਹਾਂ ਦੌਲਤ ਤੇ ਰੱਬ ਵਿਚੋਂ ਵੀ ਇਕ ਨੂੰ ਚੁਣ ਲਿਆ ਹੈ, ਦੌਲਤ ਦੀ ਪਰਵਾਹ ਨਹੀਂ ਕਰਦੇ।

੧ਓ ਨੇ ਉਨ੍ਹਾਂ ਦੀਆਂ ਸਭਿਆਚਾਰਕ ਕੀਮਤਾਂ ਪੈਦਾ ਕੀਤੀਆਂ ਹਨ।

### (ਅ) ਕਰਤਾ (Creativeness)

ਪਰਮਾਤਮਾ ਦਾ ਸੁਭਾਅ ਮੂਲ-ਮੰਤ੍ਰ ਵਿਚ ਕਰਤਾਰੀ ਦੱਸਿਆ ਹੈ। ਪਰਮਾਤਮਾ ਸਦਾ ਉਸਾਰੂ ਤਰੀਕੇ ਨਾਲ ਕੰਮ ਕਰਦਾ ਹੈ, ਉਹ ਤਾਂ ਜਦੋਂ ਨਾਸ਼ ਵੀ ਕਰਦਾ ਦਿਸਦਾ ਹੈ, ਉਸ ਦਾ ਮੰਤਵ ਉਸਾਰੂ ਹੁੰਦਾ ਹੈ। ਪੰਜਾਬੀ ਸਿਖ ਸਦਾ ਉਸਾਰੂ ਤਰੀਕੇ ਨਾਲ ਸੋਚਦਾ ਹੈ, ਉਹ ਸਦਾ ਕੁਝ ਬਣਾਂਦਾ ਹੈ, ਸੁੰਦਰਤਾ ਉਤਪੰਨ ਕਰਦਾ ਹੈ ਤੇ ਕੁਝ ਉਪਜਾਂਦਾ ਹੈ। ਸਿਖ ਢਾਊ ਨਹੀਂ ਹੋ ਸਕਦਾ। ਉਨ੍ਹਾਂ ਇੰਨੇ ਵੱਡੇ ਮੋਰਚੇ ਲਾਏ ਹਨ ਪਰ ਉਨ੍ਹਾਂ ਵਲੋਂ ਟੈਲੀਫ਼ੂਨ ਤੀਕ ਦੀ ਇਕ ਤਾਰ ਵੀ ਨਹੀਂ ਕੱਟੀ ਗਈ। ਸਿਖ ਸੁਭਾਵਕ ਤੌਰ 'ਤੇ ਢਾਹੂ ਨਹੀਂ ਹੋ ਸਕਦਾ। ਉਸ ਨੇ ਸਾਰੇ ਭਾਰਤ ਵਰਸ਼ ਦੇ ਕਾਰਖ਼ਾਨੇ ਉਸਾਰੇ ਹਨ, ਸਾਰੀਆਂ ਗੱਡੀਆਂ ਦੀਆਂ ਸੜਕਾਂ ਉਸ ਵਿਛਾਈਆਂ ਹਨ, ਉਹ ਕਿਵੇਂ ਇਹ ਢਾਹ ਦੇਵੇ ? ਉਸ ਨੇ ਬਾਹਰ ਦੇਸਾਂ ਨੂੰ ਜਾ ਕੇ ਉਸਾਰਿਆ ਤੇ ਬਣਾਇਆ ਹੈ। ਉਸ ਨੇ ਜੰਗਲ ਕੱਟੇ ਹਨ ਤੇ ਖੇਤ ਬਣਾਏ ਹਨ। ਉਹ ਫ਼ਸਲ ਪੈਦਾ ਕਰਦਾ ਹੈ, ਫ਼ਸਲ ਜਲਾ ਨਹੀਂ ਸਕਦਾ। ਉਹ ਇਮਾਰਤਾਂ ਖੜੀਆਂ ਕਰਦਾ ਹੈ, ਗਿਰਾ ਨਹੀਂ ਸਕਦਾ।

ਉਸ ਨੇ ਡੈਮ ਬਣਾਏ ਹਨ, ਤੋੜ ਨਹੀਂ ਸਕਦਾ। ਪੰਜਾਬੀ ਸੁਭਾਅ ਦਾ ਉਸਾਰੂਪਨ ਮੂਲ-ਮੰਤ੍ਰ ਦੇ ਕਰਤਾਰ ਨੇ ਪੈਦਾ ਕੀਤਾ ਹੈ। ਪਰਮਾਤਮਾ ਉਸਾਰੂ ਹੈ, ਕਰਤਾ ਹੈ ਤੇ ਉਸਦਾ ਉਪਾਸ਼ਕ ਅਵੱਸ਼ ਕਰਤਾਰੀ ਹੀ ਹੋਣਾ ਚਾਹੀਦਾ ਹੈ ਤੇ ਪੰਜਾਬੀ ਉਸ ਦਾ ਉਪਾਸ਼ਕ ਹੈ।

**(ੲ) ਨਿਰਭਉ** (Self-respect)

ਨਿਰਵੈਰੁ ਤੇ ੧ਓ ਵਿਚ ਹੀ ਆ ਗਿਆ ਹੈ, ਵਿਤਕਰਾ ਹੀ ਵੈਰ ਹੈ। ਪੰਜਾਬੀ ਕਿਸੇ ਨਾਲ ਵਿਤਕਰਾ ਨਹੀਂ ਕਰਦਾ।

ਨਿਰਭਉ ਇਕ ਹੋਰ ਪੰਜਾਬੀ ਸੁਭਾਅ ਦਾ ਗੁਣ ਹੈ। ਇਹ ਗੁਣ ਉਸ ਵਿਚ ਇਸੇ ਲਈ ਪੈਦਾ ਹੋਇਆ ਹੈ ਕਿ ਉਹ ਨਿਰਭਉ ਪਰਮਾਤਮਾ ਦਾ ਉਪਾਸ਼ਕ ਹੈ। ਨਿਰਭਉ ਇਕ ਬਾ-ਗ਼ੈਰਤ ਜੀਵਨ ਜੀਣ ਦੀ ਇੱਛਾ ਹੈ ਤੇ ਗ਼ੈਰਤ ਦੇ ਕਾਇਮ ਰੱਖਣ ਲਈ ਜਾਨ ਤੀਕ ਦੇ ਦੇਣ ਲਈ ਵੀ ਪੰਜਾਬੀ ਨਿਰਭੈ ਹੈ। ਕਿਸੇ ਦੇ ਨਾਜਾਇਜ਼ ਦਬਾਅ ਵਿਚ ਪੰਜਾਬੀ ਨਹੀਂ ਆ ਸਕਦਾ। ਇਹ ਜਿਸ ਕੰਮ 'ਤੇ ਲੱਗ ਜਾਏ, ਦੁਖ ਸੁਖ ਤੋਂ ਨਿਰਭੈ ਰਹਿ ਕੇ ਡਟ ਕੇ ਕੰਮ ਕਰਦਾ ਹੈ। ਨਿਰਭਉ ਹੋਣ ਕਰਕੇ ਹੀ ਇਹ ਸਾਗਰਾਂ ਦੀਆਂ ਛਾਤੀਆਂ ਚੀਰਦਾ ਹੋਇਆ ਕਿਥੇ ਕਿਥੇ ਜਾ ਪੁਜਦਾ ਹੈ। ਇਹ ਔਖੇ ਤੋਂ ਔਖੇ ਕੰਮ ਨੂੰ ਹੱਥ ਪਾ ਲੈਂਦਾ ਹੈ। ਆਪਣੇ ਦੋਸਤਾਂ ਦੀ ਮਿਤ੍ਰਤਾ ਲਈ ਕਿਥੇ ਕਿਥੇ ਜਾ ਕੇ ਲੜਿਆ ਹੈ। ਮੌਤ ਨੂੰ ਇਹ ਸ਼ਹਾਦਤ ਹੀ ਸਮਝਦਾ ਹੈ—ਏਡਾ ਨਿਰਭੈ ਹੈ। ਪੰਜਾਬੀ ਕਿਸੇ ਗੱਲ ਤੋਂ ਭੈ ਨਹੀਂ ਖਾਂਦਾ। ਇਹ ਪੰਜਾਬੀ ਸਭਿਆਚਾਰ ਹੈ।

**(ਸ) ਪ੍ਰਸਾਦਿ** (Grace)

ਮਨੁੱਖੀ ਵਤੀਰੇ ਵਿਚ ਪ੍ਰਸਾਦਿ ਦਾ ਗੁਣ ਹੀ ਸਭ ਤੋਂ ਵੱਡੀ ਸਭਿਆਚਾਰਕ ਖ਼ੂਬੀ ਹੈ। ਪ੍ਰਸਾਦਿ ਹੈ ਹੋਛਾ ਨਾ ਹੋਣਾ, ਸਗੋਂ ਉਦਾਰਚਿਤ ਹੋਣਾ। ਉਦਾਰਤਾ ਹੀ ਪ੍ਰਸਾਦਿ ਦਾ ਜ਼ਰੂਰੀ ਅੰਸ਼ ਹੈ। ਪੰਜਾਬੀ, ਵਤੀਰੇ ਵਿਚ, ਵੱਧ ਤੋਂ ਵੱਧ ਉਦਾਰਚਿਤ ਹੈ। ਉਸ ਵਿਚ ਤੰਗ-ਦਿਲੀ ਨਹੀਂ ਹੈ, ਉਸ ਵਿਚ ਸਾੜਾ ਨਹੀਂ ਹੈ, ਈਰਖਾ ਨਹੀਂ ਹੈ। ਉਹ ਸਾਥੀਆਂ ਦੀ ਖ਼ੁਸ਼ੀ ਵੇਖ ਕੇ ਸੜਦਾ ਨਹੀਂ ਹੈ।

ਉਹ ਉਦਾਰਤਾ ਨਾਲ ਖ਼ਿਮਾ ਕਰਦਾ ਹੈ। ਖ਼ਾਲਸੇ ਦੀ ਬਖ਼ਸ਼ਸ਼ ਤਾਂ ਪ੍ਰਸਿੱਧ ਹੀ ਹੈ। ਉਹ ਵੱਡੇ ਤੋਂ ਵੱਡਾ ਕਸੂਰ ਖ਼ਿਮਾ ਕਰ ਸਕਦਾ ਹੈ ਤੇ ਜਤਾਂਦਾ ਨਹੀਂ ਹੈ ਕਿ ਉਸ ਨੇ ਖ਼ਿਮਾ ਕੀਤਾ ਹੈ। ਉਹ ਦਾਨ ਦਿੰਦਾ ਹੈ ਤੇ ਉਸ ਦਾ ਢੰਡੋਰਾ ਨਹੀਂ ਪਿਟਦਾ। ਉਹ ਸਹਾਇਤਾ ਕਰਦਾ ਹੈ ਤੇ ਦੂਜੇ ਨੂੰ ਸ਼ਰਮਸਾਰ ਨਹੀਂ ਕਰਦਾ। ਉਹ ਆਪਣਾ ਆਪ ਜਤਾਂਦਾ ਨਹੀਂ ਹੈ। ਨੇਕੀ ਕਰਨੀ ਤੇ ਜਤਾਣਾ ਨਾ—ਇਹ ਹੀ ਪ੍ਰਸਾਦਿ ਹੈ।

'ਪ੍ਰਸਾਦਿ' ਉਹ ਵਤੀਰਾ ਹੈ ਜਿਸ ਨਾਲ ਦੂਜੇ ਦੀ ਆਤਮਾ ਉਤੇ ਭਾਰ ਨਾ ਪਵੇ। ਸਾਊ ਪੁਰਸ਼ ਦੇ ਸਾਰੇ ਗੁਣਾਂ ਵਿਚੋਂ ਵੱਡਾ ਗੁਣ ਪ੍ਰਸਾਦਿ ਹੀ ਹੈ।

ਤੇ ਪੰਜਾਬੀ ਪ੍ਰਸਾਦਿ ਵਾਲਾ (Graceful) ਕਿਉਂ ਹੈ ? ਕਿਉਂਕਿ ਉਸ ਦਾ ਪਰਮਾਤਮਾ ਪ੍ਰਸਾਦੀ ਹੈ। ਪਰਮਾਤਮਾ ਸਭ ਕੁਝ ਮਨੁੱਖ ਨੂੰ ਦਿੰਦਾ ਹੈ, ਪਰ ਅਹਿਸਾਨ ਨਹੀਂ ਜਤਾਂਦਾ, ਦਾਤ ਲੈਣ ਵਾਲੇ ਨੂੰ ਸ਼ਰਮਸਾਰ ਨਹੀਂ ਕਰਦਾ :

ਜਿਹ ਪ੍ਰਸਾਦਿ ਛਤੀਹ ਅੰਮ੍ਰਿਤ ਖਾਹਿ ॥
ਤਿਸੁ ਠਾਕੁਰ ਕਉ ਰਖੁ ਮਨ ਮਾਹਿ ॥
ਜਿਹ ਪ੍ਰਸਾਦਿ ਸੁਗੰਧਤ ਤਨਿ ਲਾਵਹਿ ॥
ਤਿਸ ਕਉ ਸਿਮਰਤ ਪਰਮ ਗਤਿ ਪਾਵਹਿ ॥
ਜਿਹ ਪ੍ਰਸਾਦਿ ਬਸਹਿ ਸੁਖ ਮੰਦਰਿ ॥
ਤਿਸਹਿ ਧਿਆਇ ਸਦਾ ਮਨ ਅੰਦਰਿ ॥
ਜਿਹ ਪ੍ਰਸਾਦਿ ਗ੍ਰਿਹ ਸੰਗਿ ਸੁਖ ਬਸਨਾ ॥
ਆਠ ਪਹਰ ਸਿਮਰਹੁ ਤਿਸੁ ਰਸਨਾ ॥
ਜਿਹ ਪ੍ਰਸਾਦਿ ਰੰਗ ਰਸ ਭੋਗ ॥
ਨਾਨਕ ਸਦਾ ਧਿਆਈਐ ਧਿਆਵਨ ਜੋਗ ॥੧॥

*(ਗਉੜੀ ਸੁਖਮਨੀ ਮ: ੫, ਪੰਨਾ ੨੬੯)*

### ੩.

ਹੁਣ ਵਿਚਾਰਦੇ ਹਾਂ ਕਿ ਗੁਰੂ ਸਾਹਿਬਾਨ ਨੇ ਹੋਰ ਕਰਤੱਵਾਂ ਦੁਆਰਾ ਪੰਜਾਬੀ ਸਭਿਆਚਾਰਕ ਜੀਵਨ ਨੂੰ ਕੀ ਰੰਗਣ ਦਿੱਤੀ ?

### (ੳ) ਰਾਗ (Harmony)

ਗੁਰਬਾਣੀ ਤੇ ਸ਼ਬਦ-ਫ਼ਲਸਫ਼ੇ ਨੂੰ ਰਾਗਾਂ ਵਿਚ ਗਾਇੰਨ ਕਰਨ ਦੀ ਆਗਿਆ ਹੈ। ਗੁਰੂ ਨਾਨਕ ਸਾਹਿਬ ਨੇ ੧੯ ਪੁਰਾਤਨ ਭਾਰਤੀ ਰਾਗਾਂ ਵਿਚ ਬਾਣੀ ਉਚਾਰੀ, ਗੁਰੂ ਅਮਰਦਾਸ ਜੀ ਨੇ ਉਨ੍ਹਾਂ ਹੀ ੧੯ ਰਾਗਾਂ ਵਿਚੋਂ ੧੭ ਰਾਗਾਂ ਵਿਚ ਬਾਣੀ ਉਚਾਰੀ, ਗੁਰੂ ਰਾਮਦਾਸ ਜੀ ਨੇ ੧੯ ਰਾਗਾਂ ਵਿਚ ੧੧ ਨਵੇਂ ਰਾਗ ਹੋਰ ਦਾਖ਼ਲ ਕੀਤੇ ਤੇ ਗੁਰੂ ਗ੍ਰੰਥ ਸਾਹਿਬ ਦੀ ਬਾਣੀ ੩੦ ਰਾਗਾਂ ਵਿਚ ਹੋ ਗਈ। ਗੁਰੂ ਅਰਜਨ ਸਾਹਿਬ ਜੀ ਨੇ ਇਨ੍ਹਾਂ ਹੀ ੩੦ ਰਾਗਾਂ ਨੂੰ ਵਰਤਿਆ। ਗੁਰੂ ਤੇਗ ਬਹਾਦਰ ਸਾਹਿਬ ਨੇ ੩੧ਵਾਂ ਰਾਗ ਜੈਜਾਵੰਤੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕੀਤਾ।

ਹਰ ਸਿਖ ਰਸਮ ਤੇ ਦੀਵਾਨ ਦਾ ਜ਼ਰੂਰੀ ਅੰਗ ਕੀਰਤਨ ਹੈ—ਰਾਗ ਵਿਚ ਬਾਣੀ ਨੂੰ ਗਾਇਨ ਕਰਨਾ। ਅਸਲ ਵਿਚ ਹਰ ਸ਼ਬਦ ਆਪਣੇ ਰਾਗ ਵਿਚ ਹੀ ਪੂਰਾ ਪ੍ਰਭਾਵ ਉਤਪੰਨ ਕਰਦਾ ਹੈ। ਸੂਹੀ ਦਾ ਸ਼ਬਦ ਸੂਹੀ ਵਿਚ ਹੀ ਗਾਇਆ ਜਾਏ ਤੇ ਆਸਾ ਦਾ ਆਸਾ ਵਿਚ।

ਪ੍ਰਭੂ ਕੀਰਤੀ ਦੇ ਵਿਚਾਰ ਤੇ ਰਾਗ—ਸੰਗੀਤ ਮਨੁੱਖੀ ਆਚਰਨ ਤੇ ਸ਼ਖ਼ਸੀਅਤ ਦੀ ਉਸਾਰੀ ਕਰਦੇ ਹਨ। ਮਨੁੱਖੀ ਜਜ਼ਬਾਤ, ਮਨ, ਵਿਚਾਰਾਂ ਵਿਚ ਸੰਗੀਤਾਤਮਕਤਾ ਉਤਪੰਨ ਹੁੰਦੀ ਹੈ। ਮਨੁੱਖੀ ਭਾਵ ਕੋਮਲ ਹੁੰਦੇ ਜਾਂਦੇ ਹਨ ਤੇ ਮਨੁੱਖੀ ਆਚਰਨ ਇਹ ਬਣਦਾ ਹੈ ਕਿ ਜੋ ਗੱਲ ਹਿਰਦੇ ਵਿਚ ਸੋਚੀ ਹੈ, ਉਹ ਬਚਨ ਵਿਚ ਬੋਲੀ ਹੈ ਤੇ ਜੋ ਬਚਨ ਵਿਚ ਕਹੀ ਹੈ ਉਹ ਪੂਰੀ ਕਰਨ ਦਾ ਯਤਨ ਕੀਤਾ ਹੈ, ਇਹ ਮਨ-ਬਚ-ਕਰਮ ਦੀ ਸੰਗੀਤਾਤਮਕਤਾ ਹੈ ਤੇ ਇਹੋ ਆਚਰਨ ਦਾ ਵੱਡਾ ਗੁਣ ਹੈ।

ਪੰਜਾਬੀ ਸੁਭਾਅ ਵਿਚ ਇਹੋ ਕੁਝ ਹੈ, ਉਹ ਅੰਦਰੋਂ ਬਾਹਰੋਂ ਆਮ ਕਰਕੇ ਇਕੋ ਜਿਹੇ ਹਨ। ਉਹ ਗੱਲ ਘੱਟ ਕਰਦੇ ਹਨ ਪਰ ਜੋ ਬਚਨ ਕਰਦੇ ਹਨ, ਉਸ 'ਤੇ ਪੂਰੇ

ਉਤਰਦੇ ਹਨ। ਉਹ ਕਹੇ ਬਚਨ ਲਈ ਜਾਨ ਤੀਕ ਵਾਰ ਦਿੰਦੇ ਹਨ। ਉਹ ਸੱਚ ਸੁਣਾਣ ਦੀ ਦਲੇਰੀ ਰੱਖਦੇ ਹਨ–ਮਨ ਵਿਚ ਹੋਰ ਤੇ ਮੁੱਖ ਹੋਰ ਨਹੀਂ ਹੁੰਦੇ। ਇਹ ਆਚਰਨ ਸੰਗੀਤ ਨੇ ਪੈਦਾ ਕੀਤਾ ਹੈ ਜਿਸ ਨੂੰ ਪੰਜਾਬੀ ਜੀਵਨ ਵਿਚ ਪੂਰੇ ਸਤਿਕਾਰ ਨਾਲ ਗੁਰੂ ਨਾਨਕ ਸਾਹਿਬ ਨੇ ਦਾਖ਼ਲ ਕੀਤਾ। ਇਸ ਸੰਗੀਤ ਨੇ ਸਿਥਲ ਹੋਏ ਉਸ ਸਮੇਂ ਦੇ ਪੰਜਾਬੀ ਜੀਵਨ ਵਿਚ ਨਵਾਂ ਸੰਗੀਤ ਉਤਪੰਨ ਕੀਤਾ।

ਰਾਗਾਂ ਦੀ ਚੋਣ ਵਿਚ ਕਿਸੇ ਵਿਤਕਰੇ ਤੋਂ ਕੰਮ ਨਹੀਂ ਲਿਆ, ਜਿਵੇਂ ਭਗਤ ਬਾਣੀ ਦੀ ਚੋਣ ਵਿਚ ਕਿਸੇ ਜਾਤ, ਪ੍ਰਦੇਸ਼ ਜਾਂ ਧਰਮ ਦਾ ਵਿਚਾਰ ਨਹੀਂ ਰੱਖਿਆ ਗਿਆ, ਕੇਵਲ ਉੱਤਮ ਵਿਚਾਰਾਂ ਤੇ ਭਾਵਾਂ ਦਾ ਖ਼ਿਆਲ ਰੱਖਿਆ ਹੈ। ਸਾਰੇ ਭਾਰਤੀ ਪ੍ਰਾਂਤਾਂ ਦੇ ਰਾਗ ਵਰਤੇ ਹਨ।

ਗੁਰੂ ਸਾਹਿਬਾਨ ਦੀ ਕਿਰਪਾ ਦੁਆਰਾ ਹੀ ਪੰਜਾਬੀ ਜੀਵਨ ਵਿਚ ਰਾਗ ਦੀ ਭਰਮਾਰ ਹੈ ਤੇ ਰਾਗ ਹੀ ਸਭਿਆਚਾਰਕ ਜੀਵਨ ਪੈਦਾ ਕਰਦਾ ਹੈ। ਪੰਜਾਬੀ ਉੱਚੀਆਂ ਹੇਕਾਂ ਲਾ ਕੇ ਸਦਾ ਗਾਉਂਦੇ ਹੀ ਜਾਪਦੇ ਹਨ ਤੇ ਗਾਣਾ ਹੀ ਖ਼ੁਸ਼ੀ ਦੇ ਜੀਵਨ ਦਾ ਸੂਚਕ ਹੈ। ਉਹ ਜੀਵਨ ਨੂੰ ਮਾਣਦੇ ਹਨ ਤੇ ਇਹ ਜਾਚ ਰਾਗ ਰਾਹੀਂ ਹੀ ਗੁਰੂ ਸਾਹਿਬਾਨ ਨੇ ਸਿਖਾਈ ਹੈ। ਜਨਮ ਤੋਂ ਮਰਨ ਤੀਕ ਸਾਰੀਆਂ ਰਸਮਾਂ ਪੰਜਾਬੀ ਜੀਵਨ ਦੀਆਂ ਰਾਗਾਂ ਵਿਚ ਹੀ ਨਿਪਟਦੀਆਂ ਹਨ।

ਰਾਗਾਂ ਦੀ ਤੇ ਭਗਤ ਬਾਣੀ ਦੀ ਵਿਤਕਰੇ ਰਹਿਤ ਚੋਣ ਨਾਲ ਗੁਰੂ ਸਾਹਿਬ ਜੀ ਨੇ ਭਾਵੁਕ ਸਹਿਵਾਸ (Emotional Integration) ਨੂੰ ਉਤਪੰਨ ਕਰਨ ਦਾ ਉਪਰਾਲਾ ਕੀਤਾ ਹੈ।

### (ਅ) ਲੋਕ-ਕਾਵਿ-ਰੂਪ (Respect for Common Man)

ਸਿਖ ਗੁਰੂ ਸਾਹਿਬਾਨ ਨੇ ਅਧਿਆਤਮਕ ਵਿਚਾਰਾਂ ਦੇ ਪ੍ਰਗਟ ਕਰਨ ਲਈ ਬਹੁਤ ਸਾਰੇ ਲੋਕ-ਕਾਵਿ-ਰੂਪ ਨੂੰ ਹੀ ਵਰਤਿਆ ਹੈ ਜਿਵੇਂ ਘੋੜੀਆਂ, ਅਲਾਹਣੀਆਂ, ਦਿਨ-ਰੈਣ, ਰੁੱਤਾਂ, ਸਤਵਾਰੇ, ਬਾਰਹਮਾਹਾਂ, ਵਾਰਾਂ, ਚਉਬੋਲੇ ਆਦਿ। ਬਹੁਤ ਸ਼ਬਦ ਵੀ ਗੀਤ-ਰੂਪਾਂ ਤੇ ਸਰੋਦੀ ਧਾਰਨਾਵਾਂ 'ਤੇ ਹਨ।

ਹੁਣ ਜਿਥੇ ਕੋਈ ਸਭਿਆਚਾਰਕ ਪ੍ਰੋਗਰਾਮ ਹੁੰਦਾ ਹੈ ਉਥੇ ਲੋਕ-ਗੀਤ ਗਾਏ ਜਾਂਦੇ ਹਨ ਪਰ ਆਮ ਕਰਕੇ ਲੋਕ-ਗੀਤਾਂ ਵਿਚ ਵਿਚਾਰਾਂ ਦੀ ਸਿਥਲਤਾ ਆ ਗਈ ਹੈ, ਤਾਂ ਵੀ ਲੋਕ-ਪ੍ਰਤਿਭਾ ਦਾ ਸਤਿਕਾਰ ਜ਼ਰੂਰ ਹੈ ਲੋਕ-ਗੀਤਾਂ ਦੇ ਗਾਏ ਜਾਣ ਵਿਚ।

ਗੁਰੂ ਸਾਹਿਬਾਨ ਨੇ ਜਨ-ਸਾਧਾਰਨ ਦਾ ਸਤਿਕਾਰ ਕੀਤਾ ਹੈ ਤੇ ਇਹ ਸਭਿਆਚਾਰਕ ਵਿਸ਼ੇਸ਼ਤਾ ਹੈ।

### (ੲ) ਸਰੀਰ ਸਾਧਨ (Physical Culture)

ਗੁਰੂ ਅੰਗਦ ਸਾਹਿਬ ਨੇ ਖਡੂਰ ਸਾਹਿਬ ਵਿਚ ਬੱਚਿਆਂ ਦੇ ਸਰੀਰ ਨੂੰ ਰਿਸ਼ਟ-ਪੁਸ਼ਟ ਕਰਨ ਲਈ ਉਨ੍ਹਾਂ ਲਈ ਵਰਜ਼ਸ਼ ਦਾ ਪ੍ਰਬੰਧ ਕੀਤਾ। ਮੱਲ-ਅਖਾੜਾ ਬਣਾ ਕੇ ਲੋਕਾਂ ਵਿਚ ਕਸਰਤ ਤੇ ਕੁਸ਼ਤੀ ਦਾ ਸ਼ੌਕ ਪੈਦਾ ਕੀਤਾ। ਸਰੀਰਕ ਬਲ ਲਈ ਪੰਜਾਬੀਆਂ ਵਿਚ ਸ਼ੌਕ ਇਸ ਤਰ੍ਹਾਂ ਪੈਦਾ ਹੋਇਆ। ਗੁਰੂ ਹਰਿਗੋਬਿੰਦ ਸਾਹਿਬ ਨੇ ਤੇ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਪਾਸੇ ਵਿਸ਼ੇਸ਼ ਧਿਆਨ ਦਿਤਾ। ਬਹਾਦਰੀ ਦਾ ਆਧਾਰ ਸਰੀਰਕ

ਬਲ ਹੀ ਹੈ। ਪੰਜਾਬੀ ਬਹਾਦਰ ਹਨ ਤੇ ਇਹ ਹਰ ਰੂਪ ਵਿਚ ਗੁਰੂ ਸਾਹਿਬਾਨ ਦੀ ਪੰਜਾਬ ਨੂੰ ਦੇਣ ਹੈ।

**(ਸ) ਸਾਹਿਤ-ਇਤਿਹਾਸ ਦਾ ਸ਼ੌਕ** (Mental Culture)

ਗੁਰੂ ਅੰਗਦ ਸਾਹਿਬ ਜੀ ਨੇ ਹੀ ਪੰਜਾਬੀਆਂ ਵਿਚ ਇਤਿਹਾਸ ਅਧਿਐਨ ਦਾ ਸ਼ੌਕ ਪੈਦਾ ਕੀਤਾ ਹੈ। ਪੰਜਾਬ ਦੇ ਹਰ ਥਾਂ *ਸੂਰਜ ਪ੍ਰਕਾਸ਼* ਦੀ ਕਥਾ ਪੜ੍ਹੀ-ਸੁਣੀ ਜਾਂਦੀ ਹੈ। ਸਿਖ ਇਤਿਹਾਸ ਦੀਆਂ ਪੁਰਾਤਨ ਪੁਸਤਕਾਂ ਦਾ ਅਧਿਐਨ ਹੁਣ ਵੀ ਬੜਾ ਹੈ। ਵੈਸੇ ਵੀ ਸਿੱਖਾਂ ਵਿਚ ਪੜ੍ਹੇ ਲੋਕਾਂ ਦੀ ਗਿਣਤੀ ਦੂਜਿਆਂ ਪ੍ਰਾਂਤਾਂ ਦੇ ਵਾਸੀਆਂ ਨਾਲੋਂ ਵੱਧ ਹੈ। ਬਾਣੀ ਦਾ ਅਧਿਐਨ ਤੇ ਨਿਤਨੇਮ ਵੀ ਸਿੱਖਾਂ ਵਿਚ ਸਾਹਿਤਕ ਰੁਚੀਆਂ ਪੈਦਾ ਕਰਦੇ ਹਨ। ਵਧੇਰੇ ਸ਼ੌਕ ਇਤਿਹਾਸ ਦਾ ਹੀ ਹੈ ਤੇ ਗੁਰੂ ਅੰਗਦ ਸਾਹਿਬ ਨੇ ਹੀ ਪਹਿਲਾਂ ਗੁਰੂ ਨਾਨਕ ਸਾਹਿਬ ਦਾ ਜੀਵਨ ਲਿਖਵਾਇਆ ਤੇ ਸਿੱਖਾਂ ਵਿਚ ਇਸ ਤਰ੍ਹਾਂ ਇਤਿਹਾਸ ਦਾ ਸ਼ੌਕ ਪੈਦਾ ਕੀਤਾ।

**(ਹ) ਲੰਗਰ** (Equality)

ਲੰਗਰ ਦੀ ਪ੍ਰਥਾ ਨੇ ਹੀ ਪੰਜਾਬੀਆਂ ਵਿਚ ਮਨੁੱਖੀ ਸ਼ਖ਼ਸੀਅਤ ਦਾ ਸਤਿਕਾਰ ਪੈਦਾ ਕੀਤਾ ਹੈ। ਸਫ਼ਾਈ ਜ਼ਰੂਰੀ ਹੈ ਪਰ ਜਾਤ ਕਰਕੇ ਕੋਈ ਕਿਸੇ ਸਾਂਝੇ ਭੋਜਨਸ਼ਾਲਾ ਵਿਚੋਂ ਇਥੇ ਛੇਕਿਆ ਨਹੀਂ ਜਾ ਸਕਦਾ। ਲੰਗਰ ਹੀ ਛੂਤ-ਛਾਤ ਉਤੇ ਸਭ ਤੋਂ ਕੜੀ ਸੱਟ ਹੈ। ਮਨੁੱਖੀ ਸ਼ਖ਼ਸੀਅਤ ਦਾ ਸਤਿਕਾਰ ਤੇ ਮਨੁੱਖੀ ਬਰਾਬਰੀ ਹੀ ਸਭਿਆਚਾਰਕ ਜੀਵਨ ਦੇ ਜ਼ਰੂਰੀ ਅੰਗ ਹਨ।

ਲੰਗਰ ਦੇ ਨਾਲ ਹੀ ਸਿੱਖਾਂ ਵਿਚ ਮਹਿਮਾਨ-ਨਿਵਾਜ਼ੀ ਵੀ ਉਤਪੰਨ ਹੋਈ।

**(ਕ) ਅਨੰਦ** (Love of Happiness)

ਪੰਜਾਬੀ ਭਰਵਾਂ ਜੀਵਨ ਜੀਣ ਦਾ ਇੱਛਕ ਹੈ। ਉਹ ਉਮਰ ਦੀ ਪਰਵਾਹ ਨਹੀਂ ਕਰਦਾ। ਪੰਜਾਬੀ ਬੁੱਢੇ ਨਹੀਂ ਹੁੰਦੇ। ਇਥੇ ਆਮ ਅਖਾਣ ਹੈ ਕਿ 'ਮਰਦ ਤੇ ਘੋੜਾ ਬੁੱਢੇ ਨਹੀਂ ਹੁੰਦੇ ਜੇ ਖ਼ੁਰਾਕ ਮਿਲਦੀ ਰਹੇ'। ਤੇ ਜੀਵਨ ਦੇ ਹਰ ਪੜਾਅ ਵਿਚ ਇਹ ਖ਼ੁਸ਼ੀ ਮਾਣਨ ਦੇ ਇੱਛਕ ਹਨ।

ਇਹ ਖ਼ੁਸ਼ੀ ਦਾ ਇਸ਼ਕ ਗੁਰੂ ਅਮਰਦਾਸ ਜੀ ਨੇ ਪੰਜਾਬੀਆਂ ਵਿਚ ਪੈਦਾ ਕੀਤਾ। ਉਨ੍ਹਾਂ ਨੇ ਉਮਰ ਨੂੰ ਜਿੱਤ ਕੇ ਦੱਸਿਆ ਤੇ ਇਹ ਸਿੱਧ ਕੀਤਾ ਕਿ ਖ਼ੁਸ਼ੀ ਮਨ ਦੀ ਦਸ਼ਾ ਹੈ, ਇਸ ਦਾ ਉਮਰ ਨਾਲ ਕੋਈ ਸੰਬੰਧ ਨਹੀਂ।

ਸੋਗੀ ਜੀਵਨ ਧਾਰਮਕ ਜੀਵਨ ਨਹੀਂ ਹੈ, ਸਗੋਂ ਖ਼ੁਸ਼ ਜੀਵਨ ਹੀ ਧਾਰਮਕ ਜੀਵਨ ਦਾ ਫਲ ਹੈ।

ਭਾਈ ਵੀਰ ਸਿੰਘ ਜੀ ਨੇ ਇਸ ਫ਼ਲਸਫ਼ੇ ਨੂੰ ਖੇੜੇ ਦੇ ਰੂਪ ਵਿਚ ਅਪਣਾਇਆ।

ਪਰ ਖ਼ੁਸ਼ੀ ਇਕ ਲੰਮੀ ਘਾਲਣਾ ਦਾ ਫਲ ਹੈ, ਇਹ ਸਦੀਵੀ ਵਹਿਣ ਤੇ ਤੋਰ ਨਾਲ ਪੈਦਾ ਹੁੰਦੀ ਹੈ। ਪੰਜਾਬੀ ਜੀਵਨ ਸਦਾ ਕਰਤਾਰੀ ਹੈ।

ਅਨੰਦ (ਖ਼ੁਸ਼ੀ) ਦਾ ਇੰਨਾ ਪਿਆਰ ਜਾਗਿਆ ਕਿ ਸਿਖ ਹਰ ਰਸਮ ਤੇ ਹਰ

ਦੀਵਾਨ 'ਤੇ ਅਨੰਦੁ ਸਾਹਿਬ ਦਾ ਪਾਠ ਅਵੱਸ਼ ਕਰਦੇ ਹਨ, ਭਾਵੇਂ ਮੌਤ ਦਾ ਭੋਗ ਹੋਵੇ ਤੇ ਭਾਵੇਂ ਵਿਆਹ ਦਾ ਅਵਸਰ ਹੋਵੇ।

ਖ਼ੁਸ਼ ਜੀਵਨ ਸਭਿਆਚਾਰਕ ਜੀਵਨ ਦੀ ਕਸਵੱਟੀ ਹੈ।

### (ਖ) ਕਿਰਤ ਦਾ ਸ਼ੌਕ (Dignity of Labour)

ਸੇਵਾ ਗੁਰੂ ਸਾਹਿਬਾਨ (ਗੁਰੂ ਅੰਗਦ ਦੇਵ ਜੀ, ਗੁਰੂ ਅਮਰਦਾਸ ਜੀ, ਗੁਰੂ ਰਾਮਦਾਸ ਜੀ ਤੇ ਗੁਰੂ ਅਰਜਨ ਦੇਵ ਜੀ) ਨੇ ਆਪ ਕਰ ਕੇ ਦੱਸੀ। ਨਿਮਰਤਾ ਵਾਲੇ ਸੇਵਾ ਕਰਮ ਨੂੰ ਮਹਾਨ ਸਮਝਿਆ ਜਾਣ ਲੱਗ ਪਿਆ।

ਗੁਰੂ ਰਾਮਦਾਸ ਜੀ ਨੇ ਬਵੰਜਾ ਕਿੱਤਿਆਂ ਦੇ ਲੋਕਾਂ ਨੂੰ ਚੱਕ ਰਾਮਦਾਸ (ਸ੍ਰੀ ਅੰਮ੍ਰਿਤਸਰ) ਵਿਚ ਵਸਾਇਆ।

ਗੁਰੂ ਅਰਜਨ ਸਾਹਿਬ ਨੇ ਸਿੱਖਾਂ ਨੂੰ ਵਪਾਰ ਵਿਚ ਲਾਇਆ।

ਉਪਜੀਵਕਾ ਲਈ ਕੰਮ ਕਰਨ ਦੀ ਰੁਚੀ ਪੰਜਾਬੀਆਂ ਵਿਚ ਪੈਦਾ ਕੀਤੀ। ਇਹ ਹੀ ਸਤਿਕਾਰਯੋਗ ਜੀਵਨ ਦਾ ਸਾਧਨ ਹੈ।

ਪੰਜਾਬੀ ਭਿਖਾਰੀ ਨਹੀਂ ਹੋ ਸਕਦਾ ਤੇ ਉਹ ਉਪਜੀਵਕਾ ਲਈ ਕਿਸੇ ਕੰਮ ਨੂੰ ਘਟੀਆ, ਨੀਚ ਜਾਂ ਸ਼ਰਮਨਾਕ ਨਹੀਂ ਸਮਝਦਾ। ਸਭਿਆਚਾਰ ਇਸ ਵਿਚ ਹੈ ਕਿ ਹਰ ਕਿੱਤੇ ਦੀ ਕਦਰ ਕੀਤੀ ਜਾਏ ਤੇ ਪੇਸ਼ੇ ਦੇ ਆਧਾਰ 'ਤੇ ਕਿਸੇ ਨੂੰ ਘਟੀਆ ਨਾ ਸਮਝਿਆ ਜਾਏ।

ਗੁਰੂ ਸਾਹਿਬਾਨ ਨੇ ਧਾਰਮਕ ਪੇਸ਼ਾਵਰੀ ਜਮਾਤ, ਜਿਵੇਂ ਬ੍ਰਾਹਮਣ ਸਨ, ਪੈਦਾ ਨਹੀਂ ਹੋਣ ਦਿੱਤੀ। ਇਹ ਇਕ ਤਰ੍ਹਾਂ ਦੀ ਭਿਖਾਰੀ ਜਮਾਤ ਹੈ। ਪੰਜਾਬੀ ਇਸ ਵਸੀਲੇ ਨਾਲ ਰੋਜ਼ੀ ਕਮਾਣਾ ਚੰਗਾ ਨਹੀਂ ਸਮਝਦਾ। ਮਿਹਨਤ ਨਾਲ ਰੋਜ਼ੀ ਕਮਾਣਾ ਸਭਿਆਚਾਰਕ ਹੈ।

### (ਗ) ਗੁਰਮੁਖੀ ਲਿਖਾਰੀ ਤੇ ਚਿਤਰਕਾਰੀ (Calligraphy)

ਗੁਰੂ ਰਾਮਦਾਸ ਜੀ ਨੇ ਹੱਥੀਂ ਬਾਣੀ ਦੀ ਨਕਲ ਕਰਨੀ ਸ਼ੁਰੂ ਕੀਤੀ। ਉਨ੍ਹਾਂ ਦੇ ਹੱਥ ਦਾ ਨਕਲਿਆ ਜਪੁਜੀ ਹੁਣ ਵੀ ਦਿਖਾਇਆ ਜਾਂਦਾ ਹੈ ਤੇ ਗੁਰੂ ਅਰਜਨ ਸਾਹਿਬ ਨੇ ਉਸ ਨੂੰ ਪਰਮਾਣੀਕ ਮੰਨ ਕੇ ਬੀੜ ਵਿਚ ਉਸ ਤੋਂ ਜਪੁਜੀ ਨਕਲਿਆ। ਪੰਜਾਬ ਵਿਚ ਗੁਰਮੁਖੀ ਦੀ ਸੁੰਦਰ ਲਿਖਾਈ ਦਾ ਅਰੰਭ ਕੀਤਾ ਤੇ ਪੁਸਤਕਾਂ ਵਿਚ ਰੰਗੀਨ ਚਿਤਰ ਬਣਾਣ ਦਾ ਰਿਵਾਜ ਵੀ ਤੁਰਿਆ, ਦੀਵਾਰਾਂ 'ਤੇ ਵੀ ਚਿਤਰ ਬਣਾਏ ਜਾਣ ਲੱਗੇ।

ਕਲਾ ਦਾ ਸ਼ੌਕ ਉਪਜਿਆ ਤੇ ਸੁੰਦਰ ਲਿਖਾਈ (ਖ਼ੁਸ਼ਖ਼ਤੀ) ਸਭਿਆਚਾਰ ਦਾ ਚਿੰਨ੍ਹ ਹੈ। ਕਿਸੇ ਮਿੱਤਰ ਨੂੰ ਸ਼ਕਸਤਾ ਚਿੱਠੀ ਲਿਖਣੀ ਚੰਗੀ ਨਹੀਂ ਸਮਝੀ ਜਾਂਦੀ।

### (ਘ) ਇਸ਼ਨਾਨ (Love of Bath : Purity)

ਸਰੀਰਕ ਸਫ਼ਾਈ ਦਾ ਵੀ ਪੰਜਾਬ ਵਿਚ ਵਿਸ਼ੇਸ਼ ਸ਼ੌਕ ਹੈ। ਗੁਰੂ ਸਾਹਿਬਾਨ ਦੇ ਬਣਾਏ ਬਾਉਲੀਆਂ ਤੇ ਸਰੋਵਰਾਂ ਦਾ ਵੀ ਇਹ ਰੁਚੀ ਉਪਜਾਣ ਵਿਚ ਹੱਥ ਹੈ। ਪੰਜਾਬੀ

ਇਸ਼ਨਾਨ ਦੇ ਪ੍ਰੇਮੀ ਹਨ ਤੇ ਇਹ ਸਰੀਰਕ ਪਵਿੱਤਰਤਾ ਆਤਮਕ ਪਵਿੱਤਰਤਾ ਦੀ ਲਖਾਇਕ ਹੈ।

ਇਸ਼ਨਾਨ ਸਭਿਆਚਾਰ ਦੀ ਵੱਡੀ ਨਿਸ਼ਾਨੀ ਹੈ। ਗੁਸਲਖ਼ਾਨਿਆਂ ਦਾ ਸ਼ੌਕ ਪੰਜਾਬ ਵਿਚ ਨਹੀਂ ਹੈ।

**(ਙ) ਸ਼ਹਾਦਤ** (Art of Dying)

ਗੁਰੂ ਅਰਜਨ ਸਾਹਿਬ, ਗੁਰੂ ਤੇਗ ਬਹਾਦਰ ਸਾਹਿਬ, ਸਾਹਿਬਜ਼ਾਦਿਆਂ ਤੇ ਅਨੇਕ ਸ਼ਹੀਦਾਂ ਨੇ ਪੰਜਾਬੀਆਂ ਨੂੰ ਜਾਚ ਸਿਖਾਈ ਹੈ ਕਿ ਕਿਸੇ ਮਹਾਨ ਵਿਚਾਰ ਲਈ, ਗ਼ੈਰਤ ਤੇ ਸਚਾਈ ਲਈ ਮਰ ਸਕਣਾ ਕਿਸੇ ਸਭਿਆਚਾਰ ਦੀ ਰੱਖਿਆ ਕਰਨ ਤੁੱਲ ਹੈ। ਜਿਸ ਕੌਮ ਵਿਚ ਮਰਨ ਦੀ ਜਾਚ ਨਹੀਂ, ਉਸ ਦਾ ਸਭਿਆਚਾਰ ਵੀ ਖੋਖਲਾ ਤੇ ਥੋਥਾ ਰਿਹਾ ਹੈ।

ਪੂਰਨ ਪਵਿੱਤਰ ਆਚਰਨ ਹੀ ਸ਼ਹਾਦਤ ਪ੍ਰਾਪਤ ਕਰਦਾ ਹੈ। ਸਰੀਰ ਨੂੰ ਤੁੱਛ ਸਮਝਣ ਕਰਕੇ ਵੱਡੇ ਵੱਡੇ ਕਾਰਨਾਮੇ ਸੰਭਵ ਹੁੰਦੇ ਹਨ ਤੇ ਇਸੇ ਜੁਰਅਤ ਨਾਲ ਹੀ ਉੱਨਤੀ ਸੰਭਵ ਹੈ ਤੇ ਮਹਾਨ ਜੀਵਨ ਕੀਮਤਾਂ ਦੀ ਰਾਖੀ ਕੀਤੀ ਜਾ ਸਕਦੀ ਹੈ।

**(ਚ) ਦੋ ਤਲਵਾਰਾਂ** (Unity of Life)

ਗੁਰੂ ਹਰਿਗੋਬਿੰਦ ਸਾਹਿਬ ਨੇ ਇਹ ਦੱਸਿਆ ਕਿ ਜੀਵਨ ਇਕ ਇਕਾਈ ਹੈ, ਇਹ ਸੰਭਵ ਨਹੀਂ ਕਿ ਇਸ ਵਿਚ ਰਾਜਸੀ, ਧਾਰਮਕ, ਆਰਥਕ ਜੀਵਨ ਦੀਆਂ ਵੰਡੀਆਂ ਪਾਈਆਂ ਜਾ ਸਕਣ। ਚੰਗੇ ਜੀਵਨ ਲਈ ਸਾਰੀਆਂ ਕੀਮਤਾਂ ਨੂੰ ਇਕ-ਸੁਰ ਕਰਨਾ ਪਵੇਗਾ।

**(ਛ) ਰੋਗੀਆਂ ਦੀ ਸੇਵਾ** (Medical Service)

ਗੁਰੂ ਹਰਿ ਰਾਇ ਸਾਹਿਬ ਨੇ ਐਸਾ ਦਵਾਖ਼ਾਨਾ ਬਣਾਇਆ ਕਿ ਦਾਰਾ ਸ਼ਕੋਹ ਦੀ ਬੀਮਾਰੀ ਸਮੇਂ ਸ਼ਾਹ ਜਹਾਨ ਤੀਕ ਨੂੰ ਉਨ੍ਹਾਂ ਪਾਸੋਂ ਦਵਾਈ ਮੰਗਵਾਣੀ ਪਈ। ਰੋਗੀਆਂ ਦੀ ਸੇਵਾ ਸਭਿਆਚਾਰ ਦਾ ਖ਼ਾਸਾ ਹੈ। ਈਸਾਈ ਮਿਸ਼ਨਾਂ ਨੇ ਇਸ ਪੱਖ ਵਿਚ ਕਮਾਲ ਕਰ ਦਿਤਾ ਹੈ ਤੇ ਸਿਖ ਪਿੱਛੇ ਰਹਿ ਗਏ ਹਨ।

**(ਜ) ਬਾਂਹ ਪਕੜਨਾ** (Compassion)

ਗੁਰੂ ਤੇਗ ਬਹਾਦਰ ਸਾਹਿਬ ਨੇ ਪੰਜਾਬੀ ਆਚਰਨ ਵਿਚ ਇਹ ਕੀਮਤ ਪੈਦਾ ਕੀਤੀ ਕਿ ਦੁਖੀ ਦੀ ਬਾਂਹ ਪਕੜਨੀ ਚਾਹੀਦੀ ਹੈ। ਜਿਥੇ ਅਨਿਆਂ, ਧੱਕਾ ਹੋ ਰਿਹਾ ਹੋਵੇ, ਉਥੇ ਆਵਾਜ਼ ਉਠਾਣੀ ਚਾਹੀਦੀ ਹੈ। ਤੇ ਦੁਖੀ ਭਾਵੇਂ ਤੁਹਾਡੇ ਧਰਮ ਦਾ ਹੈ ਜਾਂ ਗ਼ੈਰ-ਧਰਮ ਦਾ ਹੈ, ਆਪਣਾ ਹੈ ਜਾਂ ਪਰਾਇਆ ਹੈ, ਦੁਖੀ ਨੂੰ ਦੁਖੀ ਸਮਝ ਕੇ ਉਸ ਦਾ ਦੁਖ ਵੰਡਾਣਾ ਚਾਹੀਦਾ ਹੈ, ਵਿਤਕਰਾ ਨਹੀਂ ਕਰਨਾ ਚਾਹੀਦਾ, ਬਾਂਹ ਪਕੜਨੀ ਚਾਹੀਦੀ ਹੈ ਤੇ ਬਾਂਹ ਪਕੜ ਕੇ ਪਿੱਛੇ ਨਹੀਂ ਹਟਣਾ ਚਾਹੀਦਾ ਭਾਵੇਂ ਆਪਣੀ ਜਾਨ ਤੀਕ ਲੱਗ ਜਾਏ। ਸਿਖ ਅਨਿਆਂ ਦੇ ਵਿਰੁੱਧ ਸਦਾ ਆਵਾਜ਼ ਉਠਾਂਦਾ ਹੈ ਤੇ ਆਪਣੇ

ਆਪ ਲਈ ਖ਼ਤਰਾ ਸਹੇੜ ਲੈਂਦਾ ਹੈ। ਪੰਜਾਬੀ ਜ਼ਾਲਮ ਨੂੰ ਸਦਾ ਵੰਗਾਰਦਾ ਹੈ। ਪੰਜਾਬੀ ਕਮਜ਼ੋਰ ਦਾ ਰਾਖਾ ਹੈ, ਉਹ ਨਿਆਸਰਿਆਂ ਦਾ ਆਸਰਾ ਹੈ, ਨਿਧਿਰਿਆਂ ਦੀ ਧਿਰ ਹੈ ਤੇ ਨਿਮਾਣਿਆਂ ਦਾ ਮਾਣ ਹੈ। ਸਭਿਆਚਾਰ ਇਹੋ ਹੈ ਕਿ ਅਨਿਆਂ ਦੇ ਵਿਰੁੱਧ ਡੱਟ ਕੇ ਆਵਾਜ਼ ਉਠਾਈ ਜਾਏ।

**(ਝ) ਆਦਰਸ਼ ਲਈ ਜਥੇਬੰਦੀ** (Corporate Living)

ਹਰ ਚੰਗੇ ਆਦਰਸ਼ ਨੂੰ ਮਨੁੱਖ ਮਿਲ ਕੇ ਪੂਰਾ ਕਰ ਸਕਦੇ ਹਨ। ਜ਼ੁਲਮ ਦੇ ਟਾਕਰੇ ਲਈ ਵੀ ਮਿਲ ਕੇ ਹੀ ਸਫਲਤਾ ਨਾਲ ਜ਼ੁਲਮ ਦਾ ਟਾਕਰਾ ਕੀਤਾ ਜਾ ਸਕਦਾ ਹੈ। ਕਿਸੇ ਚੰਗੇ ਸਮਾਜਕ ਉਦੇਸ਼ ਨੂੰ ਵੀ ਜਥੇਬੰਦ ਹੋ ਕੇ ਹੀ ਪੂਰਿਆਂ ਕੀਤਾ ਜਾ ਸਕਦਾ ਹੈ।

ਗੁਰੂ ਗੋਬਿੰਦ ਸਿੰਘ ਜੀ ਨੇ ਇਹ ਜਾਚ ਸਿਖਾਈ ਕਿ ਚੰਗੇ ਉਦੇਸ਼ ਲਈ ਜਥੇਬੰਦ ਹੋ ਜਾਓ। ਆਦਰਸ਼ ਹੀ ਤੁਹਾਨੂੰ ਬਲ ਦੇਵੇਗਾ। ਆਪਣੇ ਉਦੇਸ਼ ਦਾ ਐਲਾਨ ਕਰਨ ਦੀ ਜੁਰਅਤ ਕਰੋ। ਸਾਦਾ ਜੀਵਨ ਹੀ ਜਥੇਬੰਦੀ ਨੂੰ ਕਾਇਮ ਰੱਖ ਸਕਦਾ ਹੈ।

ਪੰਜਾਬੀ ਆਚਰਨ ਦਾ ਇਹ ਖ਼ਾਸ ਗੁਣ ਹੈ ਕਿ ਚੰਗੇ ਕੰਮਾਂ ਨੂੰ ਉਹ ਜੁੱਟ ਕੇ ਕਰ ਲੈਂਦੇ ਹਨ ਤੇ ਜ਼ਰੂਰ ਸਫਲ ਹੁੰਦੇ ਹਨ।

ਜਥੇਬੰਦੀ ਜ਼ਬਤ ਨਾਲ ਹੀ ਕਾਇਮ ਰਹਿ ਸਕਦੀ ਹੈ ਤੇ ਜ਼ਬਤ, ਹਰ ਪ੍ਰਕਾਰ ਦਾ ਜ਼ਬਤ, ਸਭਿਆਚਾਰਕ ਜੀਵਨ ਲਈ ਜ਼ਰੂਰੀ ਹੈ।

ਪੰਜਾਬੀ ਚੰਗੇ ਹਨ ਕਿਉਂਕਿ ਜ਼ਬਤ ਤੇ ਜਥੇਬੰਦੀ ਦੇ ਗੁਣ ਉਨ੍ਹਾਂ ਦੀ ਗੁੜ੍ਹਤੀ ਵਿਚ ਹਨ। ਇਸੇ ਲਈ ਉਹ ਚੰਗੇ ਖਿਲਾੜੀ ਵੀ ਹਨ। ਉਨ੍ਹਾਂ ਵਿਚ ਟੀਮ ਸਪਿਰਟ ਵੀ ਹੈ, ਉਹ ਆਪਣੀ ਸੰਸਥਾ ਤੇ ਦੇਸ਼ ਲਈ ਲੜਨਾ ਵੀ ਠੀਕ ਜਾਣਦੇ ਹਨ।

**(ਞ) ਸਰਬੱਤ ਦਾ ਭਲਾ** (Universal Love)

ਇਸ ਤਰ੍ਹਾਂ ਸੰਕੇਤ ਮਾਤਰ ਪਤਾ ਲੱਗਦਾ ਹੈ ਕਿ ਕਿਵੇਂ ਸਿਖ ਗੁਰੂ ਸਾਹਿਬਾਨ ਨੇ ਵਰਤਮਾਨ ਪੰਜਾਬ ਦੇ ਸਭਿਆਚਾਰਕ ਜੀਵਨ ਨੂੰ ਉਸਾਰਿਆ ਤੇ ਪੰਜਾਬੀ ਆਚਰਨ ਵਿਚ ਉਹ ਕੀਮਤਾਂ ਪੈਦਾ ਕੀਤੀਆਂ ਜੋ ਜੀਵਨ ਨੂੰ ਮਿੱਠਾ, ਰੌਸ਼ਨ ਤੇ ਪਿਆਰਾ ਬਣਾਂਦੀਆਂ ਹਨ ਤੇ ਜਿਨ੍ਹਾਂ ਰਾਹੀਂ ਜੀਵਨ ਜੀਣ ਯੋਗ ਜਾਪਦਾ ਹੈ। ਗੁਰਬਾਣੀ ਦੇ ਦਰਸ਼ਨ ਨੇ ਪੰਜਾਬੀ ਸਭਿਆਚਾਰ 'ਤੇ ਬੜਾ ਪ੍ਰਭਾਵ ਪਾਇਆ ਹੈ। ਸਿਖ ਦੀ ਰੋਜ਼ਾਨਾ ਅਰਦਾਸ ਹੈ:

**ਨਾਨਕ ਨਾਮ ਚੜ੍ਹਦੀ ਕਲਾ॥ ਤੇਰੇ ਭਾਣੇ ਸਰਬਤ ਦਾ ਭਲਾ॥**

ਇਹੋ ਹੀ ਪੰਜਾਬੀ ਸਭਿਆਚਾਰ ਹੈ। ਪੰਜਾਬੀ ਸਭ ਦਾ ਭਲਾ ਲੋਚਦਾ ਹੈ। ਸਿਖ ਧਰਮ ਦਾ ਕਿਸੇ ਨਾਲ ਕੋਈ ਈਰਖਾਵਾਦੀ ਮੁਕਾਬਲਾ ਨਹੀਂ ਹੈ। ਸਿਖ ਸਰਬੱਤ ਦਾ ਭਲਾ ਲੋਚਦਾ ਹੈ। ਇਸ ਲੋਚਾ ਤੋਂ ਉੱਚੀ ਸਭਿਆਚਾਰਕ ਲੋਚਾ ਕੀ ਹੁੰਦੀ ਹੈ।

ਭਾਗ ਪੰਜਵਾਂ

# ਸਿਖ ਲਈ ਜੀਵਨ ਆਦਰਸ਼

੧੭

# ਗੁਰੂ ਰਾਮਦਾਸ ਜੀ

੧.

ਰਾਮਕਲੀ ਰਾਗ ਦੀਆਂ ਲੰਮੀਆਂ ਬਾਣੀਆਂ—ਓਅੰਕਾਰੁ, ਸਿਧ ਗੋਸਟਿ, ਟਿੱਕੇ ਦੀ ਵਾਰ, ਅਨੰਦੁ, ਸਦੁ (ਰਾਮਕਲੀ)—ਵਿਚੋਂ ਹਰ ਇਕ ਦੀ ਆਪਣੀ ਵਿਸ਼ੇਸ਼ਤਾ ਹੈ। ਓਅੰਕਾਰੁ ਉਨ੍ਹਾਂ ਸਾਰੀਆਂ ਬਹਿਸਾਂ ਦਾ ਸਾਰ ਜਾਪਦਾ ਹੈ ਜੋ ਗੁਰੂ ਨਾਨਕ ਸਾਹਿਬ ਦੀਆਂ ਪੰਡਤਾਂ ਨਾਲ ਹੋਈਆਂ; ਸਿਧ ਗੋਸਟਿ ਉਸ ਸਾਰੀ ਚਰਚਾ ਦਾ ਸਾਰ ਹੈ, ਜੋ ਜੋਗੀਆਂ ਨਾਲ ਹੋਈ। ਟਿੱਕੇ ਦੀ ਵਾਰ ਸਤੇ ਤੇ ਬਲਵੰਡ ਦਾ ਮੁਆਫ਼ੀ-ਨਾਮਾ ਹੈ, ਗੁਰੂ ਅਮਰਦਾਸ ਜੀ ਦੀ ਸ੍ਵੈ-ਜੀਵਨੀ ਤੇ ਤਜਰਬਾ ਹੈ, ਰਾਮਕਲੀ ਸਦੁ ਗੁਰੂ ਅਮਰਦਾਸ ਜੀ ਦਾ ਅੰਤਮ ਉਪਦੇਸ਼ ਹੈ ਤੇ ਇਤਿਹਾਸਕ ਮਹਾਨਤਾ ਦੀ ਚੀਜ਼ ਹੈ। ਰਾਮਕਲੀ ਸਦੁ ਵਿਚ ਗੁਰੂ ਰਾਮਦਾਸ ਜੀ ਦੇ ਸੰਬੰਧ ਵਿਚ ਕੁਝ ਵਿਸ਼ੇਸ਼ ਵਿਚਾਰ ਆਉਂਦੇ ਹਨ, ਜਿਵੇਂ :

> **ਰਾਮਦਾਸ ਸੋਢੀ ਤਿਲਕੁ ਦੀਆ ਗੁਰ ਸਬਦੁ ਸਚੁ ਨੀਸਾਣੁ ਜੀਉ ॥੫॥**
> **ਸਤਿਗੁਰੁ ਪੁਰਖੁ ਜਿ ਬੋਲਿਆ ਗੁਰਸਿਖਾ ਮੰਨਿ ਲਈ ਰਜਾਇ ਜੀਉ ॥**
> **ਮੋਹਰੀ ਪੁਤੁ ਸਨਮੁਖੁ ਹੋਇਆ ਰਾਮਦਾਸੈ ਪੈਰੀ ਪਾਇ ਜੀਉ ॥**
> **ਸਭ ਪਵੈ ਪੈਰੀ ਸਤਿਗੁਰੂ ਕੇਰੀ ਜਿਥੈ ਗੁਰੂ ਆਪੁ ਰਖਿਆ ॥**
> **ਕੋਈ ਕਰਿ ਬਖੀਲੀ ਨਿਵੈ ਨਾਹੀ ਫਿਰਿ ਸਤਿਗੁਰੂ ਆਣਿ ਨਿਵਾਇਆ ॥**
> **ਹਰਿ ਗੁਰਹਿ ਭਾਣਾ ਦੀਈ ਵਡਿਆਈ ਧੁਰਿ ਲਿਖਿਆ ਲੇਖੁ ਰਜਾਇ ਜੀਉ ॥**
> **ਕਹੈ ਸੁੰਦਰੁ ਸੁਣਹੁ ਸੰਤਹੁ ਸਭੁ ਜਗਤੁ ਪੈਰੀ ਪਾਇ ਜੀਉ ॥੬॥੧॥**

*(ਰਾਮਕਲੀ ਸਦੁ, ਪੰਨਾ ੯੨੪-੨੫)*

ਸਤਾ ਬਲਵੰਡ ਇਉਂ ਲਿਖਦੇ ਹਨ :

> **ਧੰਨੁ ਧੰਨੁ ਰਾਮਦਾਸ ਗੁਰੁ ਜਿਨਿ ਸਿਰਿਆ ਤਿਨੈ ਸਵਾਰਿਆ ॥**
> **ਪੂਰੀ ਹੋਈ ਕਰਾਮਾਤਿ ਆਪਿ ਸਿਰਜਣਹਾਰੈ ਧਾਰਿਆ ॥**
> **ਸਿਖੀ ਅਤੈ ਸੰਗਤੀ ਪਾਰਬ੍ਰਹਮੁ ਕਰਿ ਨਮਸਕਾਰਿਆ ॥**
> **ਅਟਲੁ ਅਥਾਹੁ ਅਤੋਲੁ ਤੂ ਤੇਰਾ ਅੰਤੁ ਨ ਪਾਰਾਵਾਰਿਆ ॥**

*(ਵਾਰ ਰਾਮਕਲੀ ਰਾਇ ਬਲਵੰਡ, ਪੰਨਾ ੯੬੮)*

ਇਹ ਪਉੜੀਆਂ ਸਮੁੱਚੇ ਤੌਰ 'ਤੇ ਸਿਖ ਇਤਿਹਾਸ ਉਤੇ ਰੌਸ਼ਨੀ ਪਾਉਂਦੀਆਂ ਹਨ ਤੇ ਵਿਸ਼ੇਸ਼ ਤੌਰ 'ਤੇ ਗੁਰੂ ਰਾਮਦਾਸ ਜੀ ਦੇ ਜੀਵਨ ਅਤੇ ਉੱਚ-ਆਚਰਨ ਉਤੇ। ਉਹ ਕਿਨ੍ਹਾਂ ਗੁਣਾਂ ਕਰਕੇ ਸਰਵ-ਪ੍ਰਿਅ ਸਨ, ਇਨ੍ਹਾਂ ਤੋਂ ਪਤਾ ਲੱਗਦਾ ਹੈ। ਗੁਰ-ਗੱਦੀ

ਬਾਰੇ ਸਾਫ਼ ਪਤਾ ਲੱਗਦਾ ਹੈ ਕਿ ਸਾਰੀ ਸੰਗਤ ਦੇ ਸਾਹਮਣੇ ਹਮੇਸ਼ਾ ਤਿਲਕ ਦਿੱਤਾ ਜਾਂਦਾ ਸੀ, ਤਾਂਕਿ ਮਗਰੋਂ ਕਿਸੇ ਝਗੜੇ ਦੀ ਗੁੰਜਾਇਸ਼ ਨਾ ਰਹੇ। ਜਿਹੜੇ ਲੋਕ ਈਰਖਾ ਕਰ ਕੇ ਝਗੜੇ ਕਰਦੇ ਤੇ ਗੱਦੀ ਦੇ ਦਾਅਵੇਦਾਰ ਬਣਦੇ, ਉਨ੍ਹਾਂ ਪਾਸ ਕਾਨੂੰਨੀ ਕੋਈ ਨੁਕਤਾ ਨਹੀਂ ਸੀ ਹੁੰਦਾ ਕਿਉਂਕਿ ਕਾਨੂੰਨੀ ਜਾਂ ਸਰਬ-ਪ੍ਰਵਾਣਿਤ ਅਸੂਲਾਂ ਅਨੁਸਾਰ ਗੁਰ-ਗੱਦੀ ਦੇਣ ਵਿਚ ਕੋਈ ਨੁਕਸ ਨਹੀਂ ਸੀ ਰਹਿਣ ਦਿੱਤਾ ਜਾਂਦਾ।

੨.

ਹਰ ਗੁਰੂ-ਵਿਅਕਤੀ ਨੇ ਸਿਖ ਧਰਮ ਦੀ ਉਸਾਰੀ ਵਿਚ ਪੂਰਾ ਪੂਰਾ ਹਿੱਸਾ ਪਾਇਆ ਹੈ ਤੇ ਗੁਰੂ ਰਾਮਦਾਸ ਜੀ ਸਿਖ ਧਰਮ ਦੇ ਚੌਥੇ ਉਸਰੱਈਏ ਹਨ।

ਕਿਸੇ ਧਰਮ ਨੂੰ ਪੱਕੇ ਪੈਰੀਂ ਕਰਨ ਲਈ ਹੇਠ-ਦਿੱਤੀਆਂ ਗੱਲਾਂ ਦੀ ਲੋੜ ਹੈ:

(ੳ) ਉਸ ਧਰਮ ਦੇ ਗੁਰੂ ਜਾਂ ਗੁਰੂਆਂ ਵਿਚ ਸ਼ਰਧਾ ਪੱਕੀ ਕੀਤੀ ਜਾਏ।

(ਅ) ਉਸ ਦੇ ਨਿਤਨੇਮ ਅਤੇ ਨਿਤ ਜੀਵਨ ਦੇ ਜ਼ਬਤ (discipline) ਵਿਚ ਪਕਿਆਈ ਪੈਦਾ ਕੀਤੀ ਜਾਏ।

(ੲ) ਉਸ ਦੀ ਧਰਮ ਪੁਸਤਕ ਦੀ ਮਹਾਨਤਾ ਨੂੰ ਉਚੇਰਾ ਕੀਤਾ ਜਾਏ।

(ਸ) ਉਸ ਦੇ ਧਰਮ-ਅਸਥਾਨ ਅਤੇ ਗੁਰਧਾਮਾਂ ਦੀ ਮਹਾਨਤਾ ਵਧਾਈ ਜਾਏ।

(ਹ) ਉਸ ਦੀਆਂ ਰਸਮਾਂ ਸੁਖਾਵੀਆਂ, ਸੋਹਣੀਆਂ ਤੇ ਸੁਚੱਜੀਆਂ ਕੀਤੀਆਂ ਜਾਣ।

(ਕ) ਉਸ ਦੀ ਵਿਦਿਅਕ-ਪੱਧਰ ਨੂੰ ਕਾਇਮ ਕੀਤਾ ਜਾਏ ਤੇ ਉਸ ਦੇ ਵਿਦਵਾਨਾਂ ਦਾ ਸਿੱਕਾ ਦੂਜੀਆਂ ਕੌਮਾਂ ਦੇ ਦਿਲਾਂ ਉਤੇ ਬਿਠਾਇਆ ਜਾਏ।

(ਖ) ਗੁਰੂ ਆਪ ਆਦਰਸ਼ਕ ਜੀਵਨ ਦਾ ਹੋਵੇ ਤੇ ਆਦਰਸ਼ਕ ਜੀਵਨ ਦੇ ਸਿਖ ਪੈਦਾ ਕਰ ਕੇ ਦੱਸੇ।

(ਗ) ਜਿਥੋਂ ਤੀਕ ਹੋ ਸਕੇ ਧਰਮ ਦੇ ਅਸੂਲ ਸਰਬ-ਵਿਆਪੀ ਰੱਖੇ ਜਾਣ, ਉਸ ਨੂੰ ਲੋਕ-ਸੇਵਾ ਵਿਚ ਵਰਤਿਆ ਜਾਏ ਤੇ ਸੇਵਾ ਕਰਦਿਆਂ ਕਿਸੇ ਤਰ੍ਹਾਂ ਦਾ ਵਿਤਕਰਾ ਨਾ ਰੱਖਿਆ ਜਾਏ।

ਇਨ੍ਹਾਂ ਵਿਚੋਂ ਹਰ ਨੁਕਤਾ ਗੁਰੂ ਰਾਮਦਾਸ ਜੀ ਦੇ ਜੀਵਨ ਵਿਚੋਂ ਪੂਰੀ ਤਰ੍ਹਾਂ ਦਰਸਾਇਆ ਜਾ ਸਕਦਾ ਹੈ। ਹਰ ਪੱਖ ਵਿਚ ਉਨ੍ਹਾਂ ਵਿਸ਼ੇਸ਼ ਸੇਵਾ ਕੀਤੀ ਹੈ ਤੇ ਸਿਖ ਧਰਮ ਨੂੰ ਵਰਤਮਾਨ ਰੂਪ ਦੇਣ ਵਿਚ ਪੂਰਾ ਹਿੱਸਾ ਪਾਇਆ ਹੈ। ਹਰ ਇਕ ਨੁਕਤੇ ਦਾ ਸਿਲਸਿਲੇਵਾਰ ਵਿਚਾਰ ਕਰਦੇ ਹਾਂ।

(ੳ)

ਗੁਰੂ ਰਾਮਦਾਸ ਜੀ ਜਵਾਨ ਸਨ, ਉਨ੍ਹਾਂ ਦੀ ਸਾਰੀ ਅਵਸਥਾ ੪੭ ਸਾਲ ਸੀ। ਉਹ ੧੫੩੪ ਤੋਂ ੧੫੮੧ ਤੀਕ ਸਰੀਰਕ ਰੂਪ ਵਿਚ ਇਸ ਸੰਸਾਰ ਵਿਚ ਰਹੇ। ਗੁਰੂ ਨਾਨਕ ਸਾਹਿਬ ਨੇ ਕਿਹਾ ਹੈ ਕਿ ੪੦ ਤੋਂ ੫੦ ਸਾਲ ਦਾ ਸਮਾਂ ਭਰ-ਜੋਬਨ ਦਾ ਸਮਾਂ ਹੁੰਦਾ ਹੈ। ਇਸ ਸਮੇਂ ਵਿਚ ਮਨੁੱਖ ਦੀਆਂ ਸਾਰੀਆਂ ਸ਼ਕਤੀਆਂ ਸਿਖਰ 'ਤੇ ਹੁੰਦੀਆਂ ਹਨ:

**ਚਾਲੀਸੀ ਪੁਰੁ ਹੋਇ ਪਚਾਸੀ ਪਗੁ ਖਿਸੈ, ਸਠੀ ਕੇ ਬੋਢੇਪਾ ਆਵੈ ॥**

*(ਵਾਰ ਮਾਝ ਮ: ੧, ਪੰਨਾ ੧੩੮)*

ਸਾਰੇ ਗੁਰੂਆਂ ਦੇ ਜੀਵਨ ਦੇ ਵਿਸ਼ੇਸ਼ ਕੰਮ ਇਸੇ ਉਮਰ ਵਿਚ ਹੋਏ ਹਨ। ਇਹ ਉਮਰ ਭਰਵੇਂ ਪਿਆਰ ਦੀ ਵੀ ਹੁੰਦੀ ਹੈ। ਗੁਰੂ ਰਾਮਦਾਸ ਜੀ ਵਿਚ ਕਹਿਰਾਂ ਦਾ ਪਿਆਰ ਹੈ:

ਹਰਿ ਅੰਮ੍ਰਿਤ ਭਿੰਨੇ ਲੋਇਣਾ ਮਨੁ ਪ੍ਰੇਮਿ ਰਤੰਨਾ ਰਾਮ ਰਾਜੇ ॥
ਮਨੁ ਰਾਮਿ ਕਸਵਟੀ ਲਾਇਆ ਕੰਚਨੁ ਸੋਵਿੰਨਾ ॥
ਗੁਰਮੁਖਿ ਰੰਗਿ ਚਲੂਲਿਆ ਮੇਰਾ ਮਨੁ ਤਨੋ ਭਿੰਨਾ ॥
ਜਨੁ ਨਾਨਕ ਮੁਸਕਿ ਝਕੋਲਿਆ ਸਭੁ ਜਨਮੁ ਧਨੁ ਧੰਨਾ ॥੧॥

*(ਆਸਾ ਮ: ੪ ਛੰਤ, ਪੰਨਾ ੪੪੮)*

ਕਈ ਗੁਰੂ ਵਿਰੋਧੀ ਭੀ ਹੈਸਨ, ਜਿਨ੍ਹਾਂ ਦਾ ਵਰਣਨ ਉਨ੍ਹਾਂ ਗਉੜੀ ਦੀ ਵਾਰ ਵਿਚ ਕੀਤਾ ਹੈ ਅਤੇ ਦੱਸਿਆ ਹੈ ਕਿ ਦੂਲੇ ਗੁਰੂ ਅਮਰਦਾਸ ਨੇ ਕਿਸ ਤਰ੍ਹਾਂ ਬਹਾਦਰੀ ਨਾਲ ਉਨ੍ਹਾਂ ਦਾ ਮੁਕਾਬਲਾ ਕੀਤਾ। ਰੱਬ ਆਪ ਕਿਵੇਂ ਨਿਆਂ ਕਰਦਾ ਹੈ ਤੇ ਖੋਟਿਆਂ ਨੂੰ ਕਿਵੇਂ ਮਾਰਦਾ ਹੈ। ਗੁਰੂ ਜੀ ਦੇ ਸ਼ਬਦਾਂ ਵਿਚ:

ਪੂਰੇ ਗੁਰ ਕਾ ਹੁਕਮੁ ਨ ਮੰਨੈ,
ਓਹੁ ਮਨਮੁਖੁ ਅਗਿਆਨੁ ਮੁਠਾ ਬਿਖੁ ਮਾਇਆ ॥
ਓਸੁ ਅੰਦਰਿ ਕੂੜੁ ਕੂੜੋ ਕਰਿ ਬੁਝੈ,
ਅਣਹੋਦੇ ਝਗੜੇ ਦਯਿ ਓਸ ਦੈ ਗਲਿ ਪਾਇਆ ॥
ਓਹੁ ਗਲ ਫਰੋਸੀ ਕਰੇ ਬਹੁਤੇਰੀ,
ਓਸ ਦਾ ਬੋਲਿਆ ਕਿਸੈ ਨ ਭਾਇਆ ॥
ਓਹੁ ਘਰਿ ਘਰਿ ਹੰਢੈ ਜਿਉ ਰੰਨ ਦੋੁਹਾਗਣਿ,
ਓਸੁ ਨਾਲਿ ਮੁਹੁ ਜੋੜੇ ਓਸੁ ਭੀ ਲਛਣੁ ਲਾਇਆ ॥

*(ਵਾਰ ਗਉੜੀ ਮ: ੪, ਪੰਨਾ ੩੦੩)*

ਮਲੁ ਜੂਈ ਭਰਿਆ ਨੀਲਾ ਕਾਲਾ ਖਿਧੋਲੜਾ
ਤਿਨਿ ਵੇਮੁਖਿ ਵੇਮੁਖੈ ਨੋ ਪਾਇਆ ॥
ਪਾਸਿ ਨ ਦੇਈ ਕੋਈ ਬਹਣਿ ਜਗਤ ਮਹਿ,
ਗੂਹ ਪੜਿ ਸਗਵੀ ਮਲੁ ਲਾਇ ਮਨਮੁਖੁ ਆਇਆ ॥
ਪਰਾਈ ਜੋ ਨਿੰਦਾ ਚੁਗਲੀ ਨੋ ਵੇਮੁਖੁ ਕਰਿ ਕੈ ਭੇਜਿਆ
ਓਥੈ ਭੀ ਮੁਹੁ ਕਾਲਾ ਦੁਹਾ ਵੇਮੁਖਾ ਦਾ ਕਰਾਇਆ ॥

*(ਵਾਰ ਗਉੜੀ ਮ: ੪, ਪੰਨਾ ੩੦੬)*

(ਹੋਰ ਵੇਖੋ ਸਲੋਕ ਤੇ ਪਉੜੀ ੧੪, ੨੦, ੩੩ ਆਦਿ ਇਸੇ ਵਾਰ ਦੀਆਂ)।

ਗੁਰੂ ਰਾਮਦਾਸ ਆਪਣੇ ਗੁਰੂ (ਅਮਰਦਾਸ) ਜੀ ਦੀ ਵਡਿਆਈ ਵਿਚ ਇਹ ਪਉੜੀਆਂ ਲਿਖ ਰਹੇ ਹਨ। ਗੁਰੂ ਵਿਚ ਸ਼ਰਧਾ ਪਕੇਰੀ ਕਰ ਰਹੇ ਹਨ। ਗੁਰੂ ਦੀ ਮਹਾਨਤਾ ਪ੍ਰਗਟ ਕਰ ਰਹੇ ਹਨ। ਉਹ ਸਿਖ ਧਰਮ ਦੇ ਇਤਿਹਾਸਕਾਰ ਹਨ।

ਤੁਖਾਰੀ ਮ: ੪ (ਪੰਨਾ ੧੧੧੬-੧੭) ਵੀ ਇਕ ਬੜਾ ਇਤਿਹਾਸਕ ਸ਼ਬਦ ਹੈ। ਗੁਰੂ ਅਮਰਦਾਸ ਜੀ ਦੀ ਮਹਾਨਤਾ ਇਕ ਸਾਂਝੇ ਲੀਡਰ, ਰਾਜਸੀ ਇਨਕਲਾਬੀ ਤੇ ਬਿਧ-ਜਵਾਨ ਦੇ ਤੌਰ 'ਤੇ ਪ੍ਰਗਟ ਕੀਤੀ ਹੈ ਤੇ ਇਸ ਝੂਠ ਨੂੰ ਕੱਟਿਆ ਹੈ ਕਿ ਅਕਬਰ

ਦੇ ਕਹੇ 'ਤੇ ਹਿੰਦੂਆਂ ਦੀ ਤਸੱਲੀ ਲਈ ਉਨ੍ਹਾਂ ਤੀਰਥ ਰਟਨ ਕੀਤਾ। ਉਹ ਤਾਂ ਪ੍ਰਚਾਰ ਲਈ ਗਏ ਤੇ ਯਾਤਰਾ-ਟੈਕਸ ਵਿਰੁੱਧ ਬਗਾਵਤ ਕੀਤੀ ਤੇ ਸਾਰਾ ਸਫ਼ਰ ਘੋੜੇ 'ਤੇ ਕੀਤਾ :

**ਨਾਵਣੁ ਪੁਰਬੁ ਅਭੀਚੁ ਗੁਰ ਸਤਿਗੁਰ ਦਰਸੁ ਭਇਆ॥**
**ਦੁਰਮਤਿ ਮੈਲੁ ਹਰੀ ਅਗਿਆਨੁ ਅੰਧੇਰੁ ਗਇਆ॥**
**ਗੁਰ ਦਰਸੁ ਪਾਇਆ ਅਗਿਆਨੁ ਗਵਾਇਆ ਅੰਤਰਿ ਜੋਤਿ ਪ੍ਰਗਾਸੀ॥**
*(ਲੰਮਾ ਸ਼ਬਦ ਹੈ, ਸਾਰਾ ਪੜ੍ਹੋ: ਤੁਖਾਰੀ ਮ: ੪, ਪੰਨਾ ੧੧੧੬)*

ਗੁਰੂ ਰਾਮਦਾਸ ਜੀ ਗੁਰੂ ਘਰ ਦੇ ਇਤਿਹਾਸਕਾਰ ਹਨ ਤੇ ਗੁਰੂ ਵਿਚ ਸ਼ਰਧਾ ਕਾਇਮ ਕਰ ਰਹੇ ਹਨ।

(ਅ)

ਗਉੜੀ ਦੀ ਵਾਰ ਵਿਚ ਹੀ ਸਿਖ ਜੀਵਨ ਲਈ ਰੋਜ਼ਾਨਾ ਜੀਵਨ ਦਾ ਪ੍ਰੋਗਰਾਮ ਵੀ ਗੁਰੂ ਰਾਮਦਾਸ ਜੀ ਨੇ ਪਹਿਲੀ ਵਾਰੀ ਬੱਧਾ। ਅਮਲੀ ਸ਼ਕਲ ਵਿਚ ਪਹਿਲਾਂ ਵੀ ਤੁਰਿਆ ਆਉਂਦਾ ਸੀ, ਪਰ ਉਨ੍ਹਾਂ ਬਾਣੀ ਦਾ ਹਿੱਸਾ ਬਣਾ ਦਿੱਤਾ, ਸਿਖ ਦੇ ਜੀਵਨ ਦਾ ਨੇਮ ਜਿਹੜਾ ਉਸ ਨੂੰ ਗੁਰੂ ਦੇ ਯੋਗ ਬਣਾਉਂਦਾ ਹੈ :

**ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥**
**ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ॥**
**ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ॥**
**ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ ਬਹਦਿਆ ਉਠਦਿਆ ਹਰਿਨਾਮੁ ਧਿਆਵੈ॥**
*(ਵਾਰ ਗਉੜੀ ਮ: ੪, ਪੰਨਾ ੩੦੫)*

ਹੁਣ ਤੀਕ ਸ੍ਰੀ ਕਰਤਾਰਪੁਰ ਇਕ ਜਪੁਜੀ ਸਾਹਿਬ (ਹੱਥ-ਲਿਖਤੀ) ਦੇ ਦਰਸ਼ਨ ਕਰਾਏ ਜਾਂਦੇ ਹਨ। ਸ੍ਰੀ ਕਰਤਾਰਪੁਰ ਸਾਹਿਬ ਵਾਲੀ ਬੀੜ ਵਿਚ ਵੀ ਦਰਜ ਹੈ ਕਿ ਗੁਰੂ ਅਰਜਨ ਸਾਹਿਬ ਨੇ ਜਪੁਜੀ ਗੁਰੂ ਰਾਮਦਾਸ ਜੀ ਦੇ ਹੱਥ-ਲਿਖਤੀ ਜਪੁਜੀ ਤੋਂ ਨਕਲ ਕੀਤਾ। ਇਸ ਵਿਚੋਂ ਇਕ ਸਿੱਟਾ ਤਾਂ ਇਹ ਕਢਿਆ ਜਾ ਸਕਦਾ ਹੈ ਕਿ ਗੁਰੂ ਸਾਹਿਬ ਨੇ ਆਪ ਬਾਣੀ ਨਕਲ ਕਰਨ ਦੀ ਪਰਪਾਟੀ ਚਲਾਈ ਤੇ ਨਿਤਨੇਮ ਦੀ ਵਿਸ਼ੇਸ਼ ਬਾਣੀ ਜਪੁਜੀ ਆਪਣੇ ਪਾਸ ਉਤਾਰਾ ਕਰਕੇ ਰੱਖੀ। ਜ਼ਬਾਨੀ ਯਾਦ ਹੋਣ ਦੇ ਬਾਵਜੂਦ ਵੇਖ ਕੇ ਪਾਠ ਕੀਤਾ ਜਾਂਦਾ। ਸ਼ੁੱਧ ਪਾਠ ਦੀ ਮਹਾਨਤਾ ਦੱਸੀ। ਨਿਤਨੇਮ ਪ੍ਰਚਲਤ ਹੋਇਆ।

(ੲ)

ਗੁਰੂ ਗ੍ਰੰਥ ਸਾਹਿਬ ਵਿਚ ਕੁਲ ੩੧ ਰਾਗ ਹਨ। ਇਨ੍ਹਾਂ ਵਿਚੋਂ ੧੯ ਰਾਗਾਂ ਦੀ ਵਰਤੋਂ ਗੁਰੂ ਨਾਨਕ ਸਾਹਿਬ ਨੇ ਕੀਤੀ ਸੀ। ਗੁਰੂ ਅੰਗਦ ਸਾਹਿਬ ਦੇ ਤੇ ਕੇਵਲ ੬੩ ਸਲੋਕ ਹਨ ਤੇ ਰਾਗਾਂ ਦੀ ਵਰਤੋਂ ਦਾ ਸੁਆਲ ਨਹੀਂ ਉਠਦਾ। ਗੁਰੂ ਅਮਰਦਾਸ ਜੀ ਨੇ ਕੋਈ ਨਵਾਂ ਰਾਗ ਨਹੀਂ ਵਰਤਿਆ, ਉਹ ਉਨ੍ਹਾਂ ਹੀ ਰਾਗਾਂ ਵਿਚ ਸੀਮਤ ਰਹੇ ਹਨ ਜੋ ਗੁਰੂ ਨਾਨਕ ਸਾਹਿਬ ਵਰਤ ਚੁੱਕੇ ਸਨ। ਭਾਵੇਂ ਰਾਗਾਂ ਬਾਰੇ ਸਭ ਤੋਂ ਵੱਧ ਪ੍ਰੀਭਾਸ਼ਾਵਾਂ

(Definitions) ਗੁਰੂ ਅਮਰਦਾਸ ਜੀ ਨੇ ਹੀ ਵਾਰਾਂ ਵਿਚ ਕੀਤੀਆਂ ਹੋਈਆਂ ਹਨ। ਗੁਰੂ ਰਾਮਦਾਸ ਜੀ ਨੇ ਹੀ ਹੇਠ-ਦਿਤੇ ਰਾਗ ਪਹਿਲੀ ਵਾਰੀ ਗੁਰੂ ਗ੍ਰੰਥ ਸਾਹਿਬ ਵਿਚ ਵਰਤੇ।

੧. ਦੇਵਗੰਧਾਰੀ, ੨. ਬਿਹਾਗੜਾ, ੩. ਜੈਤਸਰੀ, ੪. ਟੋਡੀ, ੫. ਬੈਰਾੜੀ, ੬. ਗੋਂਡ, ੭. ਨਟ ਨਾਰਾਇਨ, ੮. ਮਾਲੀ ਗਉੜਾ, ੯. ਕੇਦਾਰਾ, ੧੦. ਕਾਨੜਾ, ੧੧. ਕਲਿਆਨ।

੧੯+੧੧=੩੦ ਤੇ ੩੧ਵਾਂ ਰਾਗ ਕੇਵਲ ਗੁਰੂ ਤੇਗ ਬਹਾਦਰ ਜੀ ਨੇ ਹੀ ਵਰਤਿਆ ਹੈ—ਜੈਜਾਵੰਤੀ।

ਰਾਗਾਂ ਦੀ ਗੁਰਮਤ ਵਿਚ ਬੜੀ ਮਹਾਨਤਾ ਹੈ। ਇਸ ਸਕੀਮ ਨਾਲ ਸਾਰੇ ਦੇਸ਼, ਸਾਰੇ ਧਾਰਮਕ ਫ਼ਿਰਕਿਆਂ, ਸਾਰੇ ਮੌਸਮਾਂ, ਸਾਰੇ ਤਰ੍ਹਾਂ ਦੇ ਵਿਚਾਰਾਂ ਨਾਲ ਸਾਂਝ ਪੈਦਾ ਕੀਤੀ ਜਾਂਦੀ ਸੀ। ਸਾਂਝੇ ਰਾਗਾਂ ਦੀ ਵਰਤੋਂ ਗੁਰੂ ਗ੍ਰੰਥ ਸਾਹਿਬ ਨੂੰ ਇਕ ਸਰਬ-ਸਾਂਝਾ ਗੁਰੂ ਬਣਾਉਣ ਵਿਚ ਸਹਾਇਕ ਹੁੰਦੇ ਹਨ।

(ਸ)

ਇਹ ਗੱਲ ਸਭ ਜਾਣਦੇ ਹਨ ਕਿ ਉਨ੍ਹਾਂ ਸ੍ਰੀ ਅੰਮ੍ਰਿਤਸਰ ਦੀ ਨੀਂਹ ਬੱਧੀ, ਸ਼ਹਿਰ ਵਸਾਇਆ, ਹਰ ਤਰ੍ਹਾਂ ਦੇ ਕਾਰੀਗਰ ਇਥੇ ਰੱਖੇ, ਗੁਰੂ ਬਾਜ਼ਾਰ ਕਾਇਮ ਕੀਤਾ। ਇਹੋ ਹੀ ਥਾਂ ਸਿੱਖੀ ਦਾ ਬੜਾ ਵੱਡਾ ਕੇਂਦਰ ਬਣੀ। ਕੇਵਲ ਸਿਖ ਹੀ ਇਥੇ ਨਹੀਂ ਸਨ, ਸਰਬ ਸਾਂਝਾ ਸ਼ਹਿਰ ਸੀ ਇਹ ਤੇ ਹੈ ਵੀ।

(ਹ)

ਪਤੀ-ਪਤਨੀ ਦੇ ਆਦਰਸ਼ਕ ਰਿਸ਼ਤੇ ਉਤੇ ਸਾਰੇ ਗੁਰੂਆਂ ਨੇ ਲਿਖਿਆ ਹੈ, ਇਕ ਰਹੱਸਵਾਦੀ ਤਰਜ਼ ਵਿਚ, ਵਿਸ਼ੇਸ਼ ਕਰਕੇ ਛੰਤਾਂ ਵਿਚ। ਗੁਰੂ ਅਮਰਦਾਸ ਜੀ ਨੇ ਸੂਹੀ ਰਾਗ ਦੀ ਵਾਰ ਵਿਚ ਇਸ ਦੇ ਸੰਸਾਰਿਕ ਪੱਖ 'ਤੇ ਵੀ ਖ਼ੂਬ ਲਿਖਿਆ। ਪਰ ਵਿਆਹ ਦੀ ਨਵੀਂ ਰਸਮ ਤੇ ਉਸ ਦੀ ਅਦਾਇਗੀ ਲਈ ਵਿਸ਼ੇਸ਼ ਛੰਤ, (ਸੂਹੀ ਰਾਗ ਵਿਚ—ਸੂਹੀ ਰਾਗ ਵਿਆਹ ਦਾ ਰਾਗ ਹੈ) ਲਾਵਾਂ, ਆਪ (ਗੁਰੂ ਰਾਮਦਾਸ ਜੀ) ਨੇ ਹੀ ਲਿਖਿਆ। ਇਸ ਵਿਚ ਗ੍ਰਹਿਸਤ ਦੀ ਮਹਾਨਤਾ, ਪਤੀ ਪਤਨੀ ਦੀ ਬਰਾਬਰੀ, ਇਕ ਦੂਜੇ ਦਾ ਸਤਿਕਾਰ ਤੇ ਇਕ ਦੂਜੇ ਲਈ ਕੁਰਬਾਨੀ ਦਾ ਆਦਰਸ਼ ਪੇਸ਼ ਕੀਤਾ। ਵੱਖਰੀਆਂ ਰਸਮਾਂ ਧਰਮ ਨੂੰ ਪੱਕਿਆਂ ਕਰਦੀਆਂ ਹਨ। ਇਹ ਇਕ ਸਾਦੀ ਜਿਹੀ ਰਸਮ ਹੈ ਜੋ ਕੇਵਲ ਇਕ ਸ਼ਬਦ ਦੇ ਪਾਠ ਨਾਲ ਸੰਪੂਰਨ ਹੋ ਸਕਦੀ ਹੈ।

(ਕ)

ਗੁਰੂ ਰਾਮਦਾਸ ਜੀ ਹਾਲੀਂ ਗੁਰੂ ਨਹੀਂ ਸਨ ਬਣੇ ਜਦੋਂ ਅਕਬਰ ਨੇ ਗੁਰੂ ਅਮਰਦਾਸ ਜੀ ਨੂੰ ਕਿਸੇ ਸ਼ਿਕਾਇਤ ਦਾ ਉੱਤਰ ਦੇਣ ਲਈ ਬੁਲਾ ਭੇਜਿਆ ਸੀ। ਆਪ ਨੇ ਭਾਈ ਜੇਠਾ ਜੀ (ਗੁਰੂ ਰਾਮਦਾਸ ਜੀ ਦਾ ਪਹਿਲਾ ਨਾਂ) ਨੂੰ ਆਪਣੀ ਥਾਂ ਭੇਜਿਆ ਸੀ। ਅਕਬਰ ਧਰਮਾਂ ਦੀ ਤੁਲਨਾਤਮਕ ਵਿਚਾਰ ਵਿਚ ਦਿਲਚਸਪੀ ਰੱਖਦਾ ਸੀ। ਆਪ ਨੇ ਉਥੇ

ਕਿਸੇ ਹਿੰਦੂ ਪੁਸਤਕ (ਸ਼ਾਇਦ ਗੀਤਾ) ਦੇ ਅਰਥ ਕਰ ਕੇ ਪੰਡਤਾਂ 'ਤੇ ਵੀ ਇਸ ਗੱਲ ਦਾ ਸਿੱਕਾ ਬਿਠਾ ਦਿੱਤਾ ਕਿ ਸਿਖ ਪੂਰੀ ਤਰ੍ਹਾਂ ਸਾਰੇ ਗ੍ਰੰਥਾਂ ਤੋਂ ਵਾਕਫ਼ ਹਨ। ਸਿਖ ਗੁਰੂ ਵਿਦਵਾਨ ਹਨ ਤੇ ਸਿਖ ਵੀ ਜ਼ਰੂਰ ਵਿਦਵਾਨ ਹਨ (ਵੇਖੋ ਗੁਰੂ ਗੋਬਿੰਦ ਸਿੰਘ ਜੀ ਦੇ ਕਵੀਆਂ ਦਾ ਹਾਲ)। ਇਸ ਤਰ੍ਹਾਂ ਸਿਖ ਧਰਮ ਦਾ ਵਕਾਰ ਉੱਚਾ ਹੋਇਆ।

(ਖ)

(੧) ਆਪ ਦੇ ਦਰਸ਼ਨ ਲਈ ਬਾਬਾ ਸਿਰੀ ਚੰਦ ਜੀ ਆਏ ਸਨ ਤੇ ਆਪ ਦੀ ਲੰਮੀ ਦਾਹੜੀ ਬਾਰੇ ਪੁੱਛ ਹੋਈ ਸੀ। ਆਪ ਦਾ ਉੱਤਰ ਕਿੰਨਾ ਨਾਟਕੀ ਤੇ ਮੁਕੰਮਲ ਸੀ। ਉਹੋ ਜਿਹਾ ਹੀ ਸੀ ਜਿਹੋ ਜਿਹਾ ਗੁਰੂ ਅਮਰਦਾਸ ਜੀ ਦਾ ਸੀ ਜਦੋਂ ਉਨ੍ਹਾਂ ਨੂੰ ਲੱਤ ਮਾਰੀ ਗਈ ਸੀ।

(੨) ਸਹੁਰੇ ਘਰ ਜੁਆਈ ਦੀ ਸੇਵਾ ਕਰਨਾ ਇਕ ਬੜੀ ਵਿਸ਼ੇਸ਼ ਗੱਲ ਹੈ, ਇਸ ਨੂੰ ਆਮ ਸਮਾਜਕ ਪੱਧਰ ਤੋਂ ਵੇਖਿਆ ਜਾਏ ਪਰ ਘੁੰਘਟ ਕੱਢ ਕੇ ਸੇਵਾ ਨਹੀਂ ਹੁੰਦੀ, ਸਾਰੇ ਸੰਗ ਸ਼ੰਕੇ ਲਾਹ ਕੇ ਸੇਵਾ ਕੀਤੀ ਜਾਂਦੀ ਹੈ ਜਿਵੇਂ ਗੁਰੂ ਅਮਰਦਾਸ ਜੀ ਨੇ ਕੁੜਮ ਹੁੰਦਿਆਂ ਕੀਤੀ ਸੀ।

ਇਸ ਪੱਖ ਉਤੇ ਆਮ ਸਾਖੀਆਂ ਪ੍ਰਸਿੱਧ ਹਨ। ਕੇਵਲ ਇਕ ਹੋਰ ਸ਼ਬਦ ਵੱਲ ਇਸ਼ਾਰਾ ਕਰਨਾ ਹੈ ਜੋ ਪ੍ਰਿਥਵੀ ਚੰਦ ਜੀ ਨੂੰ ਸੰਬੋਧਨ ਕੀਤਾ ਦਸੀਦਾ ਹੈ:

**ਕਾਹੇ ਪੂਤ ਝਗਰਤ ਹਉ ਸੰਗਿ ਬਾਪ ॥**
**ਜਿਨ ਕੇ ਜਣੇ ਬਡੀਰੇ ਤੁਮ ਹਉ ਤਿਨ ਸਿਉ ਝਗਰਤ ਪਾਪ ॥੧॥ਰਹਾਉ॥**
**ਜਿਸੁ ਧਨ ਕਾ ਤੁਮ ਗਰਬੁ ਕਰਤ ਹਉ ਸੋ ਧਨੁ ਕਿਸਹਿ ਨ ਆਪ ॥**
**ਖਿਨ ਮਹਿ ਛੋਡਿ ਜਾਇ ਬਿਖਿਆ ਰਸੁ ਤਉ ਲਾਗੈ ਪਛੁਤਾਪ ॥੧॥**
**ਜੋ ਤੁਮਰੇ ਪ੍ਰਭ ਹੋਤੇ ਸੁਆਮੀ ਹਰਿ ਤਿਨ ਕੇ ਜਾਪਹੁ ਜਾਪ ॥**
**ਉਪਦੇਸੁ ਕਰਤ ਨਾਨਕ ਜਨ ਤੁਮ ਕਉ ਜਉ ਸੁਨਹੁ ਤਉ ਜਾਇ ਸੰਤਾਪ ॥੨॥੧॥੭॥**

*(ਸਾਰਗ ਮ: ੪, ਪੰਨਾ ੧੨੦੦)*

ਮਾਤਾ ਪਿਤਾ ਦਾ ਆਦਰ ਪੁੱਤਰ ਲਈ ਤੇ ਸਬਰ ਮਾਤਾ ਪਿਤਾ ਲਈ। ਇਹ ਉਨ੍ਹਾਂ ਦਾ ਆਚਰਨ ਹੈ।

(ਗ)

ਮਨੁੱਖਤਾ ਦੀ ਸੇਵਾ, ਬਿਨਾਂ ਕਿਸੇ ਜਾਤ, ਧਰਮ ਆਦਿ ਦੇ ਵਿਤਕਰੇ ਦੇ ਸਾਰੇ ਧਰਮਾਂ ਦਾ ਬੜਾ ਜ਼ਰੂਰੀ ਨਿਸ਼ਾਨਾ ਹੈ। ਈਸਾਈਅਤ ਦੀ ਸਾਰੀ ਤਰੱਕੀ ਦਾ ਭੇਦ ਇਸ ਵਿਚ ਹੈ। ਗੁਰੂ ਸਾਹਿਬਾਨ ਆਪਣੇ ਸਿੱਖਾਂ ਦੇ ਖ਼ਰਚ ਨਾਲ ਚਲਾਏ ਲੰਗਰ, ਬਣਾਏ ਸ਼ਹਿਰ ਤੇ ਦਵਾਖ਼ਾਨੇ ਸਾਰਿਆਂ ਲਈ ਖੁਲ੍ਹੇ ਰੱਖਦੇ। ਉਹ ਇਨ੍ਹਾਂ ਸੰਸਥਾਵਾਂ ਦਾ ਮਿਆਰ ਉੱਚਾ ਰੱਖਦੇ। ਗੁਰੂ ਅੰਗਦ ਸਾਹਿਬ ਸਕੂਲ ਚਲਾਣ ਵਾਲੇ ਪਹਿਲੇ ਗੁਰੂ ਸਨ ਜਿਨ੍ਹਾਂ ਖਡੂਰ ਸਾਹਿਬ ਵਿਚ ਬੱਚਿਆਂ ਲਈ ਸਕੂਲ ਚਲਾਇਆ ਸੀ ਤੇ ਗੁਰਮੁਖੀ ਲਿਪੀ ਪ੍ਰਚਲਤ ਕੀਤੀ ਸੀ ਅਤੇ ਇਸ ਦੀ ਵਰਤੋਂ ਦਾ ਰਿਵਾਜ ਵਧਾਇਆ ਸੀ।

## ੧੮

# ਗੁਰੂ ਅਰਜਨ : ਚੜ੍ਹਦੀ ਕਲਾ

### ੧. ਮਹਾਂਵਾਕ

ਗੁਰੂ ਅਰਜਨ ਸਾਹਿਬ ਦਾ ਆਦਰਸ਼ ਕੀ ਸੀ ਤੇ ਉਸ ਦੀ ਪੂਰਤੀ ਲਈ ਉਨ੍ਹਾਂ ਸਾਧਨ ਕੀ ਚੁਣੇ ?

#### (ੳ) ਆਦਰਸ਼ : ਮਨੁੱਖਤਾ ਦੀ ਸੇਵਾ

ਬਿਸਰਿ ਗਈ ਸਭ ਤਾਤਿ ਪਰਾਈ ॥ ਜਬ ਤੇ ਸਾਧ ਸੰਗਤਿ ਮੋਹਿ ਪਾਈ ॥੧॥ਰਹਾਉ॥
ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ ॥੧॥
ਜੋ ਪ੍ਰਭ ਕੀਨੋ ਸੁ ਭਲ ਮਾਨਿਓ ਏਹ ਸੁਮਤਿ ਸਾਧੂ ਤੇ ਪਾਈ ॥੨॥
ਸਭ ਮਹਿ ਰਵਿ ਰਹਿਆ ਪ੍ਰਭੁ ਏਕੈ ਪੇਖਿ ਪੇਖਿ ਨਾਨਕ ਬਿਗਸਾਈ ॥੩॥੮॥

*(ਕਾਨੜਾ ਮ: ੫, ਪੰਨਾ ੧੨੯੯)*

#### (ਅ) ਸਾਧਨ : ਚੜ੍ਹਦੀ ਕਲਾ

ਐਸੋ ਸਹਾਈ ਹਰਿ ਕੋ ਨਾਮ ॥ ਸਾਧ ਸੰਗਤਿ ਭਜੁ ਪੂਰਨ ਕਾਮ ॥੧॥ਰਹਾਉ॥
ਬੂਡਤ ਕਉ ਜੈਸੇ ਬੇੜੀ ਮਿਲਤ ॥ ਬੂਝਤ ਦੀਪਕ ਮਿਲਤ ਤਿਲਤ ॥
ਜਲਤ ਅਗਨੀ ਮਿਲਤ ਨੀਰ ॥ ਜੈਸੇ ਬਾਰਿਕ ਮੁਖਹਿ ਖੀਰ ॥੧॥
ਜੈਸੇ ਰਣ ਮਹਿ ਸਖਾ ਭ੍ਰਾਤ ॥ ਜੈਸੇ ਭੂਖੇ ਭੋਜਨ ਮਾਤ ॥
ਜੈਸੇ ਕਿਰਖਹਿ ਬਰਸ ਮੇਘ ॥ ਜੈਸੇ ਪਾਲਨ ਸਰਨਿ ਸੇਂਘ ॥੨॥
ਗਰੁੜ ਮੁਖਿ ਨਹੀ ਸਰਪ ਤ੍ਰਾਸ ॥ ਸੂਆ ਪਿੰਜਰਿ ਨਹੀ ਖਾਇ ਬਿਲਾਸੁ ॥
ਜੈਸੋ ਆਂਡੋ ਹਿਰਦੇ ਮਾਹਿ ॥ ਜੈਸੋ ਦਾਨੋ ਚਕੀ ਦਰਾਹਿ ॥੩॥
ਬਹੁਤੁ ਓਪਮਾ ਥੋਰ ਕਹੀ ॥ ਹਰਿ ਅਗਮ ਅਗਮ ਅਗਾਧਿ ਤੁਹੀ ॥
ਊਚ ਮੂਚੌ ਬਹੁ ਅਪਾਰ ॥ ਸਿਮਰਤ ਨਾਨਕ ਤਰੇ ਸਾਰ ॥੪॥੩॥

*(ਮਾਲੀ ਗਉੜਾ ਮ: ੫, ਪੰਨਾ ੯੮੬-੮੭)*

#### (ੲ) ਨਾਮ ਕਿਉਂ : ਚੜ੍ਹਦੀ ਕਲਾ ਦੇ ਗੁਣ

ਨਾ ਓਹੁ ਮਰਤਾ ਨਾ ਹਮ ਡਰਿਆ ॥ ਨਾ ਓਹੁ ਬਿਨਸੈ ਨਾ ਹਮ ਕੜਿਆ ॥
ਨਾ ਓਹੁ ਨਿਰਧਨੁ ਨਾ ਹਮ ਭੂਖੇ ॥ ਨਾ ਓਸੁ ਦੂਖੁ ਨ ਹਮ ਕਉ ਦੂਖੇ ॥੧॥
ਅਵਰੁ ਨ ਕੋਊ ਮਾਰਨਵਾਰਾ ॥ ਜੀਅਉ ਹਮਾਰਾ ਜੀਉ ਦੇਨਹਾਰਾ ॥੧॥ਰਹਾਉ॥

ਨਾ ਉਸੁ ਬੰਧਨ ਨਾ ਹਮ ਬਾਧੇ ॥ ਨਾ ਉਸੁ ਧੰਧਾ ਨਾ ਹਮ ਧਾਧੇ ॥
ਨਾ ਉਸੁ ਮੈਲੁ ਨ ਹਮ ਕਉ ਮੈਲਾ ॥ ਓਸੁ ਅਨੰਦੁ ਤ ਹਮ ਸਦ ਕੇਲਾ ॥੨॥
ਨਾ ਉਸੁ ਸੋਚੁ ਨ ਹਮ ਕਉ ਸੋਚਾ ॥ ਨਾ ਉਸੁ ਲੇਪੁ ਨ ਹਮ ਕਉ ਪੋਚਾ ॥
ਨਾ ਉਸੁ ਭੂਖ ਨ ਹਮ ਕਉ ਤ੍ਰਿਸਨਾ ॥ ਜਾ ਉਹੁ ਨਿਰਮਲੁ ਤਾਂ ਹਮ ਜਚਨਾ ॥੩॥
ਹਮ ਕਿਛੁ ਨਾਹੀ ਏਕੈ ਓਹੀ ॥ ਆਗੈ ਪਾਛੈ ਏਕੋ ਸੋਈ ॥
ਨਾਨਕ ਗੁਰਿ ਖੋਏ ਭ੍ਰਮ ਭੰਗਾ ॥ ਹਮ ਓਇ ਮਿਲਿ ਹੋਏ ਇਕ ਰੰਗਾ ॥੪॥੩੨॥੮੩॥

*(ਆਸਾ ਮਹਲਾ ੫, ਪੰਨਾ ੩੯੧)*

੨.

'ਚੜ੍ਹਦੀ ਕਲਾ' ਸਿਖ-ਆਚਰਨ ਦੀ ਇਕ ਵਿਸ਼ੇਸ਼ ਖ਼ੂਬੀ ਹੈ। ਸਿਖ ਸਦਾ ਅਰਦਾਸ ਕਰਦਾ ਹੈ ਕਿ ਪਰਮਾਤਮਾ ਉਸ ਨੂੰ 'ਚੜ੍ਹਦੀ ਕਲਾ' ਵਿਚ ਰੱਖੇ। ਪਰ ਇਹ 'ਚੜ੍ਹਦੀ ਕਲਾ' ਹੈ ਕੀ ? ਚੜ੍ਹਦੀ ਕਲਾ ਦਾ ਗੁਣ ਸੰਸਾਰ ਦੀਆਂ ਕਈ ਕਠੋਰ ਅਸਲੀਅਤਾਂ ਦਾ ਟਾਕਰਾ ਕਰਨ ਲਈ ਹੈ—ਉਹ ਅਸਲੀਅਤਾਂ ਇਹ ਹੋ ਸਕਦੀਆਂ ਹਨ :

(੧) ਸੰਸਾਰ ਵਿਚ ਦੁਖ ਸੁਖ ਹਰ ਇਕ ਦੇ ਹਿੱਸੇ ਵਿਚ ਆਉਣੇ ਜ਼ਰੂਰੀ ਹਨ।

(੨) ਸੰਸਾਰ ਵਿਚ ਚੰਗੇ ਤੇ ਮੰਦੇ, ਹਰ ਇਕ ਦੀ ਵਿਰੋਧਤਾ ਵੀ ਜ਼ਰੂਰੀ ਹੈ।

(੩) ਸੰਸਾਰ ਵਿਚ ਹਰ ਕਿਸੇ ਨੇ ਕੋਈ ਨਾ ਕੋਈ ਜ਼ਿੰਮੇਵਾਰੀ ਵੀ ਨਿਭਾਣੀ ਹੈ।

(੪) ਇਨ੍ਹਾਂ ਹਾਲਤਾਂ ਵਿਚ ਮਨ ਦੀ ਸਥਿਰਤਾ ਕਈ ਵਾਰੀ ਹਰ ਇਕ ਲਈ ਕਠਨ ਹੋ ਜਾਂਦੀ ਹੈ, ਮਨ ਡੋਲਦਾ ਹੈ। ਮਨ ਨੂੰ ਹਰ ਹਾਲਤ ਵਿਚ ਸਥਿਰ ਤੇ ਅਡੋਲ ਰੱਖ ਸਕਣਾ ਹੀ ਚੜ੍ਹਦੀ ਕਲਾ ਹੈ ਤੇ ਹਰ ਰੋਜ਼ ਤੇ ਹਰ ਹਾਲਤ ਵਿਚ ਆਸ਼ਾਵਾਦੀ ਰਹਿਣਾ ਤੇ ਸਦਾ ਉਸਾਰੂ ਤਰੀਕੇ ਨਾਲ ਸੋਚਣਾ ਚੜ੍ਹਦੀ ਕਲਾ ਦੇ ਜ਼ਰੂਰੀ ਅੰਗ ਹਨ। ਸੋ ਚੜ੍ਹਦੀ ਕਲਾ ਵਾਲਾ ਮਨੁੱਖ :

(ੳ) ਦੁਖ, ਦਰਦ, ਘਾਟੇ ਆਦਿ ਦੀ ਹਾਲਤ ਵਿਚ ਮਨ ਕਰਕੇ ਡੋਲਦਾ ਨਹੀਂ।

(ਅ) ਕਿਸੇ ਵਿਰੋਧ ਤੋਂ ਘਬਰਾਂਦਾ ਨਹੀਂ।

(ੲ) ਵੱਡੀ ਤੋਂ ਵੱਡੀ ਜ਼ਿੰਮੇਵਾਰੀ ਲੈਣ ਤੇ ਨਿਭਾਣ ਤੋਂ ਝਕਦਾ ਨਹੀਂ।

(ਸ) ਮੁਸ਼ਕਲ ਤੋਂ ਮੁਸ਼ਕਲ ਕੰਮ ਤੇ ਔਕੜ ਦਾ ਉਪਾਉ ਲੱਭਦਾ ਹੈ ਤੇ ਉਸ ਨੂੰ ਪਿੱਠ ਨਹੀਂ ਦਿੰਦਾ।

(ਹ) ਹਰ ਕੰਮ ਵਿਚ ਆਪਣੇ ਜੋਸ਼ ਤੇ ਚਾਅ ਨੂੰ ਸਦਾ ਮਘਦਾ ਰੱਖ ਸਕਦਾ ਹੈ ਤੇ ਰੱਖਦਾ ਹੈ।

(ਕ) ਸਦਾ ਉਸਾਰੂ ਤਰੀਕੇ ਨਾਲ ਸੋਚਦਾ ਹੈ। ਜੇ ਕੋਈ ਉਸ 'ਤੇ ਚਿੱਕੜ ਉਛਾਲਦਾ ਹੈ ਤਾਂ ਉਹ ਇਵੇਂ ਨਹੀਂ ਕਰਦਾ। ਜੇ ਕੋਈ ਬੇਲੋੜਾ ਵਿਰੋਧ ਕਰਦਾ ਹੈ ਤਾਂ ਉਹ ਆਪਣੀ ਸ਼ਕਤੀ ਵਿਰੋਧ ਕਰਨ ਵਿਚ ਨਹੀਂ ਗਵਾਂਦਾ। ਉਹ ਸਾਧਨ ਲੱਭਦਾ ਹੈ ਕਿ ਹਰ ਵਿਰੋਧ ਵਿਚੋਂ ਲਾਭ ਪ੍ਰਾਪਤ ਹੋ ਸਕੇ ਤੇ ਉਹ ਹਰ ਕੰਮ ਲਈ ਲਾਭਦਾਇਕ ਸਾਬਤ ਹੋ ਸਕੇ।

(ਖ) ਉਸ ਦਾ ਆਸ਼ਾ ਸਦਾ ਆਪਣੇ ਆਚਰਨ ਤੇ ਸੁਭਾਅ ਵਿਚ ਸੁਖਾਵੀਂ ਤੇ ਨਰੋਈ ਤਬਦੀਲੀ ਪੈਦਾ ਕਰਨਾ ਹੁੰਦਾ ਹੈ; ਉਹ ਸਦਾ ਉੱਨਤੀ ਕਰਦਾ ਰਹਿੰਦਾ ਹੈ, ਹਰ ਪੱਖ ਤੇ ਹਰ ਪਾਸੇ ਤੋਂ; ਉਹ ਸਦਾ ਧਰਮ, ਅਰਥ, ਕਾਮ ਤੇ ਮੋਖ ਦੇ ਉਚੇਰੇ ਪੱਧਰ

ਵੱਲ ਜਾ ਰਿਹਾ ਹੁੰਦਾ ਹੈ।

(ਗ) ਉਹ ਹਰ ਰੋਜ਼ ਪਰਮਾਤਮਾ ਦੇ ਨੇੜੇ ਹੋ ਰਿਹਾ ਹੁੰਦਾ ਹੈ, ਅੰਤ ਤੇ ਉਹ ਜੋਧਿਆਂ ਤੇ ਸ਼ਹੀਦਾਂ ਦੀ ਤਰ੍ਹਾਂ ਪਰਮਾਤਮਾ ਦੀ ਦਰਗਾਹ ਵਿਚ ਸਤਿਕਾਰਿਆ ਜਾਂਦਾ ਹੈ।

(ਘ) ਉਹ ਆਪ ਚੜ੍ਹਦੀ ਕਲਾ ਵਿਚ ਰਹਿੰਦਾ ਹੈ ਤੇ ਹੋਰਨਾਂ ਨੂੰ ਚੜ੍ਹਦੀ ਕਲਾ ਵਿਚ ਰੱਖਦਾ ਹੈ। ਆਪ ਉਸਾਰੂ ਬਿਰਤੀ ਵਾਲਾ ਹੈ ਤੇ ਸਭ ਵਿਚ ਉਸਾਰੂ ਬਿਰਤੀ ਪੈਦਾ ਕਰਦਾ ਹੈ। ਆਪ ਮੁਕਤ ਹੈ ਤੇ ਸਭ ਨੂੰ ਮੁਕਤ ਕਰਦਾ ਹੈ।

ਇਹ ਸਾਰੀਆਂ ਗੱਲਾਂ ਇਕ ਦਮ ਤੇ ਇਕ ਸਾਰ 'ਚੜ੍ਹਦੀ ਕਲਾ' ਵਾਲੇ ਮਨੁੱਖ ਵਿਚ ਮੌਜੂਦ ਹੁੰਦੀਆਂ ਹਨ ਤੇ ਕੰਮ ਕਰ ਰਹੀਆਂ ਹੁੰਦੀਆਂ ਹਨ। ਅਸਲ ਵਿਚ ਜੇ ਮਨੁੱਖ ਵਿਚ ਇਕ ਗੁਣ ਆਉਂਦਾ ਹੈ ਤਾਂ ਨਾਲ ਅਨੇਕਾਂ ਹੋਰ ਵੀ ਆ ਜਾਂਦੇ ਹਨ ਤੇ ਜੇ ਇਕ ਔਗੁਣ ਆਉਂਦਾ ਹੈ ਤਾਂ ਨਾਲ ਅਨੇਕਾਂ ਹੋਰ ਔਗੁਣ ਵੀ ਆ ਜਾਂਦੇ ਹਨ। ਇਹ ਸਾਰੀਆਂ ਚੀਜ਼ਾਂ ਰਲ-ਮਿਲ ਕੇ ਹੀ ਸ਼ਖ਼ਸੀਅਤ ਬਣਾਂਦੀਆਂ ਹਨ ਤੇ ਸਿਖ-ਸ਼ਖ਼ਸੀਅਤ ਇਸ ਹਿਸਾਬ ਚੜ੍ਹਦੀ ਕਲਾ ਵਾਲੀ ਸ਼ਖ਼ਸੀਅਤ ਕਹੀ ਜਾ ਸਕਦੀ ਹੈ। ਇਹੋ ਹੀ ਸਿਖ ਆਚਰਨ ਹੈ ਤੇ ਆਚਰਨ ਹੀ ਸ਼ਖ਼ਸੀਅਤ ਹੈ। ਇਸ ਪ੍ਰਕਾਰ ਦਾ ਆਚਰਨ ਹੀ ਇਕ ਮਨੁੱਖ ਨੂੰ ਦੂਜੇ ਤੋਂ ਵੱਖਰਿਆਂਦਾ ਹੈ। ਇਹ ਦਸ਼ਾ ਮਨੁੱਖ ਦੇ ਹਰ ਕਰਤੱਵ ਵਿਚੋਂ ਪ੍ਰਗਟ ਹੁੰਦੀ ਹੈ, ਕਿਸੇ ਇਕ ਵਿਸ਼ੇਸ਼ ਕਰਤੱਵ ਵਿਚੋਂ ਨਹੀਂ।

## ੩.

ਚੜ੍ਹਦੀ ਤੇ ਢਹਿੰਦੀ ਕਲਾ ਵਾਲੇ ਮਨੁੱਖ ਹਰ ਥਾਂ ਮੌਜੂਦ ਹਨ, ਸਿੱਖਾਂ ਵਿਚ ਵੀ ਤੇ ਗ਼ੈਰ ਸਿੱਖਾਂ ਵਿਚ ਵੀ। ਪਰ ਮਹਾਂ ਪੁਰਖ ਸਦਾ ਹੀ ਚੜ੍ਹਦੀਆਂ ਕਲਾ ਵਾਲੇ ਹੋਏ ਹਨ। ਕਿਸੇ ਨੂੰ ਅਸੀਂ ਮਹਾਂ ਪੁਰਖ ਨਹੀਂ ਕਹਿ ਸਕਦੇ ਜੇ ਉਸ ਵਿਚ ਚੜ੍ਹਦੀ ਕਲਾ ਨਹੀਂ ਹੈ। ਇਹੋ ਕਲਾ ਹੀ ਤੇ ਕਿਸੇ ਮਨੁੱਖ ਵਿਚ ਪਰਮਾਤਮਾ ਦੀ ਮਘਦੀ ਹੋਂਦ ਦਾ ਸਬੂਤ ਹੈ। ਇਹ ਕਲਾ ਮਨੁੱਖ ਦੇ ਹਰ ਬਚਨ, ਹਰ ਕਥਨ ਤੇ ਹਰ ਕਰਨੀ ਵਿਚੋਂ ਪ੍ਰਗਟ ਹੋ ਰਹੀ ਹੁੰਦੀ ਹੈ। ਇਕੋ ਹਾਲਾਤ ਵਿਚ ਢਹਿੰਦੀ ਕਲਾ ਵਾਲਾ ਮਨੁੱਖ ਹੋਰ ਤਰੀਕੇ ਨਾਲ ਸੋਚਦਾ, ਬੋਲਦਾ ਤੇ ਅਮਲ ਕਰਦਾ ਹੈ ਤੇ ਚੜ੍ਹਦੀ ਕਲਾ ਵਾਲਾ ਹੋਰ ਤਰੀਕੇ ਨਾਲ। ਮਹਾਂਪੁਰਸ਼ ਸਦਾ ਹੀ ਆਸ਼ਾਵਾਦੀ ਤੇ ਉਸਾਰੂ ਰਹਿੰਦੇ ਹਨ।

ਭਾਵੇਂ ਗੁਰੂ ਸਾਹਿਬਾਨ ਬਾਰੇ ਇਹੋ ਜਿਹੀਆਂ ਗੱਲਾਂ ਦੱਸਣਾ ਜਾਂ ਕਰਨਾ ਕੋਈ ਬਹੁਤੀ ਮਹੱਤਤਾ ਵਾਲੀ ਗੱਲ ਨਹੀਂ, ਭਾਵ ਉਨ੍ਹਾਂ ਦੀ ਤੇ ਕੋਈ ਵਿਸ਼ੇਸ਼ ਵਡਿਆਈ ਨਹੀਂ ਪਰ ਸਿੱਖਾਂ ਨੂੰ ਜ਼ਰੂਰ ਐਸੀਆਂ ਗੱਲਾਂ ਗੁਰੂ ਸਾਹਿਬਾਨ ਦੀਆਂ ਜਾਣ ਕੇ, ਉਤਸ਼ਾਹ ਮਿਲ ਸਕਦਾ ਹੈ। ਸਾਰੇ ਸਿਖ ਗੁਰੂ ਸਾਹਿਬਾਨ ਅਤਿ ਉੱਚੀ ਬਿਰਤੀ ਜਾਂ ਚੜ੍ਹਦੀ ਕਲਾ ਵਾਲੇ ਸਨ। ਸਗੋਂ ਆਮ ਮਨੁੱਖ ਨਾਲੋਂ ਉਨ੍ਹਾਂ ਨੂੰ ਦੁਖ ਤੇ ਵਿਰੋਧ ਵਧੇਰੇ ਵਾਪਰੇ ਪਰ ਉਹ ਅਡੋਲ ਰਹੇ। ਪਹਿਲਾਂ ਅਸੀਂ ਇਹ ਵੇਖਦੇ ਹਾਂ ਕਿ ਉਹ ਇਤਿਹਾਸ ਦੇ ਅਨੁਸਾਰ ਸੱਚਮੁੱਚ ਅਡੋਲ ਰਹੇ, ਫਿਰ ਇਹ ਵਿਚਾਰ ਕਰਨ ਦਾ ਯਤਨ ਕਰਾਂਗੇ ਕਿ ਉਹ ਕਿਨ੍ਹਾਂ ਕਾਰਨਾਂ ਕਰਕੇ ਅਡੋਲ ਰਹਿ ਸਕੇ ਤੇ ਹਰ ਸਾਧਾਰਨ ਮਨੁੱਖ ਵੀ ਉਹ ਸਾਧਨ ਵਰਤਣ ਨਾਲ ਅਡੋਲ ਰਹਿ ਸਕਦਾ ਹੈ ਜਾਂ ਨਹੀਂ।

ਐਂਕੜਾਂ ਗੁਰੂ ਸਾਹਿਬਾਨ ਨੂੰ ਤੇ ਹੋਰ ਮਹਾਂ ਪੁਰਸ਼ਾਂ ਨੂੰ ਇਸ ਵਾਸਤੇ ਵੀ ਵੱਧ ਆਈਆਂ ਹਨ ਕਿਉਂਕਿ ਉਨ੍ਹਾਂ ਨੂੰ ਵਧੇਰੇ ਐਸੇ ਲੋਕਾਂ ਨਾਲ ਵਾਹ ਪੈਂਦਾ ਹੈ ਜਿਨ੍ਹਾਂ ਦਾ ਸੁਧਾਰ ਉਨ੍ਹਾਂ ਕਰਨਾ ਹੈ ਤੇ ਸੁਧਾਰ ਇਸ ਲਈ ਹੀ ਕਰਨ ਦੀ ਲੋੜ ਹੈ ਕਿ ਉਹ ਘਟੀਆ ਪੱਧਰ 'ਤੇ ਹਨ ਅਤੇ ਘਟੀਆ ਪੱਧਰ ਦਾ ਭਾਵ ਇਹੋ ਹੈ ਕਿ ਉਨ੍ਹਾਂ ਦੀ ਬਿਰਤੀ ਬੁਰਾਈਆਂ ਵੱਲ ਲੱਗੀ ਹੋਈ ਹੈ। ਐਸੇ ਲੋਕਾਂ ਨਾਲ ਭਾਵੇਂ ਉਹ ਚੋਰ ਡਾਕੂ ਹੋਣ, ਭਾਵੇਂ ਜ਼ਾਲਮ ਹਾਕਮ ਤੇ ਰਾਜੇ ਹੋਣ ਅਤੇ ਭਾਵੇਂ ਅਗਿਆਨੀ ਭੇਖਧਾਰੀ ਤੇ ਪੰਡਤ ਹੋਣ, ਵਾਹ ਪੈਣ ਨਾਲ ਕੁਦਰਤੀ ਦੁਖ ਕਲੇਸ਼ ਦੀ ਵਧੇਰੇ ਆਸ ਰੱਖੀ ਜਾ ਸਕਦੀ ਹੈ ਤੇ ਐਸੇ ਲੋਕਾਂ ਨੂੰ ਸੁਧਾਰਨ ਲਈ ਵਧੇਰੇ ਜਿਗਰੇ ਤੇ ਉਚੀ ਸ਼ਖ਼ਸੀਅਤ ਦੀ ਲੋੜ ਹੈ। ਇਹ ਸਾਰਾ ਜਿਗਰਾ ਤੇ ਸ਼ਖ਼ਸੀਅਤ ਚੜ੍ਹਦੀ ਕਲਾ ਹੀ ਹੈ।

ਗੁਰੂ ਨਾਨਕ, ਘਰ ਦੇ ਜਿਸ ਵਾਤਾਵਰਣ ਵਿਚ ਸੀ, ਉਥੇ ਜੀਵਨ ਦੇ ਮਿਥੇ ਆਦਰਸ਼ ਨੂੰ ਨਿਭਾਣ ਦੀ ਲਗਨ ਨੂੰ ਕਾਇਮ ਰਖ ਸਕਣ ਲਈ ਇਕ ਅਤਿ ਉਚੀ ਬਿਰਤੀ ਦੀ ਲੋੜ ਹੈ। ਸਾਡੇ ਬਹੁਤਿਆਂ ਦੇ ਹਾਲਾਤ, ਇਸ ਪੱਖ ਤੋਂ ਇੰਨੇ ਭੈੜੇ ਨਹੀਂ ਹੁੰਦੇ ਹਨ, ਕਿਉਂਕਿ ਸਾਡੇ ਮਾਤਾ ਪਿਤਾ ਵੀ ਪਦਾਰਥਵਾਦੀ ਤੇ ਅਸੀਂ ਵੀ। ਫਿਰ ਜਦੋਂ ਉਹ ਆਪਣੇ ਆਦਰਸ਼ ਦੇ ਪਰਚਾਰ ਲਈ ਤੁਰ ਪਏ ਤਾਂ ਲੋਕਾਂ ਦੇ ਇਨ੍ਹਾਂ ਬਾਰੇ ਤਿੰਨ ਹੀ ਵਿਚਾਰ ਸਨ ਜੋ ਉਨ੍ਹਾਂ ਆਪ ਗੁਰਬਾਣੀ ਵਿਚ ਦਰਜ ਕੀਤੇ ਹੋਏ ਹਨ :

**ਕੋਈ ਆਖੈ ਭੂਤਨਾ ਕੋ ਕਹੈ ਬੇਤਾਲਾ॥**
**ਕੋਈ ਆਖੈ ਆਦਮੀ ਨਾਨਕੁ ਵੇਚਾਰਾ॥੧॥** *(ਮਾਰੂ ਮ: ੧, ਪੰਨਾ ੯੯੧)*

ਉਨ੍ਹਾਂ ਦੇ ਵਿਚਾਰਾਂ ਨੂੰ ਸੁਣ ਕੇ ਤੇ ਉਹ ਵਿਚਾਰ ਲੋਕਾਂ ਦੇ ਆਮ ਵਿਚਾਰਾਂ ਨਾਲ ਜਾਂ ਘੱਟੋ ਘੱਟ ਸੁਆਰਥੀ ਲੋਕਾਂ ਦੇ ਪ੍ਰਚਲਤ ਵਿਚਾਰਾਂ ਨਾਲ ਟਕਰਾਂਦੇ ਸਨ; ਲੋਕੀ ਉਨ੍ਹਾਂ ਨੂੰ ਜਾਂ ਸ਼ੈਤਾਨ ਸਮਝਦੇ ਜਾਂ ਪਾਗਲ ਸਮਝਦੇ ਤੇ ਕੁਝ ਉਨ੍ਹਾਂ ਨੂੰ ਸਾਧਾਰਨ ਮਨੁੱਖ ਵੀ ਸਮਝਦੇ। ਪਰ ਦੋ ਹਿਸੇ ਲੋਕੀ ਤਾਂ ਉਨ੍ਹਾਂ ਨਾਲ ਨਿਆਂ ਨਹੀਂ ਸਨ ਕਰ ਸਕਦੇ, ਜਾਂ ਉਨ੍ਹਾਂ ਨੂੰ ਸ਼ੈਤਾਨ ਸਮਝਦੇ ਸਨ ਜਾਂ ਪਾਗਲ ਸਮਝਦੇ ਸਨ ਤੇ ਇਨ੍ਹਾਂ ਵਿਚਾਰਾਂ ਦੇ ਅਧੀਨ ਉਨ੍ਹਾਂ ਨਾਲ ਕਈ ਪ੍ਰਕਾਰ ਦੇ ਅਨਿਆਂ ਤੇ ਵਧੀਕੀਆਂ ਵੀ ਕਰਦੇ ਸਨ ਪਰ ਇਨ੍ਹਾਂ ਹਾਲਾਤ ਦੇ ਹੁੰਦਿਆਂ ਸਾਰਾ ਜੀਵਨ ਆਪਣੀ ਲਗਨ ਨਾਲ ਨਿਭਾ ਲੈਣਾ, ਇਕ ਅਥਾਹ ਚੜ੍ਹਦੀ ਕਲਾ ਦਾ ਸਬੂਤ ਹੈ। ਹਰ ਹਾਲਤ ਵਿਚ ਜਿੱਤ ਗੁਰੂ ਨਾਨਕ ਸਾਹਿਬ ਦੀ ਹੁੰਦੀ ਰਹੀ। ਕਾਰਨ ਕੇਵਲ ਚੜ੍ਹਦੀ ਕਲਾ ਵਾਲੀ ਬਿਰਤੀ ਸੀ। ਸੱਜਣ ਠੱਗ ਨੂੰ ਮਿਲਦੇ ਹਨ—ਐਸੇ ਆਦਮੀ ਨੂੰ ਮਿਲਣ ਲਈ ਤੇ ਉਸ ਦੇ ਘਰ ਅਡੋਲ ਰਾਤ ਕੱਟਣ ਲਈ ਹੀ ਮਨ ਦੀ ਇਕ ਵਿਸ਼ੇਸ਼ ਅਵਸਥਾ ਦੀ ਲੋੜ ਹੈ। ਉਨ੍ਹਾਂ ਹਾਲਾਤ ਵਿਚ ਜਾਣ ਨਾਲ ਹਰ ਮੌਕੇ ਖ਼ਤਰਾ ਹੋ ਸਕਦਾ ਹੈ, ਪਰ ਗੁਰੂ ਨਾਨਕ ਨੂੰ ਇਤਨੀ ਬੇਫ਼ਿਕਰੀ ਹੈ ਕਿ ਉਹ ਉਸ ਸਮੇਂ ਕੀਰਤਨ ਕਰ ਸਕਦੇ ਹਨ—ਇਹੋ ਹੀ ਚੜ੍ਹਦੀ ਕਲਾ ਹੈ। ਚੜ੍ਹਦੀ ਕਲਾ ਦਾ ਭਾਵ ਇਹ ਤੇ ਨਹੀਂ ਕਿ ਇਸ ਮਨੁੱਖ ਨੂੰ ਕੋਈ ਖ਼ਤਰਾ ਨਹੀਂ ਵਾਪਰ ਸਕਦਾ। ਖ਼ਤਰਾ ਸਗੋਂ ਉਹ ਮੁੱਲ ਲੈਂਦਾ ਹੈ ਤੇ ਆਪਣੀ ਜਾਨ ਦੀ ਪਰਵਾਹ ਨਹੀਂ ਕਰਦਾ। ਜੀਵਨ ਦੀਆਂ ਕੁਝ ਕੀਮਤਾਂ ਲਈ ਕੁਰਕਸ਼ੇਤਰ ਤੇ ਹਰਿਦੁਆਰ ਦੇ ਮਜ਼੍ਹਬੀ ਜਨੂਨ ਵਾਲੇ ਜਮਘਟੇ ਵਿਚ ਸਾਰੀ ਵਿਚਾਰ-ਪ੍ਰਣਾਲੀ ਦੇ ਉਲਟ ਹਰਕਤ ਕਰਨ ਦਾ ਭਾਵ ਮੌਤ ਹੋਣਾ ਅਨੋਖੀ ਗੱਲ ਨਹੀਂ, ਪਰ ਇਹ ਮੌਤ ਇਸ

ਵਿਸ਼ਵਾਸ ਦੇ ਅਧੀਨ ਕਿ ਮੇਰੀ ਜਿੱਤ ਹੋਵੇਗੀ—ਇਹੋ ਚੜ੍ਹਦੀ ਕਲਾ ਹੈ—ਮੁੱਲ ਲੈ ਲਈ ਹੈ, ਬਿਰਤੀ ਦੀ ਗੱਲ ਹੈ। ਜੋਗੀਆਂ ਦੇ ਜਮਘਟੇ ਵਿਚ ਇਹੋ ਕੁਝ ਕਰਨਾ ਬੜੀ ਭਾਰੀ ਚੜ੍ਹਦੀ ਕਲਾ ਦੀ ਮੰਗ ਕਰਦਾ ਹੈ। ਮੱਕੇ ਜਾ ਕੇ, ਖ਼ਾਸ ਉਸੇ ਅਸਥਾਨ ਵਿਚ, ਠੀਕ ਪ੍ਰਚਲਤ ਖ਼ਿਆਲਾਂ ਨਾਲੋਂ ਵਿਰੋਧੀ ਵਿਚਾਰ ਪ੍ਰਗਟ ਕਰ ਸਕਣਾ, ਕੁਰਕਸ਼ੇਤਰ ਤੇ ਹਰਿਦੁਆਰ ਨਾਲੋਂ ਵੀ ਵਧੇਰੇ ਦਲੇਰੀ ਦੀ ਮੰਗ ਕਰਦਾ ਹੈ। ਪਰ ਬਿਰਤੀ ਦੀ ਗੱਲ ਹੈ। ਨੂਰ ਸ਼ਾਹ, ਸੰਗਲਾਦੀਪ ਤੇ ਕੌਡੇ ਆਦਿ ਦੀਆਂ ਘਟਨਾਵਾਂ ਤੇ ਬਹੁਤ ਮਾਮੂਲੀ ਹਨ, ਐਸੇ ਜੀਵਨ ਵਿਚ। ਪਰ ਜੇਤੂ ਬਾਦਸ਼ਾਹ ਨਾਲ ਟੱਕਰ ਲਾਣਾ ਫਿਰ ਬੜੇ ਜਿਗਰੇ ਦੀ ਮੰਗ ਕਰਦਾ ਹੈ।

ਬਾਕੀ ਗੁਰੂ-ਵਿਅਕਤੀਆਂ ਦੇ ਜੀਵਨ ਵਿਚੋਂ ਵੀ ਇਹੋ ਜਿਹੀਆਂ ਘਟਨਾਵਾਂ ਲੱਭੀਆਂ ਜਾ ਸਕਦੀਆਂ ਹਨ ਪਰ ਐਸੀਆਂ ਘਟਨਾਵਾਂ ਦੀ ਬਹੁਲਤਾ, ਆਕਾਰ ਤੇ ਗਿਣਤੀ ਕਰਕੇ ਬਹੁਤ ਵੱਧ ਗੁਰੂ ਨਾਨਕ, ਗੁਰੂ ਅਰਜਨ, ਗੁਰੂ ਹਰਿਗੋਬਿੰਦ ਤੇ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਵਿਚ ਹੈ। ਤਾਂ ਵੀ ਗੁਰੂ ਅੰਗਦ ਦੇਵ ਜਿਸ ਤਰੀਕੇ ਨਾਲ ਹਮਾਯੂੰ ਨੂੰ ਮਿਲਦੇ ਹਨ, ਜਿਸ ਤਰੀਕੇ ਨਾਲ ਤਪੇ ਦੀ ਵਿਰੋਧਤਾ ਨੂੰ ਪ੍ਰਵਾਨ ਕਰਦੇ ਹਨ, ਜਿਵੇਂ ਬਾਬਾ ਸਿਰੀ ਚੰਦ ਜੀ ਦੀ ਵਿਰੋਧਤਾ ਨੂੰ ਪ੍ਰਵਾਨ ਕਰਦੇ ਹਨ, ਉਹ ਉਚੇ ਮਨ ਦੀ ਚੜ੍ਹਦੀ ਕਲਾ ਹੀ ਹੈ।

ਗੁਰੂ ਅਮਰਦਾਸ ਜੀ ਦੀ ਵਿਰੋਧਤਾ ਹੋਈ ਹੈ, ਗੁਰ-ਪੁੱਤਰਾਂ ਵੱਲੋਂ, ਲੋਕਾਂ ਵਲੋਂ, ਬਾਦਸ਼ਾਹ ਦੇ ਨਿਕਟਵਰਤੀਆਂ ਵਲੋਂ। ਗੁਰੂ ਅਮਰਦਾਸ ਜੀ ਦਾ ਜੀਵਨ ਕਿੰਨੀ ਚੜ੍ਹਦੀ ਕਲਾ ਦਾ ਜੀਵਨ ਹੈ, ਇਸ ਦਾ ਅਨੁਮਾਨ ਸਦਾ ਇਸ ਗੱਲ ਵਿਚੋਂ ਲਾਣਾ ਚਾਹੀਦਾ ਹੈ ਕਿ ਕਿਸ ਉਮਰ ਵਿਚ ਆਪ ਨੇ ਇੰਨੀ ਵੱਡੀ ਜ਼ਿੰਮੇਵਾਰੀ ਨੂੰ ਨਿਭਾਣਾ ਪ੍ਰਵਾਨ ਕੀਤਾ ਹੈ ਤੇ ਉਸ ਨੂੰ ਪੂਰੀ ਜਵਾਨੀ ਵਾਂਗ ਨਿਭਾਇਆ ਹੈ। ਨਵਾਂ ਤੀਰਥ ਰਚਿਆ ਹੈ, ਪੁਰਾਤਨ ਸਨਾਤਨ ਤੀਰਥਾਂ ਦਾ ਦੌਰਾ ਕੀਤਾ ਹੈ, ਯਾਤਰਾ-ਕਰ ਵਿਰੁੱਧ ਆਵਾਜ਼ ਉਠਾਈ ਹੈ, ਲੰਗਰ ਦੇ ਨੁਕਤੇ 'ਤੇ ਜੋ ਵਿਰੋਧਤਾ ਹੋਈ ਹੈ, ਉਸ ਨੂੰ ਸਹਾਰਿਆ ਹੈ, ਬਾਦਸ਼ਾਹ ਪਾਸ ਹੋਈਆਂ ਸ਼ਿਕਾਇਤਾਂ ਤੋਂ ਅਪ੍ਰਭਾਵਤ ਰਹੇ ਹਨ। ਉਸ ਉਮਰ ਵਿਚ ਇਹ ਸਭ ਕੁਝ ਕਰਾਮਾਤ ਹੈ, ਪਰ ਹੈ ਚੜ੍ਹਦੀ ਕਲਾ ਦੀ ਕਰਾਮਾਤ। ਗੁਰੂ ਰਾਮਦਾਸ ਜੀ ਦੇ ਘਰ-ਬਰਾਦਰੀ ਦੇ ਲੋਕੀ ਵਿਰੋਧ ਕਰਦੇ ਹਨ, ਬਾਬਾ ਮੋਹਨ ਤੇ ਮੋਹਰੀ ਜੀ ਵਿਰੋਧ ਕਰਦੇ ਹਨ, ਆਪਣਾ ਲੜਕਾ ਪ੍ਰਿਥੀ ਚੰਦ ਝਗੜਦਾ ਹੈ। ਗੁਰੂ ਤੇਗ ਬਹਾਦਰ ਤੇ ਗੁਰੂ ਗੋਬਿੰਦ ਸਿੰਘ ਜੀ ਬਿਲਕੁਲ ਬੇ-ਖ਼ਬਰ ਹਨ ਕਿ ਕੀ ਹੋ ਰਿਹਾ ਹੈ। ਉਹ ਆਪਣੀ ਧੁਨ ਵਿਚ ਮਸਤ ਹਨ, ਆਪਣੇ ਆਦਰਸ਼ ਵੱਲ ਤੁਰੇ ਜਾ ਰਹੇ ਹਨ।

ਪਰ ਇਸ ਗੱਲ ਦਾ ਸਬੂਤ ਕੀ ਹੈ ਕਿ ਇੰਨੀ ਵਿਰੋਧਤਾ ਵਿਚ ਗੁਰੂ ਸਾਹਿਬਾਨ ਚੜ੍ਹਦੀ ਕਲਾ ਵਿਚ ਰਹੇ ਪਈ ਤੇ ਸਹੀ ਤਾਂ ਹਰ ਕਿਸੇ ਨੂੰ ਕਰਨੀ ਪੈਂਦੀ ਹੈ। ਕਿਸੇ ਮਨ ਦੀ ਅਵਸਥਾ ਉਸ ਦੇ ਬਚਨ ਬਾਣੀ ਤੋਂ ਪਤਾ ਲੱਗਦੀ ਹੈ, ਉਸ ਦੇ ਚਿਹਰੇ ਤੋਂ ਪਤਾ ਲੱਗਦੀ ਹੈ, ਉਸ ਦੀ ਸ਼ਖ਼ਸੀਅਤ ਵਿਚ ਵਧਦੇ ਘਟਦੇ ਚਿੜਚਿੜੇਪਨ ਤੇ ਮਿਠਾਸ ਤੋਂ ਪਤਾ ਲੱਗਦੀ ਹੈ। ਪਰ ਬਾਣੀ ਅਸਲ ਰੂਪ ਹੈ ਗੁਰੂ ਸਾਹਿਬ ਦਾ। ਸਭ ਗੁਰੂ-ਵਿਅਕਤੀਆਂ ਦੀ ਬਾਣੀ ਮਨੁੱਖ ਮਾਤ੍ਰ ਲਈ ਆਸ਼ਾ ਦਾ ਸੁਨੇਹਾ ਹੈ, ਸਭ ਨੂੰ ਚੜ੍ਹਦੀ ਕਲਾ ਵਿਚ ਲਿਜਾਣ ਵਾਲੀ ਹੈ ਤੇ ਆਪਣੇ ਆਪ ਵਿਚ ਸ਼ਾਂਤੀ ਦਾ ਸਾਗਰ ਹੈ। ਕਰਤਾ ਤੇ ਉਸ ਦੀ ਕਿਰਤ ਜਾਂ ਰਚਨਾ ਵਿਚ ਅਥਾਹ ਡੂੰਘਾ ਸੰਬੰਧ ਹੈ, ਕਿਰਤ ਕਰਤਾ ਦੀ

ਸ਼ਖ਼ਸੀਅਤ ਹੀ ਹੈ ਤੇ ਇਹੋ ਸਬੂਤ ਹੈ ਗੁਰੂ ਸਾਹਿਬਾਨ ਦੀ ਮਾਨਸਕ ਤੇ ਆਤਮਕ ਸ਼ਾਂਤੀ ਅਤੇ ਚੜ੍ਹਦੀ ਕਲਾ ਦਾ।

੪.

ਉੱਪਰ-ਦੱਸੇ ਦ੍ਰਿਸ਼ਟੀਕੋਣ ਤੋਂ ਜੇ ਗੁਰੂ ਅਰਜਨ ਸਾਹਿਬ ਦੇ ਸ਼ਖ਼ਸੀ ਹਾਲਾਤ ਤੇ ਉਨ੍ਹਾਂ ਦੀ ਰਚਨਾ ਦਾ ਵਿਚਾਰ ਕਰੀਏ ਤਾਂ ਉਸ ਮਹਾਂ ਪੁਰਸ਼ ਦੀ ਮਹਾਨਤਾ, ਚੜ੍ਹਦੀ ਕਲਾ ਦੇ ਰੂਪ ਤੋਂ ਵਿਸ਼ੇਸ਼ ਤੌਰ 'ਤੇ ਪਰਤੱਖ ਹੁੰਦੀ ਹੈ। ਹਰ ਗੁਰ-ਵਿਅਕਤੀ ਦੀ ਬਾਣੀ ਦੀ ਬੁਨਿਆਦੀ ਸਚਾਈ ਇਕ ਹੁੰਦਿਆਂ ਵੀ, ਹਰ ਇਕ ਦੇ ਰਸ ਤੇ ਰੂਪ ਵਿਚ ਫ਼ਰਕ ਹੈ। ਆਸ਼ਾ, ਸ਼ਾਂਤੀ ਤੇ ਸਰਲਤਾ ਜੋ ਗੁਰੂ ਅਰਜਨ ਸਾਹਿਬ ਵਿਚ ਹੈ ਉਹ ਹੋਰ ਬਾਣੀ ਵਿਚ ਨਹੀਂ। ਗੁਰੂ ਅਰਜਨ ਆਸ਼ਾ, ਨਿਮਰਤਾ ਤੇ ਸ਼ਾਂਤੀ ਦੇ ਅਵਤਾਰ ਹਨ।

ਉਨ੍ਹਾਂ ਦੇ ਸ਼ਖ਼ਸੀ ਹਾਲਾਤ ਵੇਖੋ। ਤੱਤੀ ਤਵੀ ਤੇ ਆਖ਼ਰੀ ਚਿੰਨ੍ਹ ਸੀ। ਉਹ ਸਾਰਾ ਜੀਵਨ ਹੀ ਤੱਤੀ ਤਵੀ 'ਤੇ ਅਤਿ ਠੰਢੇ ਤੇ ਮਿੱਠੇ ਰਹਿ ਸਕੇ ਹਨ। ਸਾਰਾ ਜੀਵਨ ਉਨ੍ਹਾਂ ਦਾ ਤੱਤੀ ਤਵੀ ਸੀ, ਗੁਰੂ ਨਹੀਂ ਬਣੇ ਤੇ ਵੱਡੇ ਵੀਰ ਦਾ ਵਿਰੋਧ ਸ਼ੁਰੂ ਹੋਇਆ ਹੈ, ਬਣੇ ਹਨ ਤਾਂ ਦਿਨ-ਬ-ਦਿਨ ਵਧਿਆ ਹੈ; ਸ਼ਾਹੀ ਵਿਰੋਧ ਵਧਿਆ ਹੈ ਤੇ ਵਧਦਾ ਵਧਦਾ ਸਿਖਰ ਤਕ ਪੁੱਜਿਆ ਹੈ; ਸੁਲਹੀ ਖ਼ਾਂ ਆਇਆ ਹੈ, ਬੀਰਬਲ ਨੇ ਧਮਕੀ ਦਿੱਤੀ ਹੈ; ਚੰਦੂ ਨੇ ਤਾਇਆ ਹੈ; ਸੰਤਾਨ ਨਹੀਂ ਹੋਈ ਤੇ ਦੇਸ ਨਿਕਾਲਾ ਰਿਹਾ ਹੈ, ਸੰਤਾਨ ਹੋਈ ਹੈ ਤੇ ਉਹ ਕਦੇ ਤਾਪ ਵਿਚ ਹੈ ਤੇ ਕਦੇ ਸੀਤਲਾ ਨੇ ਆ ਘੇਰਿਆ ਹੈ; ਆਪਣਾ ਭਰਾ ਉਸ ਬੱਚੇ ਦੀ ਜਾਨ ਦਾ ਵੈਰੀ ਹੈ। ਲੰਗਰ ਮਸਤਾਨੇ ਹਨ, ਆਪ ਤੇ ਮਾਤਾ ਗੰਗਾ ਜੀ ਭੁੱਖੇ ਸੌਂ ਰਹੇ ਹਨ। ਦਰਬਾਰ ਹੈ ਤੇ ਦਰਬਾਰ ਦੇ ਕੀਰਤਨੀਏ ਤੜਿੰਗ ਹਨ, ਹਰਿਮੰਦਰ ਦੀ ਉਸਾਰੀ ਹੋ ਰਹੀ ਹੈ ਤੇ ਮਸੰਦ ਕੱਚੀਆਂ ਪੱਕੀਆਂ ਇੱਟਾਂ ਇਵੇਂ ਹੀ ਬੀੜੀ ਜਾਂਦੇ ਹਨ। ਵਾਹ! ਵਾਹ! ਸਾਰਾ ਜੀਵਨ ਤੱਤੀ ਤਵੀ ਹੀ ਰਿਹਾ ਹੈ।

ਪਰ ਗੁਰੂ ਅਰਜਨ ਦੇਵ ਜੀ ਦੀ ਬਾਣੀ ਕੀ ਹੈ ? ਉਸ ਨੇ ਹਜ਼ਾਰਾਂ ਤੱਤੇ ਜੀਵਨ ਠੰਢੇ ਕੀਤੇ ਹਨ ਤੇ ਕਰ ਰਹੀ ਹੈ। ਉਦੋਂ ਵੀ ਵਜ਼ੀਰ ਖ਼ਾਨ ਦਾ ਜੀਵਨ ਠੰਢਾ ਕੀਤਾ ਤੇ ਸੈਂਕੜੇ ਮੁਸਲਮਾਨ ਸਿਖ ਬਣੇ। ਇਸੇ ਗੱਲ ਨੇ ਹੀ ਜਹਾਂਗੀਰ ਨੂੰ ਤਾਇਆ। ਉਨ੍ਹਾਂ ਦੀ ਬਾਣੀ ਠੰਢ ਦਾ ਸਾਗਰ ਹੈ, ਜਿਥੋਂ ਬੂੰਦ ਚੱਖੋ ਭਾਵੇਂ ਸੋਰਠਿ ਵਿਚੋਂ ਤੇ ਭਾਵੇਂ ਸੂਹੀ ਵਿਚੋਂ ਤੇ ਭਾਵੇਂ ਬਿਲਾਵਲੁ ਵਿਚੋਂ, ਸਵਾਦ ਮਿੱਠਾ ਹੈ, ਸਪਰਸ਼ ਠੰਢਾ ਹੈ, ਰਸ ਸ਼ਾਂਤ ਹੈ ਤੇ ਬਿਰਤੀ ਚੜ੍ਹਦੀ ਕਲਾ ਦੀ ਹੈ। ਗੁਰ ਸੀਤਲ ਹੈ, ਗੁਰੂ ਹਿਵੈ ਘਰ ਹੈ ਤੇ ਇਹ ਗੁਰੂ ਅਰਜਨ ਹੈ। ਇਹ ਬਾਣੀ ਗੁਰੂ ਅਰਜਨ ਦੀ ਬਿਰਤੀ ਹੈ ਤੇ ਉਦੋਂ ਲਿਖੀ ਹੈ ਜਦੋਂ ਉਪਰਲੇ ਸਾਰੇ ਹਾਲਾਤ ਵਰਤ ਰਹੇ ਹਨ। ਬੱਚੇ ਦਾ ਦੁੱਖ ਹੈ, ਜਨਤਾ ਦਾ ਤੇ ਸ਼ਾਹੀ ਵਿਰੋਧ ਹੈ, ਬੀੜ ਬੰਨ੍ਹਣ ਤੇ ਹਰਿਮੰਦਰ ਸਾਹਿਬ ਦੀ ਰਚਨਾ ਤੇ ਪੰਥ ਦੀ ਅਗਵਾਈ ਦੀਆਂ ਜ਼ਿੰਮੇਵਾਰੀਆਂ ਸਿਰ 'ਤੇ ਹਨ, ਲੰਗਰ ਲਈ ਤੇ ਉਸਾਰੀ ਲਈ ਮਾਇਆ ਦੀ ਥੁੜ ਹੈ, ਪਰ ਡੋਲਿਆ ਹੋਇਆ ਮਨ ਕਿਤੇ ਵੀ ਨਹੀਂ। ਤੇ ਹਰ ਜ਼ਿੰਮੇਵਾਰੀ ਪੂਰਨ ਕੀਤੀ ਹੈ। ਕੌਮ ਨੂੰ ਨਵੇਂ ਰਾਹ ਦੱਸੇ ਹਨ, ਪੰਥ ਦੀ ਜਥੇਬੰਦੀ ਮਜ਼ਬੂਤ ਕੀਤੀ ਹੈ, ਸ਼ਹਿਰ ਤੇ ਇਮਾਰਤਾਂ ਉਸਾਰੀਆਂ ਹਨ, ਮਹਾਨ ਸਾਹਿਤਕਾਰ ਤੇ ਸੰਪਾਦਕ ਦਾ ਕੰਮ ਕੀਤਾ ਹੈ ਤੇ ਸਦਾਚਾਰ ਦੇ ਕੇ ਕੌਮ ਨੂੰ ਸਦਾ ਲਈ ਜ਼ਿੰਦਾ ਕਰ ਦਿੱਤਾ ਹੈ।

## ੫.

ਗੁਰੂ ਅਰਜਨ ਸਾਹਿਬ ਦੀ ਸ਼ਹਾਦਤ ਚੜ੍ਹਦੀ ਕਲਾ ਦੀ ਬਿਰਤੀ ਦਾ ਸਿਖਰ ਹੈ ਕਿਉਂਕਿ ਇਸ ਬਿਰਤੀ ਦਾ ਨਿਰਣਾ ਵੀ ਅਤਿ ਸਖ਼ਤੀ ਦੇ ਵਿਰੋਧ ਦੇ ਮੁਕਾਬਲੇ 'ਤੇ ਹੀ ਹੋਣਾ ਹੈ। ਤਲਵਾਰ ਸਿਰ 'ਤੇ ਲਟਕ ਰਹੀ ਹੋਵੇ, ਚਰਖੜੀ ਚੱਲ ਰਹੀ ਹੋਵੇ, ਰੰਬੀਆਂ ਤਿਆਰ ਹੋਣ, ਗੱਡੀ ਦਾ ਇੰਜਨ ਸ਼ਾਂ-ਸ਼ਾਂ ਕਰਦਾ ਵਧਦਾ ਆ ਰਿਹਾ ਹੋਵੇ, ਤੇ ਬਿਰਤੀ ਅਡੋਲ ਰਹੇ, ਇਹੋ ਹੀ ਚੜ੍ਹਦੀ ਕਲਾ ਦਾ ਸਿਖਰ ਕਿਹਾ ਜਾਣਾ ਚਾਹੀਦਾ ਹੈ। ਸਿੱਖਾਂ ਵਿਚ ਇਹ ਪਰਪਾਟੀ ਗੁਰੂ ਅਰਜਨ ਸਾਹਿਬ ਤੋਂ ਤੁਰ ਪਈ। ਪਹਿਲੇ ਗੁਰੂ ਸਾਹਿਬਾਨ ਨੇ ਵੀ ਤੇ ਇਸ ਹੱਦ ਤੀਕ ਬਿਰਤੀ ਦਾ ਸਬੂਤ ਦੇਣ ਤੋਂ ਉਕਣਾ ਤੇ ਨਹੀਂ ਸੀ ਪਰ ਵਿਰੋਧ ਕਾਫ਼ੀ ਤਕੜਾ ਨਹੀਂ ਸੀ, ਇਸ ਲਈ ਸੱਟ ਪੂਰੀ ਨਹੀਂ ਮਾਰੀ ਜਾ ਸਕੀ। ਗੁਰੂ ਅਰਜਨ ਸਾਹਿਬ ਦੇ ਵੇਲੇ ਤੇ ਉਨ੍ਹਾਂ ਤੋਂ ਮਗਰੋਂ ਵਿਰੋਧੀ ਸ਼ਕਤੀਆਂ ਵੀ ਪੂਰੇ ਜੋਬਨ 'ਤੇ ਆ ਗਈਆਂ ਤੇ ਗੁਰੂ ਅਰਜਨ ਸਾਹਿਬ ਦੀ ਬਿਰਤੀ ਸਿੱਖੀ ਵਿਚ ਪ੍ਰਵੇਸ਼ ਕਰਦੀ ਗਈ ਤੇ ਲੰਮੀ ਸ਼ਹੀਦਾਂ ਦੀ ਲੜੀ ਉਸ ਬਿਰਤੀ ਨਾਲ ਫਲਣੀ ਸ਼ੁਰੂ ਹੋ ਗਈ। ਉਹ ਚੜ੍ਹਦੀ ਕਲਾ ਵਾਲੇ ਲੋਕਾਂ ਦੀ ਲੜੀ ਸਾਡੀ ਰੋਜ਼ਾਨਾ ਪ੍ਰੇਰਨਾ ਹੈ:

> **ਜਿਨ੍ਹਾਂ ਸਿੰਘਾਂ ਸਿੰਘਣੀਆਂ ਨੇ ਧਰਮ ਹੇਤ ਸੀਸ ਦਿਤੇ, ਬੰਦ ਬੰਦ ਕਟਵਾਏ, ਖੋਪਰੀਆਂ ਲੁਹਾਈਆਂ, ਚਰਖੜੀਆਂ ਤੇ ਚੜ੍ਹੇ, ਆਰਿਆਂ ਨਾਲ ਚਿਰਾਏ ਗਏ, ਗੁਰਦੁਆਰਿਆਂ ਦੀ ਸੇਵਾ ਲਈ ਕੁਰਬਾਨੀਆਂ ਕੀਤੀਆਂ,ਧਰਮ ਨਹੀਂ ਹਾਰਿਆ, ਸਿੱਖੀ ਕੇਸਾਂ ਸੁਆਸਾਂ ਨਾਲ ਨਿਬਾਹੀ, ਤਿਨ੍ਹਾਂ ਦੀ ਕਮਾਈ ਦਾ ਧਿਆਨ ਧਰ ਕੇ, ਖ਼ਾਲਸਾ ਜੀ ! ਬੋਲੋ ਜੀ ਵਾਹਿਗੁਰੂ।** *(ਅਰਦਾਸ)*

ਇਹ ਬਿਰਤੀ ਰੱਬ ਦਾ ਆਪਣਾ ਰੂਪ ਹੈ। ਇਸ ਬਿਰਤੀ ਨੂੰ ਰੱਬ ਦਾ ਰੂਪ ਜਾਣ ਕੇ ਹੀ ਅਸੀਂ ਵਾਹਿਗੁਰੂ ਬੋਲਦੇ ਹਾਂ। ਇਹ ਬਿਰਤੀ ਗੁਰੂ ਦਾ ਰੂਪ ਹੈ, ਇਹ ਉਸ 'ਵਾਹ' ਦਾ ਰੂਪ ਵੀ ਹੈ ਤੇ 'ਗੁਰੂ' ਦਾ ਰੂਪ ਵੀ ਹੈ—ਤੇ ਸ਼ੁਰੂ ਗੁਰੂ ਅਰਜਨ ਦੇਵ ਜੀ ਤੋਂ ਹੋਈ।

ਇਹੋ ਜਿਹੀ ਸ਼ਖ਼ਸੀਅਤ ਕਿਵੇਂ ਬਣਦੀ ਹੈ ਤੇ ਇਹੋ ਜਿਹੀ ਸ਼ਕਤੀ ਕਿਵੇਂ ਪ੍ਰਾਪਤ ਹੁੰਦੀ ਹੈ ? ਇਸ ਸੁਆਲ ਦਾ ਉੱਤਰ ਭੀ ਉਥੇ ਹੀ ਦਿੱਤਾ ਹੋਇਆ ਹੈ ਜਿਥੇ ਅਸੀਂ ਰੋਜ਼ ਇਸ ਬਿਰਤੀ ਵਾਲੇ ਮਹਾਂ-ਪੁਰਖਾਂ ਨੂੰ ਸ਼ਰਧਾਂਜਲੀ ਭੇਟ ਕਰਦੇ ਹਾਂ। ਭਾਵ :

(੧) ਸਭ ਤੋਂ ਪਹਿਲੀ ਚੀਜ਼ ਜੋ ਇਸ ਬਿਰਤੀ ਨੂੰ ਉਪਜਾਂਦੀ ਹੈ ਉਹ ਆਪਣੇ 'ਧਰਮ' ਦਾ ਗਿਆਨ ਹੈ ਜਾਂ ਪਹਿਲਾਂ ਇਹ ਸੋਝੀ ਹੈ ਕਿ ਮੇਰਾ ਕੋਈ ਧਰਮ ਹੈ। ਧਰਮ ਆਪਣੀਆਂ ਤੇ ਸਮੂਹ ਮਨੁੱਖਤਾ ਦੀਆਂ ਪ੍ਰਿਆ-ਕੀਮਤਾਂ ਦਾ ਗਿਆਨ ਹੈ ਤੇ ਉਨ੍ਹਾਂ ਕੀਮਤਾਂ ਲਈ ਹਰ ਕੁਰਬਾਨੀ ਲਈ ਤਤਪਰਤਾ ਹੈ। ਧਰਮ ਜੀਵਨ ਦਾ ਆਦਰਸ਼ ਹੈ ਤੇ ਉਹ ਆਪਣੀ ਜਿੰਦ ਤੋਂ ਪਿਆਰਾ ਹੈ। ਈਸਾਈਆਂ ਕੁਰਬਾਨੀਆਂ ਕੀਤੀਆਂ ਹਨ, ਮੁਸਲਮਾਨਾਂ ਕੀਤੀਆਂ ਹਨ, ਧਰਮ ਲਈ। ਉਹ 'ਧਰਮ' ਸਾਰੀ ਮਨੁੱਖਤਾ ਦਾ ਇਕੋ ਹੈ। 'ਧਰਮ ਹੇਤ ਸੀਸ' ਇਸ ਬਿਰਤੀ ਦਾ ਸਿਖਰ ਹੈ।

(੨) ਸਿਖ ਦਾ ਧਰਮ ਸਿੱਖੀ ਹੈ। ਸਿੱਖਾਂ ਨੇ ਮਨੁੱਖਤਾ ਦੀਆਂ ਸਰਬ-ਪ੍ਰਿਆ ਕੀਮਤਾਂ ਨੂੰ ਸਿੱਖੀ-ਚਿਤਰ ਵਿਚ ਉਲੀਕਣ ਕੀਤਾ ਹੋਇਆ ਹੈ। ਉਸ ਨੇ ਚੜ੍ਹਦੀ ਕਲਾ ਵਿਚ ਰਹਿਣਾ ਹੈ ਤਾਂ ਜੁ 'ਸਿਖੀ ਕੇਸਾਂ ਸੁਆਸਾਂ ਨਾਲ ਨਿਭੇ'। ਸਿੱਖੀ ਹੈ ਪ੍ਰਭੂ-ਭਗਤੀ, ਗੁਰੂ-ਭਗਤੀ, ਪੰਥ-ਭਗਤੀ ਤੇ ਦੇਸ਼-ਭਗਤੀ।

ਸਿੱਖਾਂ ਨੂੰ ਸਿੱਖੀ ਦਾਨ, ਕੇਸ ਦਾਨ, ਰਹਿਤ ਦਾਨ, ਬਿਬੇਕ ਦਾਨ, ਵਿਸਾਹ ਦਾਨ, ਭਰੋਸਾ ਦਾਨ, ਦਾਨਾਂ ਸਿਰ ਦਾਨ, ਨਾਮ ਦਾਨ, ਸ੍ਰੀ ਅੰਮ੍ਰਿਤਸਰ ਜੀ ਦੇ ਇਸ਼ਨਾਨ, ਚੌਂਕੀਆਂ, ਝੰਡੇ, ਬੁੰਗੇ ਜੁਗੋ ਜੁਗ ਅਟੱਲ, ਧਰਮ ਕਾ ਜੈਕਾਰ। ਬੋਲੋ ਜੀ ਵਾਹਿਗੁਰੂ।

*(ਅਰਦਾਸ)*

(੩) ਇਹ ਚੜ੍ਹਦੀ ਕਲਾ ਦੀ ਬਿਰਤੀ ਪਹਿਲਾਂ ਅੰਦਰ ਉਪਜਦੀ ਹੈ ਤਾਂ ਹੀ ਇਸ ਦਾ ਪ੍ਰਕਾਸ਼ ਬਾਹਰ ਆ ਸਕਦਾ ਹੈ। ਅੰਦਰ ਇਹ ਕੇਵਲ 'ਨਾਮ-ਚੜ੍ਹਦੀ-ਕਲਾ' ਨਾਲ ਹੀ ਉਪਜ ਸਕਦੀ ਹੈ। ਇਹ ਨਾਮ ਹੀ ਪ੍ਰਭੂ-ਭਗਤੀ ਹੈ ਤੇ ਇਸ ਦਾ ਬੀਜ ਗੁਰੂ-ਭਗਤੀ ਵਿਚੋਂ ਮਿਲਦਾ ਹੈ।

ਨਾਮ-ਸਿਮਰਨ ਭਗਤੀ ਹੈ ਤੇ ਭਗਤੀ ਤੋਂ ਸ਼ਕਤੀ ਪ੍ਰਾਪਤ ਹੁੰਦੀ ਹੈ। ਸਭ ਤੋਂ ਵੱਡੀ ਸ਼ਕਤੀ ਸ੍ਵੈ-ਸੰਜਮ ਤੇ ਸ੍ਵੈ-ਕਾਬੂ ਦੀ ਸ਼ਕਤੀ ਹੈ, ਇਹ ਹੀ ਚੜ੍ਹਦੀ ਕਲਾ ਹੈ, ਆਪਣੇ 'ਮਨ ਦਾ ਜਿਤਣਾ' ਹੈ। ਇਹੋ ਮਨ ਨੂੰ ਅਡੋਲ ਕਰਦਾ ਹੈ। ਇਹ ਸ਼ਕਤੀ ਕੇਵਲ ਪਰਮਾਤਮਾ ਵਿਚ ਹੈ ਪਰ ਜੋ ਜੋ ਉਸ ਨੂੰ ਪਿਆਰ ਕਰਦਾ ਹੈ, ਉਸ ਨੂੰ ਇਸ ਸ਼ਕਤੀ ਦਾ ਕਿਣਕਾ ਮਿਲਦਾ ਹੈ ਤੇ ਉਹ 'ਸਿਖੀ ਸਿਦਕ ਨਿਭਾ' ਲੈਂਦਾ ਹੈ।

ਪਰ ਸਾਧਨ ਕੇਵਲ ਨਾਮ ਹੈ। ਧਰਮ-ਸਿੱਖੀ—ਨਾਮ।

## ੬.

ਗੁਰੂ ਅਰਜਨ ਦੇਵ ਜੀ ਨੇ ਸਿਖ ਨੂੰ ਆਦਰਸ਼ ਦੱਸਿਆ ਹੈ, ਉਸ ਆਦਰਸ਼ ਪ੍ਰਾਪਤੀ ਲਈ ਲੋੜੀਂਦੀ ਬਿਰਤੀ ਪੈਦਾ ਕਰਨ ਲਈ ਸਾਧਨ ਦੱਸੇ ਹਨ। ਤਾਂ ਤੇ ਹਰ ਸਿਖ ਨੂੰ ਤਸੱਲੀ ਤਾਂ ਹੀ ਹੋ ਸਕਦੀ ਹੈ ਜੇ ਉਹ ਆਪਣੇ ਜੀਵਨ ਨੂੰ ਵੇਖ ਕੇ ਇਹ ਕਹਿ ਸਕੇ :

ਮਾਨ ਮੋਹ ਅਰੁ ਲੋਭ ਵਿਕਾਰਾ ਬੀਓ ਚੀਤਿ ਨ ਘਾਲਿਓ ॥
ਨਾਮ ਰਤਨੁ ਗੁਣਾ ਹਰਿ ਬਣਜੇ ਲਾਦਿ ਵਖਰੁ ਲੈ ਚਾਲਿਓ ॥੧॥
ਸੇਵਕ ਕੀ ਓੜਕਿ ਨਿਬਹੀ ਪ੍ਰੀਤਿ ॥
ਜੀਵਤ ਸਾਹਿਬੁ ਸੇਵਿਓ ਅਪਨਾ ਚਲਤੇ ਰਾਖਿਓ ਚੀਤਿ ॥੧॥ਰਹਾਉ॥
ਜੈਸੀ ਆਗਿਆ ਕੀਨੀ ਠਾਕੁਰਿ ਤਿਸ ਤੇ ਮੁਖੁ ਨਹੀ ਮੋਰਿਓ ॥
ਸਹਜੁ ਅਨੰਦੁ ਰਖਿਓ ਗ੍ਰਿਹ ਭੀਤਰਿ ਉਠਿ ਉਆਹੂ ਕਉ ਦਉਰਿਓ ॥੨॥
ਆਗਿਆ ਮਹਿ ਭੂਖ ਸੋਈ ਕਰਿ ਸੂਖਾ ਸੋਗ ਹਰਖ ਨਹੀ ਜਾਨਿਓ ॥
ਜੋ ਜੋ ਹੁਕਮੁ ਭਇਓ ਸਾਹਿਬ ਕਾ ਸੋ ਮਾਥੈ ਲੇ ਮਾਨਿਓ ॥੩॥
ਭਇਓ ਕ੍ਰਿਪਾਲੁ ਠਾਕੁਰੁ ਸੇਵਕ ਕਉ ਸਵਰੇ ਹਲਤ ਪਲਾਤਾ ॥
ਧੰਨੁ ਸੇਵਕੁ ਸਫਲੁ ਓਹੁ ਆਇਆ ਜਿਨਿ ਨਾਨਕ ਖਸਮੁ ਪਛਾਤਾ ॥੪॥੫॥

*(ਮਾਰੂ ਮ: ੫, ਪੰਨਾ ੧੦੦੦)*

## ੧੯

# ਭਾਈ ਮਰਦਾਨਾ ਰਬਾਬੀ

ਕਲਿ ਕਲਵਾਲੀ ਕਾਮੁ ਮਦੁ ਮਨੂਆ ਪੀਵਣਹਾਰੁ ॥
ਕ੍ਰੋਧ ਕਟੋਰੀ ਮੋਹਿ ਭਰੀ ਪੀਲਾਵਾ ਅਹੰਕਾਰੁ ॥
ਮਜਲਸ ਕੂੜੇ ਲਬ ਕੀ ਪੀ ਪੀ ਹੋਇ ਖੁਆਰੁ ॥
ਕਰਣੀ ਲਾਹਣਿ ਸਤੁ ਗੁੜੁ ਸਚੁ ਸਰਾ ਕਰਿ ਸਾਰੁ ॥
ਗੁਣ ਮੰਡੇ ਕਰਿ ਸੀਲੁ ਘਿਉ ਸਰਮੁ ਮਾਸੁ ਆਹਾਰੁ ॥
ਗੁਰਮੁਖਿ ਪਾਈਐ ਨਾਨਕਾ ਖਾਧੈ ਜਾਹਿ ਬਿਕਾਰ ॥੧॥

ਮਰਦਾਨਾ ੧ ॥

ਕਾਇਆ ਲਾਹਣਿ ਆਪੁ ਮਦੁ ਮਜਲਸ ਤ੍ਰਿਸਨਾ ਧਾਤੁ ॥
ਮਨਸਾ ਕਟੋਰੀ ਕੂੜਿ ਭਰੀ ਪੀਲਾਏ ਜਮਕਾਲੁ ॥
ਇਤੁ ਮਦਿ ਪੀਤੈ ਨਾਨਕਾ ਬਹੁਤੇ ਖਟੀਅਹਿ ਬਿਕਾਰ ॥
ਗਿਆਨੁ ਗੁੜੁ ਸਾਲਾਹ ਮੰਡੇ ਭਉ ਮਾਸੁ ਆਹਾਰੁ ॥
ਨਾਨਕ ਇਹੁ ਭੋਜਨੁ ਸਚੁ ਹੈ, ਸਚੁ ਨਾਮੁ ਆਧਾਰੁ ॥੨॥
ਕਾਂਯਾਂ ਲਾਹਣਿ ਆਪੁ ਮਦੁ ਅੰਮ੍ਰਿਤ ਤਿਸ ਕੀ ਧਾਰ ॥
ਸਤਸੰਗਤਿ ਸਿਉ ਮੇਲਾਪੁ ਹੋਇ ਲਿਵ ਕਟੋਰੀ ਅੰਮ੍ਰਿਤ ਭਰੀ
ਪੀ ਪੀ ਕਟਹਿ ਬਿਕਾਰ ॥੩॥

*(ਵਾਰ ਬਿਹਾਗੜਾ ਮ: ੪, ਸਲੋਕੁ ਮਰਦਾਨਾ ੧, ਪੰਨਾ ੫੫੩)*

ਉਪਰਲੇ ਸਲੋਕ 'ਮਰਦਾਨੇ' ਦੇ ਨਾਂ 'ਤੇ 'ਬਿਹਾਗੜੇ ਦੀ ਵਾਰ' ਜਿਹੜੀ ਮਹਲੇ ਚੌਥੇ ਦੀ ਲਿਖੀ ਹੈ, ਵਿਚ ਦਰਜ ਹਨ। ਜਦੋਂ ਕੋਈ ਵਾਰ ਕਿਸੇ ਗੁਰੂ ਸਾਹਿਬ ਦੀ ਉਚਾਰੀ ਹੋਈ ਹੈ, ਤਦ ਇਸ ਦਾ ਭਾਵ ਇੰਨਾ ਹੀ ਹੈ ਕਿ ਲਾਜ਼ਮੀ ਤੌਰ 'ਤੇ ਸਾਰੀਆਂ ਪਉੜੀਆਂ ਉਸ ਗੁਰ-ਵਿਅਕਤੀ ਦੀਆਂ ਹਨ, ਕਿਉਂਕਿ ਪਹਿਲਾਂ ਸਿਰਫ਼ ਪਉੜੀਆਂ ਹੀ ਵਾਰਾਂ ਦਾ ਰੂਪ ਹੁੰਦਾ ਸੀ, ਪਰ ਜ਼ਰੂਰੀ ਨਹੀਂ ਕਿ ਵਾਰ ਵਿਚ ਸਲੋਕ ਵੀ ਉਸੇ ਗੁਰ-ਵਿਅਕਤੀ ਦੇ ਹੋਣ। ਇਹ ਸਲੋਕ ਤੇ ਗੁਰੂ ਅਰਜਨ ਸਾਹਿਬ ਨੇ ਨਾਲ ਦਰਜ ਕੀਤੇ ਹਨ। 'ਮਰਦਾਨੇ' ਦੇ ਇਹ ਸਲੋਕ ਮਹਲੇ ਚੌਥੇ ਦੀ ਵਾਰ ਵਿਚ ਦਰਜ ਹਨ। ਸੁਆਲ ਇਹ ਉਠਦਾ ਹੈ ਕਿ ਇਹ 'ਮਰਦਾਨਾ' ਕਿਹੜਾ ਹੈ ਜਿਸ ਨੂੰ ਇੰਨੀ ਜੁਰਅਤ ਹੋਈ ਕਿ ਉਂਞ ਵੀ ਆਪਣੇ ਆਪ ਨੂੰ ਨਾਨਕ-ਰੂਪ ਦੱਸ ਸਕੇ ਤੇ ਗੁਰੂ ਅਰਜਨ ਸਾਹਿਬ ਉਸ ਦੀ ਬਾਣੀ ਨੂੰ ਨਾ ਸਿਰਫ਼ ਗੁਰਮਤ ਦੇ ਸਿਧਾਂਤ ਦੇ ਅਨੁਕੂਲ ਸਗੋਂ ਉਸ ਦੇ ਤੁਲ ਮੰਨ ਲੈਣ। ਸਿਵਾਏ ਗੁਰੂ ਨਾਨਕ ਸਾਹਿਬ ਦੇ ਪਿਆਰੇ ਸਾਥੀ 'ਭਾਈ ਮਰਦਾਨੇ' ਦੇ

ਹੋਰ ਇਹ ਕੋਈ ਮਰਦਾਨਾ ਨਹੀਂ ਹੋ ਸਕਦਾ ਤੇ ਸਿਖ ਇਤਿਹਾਸ ਵਿਚ ਹੋਰ ਕਿਸੇ 'ਮਰਦਾਨੇ' ਦਾ ਨਾਂ, ਨਾ ਕਦੇ ਸੁਣਿਆ ਗਿਆ ਹੈ ਤੇ ਨਾ ਕੋਈ ਇਸ ਪ੍ਰਕਾਰ ਦਾ ਭੁਲੇਖਾ ਹੀ ਇਤਿਹਾਸ ਵਿਚ ਹੈ। ਇਹ ਗੁਰੂ ਨਾਨਕ ਦਾ ਰਬਾਬੀ ਸੀ, ਪਿਆਰਾ ਮਿੱਤਰ ਸੀ ਜਿਸ ਨੂੰ ਗੁਰੂ ਨਾਨਕ 'ਤੇ ਬਿਬੇਕੀ-ਅੰਧ-ਵਿਸ਼ਵਾਸ ਸੀ, ਜਿਹੜਾ ਨਾਨਕੀ ਤੋਂ ਕਿਸੇ ਤਰ੍ਹਾਂ ਵੀ ਗੁਰੂ ਨਾਨਕ ਦੀ ਉੱਚਤਾ ਨੂੰ ਘੱਟ ਨਹੀਂ ਸੀ ਸਮਝਦਾ, ਜਿਸ ਤੋਂ ਗੁਰੂ ਨਾਨਕ ਜੀ ਨੇ ਕੁਝ ਲੁਕਾ ਕੇ ਨਹੀਂ ਸੀ ਰੱਖਿਆ ਹੋਇਆ, ਜਿਸ ਨੂੰ ਗੁਰੂ ਨਾਨਕ ਸਾਹਿਬ ਨੇ ਕੀਰਤਨ ਵਰਗੀ ਚੀਜ਼ ਦਾਨ ਕੀਤੀ ਹੋਈ ਸੀ, ਜਿਸ ਦੀ 'ਰਬਾਬ' ਤੋਂ ਗੁਰੂ ਨਾਨਕ ਬਲਿਹਾਰ ਜਾਂਦਾ ਸੀ, ਗੁਰੂ ਨਾਨਕ ਦੇ ਹਾਣ ਦਾ ਪਿੰਡ ਦਾ ਸਾਥੀ—ਭਾਈ ਮਰਦਾਨਾ ਰਬਾਬੀ। ਜਦੋਂ ਦੋਵੇਂ 'ਇਨੀ ਨਿਕੀ ਜੰਘੀਐ' ਨਾਲ ਥਲ ਤੇ ਡੂੰਘਰ ਫਿਰਦੇ ਰਹੇ ਹਨ, ਸੁਖ ਦੁਖ ਦੇ ਸਾਥੀ, ਕਿੰਨਾ ਪਿਆਰਾ ਸਮਾਂ ਹੁੰਦਾ ਹੋਣਾ ਹੈ। ਗੁਰੂ ਨਾਨਕ ਦੇ ਪਰਵਾਰ ਦੇ ਕਿਸੇ ਪ੍ਰਾਣੀ ਨੂੰ ਗੁਰੂ ਜੀ ਦਾ ਸਾਥ ਇੰਨੇ ਚਿਰ ਵਾਸਤੇ ਨਸੀਬ ਨਹੀਂ ਹੋਇਆ, ਜਿੰਨੇ ਚਿਰ ਵਾਸਤੇ ਮਰਦਾਨੇ ਨੂੰ, ਭਾਈ ਮਰਦਾਨੇ ਨੂੰ। ਜੇ ਗੁਰੂ ਗੋਬਿੰਦ ਸਿੰਘ ਜੀ ਚਿੱਟਿਆਂ ਬਾਜਾਂ ਵਾਲਾ ਹੈ, ਨੀਲੇ ਘੋੜੇ ਵਾਲਾ ਹੈ, ਤਾਂ ਗੁਰੂ ਨਾਨਕ ਭਾਈ ਮਰਦਾਨੇ ਵਾਲਾ ਹੈ। ਧੰਨ ਭਾਈ ਮਰਦਾਨਾ!

ਪਰ ਬਹੁਤ ਵਾਰੀ ਅਸੀਂ ਇਸ ਮਹਾਨ ਸ਼ਖ਼ਸੀਅਤ (ਭਾਈ ਮਰਦਾਨੇ) ਨਾਲ ਮਖੌਲ ਕਰ ਛੱਡਦੇ ਹਾਂ। ਪੁਰਾਤਨ ਜਨਮ-ਸਾਖੀ ਦੇ ਨਾ-ਮਾਲੂਮ ਕਰਤਾ ਨੇ ਘੱਟੋ-ਘੱਟ ਛੇ ਸਾਖੀਆਂ ਵਿਚ ਮਰਦਾਨੇ ਬਾਰੇ ਇਕੋ ਗੱਲ ਲਿਖੀ ਹੈ, "ਮਰਦਾਨੇ ਕਿਹਾ, ਗੁਰੂ ਜੀ, ਭੁੱਖ ਲਗੀ ਹੈ" ਤੇ ਹੁਣ ਤੀਕ ਇਹ ਗੱਲ ਤੁਰਦੀ ਆ ਰਹੀ ਹੈ ਕਿ ਮਰਦਾਨਾ ਨਾ ਸਿਰਫ਼ ਭੁੱਖ ਦਾ ਕਾਹਲਾ ਹੀ ਸੀ ਸਗੋਂ ਉਸ ਨੂੰ ਖਾਣ ਤੋਂ ਛੁੱਟ ਹੋਰ ਕਿਸੇ ਗੱਲ ਦੀ ਸੁਝ ਹੀ ਨਹੀਂ ਸੀ। ਕਿੱਡੀ ਭੁੱਲ ਹੈ। ਕਮਾਲ ਹੈ ਜੇ ਗੁਰੂ ਨਾਨਕ ਦੇ ਸਿਰਫ਼ ਦਰਸ਼ਨ ਕਰਨ ਨਾਲ ਠੱਗ, ਰਾਖ਼ਸ਼ ਤੇ ਚੋਰ ਤਰ ਸਕਦੇ ਹਨ, ਪਰ 'ਮਰਦਾਨਾ' ਜਿਹੜਾ ਉਨ੍ਹਾਂ ਦਾ ਸਦਾ ਦਾ ਸਾਥੀ ਸੀ ਉਨ੍ਹਾਂ ਪਾਸੋਂ ਥੋੜ੍ਹਾ ਜਿੰਨਾ ਸ੍ਵੈ-ਕਾਬੂ ਵੀ ਨਹੀਂ ਸਿਖ ਸਕਦਾ ਤੇ ਗੁਰੂ ਜੀ 'ਤੇ ਕੋਈ ਵਿਸ਼ਵਾਸ ਨਹੀਂ ਲਿਆ ਸਕਦਾ।

ਪੁਰਾਤਨ ਜਨਮ-ਸਾਖੀ ਦੀ ਸਾਖੀ ੩੦ ਵਿਚੋਂ ਇਹ ਵਾਰਤਾਲਾਪ ਦੇਖੋ।

ਮਰਦਾਨਾ—ਸੁਹਾਣਿ ਤੇਰਾ ਭਗਤ ਹੂੰ, ਅਸੀਂ ਡੂਮ ਸੇ, ਮਨੁਖ ਦੇ ਟੁਕੜੇ ਮੰਗ ਖਾਂਦੇ ਥੇ, ਉਥਹੁ ਭੀ ਗਵਾਇਆ, ਅਸੀਂ ਤਾਂ ਵਡੀ ਉਜਾੜਿ ਵਿਚ ਆਇ ਪੈਇ ਹਾਂ। ਕਦੇ ਖੁਦਾਇ ਕਾਢੈ ਤਾਂ ਨਿਕਲਹਿ। ਹੁਣਿ ਕੋਈ ਸੀਹੁ ਬੁਕਿ ਪਵੇਗਾ ਤਾਂ ਮਾਰਿ ਜਾਵੇਗਾ।

ਗੁਰੂ ਜੀ—ਮਰਦਾਨਿਆਂ, ਤੇਰੈ ਨੇੜੈ ਕੋਈ ਨਹੀਂ ਆਂਵਦਾ, ਪਰ ਤੂ ਉਸ਼ੀਆਰ ਹੋਹੁ। ਮਰਦਾਨਾ—ਜੀ ਕਿਉਂ ਕਰਿ ਉਸ਼ੀਆਰ ਹੋਵਾਂ, ਉਜਾੜਿ ਵਿਚ ਆਇ ਪਇਆ।

ਕਦੇ ਨਹੀਂ ਹੋ ਸਕਦਾ, ਮਰਦਾਨਾ ਤੇ ਗੁਰੂ ਨਾਨਕ ਰੂਪ ਹੋ ਗਿਆ ਹੋਣਾ ਹੈ:

**ਹਰਿ ਕਾ ਸੰਤ ਸੋ ਹਰਿ ਹੀ ਜਹਿਆ।**

ਤੇ ਕੀ ਮਰਦਾਨਾ ਗੁਰੂ ਨਾਨਕ ਦਾ ਪੁਜਾਰੀ ਨਹੀਂ ਸੀ? ਪੁਜਾਰੀ ਸੀ ਤੇ ਤਦ ਹੀ ਘਰ ਆਇਆ ਸੀ, ਜਦੋਂ ਗੁਰੂ ਨਾਨਕ ਜੀ ਪਿੰਡੋਂ ਬਾਹਰ ਹੀ ਬੈਠ ਗਏ ਸਨ ਤੇ ਮਰਦਾਨਾ ਸਿਰਫ਼ ਘਰ ਆਇਆ ਸੀ; ਪਰ ਮਰਦਾਨਾ ਘਰ ਟਿਕ ਨਾ ਸਕਿਆ ਸਗੋਂ ਉਨ੍ਹਾਂ ਪੈਰਾਂ

ਤੇ ਹੀ ਗੁਰੂ ਨਾਨਕ ਦੇ ਪਾਸ ਮੁੜ ਪਿਆ। ਜੇ ਉਹ ਭੁੱਖ ਤੋਂ ਤੰਗ ਸੀ ਤੇ ਗੁਰੂ ਜੀ 'ਤੇ ਉਸ ਦਾ ਵਿਸ਼ਵਾਸ ਨਹੀਂ ਸੀ, ਉਹ ਮੁੜ ਕਿਉਂ ਵਾਪਸ ਜਾਂਦਾ। ਉਹ ਤੇ ਗੁਰੂ ਨਾਨਕ ਜਿਹਾ ਹੀ ਹੋ ਗਿਆ ਸੀ, ਉਸਦੀ ਆਪਣੀ ਰਚਨਾ (ਜਿਹੜੀ ਉਪਰ ਦਿਤੀ ਹੈ) ਵੇਖ ਲਉ। ਇਸ ਵਿਚ ਕਵਿਤਾ ਦਾ ਹੁਨਰ ਉਹੋ ਹੀ ਹੈ ਜੋ ਗੁਰੂ ਨਾਨਕ ਜੀ ਦਾ ਪ੍ਰਿਅ ਹੁਨਰ ਹੈ, ਚਿੰਨ੍ਹ ਵਾਦ ਵਿਚ ਕਵਿਤਾ ਕਰਨਾ! 'ਜਤੁ ਪਹਾਰਾ ਧੀਰਜੁ ਸੁਨਿਆਰੁ', 'ਮਨ ਕਾ ਸੂਤਕੁ ਲੋਭੁ ਹੈ ਜਿਹਵਾ ਸੂਤਕੁ ਕੂੜੁ', 'ਤਗੁ ਨ ਇੰਦ੍ਰੀ ਤਗੁ ਨ ਨਾਰੀ', 'ਨਾਮੁ ਬੀਜੁ, ਸੰਤੋਖੁ ਸੁਹਾਗਾ' ਇਹ ਸਭ ਚਿੰਨ੍ਹ ਹਨ ਤੇ ਕੀ ਮਰਦਾਨੇ ਨੇ ਇਹੋ ਹੀ ਸ਼ੈਲੀ ਨਹੀਂ ਵਰਤੀ ? 'ਗੁਣ', 'ਮੰਡੇ', 'ਸੀਲ–ਘਿਉ', 'ਧਰਮ–ਮਾਸ'।

ਮਰਦਾਨੇ ਨੂੰ ਲੋੜ ਤੋਂ ਵੱਧ ਭੁੱਖ ਲਗਦੀ ਸੀ, ਨਹੀਂ ? ਉਸ ਦਾ ਭੋਜਨ ਤੇ 'ਸਚੁ ਨਾਮ ਆਧਾਰ' ਹੈ। ਇਸੇ ਨੂੰ ਉਹ ਸੱਚਾ ਭੋਜਨ ਮੰਨਦਾ ਹੈ :

**ਨਾਨਕ ਇਹੁ ਭੋਜਨੁ ਸਚੁ ਹੈ, ਸਚੁ ਨਾਮੁ ਆਧਾਰੁ ॥੨॥**

*(ਵਾਰ ਬਿਹਾਗੜਾ ਮ: ੪, ਪੰਨਾ ੫੫੩)*

ਮੇਰਾ ਵਿਚਾਰ ਹੈ ਕਿ 'ਪੁਰਾਤਨ ਜਨਮ-ਸਾਖੀ' ਵਿਚ ਤੇ ਉਸ ਦੇ ਆਧਾਰ 'ਤੇ ਮਰਦਾਨੇ ਸੰਬੰਧੀ ਭੁੱਖ ਦੀਆਂ ਪ੍ਰਚਲਤ ਗੱਲਾਂ ਠੀਕ ਨਹੀਂ ਕਿਉਂਕਿ ਗੁਰੂ ਨਾਨਕ ਜੀ ਹਰ ਥਾਂ ਮਰਦਾਨੇ ਨੂੰ ਮੁਸ਼ਕਲ ਵਿਚ ਪਾਣ 'ਤੇ ਰਾਜ਼ੀ ਨਹੀਂ ਸਨ ਹੋ ਸਕਦੇ ਤੇ ਜੇ ਪ੍ਰਚਾਰ ਲਈ ਉਨ੍ਹਾਂ ਨੂੰ ਨਾਟਕੀ ਢੰਗ ਚਾਹੀਦਾ ਸੀ ਤਦ ਉਹ ਹੋਰ ਬਥੇਰੇ ਢੰਗ ਜਾਣਦੇ ਸਨ। ਪਰ ਜੇ ਇਸ ਤਰ੍ਹਾਂ 'ਮਰਦਾਨਾ' ਗੁਰੂ ਨਾਨਕ ਦੇ ਪ੍ਰਚਾਰ ਦੇ ਨਾਟਕੀ ਵਸੀਲੇ ਵਿਚ ਉਨ੍ਹਾਂ ਦਾ ਸਹਾਈ ਹੋਇਆ, ਤਦ ਉਹ ਕਵੀ ਧੰਨ ਹੈ ਜਿਵੇਂ ਸ਼ੇਕਸਪੀਅਰ ਦੇ ਨਾਟਕੀ-ਮਸਕਰੇ ਹਨ।

'ਧੁਰ ਕੀ ਬਾਣੀ' ਨੇ ਮਰਦਾਨੇ ਦੀ 'ਸਗਲੀ ਚਿੰਤ' ਜ਼ਰੂਰ ਮਿਟਾ ਦਿਤੀ ਹੋਣੀ ਹੈ, ਉਹ ਭੁੱਖ ਤੇ ਕਿਸੇ 'ਸੀਂਹ–ਬੁਕ' ਤੋਂ ਨਹੀਂ ਡਰ ਸਕਦਾ। ਕਿਤਨੇ ਸੁਹਜ ਸਵਾਦ ਵਾਲਾ ਬੰਦਾ ਹੋਣਾ ਹੈ ਮਰਦਾਨਾ, ਕੀਰਤਨ ਜਿਸ ਦਾ ਆਧਾਰ। ਜੇ ਗੁਰੂ ਨਾਨਕ ਜੀ ਦੀ ਉਸ ਦਾ ਰਾਗ ਸੁਣ ਕੇ ਕਈ ਘੰਟੇ ਸਮਾਧੀ ਲੱਗੀ ਰਹਿੰਦੀ ਸੀ, ਤਦ ਮਰਦਾਨਾ ਵੀ 'ਨਾਮ-ਖੁਮਾਰੀ' ਵਿਚ ਬੰਦ ਕਈ ਕਈ ਘੰਟੇ ਬੈਠਾ ਰਹਿੰਦਾ ਹੋਣਾ ਹੈ।

ਸਾਨੂੰ ਗੁਰੂ ਨਾਨਕ ਜੀ ਦੇ ਸੰਬੰਧੀਆਂ ਤੇ ਉਨ੍ਹਾਂ ਦੇ ਨਿਕਟਵਰਤੀਆਂ ਬਾਰੇ ਆਪਣਾ ਦ੍ਰਿਸ਼ਟੀਕੋਣ ਬਦਲਣਾ ਚਾਹੀਦਾ ਹੈ ਕਿਉਂਕਿ ਪ੍ਰਚਲਤ ਦ੍ਰਿਸ਼ਟੀਕੋਣ ਮਨੋ-ਵਿਗਿਆਨਕ ਸਿਧਾਂਤਾਂ 'ਤੇ ਨਹੀਂ ਟਿਕਦਾ। ਪਿਤਾ ਕਾਲੂ ਜੀ ਇਤਨੇ ਕਠੋਰ ਨਹੀਂ ਹੋ ਸਕਦੇ, ਗੁਰੂ ਨਾਨਕ ਜੀ ਦੇ ਵਾਯੂ-ਮੰਡਲ ਤੋਂ ਅਣਭਿੱਜ ਨਹੀਂ ਰਹਿ ਸਕਦੇ, ਉਹ ਆਪਣੀ ਪਤਨੀ ਨੂੰ ਝੂਠੇ ਲਾਰੇ 'ਤੇ ਨਹੀਂ ਛੱਡ ਗਏ ਹੋਣੇ, ਉਸ ਨੂੰ ਦਿਲੋਂ ਸਾਥੀ ਬਣਾਇਆ ਹੋਣਾ ਹੈ। ਮਰਦਾਨਾ ਉਨ੍ਹਾਂ ਦਾ ਨਿਕਟਵਰਤੀ ਰਿਹਾ, ਕਿੰਨੇ ਹੀ ਸਾਲ, ਕੀ ਕੋਈ ਆਤਮਕ ਲੈਣ ਦੇਣ ਨਹੀਂ ਹੋਇਆ ਹੋਣਾ ? ਗੁਰੂ ਨਾਨਕ ਸਾਹਿਬ ਦੇ ਪੁੱਤਰਾਂ ਨਾਲ ਵੀ ਸਾਨੂੰ ਇਨਸਾਫ਼ ਕਰਨਾ ਪਏਗਾ, ਜੇ ਉਹ ਆਦਰਸ਼ਕ ਸਿੱਖ ਨਾ ਬਣ ਸਕੇ, ਤਦ ਵੀ ਉਹ ਜਨ-ਸਾਧਾਰਨ ਤੋਂ ਤੇ ਜ਼ਰੂਰ ਉਚੇ ਹੋਣੇ ਹਨ। ਹੋਰ ਗੁਰ-ਸੰਬੰਧੀਆਂ ਨਾਲ ਵੀ ਨਿਆਂ ਕਰਨਾ ਚਾਹੀਦਾ ਹੈ।

o